ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 21
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ ***

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Wednesday, 21 January, 2026) ਬੁੱਧਵਾਰ, 21 ਜਨਵਰੀ, 2026, 8 ਮਾਘ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ


## ਪੰਜਾਬ ਸਰਕਾਰ ਵੱਲੋਂ ਅੱਠ ਆਈ. ਪੀ. ਐਸ. ਅਧਿਕਾਰੀਆਂ ਦੇ ਤਬਾਦਲੇ

ਚੰਡੀਗੜ੍ਹ, 20 ਜਨਵਰੀ (ਚੜ੍ਹਦੀਕਲਾ ਬਿਊਰੋ) : ਪੰਜਾਬ ਸਰਕਾਰ ਨੇ ਪੁਲਿਸ ਪ੍ਰਸ਼ਾਸਨ ਵਿਚ ਫੇਰਬਦਲ ਕਰਦਿਆਂ 2003 ਬੈਚ ਦੇ ਆਈ.ਪੀ.ਐਸ. ਅਧਿਕਾਰੀ ਆਈ.ਜੀ. ਹੈੱਡਕੁਆਰਟਰ ਡਾ. ਸੁਖਚੈਨ ਸਿੰਘ ਨੂੰ ਆਈ.ਜੀ.ਪੀ. ਇੰਟੈਲੀਜੈਂਸ ਮੋਹਾਲੀ ਦਾ ਚਾਰਜ ਸੌਂਪਿਆ ਹੈ। ਇਸੇ ਤਰ੍ਹਾਂ 1994 ਬੈਚ ਦੇ ਆਈ.ਪੀ.ਐਸ. ਅਧਿਕਾਰੀ ਐੱਸ.ਐੱਸ. ਸ਼੍ਰੀਵਾਸਤਵ ਨੂੰ ਸਪੈਸ਼ਲ ਡੀ.ਜੀ.ਪੀ. ਹੈੱਡਕੁਆਰਟਰ ਨਿਯੁਕਤ ਕੀਤਾ ਗਿਆ ਹੈ।

(ਬਾਕੀ ਸਫਾ 2 'ਤੇ)

*ਹਰਿਆਣਾ ਸਰਕਾਰ ਵੱਲੋਂ ਵੱਡਾ ਫ਼ੈਸਲਾ*

## ਸਿੱਖ ਵਿਦਿਆਰਥੀ ਹੁਣ ਕ੍ਰਿਪਾਨ ਪਹਿਨ ਕੇ ਬੈਠ ਸਕਣਗੇ ਪ੍ਰੀਖਿਆਵਾਂ 'ਚ

ਚੜ੍ਹਦੀਕਲਾ ਬਿਊਰੋ

==============

ਚੰਡੀਗੜ੍ਹ, 20 ਜਨਵਰੀ: ਹਰਿਆਣਾ ਸਰਕਾਰ ਨੇ ਸਾਰੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਸੰਬੰਧੀ ਇੱਕ ਵੱਡਾ ਅਤੇ ਅਹਿਮ ਫੈਸਲਾ ਲਿਆ ਹੈ। ਸਿੱਖ ਵਿਦਿਆਰਥੀ ਹੁਣ ਕਿਰਪਾਨ ਪਾ ਕੇ ਪ੍ਰੀਖਿਆ ਦੇ ਸਕਣਗੇ ਅਤੇ ਵਿਆਹੀਆਂ ਔਰਤਾਂ ਮੰਗਲਸੂਤਰ ਪਾ ਕੇ ਪ੍ਰੀਖਿਆ ਦੇ ਸਕਣਗੀਆਂ। ਹਰਿਆਣਾ ਸਰਕਾਰ ਨੇ ਸੂਬੇ ਦੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਵੱਖ-ਵੱਖ ਭਰਤੀ ਏਜੰਸੀਆਂ ਵੱਲੋਂ ਲਈਆਂ ਜਾਣ ਵਾਲੀਆਂ ਪ੍ਰੀਖਿਆਵਾਂ ਦੌਰਾਨ ਸਿੱਖ ਵਿਦਿਆਰਥੀਆਂ ਅਤੇ ਵਿਆਹੀਆਂ ਮਹਿਲਾ ਉਮੀਦਵਾਰਾਂ ਨੂੰ ਪੇਸ਼ ਆਉਣ ਵਾਲੀਆਂ ਅਸੁਵਿਧਾਵਾਂ ਨੂੰ ਦੂਰ ਕਰਨ ਲਈ ਵਿਸਤ੍ਰਿਤ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ।



ਮੁੱਖ ਸਕੱਤਰ ਦਫ਼ਤਰ ਵੱਲੋਂ ਜਾਰੀ ਨੋਟੀਫਿਕੇਸ਼ਨ ਮੁਤਾਬਕ ਵੱਖ-ਵੱਖ ਪ੍ਰੀਖਿਆਵਾਂ ਦੇਣ ਵਾਲੇ ਸਿੱਖ ਵਿਦਿਆਰਥੀਆਂ ਅਤੇ ਉਮੀਦਵਾਰਾਂ ਨੂੰ ਨਿਰਧਾਰਤ ਮਾਪਦੰਡਾਂ ਮੁਤਾਬਕ ਕਿਰਪਾਨ ਰੱਖਣ ਦੀ ਇਜਾਜ਼ਤ ਦਿੱਤੀ ਗਈ ਹੈ। ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਮੁਤਾਬਕ ਕਿਰਪਾਨ ਦੀ ਕੁੱਲ ਲੰਬਾਈ 9 ਇੰਚ ਤੋਂ ਵੱਧ ਨਹੀਂ ਹੋਣੀ ਚਾਹੀਦੀ, ਜਦੋਂਕਿ ਇਸ ਦੇ ਬਲੇਡ ਦੀ ਲੰਬਾਈ 6 ਇੰਚ ਤੋਂ ਵੱਧ ਨਹੀਂ ਹੋਣੀ ਚਾਹੀਦੀ। ਅਜਿਹੇ ਉਮੀਦਵਾਰਾਂ ਨੂੰ ਤੈਅ ਸਮੇਂ ਤੋਂ ਘੱਟੋ-ਘੱਟ ਇੱਕ ਘੰਟਾ ਪਹਿਲਾਂ ਪ੍ਰੀਖਿਆ ਕੇਂਦਰ ਵਿੱਚ ਰਿਪੋਰਟ ਕਰਨ ਦੀ ਸਲਾਹ ਦਿੱਤੀ ਗਈ ਹੈ ਤਾਂ ਜੋ ਜ਼ਰੂਰੀ ਜਾਂਚਾਂ ਅਤੇ ਰਸਮੀ ਕਾਰਵਾਈਆਂ ਸਮੇਂ ਸਿਰ ਪੂਰੀਆਂ ਕੀਤੀਆਂ ਜਾ ਸਕਣ। ਨੋਟੀਫਿਕੇਸ਼ਨ ਵਿੱਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਵਿਆਹੀਆਂ ਮਹਿਲਾ ਉਮੀਦਵਾਰਾਂ ਨੂੰ ਪ੍ਰੀਖਿਆ ਦੌਰਾਨ ਮੰਗਲਸੂਤਰ ਪਹਿਨਣ ਦੀ ਆਗਿਆ ਹੋਵੇਗੀ।

ਅਜਿਹੇ ਉਮੀਦਵਾਰਾਂ ਨੂੰ ਜ਼ਰੂਰੀ ਪ੍ਰਕਿਰਿਆਵਾਂ ਦੇ ਸੁਚਾਰੂ ਸੰਚਾਲਨ ਨੂੰ ਯਕੀਨੀ ਬਣਾਉਣ ਲਈ ਤੈਅ ਸਮੇਂ ਤੋਂ ਘੱਟੋ-ਘੱਟ 30 ਮਿੰਟ ਪਹਿਲਾਂ ਪ੍ਰੀਖਿਆ ਕੇਂਦਰ ਵਿੱਚ ਪਹੁੰਚਣ ਦੇ ਨਿਰਦੇਸ਼ ਦਿੱਤੇ ਗਏ ਹਨ। ਇਹ ਫੈਸਲਾ ਦਿੱਲੀ ਹਾਈ ਕੋਰਟ ਅਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਵੱਖ-ਵੱਖ ਫੈਸਲਿਆਂ ਦੇ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਲਿਆ ਗਿਆ ਹੈ, ਜਿਨ੍ਹਾਂ ਵਿੱਚ ਧਾਰਮਿਕ ਅਤੇ ਸੱਭਿਆਚਾਰਕ ਅਧਿਕਾਰਾਂ ਦੀ ਸੁਰੱਖਿਆ ਦੇ ਨਾਲ-ਨਾਲ ਪ੍ਰੀਖਿਆਵਾਂ ਦੇ ਨਿਰਪੱਖ ਅਤੇ ਵਿਵਸਥਿਤ ਸੰਚਾਲਨ 'ਤੇ ਜ਼ੋਰ ਦਿੱਤਾ ਗਿਆ ਹੈ। ਸੂਬਾ ਸਰਕਾਰ ਨੇ ਸਾਰੇ ਪ੍ਰਸ਼ਾਸਨਿਕ ਸਕੱਤਰਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਆਪਣੇ ਅਧੀਨ ਵਿਭਾਗਾਂ, ਬੋਰਡਾਂ, ਕਾਰਪੋਰੇਸ਼ਨਾਂ, ਯੂਨੀਵਰਸਿਟੀਆਂ ਅਤੇ ਭਰਤੀ ਏਜੰਸੀਆਂ ਦੇ ਮੁਖੀਆਂ ਨੂੰ ਜ਼ਰੂਰੀ ਹੁਕਮ ਜਾਰੀ ਕਰਨ ਤਾਂ ਜੋ ਪ੍ਰੀਖਿਆ ਡਿਊਟੀ 'ਤੇ ਤਾਇਨਾਤ ਅਧਿਕਾਰੀ, ਸੁਪਰਵਾਈਜ਼ਰ ਅਤੇ ਸੁਰੱਖਿਆ ਕਰਮਚਾਰੀ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਤੋਂ ਪੂਰੀ ਤਰ੍ਹਾਂ ਜਾਣੂ ਹੋਣ ਅਤੇ ਉਮੀਦਵਾਰਾਂ ਨੂੰ ਕਿਸੇ ਵੀ ਪੱਧਰ 'ਤੇ ਕਿਸੇ ਵੀ ਬੇਲੋੜੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ।

*ਪੰਜਾਬ ਕੈਬਨਿਟ ਦੀ ਮੀਟਿੰਗ 'ਚ ਕਈ ਅਹਿਮ ਫ਼ੈਸਲੇ*

## ਕਿਸਾਨਾਂ ਨੂੰ ਗੰਨੇ 'ਤੇ 68.50 ਰੁ. ਪ੍ਰਤੀ ਕੁਇੰਟਲ ਸਬਸਿਡੀ ਨੂੰ ਮਨਜ਼ੂਰੀ

*ਸ਼ਹਿਰੀ ਪ੍ਰਸ਼ਾਸਨ 'ਚ ਸੁਧਾਰਾਂ ਨੂੰ ਹਰੀ ਝੰਡੀ, ਕੈਬਨਿਟ ਮਿਊਂਸਪਲ ਲੈਂਡ ਟਰਾਂਸਫਰ ਅਤੇ ਰਸਤਿਆਂ-ਖਾਲ਼ਿਆਂ ਦੀ ਵਰਤੋਂ ਲਈ ਨੀਤੀ ਨੂੰ ਪ੍ਰਵਾਨਗੀ*

ਚੜ੍ਹਦੀਕਲਾ ਬਿਊਰੋ

==============

ਚੰਡੀਗੜ੍ਹ, 20 ਜਨਵਰੀ: ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਕੈਬਨਿਟ ਮੀਟਿੰਗ ਵਿਸ਼ੇਸ਼ ਤੌਰ 'ਤੇ ਕਿਸਾਨ-ਭਲਾਈ ਲਈ ਫੈਸਲੇ ਲੈਣ 'ਤੇ ਕੇਂਦਰਤ ਰਹੀ, ਜਿਸ ਦੌਰਾਨ ਕੈਬਨਿਟ ਵੱਲੋਂ ਨਿਰਧਾਰਤ ਸਟੇਟ ਐਗਰੀਡ ਪ੍ਰਾਈਸ ਵਿੱਚੋਂ 68.50 ਪ੍ਰਤੀ ਕੁਇੰਟਲ ਸਿੱਧੀ ਸਬਸਿਡੀ ਦੀ ਮਨਜ਼ੂਰੀ ਦਿੱਤੀ ਗਈ, ਜਿਸ ਨਾਲ ਪੰਜਾਬ ਸੂਬਾ ਗੰਨਾ ਕਿਸਾਨਾਂ ਨੂੰ ਦੇਸ ਵਿੱਚ ਗੰਨੇ ਦਾ ਸਭ ਤੋਂ ਵੱਧ ਭਾਅ ਦੇਣ ਵਿੱਚ ਲਗਾਤਾਰ ਮੋਹਰੀ ਚੱਲ ਰਿਹਾ ਹੈ।



ਇਹ ਫੈਸਲਾ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਲਿਆ ਗਿਆ, ਜਿਸ ਵਿੱਚ ਸਿਹਤ ਖੇਤਰ 'ਚ ਵੱਖ-ਵੱਖ ਸੁਧਾਰਾਂ ਦੇ ਨਾਲ ਲੋਕਾਂ ਦੀ ਤੰਦਰੁਸਤ ਸਿਹਤ ਸਬੰਧੀ ਪਹਿਲਕਦਮੀਆਂ ਅਤੇ ਸ਼ਹਿਰੀ ਪ੍ਰਸਾਸਨ ਵਿੱਚ ਵੱਖ-ਵੱਖ ਸੁਧਾਰਾਤਮਕ ਕਦਮ ਚੁੱਕਣ ਸਬੰਧੀ ਪ੍ਰਵਾਨਗੀਆਂ ਸਾਮਲ ਹਨ, ਜੋ ਪੰਜਾਬ ਸਰਕਾਰ ਦੀ ਨਿਰਣਾਇਕ ਅਤੇ ਨਤੀਜਾ ਆਧਾਰਤ ਪਹੁੰਚ ਨੂੰ ਦਰਸਾਉਂਦਾ ਹੈ।

ਮੰਤਰੀ ਮੰਡਲ ਦੁਆਰਾ ਲਏ ਗਏ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਦਫਤਰ ਦੇ ਬੁਲਾਰੇ ਨੇ ਕਿਹਾ ਕਿ ਨਿੱਜੀ ਖੰਡ ਮਿੱਲਾਂ ਦੀ ਤਰਫੋਂ ਗੰਨਾ ਕਿਸਾਨਾਂ ਨੂੰ 2025-26 ਪਿੜਾਈ ਸੀਜ਼ਨ ਲਈ ਨਿਰਧਾਰਤ ਸਟੇਟ ਐਗਰੀਡ ਪ੍ਰਾਈਜ਼ ਵਿੱਚੋਂ 68.50 ਪ੍ਰਤੀ ਕੁਇੰਟਲ ਸਬਸਿਡੀ ਸਿੱਧੇ ਤੌਰ 'ਤੇ ਅਦਾ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪੰਜਾਬ ਪਹਿਲਾਂ ਹੀ ਦੇਸ਼ ਵਿੱਚ ਗੰਨੇ ਲਈ ਸਭ ਤੋਂ ਵੱਧ 416 ਰੁ. ਪ੍ਰਤੀ ਕੁਇੰਟਲ ਸਟੇਟ ਐਗਰੀਡ ਪ੍ਰਾਈਸ ਦੇ ਰਿਹਾ ਹੈ, ਜੋ ਪਿਛਲੇ ਸਾਲ ਨਾਲੋਂ 15 ਰੁਪਏ ਦਾ ਵਾਧਾ ਦਰਸਾਉਂਦਾ ਹੈ। ਇਹ ਪੰਜਾਬ ਦੇ ਗੰਨਾ ਕਾਸ਼ਤਕਾਰਾਂ ਨੂੰ ਦੇਸ਼ ਭਰ ਵਿੱਚੋਂ ਸਭ ਤੋਂ ਵੱਧ ਭਾਅ ਮਿਲਣਾ ਯਕੀਨੀ ਬਣਾਉਣ ਦੇ ਨਾਲ-ਨਾਲ

(ਬਾਕੀ ਸਫਾ 2 'ਤੇ)

## ਸੂਬੇ 'ਚ ਸ੍ਰੀਰਾਮ ਦੇ ਜੀਵਨ 'ਤੇ ਆਧਾਰਤ ਹੋਣਗੇ 40 ਸ਼ੋਅ

ਚੰਡੀਗੜ੍ਹ, 20 ਜਨਵਰੀ (ਚੜ੍ਹਦੀਕਲਾ ਬਿਊਰੋ) : ਪੰਜਾਬ ਵਿੱਚ ਭਗਵਾਨ ਸ਼੍ਰੀ ਰਾਮ ਦੇ ਜੀਵਨ 'ਤੇ ਆਧਾਰਿਤ ਵਿਸ਼ੇਸ਼ ਸ਼ੋਅ ਕਰਵਾਏ ਜਾਣਗੇ। ਇਸ ਪ੍ਰਸਤਾਵ ਨੂੰ ਮੰਗਲਵਾਰ ਨੂੰ ਕੈਬਨਿਟ ਮੀਟਿੰਗ ਵਿੱਚ ਮਨਜ਼ੂਰੀ ਦੇ ਦਿੱਤੀ ਗਈ। ਹਮਾਰੇ ਰਾਮ ਸਿਰਲੇਖ ਵਾਲੇ 40 ਸ਼ੋਅ ਸੂਬੇ ਭਰ ਦੇ ਵੱਖ-ਵੱਖ ਸ਼ਹਿਰਾਂ ਵਿੱਚ ਦਿਖਾਏ ਜਾਣਗੇ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਵਿਸ਼ੇਸ਼ ਸ਼ੋਅ ਸਾਡੇ ਜੀਵਨ ਅਤੇ ਕਾਰਜ ਸ਼ੈਲੀ ਨੂੰ ਬਿਹਤਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਇਸ ਤੋਂ ਇਲਾਵਾ ਕੈਬਨਿਟ ਨੇ ਮੁੱਖ ਮੰਤਰੀ ਯੋਗਸ਼ਾਲਾ ਲਈ 1,000

(ਬਾਕੀ ਸਫਾ 2 'ਤੇ)

## ਵਾਦੀ 'ਚ ਠੰਢ ਵਧੀ; ਬਹੁਤੀਆਂ ਥਾਵਾਂ 'ਤੇ ਪਾਰਾ ਡਿੱਗਾ

ਸ੍ਰੀਨਗਰ, 20 ਜਨਵਰੀ (ਚੜ੍ਹਦੀਕਲਾ ਬਿਊਰੋ) : ਕਸ਼ਮੀਰ ਦੀਆਂ ਬਹੁਤੀਆਂ ਥਾਵਾਂ 'ਤੇ ਮੰਗਲਵਾਰ ਨੂੰ ਘੱਟੋ-ਘੱਟ ਤਾਪਮਾਨ ਡਿੱਗ ਗਿਆ। ਵਾਦੀ ਵਿਚ ਇਸ ਹਫ਼ਤੇ ਮੀਂਹ ਅਤੇ ਬਰਫ਼ਬਾਰੀ ਦੀ ਪੇਸ਼ੀਨਗੋਈ ਕੀਤੀ ਗਈ ਹੈ, ਜਿਸ ਵਿੱਚ ਇਸ ਸਰਦੀਆਂ ਵਿੱਚ ਮੈਦਾਨੀ ਇਲਾਕਿਆਂ ਵਿੱਚ ਪਹਿਲੀ ਬਰਫ਼ਬਾਰੀ ਦੀ ਸੰਭਾਵਨਾ ਵੀ ਸ਼ਾਮਲ ਹੈ। ਸ੍ਰੀਨਗਰ ਵਿੱਚ ਸੋਮਵਾਰ ਰਾਤ ਨੂੰ ਘੱਟੋ-ਘੱਟ ਤਾਪਮਾਨ ਮਨਫ਼ੀ 3.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਕਿ ਪਿਛਲੀ ਰਾਤ ਮਨਫੀ 1.2 ਡਿਗਰੀ ਸੈਲਸੀਅਸ ਸੀ। ਕੇਂਦਰੀ ਕਸ਼ਮੀਰ ਦੇ ਗੰਦਰਬਲ ਜ਼ਿਲ੍ਹੇ ਵਿੱਚ ਸੋਨਮਰਗ ਦੇ ਸੈਲਾਨੀ ਰਿਜ਼ੋਰਟ ਵਿੱਚ ਘੱਟੋ-ਘੱਟ ਤਾਪਮਾਨ ਮਨਫੀ 6.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਅਤੇ ਇਹ ਘਾਟੀ ਦਾ ਸਭ ਤੋਂ

(ਬਾਕੀ ਸਫਾ 2 'ਤੇ)

## ਨਿਤਿਨ ਨਬੀਨ ਭਾਜਪਾ ਦੇ ਸਭ ਤੋਂ ਛੋਟੀ ਉਮਰ ਦੇ ਕੌਮੀ ਪ੍ਰਧਾਨ ਬਣੇ

*ਨਰਿੰਦਰ ਮੋਦੀ, ਅਮਿਤ ਸ਼ਾਹ ਅਤੇ ਜੇ.ਪੀ. ਨੱਢਾ ਨੇ ਦਿੱਤੀ ਵਧਾਈ*

ਚੜ੍ਹਦੀਕਲਾ ਬਿਊਰੋ

==============

ਨਵੀਂ ਦਿੱਲੀ, 20 ਜਨਵਰੀ: ਨਿਤਿਨ ਨਬੀਨ ਨੂੰ ਮੰਗਲਵਾਰ ਨੂੰ ਰਸਮੀ ਤੌਰ 'ਤੇ ਭਾਜਪਾ ਦਾ ਕੌਮੀ ਪ੍ਰਧਾਨ ਐਲਾਨ ਦਿੱਤਾ ਗਿਆ ਹੈ। ਉਹ ਜੇਪੀ ਨੱਢਾ ਦੀ ਥਾਂ ਲੈਣਗੇ ਅਤੇ ਪਾਰਟੀ ਲਈ ਇੱਕ ਨਵਾਂ ਅਧਿਆਇ ਸ਼ੁਰੂ ਕਰਨਗੇ। ਭਾਜਪਾ ਦੇਸ਼ ਦੀ ਰਾਜਨੀਤੀ 'ਤੇ ਆਪਣੀ ਪਕੜ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਰਿਟਰਨਿੰਗ ਅਫਸਰ ਕੇ. ਲਕਸ਼ਮਣ ਨੇ ਸੰਗਠਨਾਤਮਕ ਚੋਣਾਂ ਦੇ ਨਤੀਜੇ ਐਲਾਨਦਿਆਂ 45 ਸਾਲਾ ਨਬੀਨ ਨੂੰ ਚੋਣ ਦਾ ਸਰਟੀਫਿਕੇਟ ਸੌਂਪਿਆ। ਨਬੀਨ ਪਾਰਟੀ ਦੇ ਇਸ ਸਿਖਰਲੇ ਅਹੁਦੇ 'ਤੇ ਬਿਰਾਜਮਾਨ ਹੋਣ ਵਾਲੇ ਸਭ ਤੋਂ ਘੱਟ ਉਮਰ ਦੇ ਆਗੂ ਹਨ। ਇਸ ਮੌਕੇ ਭਾਜਪਾ ਹੈੱਡਕੁਆਰਟਰ ਉੱਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜੇ.ਪੀ.ਨੱਢਾ, ਸੀਨੀਅਰ ਮੰਤਰੀ ਰਾਜਨਾਥ ਸਿੰਘ, ਅਮਿਤ ਸ਼ਾਹ, ਨਿਤਿਨ ਗਡਕਰੀ ਸਮੇਤ ਹੋਰ ਆਗੂ ਮੌਜੂਦ ਸਨ। ਭਾਜਪਾ ਪ੍ਰਧਾਨ ਨਿਤਿਨ ਨਬੀਨ ਨੇ ਮੰਗਲਵਾਰ ਨੂੰ ਅਹੁਦਾ ਸੰਭਾਲਣ ਤੋਂ ਬਾਅਦ ਆਪਣੇ ਪਹਿਲੇ ਸੰਬੋਧਨ ਵਿੱਚ ਭਾਰਤੀ ਨੌਜਵਾਨਾਂ ਨੂੰ ਰਾਜਨੀਤੀ ਵਿੱਚ ਆਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਨੌਜਵਾਨ



(ਬਾਕੀ ਸਫਾ 2 'ਤੇ)

## ਮੈਂ ਭਾਜਪਾ ਵਰਕਰ ਹਾਂ, ਨਿਤਿਨ ਨਬੀਨ ਮੇਰੇ ਬੌਸ: ਮੋਦੀ

ਨਵੀਂ ਦਿੱਲੀ, 20 ਜਨਵਰੀ (ਚੜ੍ਹਦੀਕਲਾ ਬਿਊਰੋ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਭਾਜਪਾ ਦੇ ਨਵੇਂ ਚੁਣੇ ਗਏ ਪ੍ਰਧਾਨ ਨਿਤਿਨ ਨਬੀਨ ਨੂੰ ਆਪਣਾ ਬੌਸ ਦੱਸਿਆ। ਉਨ੍ਹਾਂ ਕਿਹਾ ਕਿ



(ਬਾਕੀ ਸਫਾ 2 'ਤੇ)

## ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਵੱਲੋਂ ਨਵੇਂ ਕੌਮੀ ਪ੍ਰਧਾਨ ਨਾਲ ਮੁਲਾਕਾਤ

ਚੰਡੀਗੜ੍ਹ, 20 ਜਨਵਰੀ (ਚੜ੍ਹਦੀਕਲਾ ਬਿਊਰੋ) : ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਅੱਜ ਨਵੀਂ ਦਿੱਲੀ ਵਿਖੇ ਪਾਰਟੀ ਦੇ ਨਵੇਂ ਚੁਣੇ ਗਏ ਕੌਮੀ ਪ੍ਰਧਾਨ ਸ੍ਰੀ ਨਿਤਿਨ ਨਬੀਨ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਕਿਹਾ ਕਿ ਸ੍ਰੀ ਨਿਤਿਨ ਨਬੀਨ ਦੀ ਅਗਵਾਈ ਵਿਚ ਪਾਰਟੀ ਨਵੇਂ ਉਤਸ਼ਾਹ ਨਾਲ ਅੱਗੇ ਵਧੇਗੀ। ਇਸ ਸਬੰਧੀ ਉਨ੍ਹਾਂ ਨੇ ਆਪਣੇ ਇਕ ਸ਼ੋਸਲ ਮੀਡੀਆ ਸੁਨੇਹੇ ਵਿਚ ਲਿਖਿਆ ਹੈ ਕਿ, ਭਾਜਪਾ ਹਾਈ ਕਮਾਂਡ ਨੇ ਆਪਣੇ ਸਥਾਪਿਤ ਆਦਰਸ਼ਾਂ 'ਤੇ ਚੱਲਦਿਆਂ ਨਵੀਂ ਪੀੜ੍ਹੀ ਨੂੰ ਦੁਨੀਆਂ ਦੀ ਸਭ ਤੋਂ ਵੱਡੀ ਪਾਰਟੀ ਦੀ ਵਾਂਗਡੋਰ ਸੌਂਪੀ ਹੈ। ਜਿਵੇਂ ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਨੇ ਕਿਹਾ ਹੈ ਕਿ ਨਵੀਂ ਪੀੜ੍ਹੀ ਪਾਰਟੀ

(ਬਾਕੀ ਸਫਾ 2 'ਤੇ)

*ਪੰਜਾਬ ਸਰਕਾਰ ਵੱਲੋਂ ਹਾਈ ਕੋਰਟ 'ਚ ਜਵਾਬ ਦਾਇਰ*

## ਅੰਮ੍ਰਿਤਪਾਲ ਸਿੰਘ ਦੀ ਐਨ.ਐਸ.ਏ. ਹਿਰਾਸਤ ਨੂੰ ਠਹਿਰਾਇਆ ਜਾਇਜ਼

ਚੜ੍ਹਦੀਕਲਾ ਬਿਊਰੋ

==============

ਚੰਡੀਗੜ੍ਹ, 20 ਜਨਵਰੀ: ਪੰਜਾਬ ਸਰਕਾਰ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇੱਕ ਵਿਸਤ੍ਰਿਤ ਜਵਾਬ ਦਾਇਰ ਕੀਤਾ ਹੈ, ਜਿਸ ਵਿੱਚ ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਰਾਸ਼ਟਰੀ ਸੁਰੱਖਿਆ ਐਕਟ (ਐਨ.ਐਸ.ਏ.) ਅਧੀਨ ਨਜ਼ਰਬੰਦੀ ਨੂੰ ਪੂਰੀ ਤਰ੍ਹਾਂ ਜਾਇਜ਼ ਠਹਿਰਾਇਆ ਗਿਆ ਹੈ। ਰਾਜ ਸਰਕਾਰ ਨੇ ਅਦਾਲਤ ਨੂੰ ਦੱਸਿਆ ਕਿ ਖੁਫੀਆ ਜਾਣਕਾਰੀ, ਪੁਲਿਸ ਰਿਕਾਰਡ ਅਤੇ ਠੋਸ ਘਟਨਾਵਾਂ ਸਪੱਸ਼ਟ ਤੌਰ 'ਤੇ ਦਰਸਾਉਂਦੀਆਂ ਹਨ ਕਿ ਅੰਮ੍ਰਿਤਪਾਲ ਸਿੰਘ ਦੀਆਂ ਗਤੀਵਿਧੀਆਂ ਸਿਰਫ਼ ਕਾਨੂੰਨ ਵਿਵਸਥਾ ਦੀ ਸਮੱਸਿਆ ਨਹੀਂ ਸਨ, ਸਗੋਂ ਪੰਜਾਬ ਦੀ ਸ਼ਾਂਤੀ ਅਤੇ



ਜਨਤਕ ਸੁਰੱਖਿਆ ਅਤੇ ਦੇਸ਼ ਦੀ ਅਖੰਡਤਾ ਲਈ ਵੀ ਗੰਭੀਰ ਖ਼ਤਰਾ ਸਨ। ਗ੍ਰਹਿ ਵਿਭਾਗ ਦੇ ਵਧੀਕ ਮੁੱਖ ਸਕੱਤਰ, ਆਲੋਕ ਸ਼ੇਖਰ ਰਾਹੀਂ ਦਾਇਰ ਕੀਤੇ ਗਏ ਜਵਾਬ ਵਿੱਚ ਕਿਹਾ ਗਿਆ

(ਬਾਕੀ ਸਫਾ 2 'ਤੇ)

*'ਆਪ' ਵਿਧਾਇਕਾ ਨੇ ਵਿਵਾਦਤ ਵੀਡੀਓ 'ਤੇ ਦਿੱਤਾ ਬਿਆਨ*

## ਭਾਰਤੀ ਜਨਤਾ ਪਾਰਟੀ ਵੱਲੋਂ ਲਗਾਏ ਜਾ ਰਹੇ ਨੇ ਝੂਠੇ ਦੋਸ਼: ਆਤਿਸ਼ੀ

ਚੜ੍ਹਦੀਕਲਾ ਬਿਊਰੋ

==============

ਨਵੀਂ ਦਿੱਲੀ, 20 ਜਨਵਰੀ: ਦਿੱਲੀ ਵਿਧਾਨ ਸਭਾ ਦੀ ਵਿਵਾਦਤ ਵੀਡੀਓ 'ਤੇ ਬੋਲਦੇ ਹੋਏ 'ਆਪ' ਵਿਧਾਇਕਾ ਤੇ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਨੇ ਜੋ ਉਨ੍ਹਾਂ 'ਤੇ ਦੋਸ਼ ਲਗਾਏ ਹਨ ਉਹ ਬਿਲਕੁਲ ਝੂਠੇ ਹਨ। ਉਨ੍ਹਾਂ ਕਿਹਾ ਕਿ ਸਿੱਖ ਗੁਰੂਆਂ ਲਈ, ਖਾਸ ਕਰਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਪ੍ਰਤੀ ਮੇਰੀ ਅਤੇ ਮੇਰੇ ਪਰਿਵਾਰ ਦੀ ਬਹੁਤ ਡੂੰਘੀ ਸ਼ਰਧਾ ਹੈ। ਉਨ੍ਹਾਂ ਕਿਹਾ ਕਿ ਮੈਂ ਖੁਦ ਅਜਿਹੇ ਪਰਿਵਾਰ ਨਾਲ ਸਬੰਧਤ ਹਾਂ, ਜਿਸ ਪਰਿਵਾਰ ਦਾ ਸਭ ਤੋਂ ਵੱਡਾ ਲੜਕਾ ਗੁਰਦੁਆਰਾ ਸਾਹਿਬ ਜਾਂਦਾ ਹੈ ਅਤੇ ਸਿੱਖ ਬਣਦਾ ਹੈ ਸਮਾਜ ਦੀ ਸੇਵਾ ਕਰਦਾ ਹੈ। ਉਨ੍ਹਾਂ ਕਿਹਾ ਕਿ ਕਪਿਲ ਮਿਸ਼ਰਾ ਜੀ ਦੀ ਝੂਠ ਬੋਲਣ ਦੀ ਆਦਤ ਇਹ ਕੋਈ ਨਵੀਂ ਨਹੀਂ ਹੈ।



(ਬਾਕੀ ਸਫਾ 2 'ਤੇ)

## ਗਊਸ਼ਾਲਾ 'ਚ 50 ਪਸ਼ੂਆਂ ਦੀ ਮੌਤ 'ਤੇ ਹਾਈ ਕੋਰਟ ਦੀ ਸਖ਼ਤ ਤਾੜਨਾ

ਚੰਡੀਗੜ੍ਹ, 20 ਜਨਵਰੀ (ਚੜ੍ਹਦੀਕਲਾ ਬਿਊਰੋ) : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਰਾਏਪੁਰ ਕਲਾਂ ਗਊਸ਼ਾਲਾ ਵਿੱਚ ਲਗਭਗ 50 ਪਸ਼ੂਆਂ ਦੀ ਮੌਤ ਮਾਮਲੇ ਵਿੱਚ ਚੰਡੀਗੜ੍ਹ ਪ੍ਰਸ਼ਾਸਨ ਅਤੇ ਸਬੰਧਤ ਅਧਿਕਾਰੀਆਂ ਦੀ ਅਣਗਹਿਲੀ 'ਤੇ ਤਾੜਨਾ ਕੀਤੀ ਹੈ। ਅਦਾਲਤ ਨੇ ਕਿਹਾ ਕਿ ਰੈਗੂਲੇਟਰੀ ਅਧਿਕਾਰੀਆਂ ਨੇ ਅੱਖਾਂ ਬੰਦ ਕਰ ਲਈਆਂ, ਜਿਸ ਕਾਰਨ ਜਾਨਵਰਾਂ ਨਾਲ ਜ਼ੁਲਮ ਹੋਇਆ ਅਤੇ ਕਾਨੂੰਨਾਂ ਦੀ ਖੁੱਲ੍ਹੀ ਉਲੰਘਣਾ ਹੁੰਦੀ ਰਹੀ। ਜਸਟਿਸ ਸੰਜੇ ਵਸ਼ਿਸ਼ਠ ਨੇ ਇਸ ਮਾਮਲੇ ਨੂੰ ਜਨਹਿਤ ਪਟੀਸ਼ਨ ਵਜੋਂ ਦਰਜ ਕਰਨ ਦੇ ਨਿਰਦੇਸ਼ ਦਿੰਦਿਆਂ ਭਾਰਤ ਸਰਕਾਰ ਨੂੰ ਸਿਹਤ ਅਤੇ ਵਾਤਾਵਰਣ ਮੰਤਰਾਲਿਆਂ ਦੇ ਸਕੱਤਰਾਂ ਰਾਹੀਂ, ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਨੂੰ

(ਬਾਕੀ ਸਫਾ 2 'ਤੇ)

## ਸਿੱਖ ਰੈਜੀਮੈਂਟ ਦੀਆਂ ਸੱਤ ਬਟਾਲੀਅਨਾਂ ਦਾ ਇਕੱਠਿਆਂ ਕੀਤਾ ਸਨਮਾਨ

ਚੜ੍ਹਦੀਕਲਾ ਬਿਊਰੋ

==============

ਚੰਡੀਗੜ੍ਹ, 20 ਜਨਵਰੀ: ਭਾਰਤੀ ਫ਼ੌਜ ਦੀ ਸ਼ਾਨ ਮੰਨੇ ਜਾਣ ਵਾਲੀ ਸਿੱਖ ਰੈਜੀਮੈਂਟ ਨੇ ਅਪਣੇ ਬੇਮਿਸਾਲ ਪ੍ਰਦਰਸ਼ਨ ਨਾਲ ਭਾਰਤੀ ਫੌਜ ਦੀਆਂ ਉਮੀਦਾਂ ਉਤੇ ਖਰਾ ਉਤਰਦਿਆਂ ਇਤਿਹਾਸ ਰਚਿਆ ਹੈ। ਪਛਮੀ ਕਮਾਂਡ ਦੇ ਇਕ ਬੁਲਾਰੇ ਅਨੁਸਾਰ ਜਨਵਰੀ, 2026 ਵਿਚ ਸਿੱਖ ਰੈਜੀਮੈਂਟ ਦੀਆਂ ਕੁਲ ਸੱਤ ਬਟਾਲੀਅਨਾਂ ਨੂੰ 'ਚੀਫ ਆਫ਼ ਆਰਮੀ ਸਟਾਫ' ਅਤੇ 'ਆਰਮੀ ਕਮਾਂਡਰ' ਦੇ ਅਹੁਦੇ ਉਤੇ ਪ੍ਰਸ਼ੰਸਾ ਪੱਤਰਾਂ ਨਾਲ ਸਨਮਾਨਿਤ ਕੀਤਾ ਗਿਆ। ਇਨ੍ਹਾਂ 'ਚੋਂ ਦੋ ਬਟਾਲੀਅਨਾਂ ਨੂੰ 'ਚੀਫ ਆਫ਼ ਆਰਮੀ ਸਟਾਫ ਯੂਨਿਟ' ਪ੍ਰਸ਼ੰਸਾ ਪੱਤਰ ਨਾਲ ਸਨਮਾਨਿਤ ਕੀਤਾ ਗਿਆ, ਇਕ ਬਟਾਲੀਅਨ ਨੂੰ 'ਚੀਫ ਆਫ਼ ਆਰਮੀ ਸਟਾਫ ਯੂਨਿਟ ਸਾਈਟੇਸ਼ਨ' ਅਤੇ ਚਾਰ ਬਟਾਲੀਅਨਾਂ ਨੂੰ 'ਆਰਮੀ ਕਮਾਂਡਰ ਯੂਨਿਟ ਸਾਈਟੇਸ਼ਨ' ਨਾਲ ਸਨਮਾਨਿਤ ਕੀਤਾ ਗਿਆ।

**'ਚੀਫ਼ ਆਫ਼ ਆਰਮੀ ਸਟਾਫ਼' ਅਤੇ 'ਆਰਮੀ ਕਮਾਂਡਰ' ਦੇ ਅਹੁਦੇ 'ਤੇ ਪ੍ਰਸ਼ੰਸਾ ਪੱਤਰਾਂ ਨਾਲ ਸਨਮਾਨਿਤ**

ਇਕੋ ਮੌਕੇ ਉਤੇ ਇੰਨੀ ਵੱਡੀ ਗਿਣਤੀ ਵਿਚ ਬਟਾਲੀਅਨਾਂ ਦਾ ਪੁਰਸਕਾਰ ਨਾ ਸਿਰਫ ਅਸਾਧਾਰਣ ਹੈ, ਬਲਕਿ ਰੈਜੀਮੈਂਟ ਦੀ ਨਿਰੰਤਰ ਉੱਤਮਤਾ ਦਾ ਸਬੂਤ ਵੀ ਹੈ। ਸਿੱਖ ਰੈਜੀਮੈਂਟ ਦੀ ਆਤਮਾ ਪੰਜਾਬ ਦੇ ਨੌਜੁਆਨਾਂ ਵਿਚ ਵਸਦੀ ਹੈ, ਜੋ ਪੀੜ੍ਹੀਆਂ ਤੋਂ ਚਲੀ ਆ ਰਹੀ ਯੋਧਾ ਪਰੰਪਰਾ ਨੂੰ ਮਾਣ ਨਾਲ ਅੱਗੇ ਵਧਾ ਰਹੇ ਹਨ।

(ਬਾਕੀ ਸਫਾ 2 'ਤੇ)

## ਜੰਮੂ, ਮਨੀਪੁਰ ਅਤੇ ਕੋਲਕਾਤਾ ਵਿੱਚ ਈ.ਡੀ. ਦੇ ਛਾਪੇ ਜਾਅਲੀ, ਆਈ.ਟੀ.ਸੀ. ਸਕੈਮ 'ਚ 658 ਕਰੋੜ ਦੀ ਗੜਬੜੀ




ਚੜ੍ਹਦੀਕਲਾ ਬਿਊਰੋ

==============

ਨਵੀਂ ਦਿੱਲੀ, 20 ਜਨਵਰੀ: ਈ.ਡੀ. ਜੰਮੂ, ਮਣੀਪੁਰ ਅਤੇ ਕੋਲਕਾਤਾ ਵਿੱਚ ਵੱਡੇ ਫੇਕ ਇਨਪੁੱਟ ਟੈਕਸ ਕਰੈਡਿਟ (ਆਈ.ਟੀ.ਸੀ.) ਸਕੈਮ ਦੀ ਜਾਂਚ ਦੌਰਾਨ ਤਲਾਸ਼ੀ ਲੈ ਰਹੀ ਹੈ। ਇਹ ਧਾਂਧਲੀ ਲਗਭਗ 658 ਕਰੋੜ ਰੁਪਏ ਦੀ ਹੈ। ਇਸ ਕੇਸ ਵਿੱਚ ਕੁਝ ਵਿਅਕਤੀ ਅਤੇ ਕੰਪਨੀਆਂ ਸ਼ਾਮਲ ਹਨ ਜੋ ਬਿਨਾਂ ਕਿਸੇ ਸਪਲਾਈ ਦੇ ਨਕਲੀ ਇਨਵੌਇਸਾਂ ਰਾਹੀਂ ਆਈਟੀਸੀ ਦਾ ਦਾਅਵਾ ਕਰ ਰਹੇ ਸਨ। ਇਨ੍ਹਾਂ ਗਲਤ ਕਦਮਾਂ ਨਾਲ ਸਿਰਫ਼ ਖਜ਼ਾਨੇ ਨੂੰ ਨੁਕਸਾਨ ਨਹੀਂ ਪਹੁੰਚਿਆ, ਸਗੋਂ ਇਹ ਮਨੀ ਲਾਂਡਰਿੰਗ ਅਤੇ ਸ਼ੈੱਲ ਕੰਪਨੀਆਂ ਦੇ ਜਾਲ ਨਾਲ ਵੀ ਜੁੜਿਆ ਹੋ ਸਕਦਾ ਹੈ। ਇਹ ਮਾਮਲਾ ਈਡੀ ਦੀ ਟੀਮ ਵੱਲੋਂ ਦਰਜ ਕੀਤੀ ਐੱਫ.ਆਈ.ਆਰ. ਤੋਂ ਸ਼ੁਰੂ

(ਬਾਕੀ ਸਫਾ 2 'ਤੇ)

## ਈ.ਡੀ. ਵੱਲੋਂ ਕੇਰਲਾ, ਕਰਨਾਟਕ ਤੇ ਤਾਮਿਲਨਾਡੂ 'ਚ ਛਾਪੇ

ਕੋਚੀ/ਨਵੀਂ ਦਿੱਲੀ, 20 ਜਨਵਰੀ (ਚੜ੍ਹਦੀਕਲਾ ਬਿਊਰੋ) : ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਸ਼ਬਰੀਮਾਲਾ ਵਿਚ ਸੋਨੇ ਦੀ ਚੋਰੀ ਮਾਮਲੇ ਵਿੱਚ ਮਨੀ ਲਾਂਡਰਿੰਗ ਜਾਂਚ ਦੀ ਕੜੀ ਵਜੋਂ ਮੰਗਲਵਾਰ ਨੂੰ ਤਿੰਨ ਰਾਜਾਂ ਵਿੱਚ ਛਾਪੇ ਮਾਰੇ। ਅਧਿਕਾਰਤ ਸੂਤਰਾਂ ਨੇ ਕਿਹਾ ਕਿ ਕੇਰਲ, ਕਰਨਾਟਕ ਅਤੇ ਤਾਮਿਲਨਾਡੂ ਵਿੱਚ ਕਰੀਬ 21 ਥਾਵਾਂ 'ਤੇ ਮਨੀ ਲਾਂਡਰਿੰਗ ਰੋਕਥਾਮ ਐਕਟ ਤਹਿਤ ਛਾਪੇ ਮਾਰੇ ਗਏ ਹਨ। ਮੰਨਿਆ ਜਾਂਦਾ ਹੈ ਕਿ ਮੁੱਖ ਮੁਲਜ਼ਮ ਉਨੀਕ੍ਰਿਸ਼ਨਨ ਪੋਟੀ ਦੇ ਬੰਗਲੁਰੂ ਅਤੇ

(ਬਾਕੀ ਸਫਾ 2 'ਤੇ)

*ਟਰੰਪ ਨੇ ਸ਼ੇਅਰ ਕੀਤਾ ਨਵਾਂ ਨਕਸ਼ਾ*

## ਅਮਰੀਕਾ ਨੇ ਕਰ ਲਿਆ ਕੈਨੇਡਾ ਤੇ ਗ੍ਰੀਨਲੈਂਡ 'ਤੇ ਕਬਜ਼ਾ!

ਚੜ੍ਹਦੀਕਲਾ ਬਿਊਰੋ

==============

ਵਾਸ਼ਿੰਗਟਨ, 20 ਜਨਵਰੀ: ਅਮਰੀਕੀ



ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੈਨੇਜ਼ੁਏਲਾ ਤੇ ਏਅਰਸਟ੍ਰਾਈਕ ਕਰਨ ਮਗਰੋਂ ਗ੍ਰੀਨਲੈਂਡ ਤੇ ਕਬਜ਼ਾ ਕਰਨ ਦੀਆਂ ਵੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸੇ ਦੌਰਾਨ ਟਰੰਪ ਨੇ ਮੰਗਲਵਾਰ ਨੂੰ ਆਪਣੇ ਟਰੂਥ ਸੋਸ਼ਲ ਪਲੇਟਫਾਰਮ 'ਤੇ ਇੱਕ ਪੋਸਟ ਸਾਂਝੀ ਕੀਤੀ, ਜਿਸ ਵਿੱਚ ਉਨ੍ਹਾਂ ਨੇ ਇਕ ਅਜਿਹੇ ਨਕਸ਼ੇ ਦੀ ਪੋਸਟ ਸਾਂਝੀ ਕੀਤੀ ਹੈ, ਜਿਸ ਚ ਕੈਨੇਡਾ, ਗ੍ਰੀਨਲੈਂਡ ਅਤੇ ਵੈਨੇਜ਼ੁਏਲਾ ਨੂੰ ਸੰਯੁਕਤ ਰਾਜ ਅਮਰੀਕਾ ਦਾ ਹਿੱਸਾ ਦਿਖਾਇਆ ਗਿਆ ਹੈ। ਇਸ ਏ.ਆਈ. ਤਸਵੀਰ ਵਿੱਚ ਟਰੰਪ ਓਵਲ ਆਫਿਸ ਵਿੱਚ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਅਤੇ ਯੂ.ਕੇ. ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਸਮੇਤ ਕਈ ਨਾਟੋ ਦੇਸ਼ਾਂ ਦੇ ਨੇਤਾਵਾਂ ਨਾਲ ਬੈਠੇ ਦਿਖਾਈ ਦੇ ਰਹੇ ਹਨ। ਰਿਪੋਰਟਾਂ ਅਨੁਸਾਰ ਟਰੰਪ ਨੇ ਇੱਕ ਹੋਰ ਏ.ਆਈ. ਤਸਵੀਰ ਸਾਂਝੀ ਕੀਤੀ ਹੈ, ਜਿਸ ਵਿੱਚ ਉਹ ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਅਤੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨਾਲ ਗ੍ਰੀਨਲੈਂਡ ਵਿੱਚ ਅਮਰੀਕੀ ਝੰਡਾ ਲਹਿਰਾ ਰਹੇ ਹਨ। ਇਸ ਤਸਵੀਰ ਨਾਲ ਲਿਖਿਆ ਹੈ- ਗ੍ਰੀਨਲੈਂਡ ਅਮਰੀਕੀ ਖੇਤਰ 'ਚ ਸ਼ਾਮਲ।

(ਬਾਕੀ ਸਫਾ 2 'ਤੇ)

## ਕਾਂਗਰਸ 'ਚ ਚਰਨਜੀਤ ਚੰਨੀ ਲਈ ਦਰਵਾਜ਼ੇ ਬੰਦ ਹੋਣੇ ਸ਼ੁਰੂ

ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

*☛ ਦੇਰ-ਸਵੇਰ ਭਾਜਪਾ ਵਿੱਚ ਜਾ ਸਕਦੇ ਹਨ*
*☛ ਪੰਜਾਬ ਦੀ ਸਿਆਸਤ ਵਿੱਚ ਦਲਿਤ ਚਿਹਰਾ*

ਪੰਜਾਬ ਦੀ ਰਾਜਨੀਤੀ ਇੱਕ ਵਾਰ ਫਿਰ ਉਸ ਮੋੜ 'ਤੇ ਖੜ੍ਹੀ ਹੈ ਜਿੱਥੇ ਜਾਤੀ, ਸੱਤਾ ਅਤੇ ਸਿਆਸੀ ਦਾਅਵੇ ਇਕ-ਦੂਜੇ ਨਾਲ ਟਕਰਾ ਰਹੇ ਹਨ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਕਾਂਗਰਸ 'ਤੇ ਪਿਛਲੇ 70 ਵਰ੍ਹਿਆਂ ਤੋਂ ਅਮੀਰ ਜੱਟਵਾਦੀ ਕਬਜ਼ੇ ਦੀ ਟਿੱਪਣੀ ਨੇ ਨਾ ਸਿਰਫ਼ ਪਾਰਟੀ ਦੇ ਅੰਦਰੂਨੀ ਜ਼ਖ਼ਮ ਖੋਲ੍ਹ ਦਿੱਤੇ ਹਨ, ਸਗੋਂ ਪੰਜਾਬ ਦੀ ਆਉਣ ਵਾਲੀ ਸਿਆਸਤ ਦੀ ਦਿਸ਼ਾ ਬਾਰੇ ਵੀ ਗੰਭੀਰ ਸਵਾਲ ਖੜੇ ਕਰ ਦਿੱਤੇ ਹਨ।

ਉਧਰ ਭਾਜਪਾ ਦੀ ਨਜ਼ਰ ਇਸ ਪੂਰੇ ਘਟਨਾਕ੍ਰਮ 'ਤੇ ਬਹੁਤ ਸਾਵਧਾਨੀ ਨਾਲ ਟਿਕੀ ਹੋਈ ਹੈ। ਭਾਜਪਾ ਪੰਜਾਬ ਵਿੱਚ ਲੰਮੇ ਸਮੇਂ ਤੋਂ ਇੱਕ ਐਸੇ ਦਲਿਤ ਸਿੱਖ ਚਿਹਰੇ ਦੀ ਤਲਾਸ਼ ਵਿੱਚ ਹੈ ਜੋ ਨਾ ਸਿਰਫ਼ ਸਮਾਜਿਕ ਪ੍ਰਤੀਨਿਧਿਤਾ ਦੇ ਸਕੇ, ਸਗੋਂ ਸੂਬੇ ਵਿੱਚ ਪਾਰਟੀ ਦੀ ਸਿਆਸੀ ਭਰੋਸੇਯੋਗਤਾ ਵੀ ਵਧਾ ਸਕੇ। ਚਰਨਜੀਤ ਚੰਨੀ, ਇੱਕ ਸਾਬਕਾ ਮੁੱਖ ਮੰਤਰੀ ਅਤੇ ਕੌਮੀ ਪੱਧਰ 'ਤੇ ਜਾਣਿਆ ਨਾਮ ਹੋਣ ਦੇ ਨਾਤੇ, ਭਾਜਪਾ ਲਈ ਇੱਕ ਸੰਭਾਵੀ ਰਣਨੀਤਕ ਚੋਣ ਲੱਗਦੇ ਹਨ।

ਅੱਜ ਚੰਨੀ ਦੀ ਗੱਲ ਸਿਰਫ਼ ਇੱਕ ਬਿਆਨ ਨਹੀਂ, ਸਗੋਂ ਉਹ ਦਲਿਤ ਸਮਾਜ ਦੀ ਉਸ ਲੰਬੇ ਸਮੇਂ ਤੋਂ ਚੱਲਦੀ ਆ ਰਹੀ ਬੇਚੈਨੀ ਦੀ ਅਭਿਵਯਕਤੀ ਹੈ, ਜੋ ਆਪਣੇ ਆਪ ਨੂੰ ਸਿਆਸੀ ਤੌਰ 'ਤੇ ਵਰਤਿਆ ਗਿਆ ਪਰ ਸੱਤਾ ਵਿੱਚ ਹਾਸ਼ੀਏ 'ਤੇ ਰੱਖਿਆ ਮਹਿਸੂਸ ਕਰਦਾ ਆ ਰਿਹਾ ਹੈ। ਇਹ ਗੱਲ ਸੱਚ ਹੈ ਕਿ ਕਾਂਗਰਸ ਨੇ ਦਲਿਤ ਸਮਾਜ ਨੂੰ ਵੋਟ ਬੈਂਕ ਵਜੋਂ ਮਜ਼ਬੂਤੀ ਨਾਲ ਆਪਣੇ ਨਾਲ ਜੋੜਿਆ, ਪਰ ਸੱਤਾ ਦੇ ਕੇਂਦਰ ਵਿੱਚ ਫੈਸਲੇ ਅਕਸਰ ਉੱਚ ਜਾਤੀ ਜਾਂ ਆਰਥਿਕ ਤੌਰ 'ਤੇ ਮਜ਼ਬੂਤ ਵਰਗਾਂ ਦੇ ਹੱਥ ਵਿੱਚ ਹੀ ਰਹੇ ਹਨ।

ਚਰਨਜੀਤ ਚੰਨੀ ਦਾ ਮੁੱਖ ਮੰਤਰੀ ਬਣਨਾ ਕਾਂਗਰਸ ਲਈ ਇਤਿਹਾਸਕ ਪਲ ਸੀ, ਪਰ ਉਸ ਪਲ ਨੂੰ ਪਾਰਟੀ ਨੇ ਕਿੰਨੀ ਸੰਵੇਦਨਸ਼ੀਲਤਾ ਅਤੇ ਦੂਰਦਰਸ਼ਤਾ ਨਾਲ ਸੰਭਾਲਿਆ— ਇਹ ਅਜੇ ਵੀ ਵਾਦ-ਵਿਵਾਦ ਦਾ ਵਿਸ਼ਾ ਹੈ। ਚੰਨੀ ਦੇ ਕਾਰਜਕਾਲ ਦੌਰਾਨ ਨਾ ਸਿਰਫ਼ ਉਨ੍ਹਾਂ ਨੂੰ ਅੰਦਰੂਨੀ ਸਹਿਯੋਗ ਦੀ ਘਾਟ ਮਹਿਸੂਸ ਹੋਈ, ਸਗੋਂ ਚੋਣੀ ਹਾਰ ਦੇ ਬਾਅਦ ਉਨ੍ਹਾਂ ਨੂੰ ਲਗਭਗ ਸਿਆਸੀ ਇਕਾਂਤ ਵਿੱਚ ਛੱਡ ਦਿੱਤਾ ਗਿਆ। ਅੱਜ ਜਦੋਂ ਉਹ ਖੁੱਲ੍ਹ ਕੇ ਆਪਣੀ ਗੱਲ ਰੱਖ ਰਹੇ ਹਨ, ਤਾਂ ਇਹ ਕਾਂਗਰਸ ਲਈ ਸਿਰਫ਼ ਇੱਕ ਨੇਤਾ ਦੀ ਨਾਰਾਜ਼ਗੀ ਨਹੀਂ, ਬਲਕਿ ਇੱਕ ਸਮਾਜਿਕ ਸੰਦੇਸ਼ ਹੈ।

ਇਸ ਬਿਆਨ ਨੇ ਕਾਂਗਰਸ ਦੇ ਅੰਦਰ ਤਕਰਾਰ ਨੂੰ ਹੋਰ ਤੇਜ਼ ਕਰ

(ਬਾਕੀ ਸਫਾ 2 'ਤੇ)

## ਭਾਰਤ ਲਈ ਗੋਲ਼ੀਆਂ ਖਾਧੀਆਂ ਨੇ, ਅੱਗੋਂ ਵੀ ਤਿਆਰ: ਅਬਦੁੱਲਾ

ਜੰਮੂ, 20 ਜਨਵਰੀ (ਚੜ੍ਹਦੀਕਲਾ ਬਿਊਰੋ) : ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਮੰਗਲਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੇ ਭਾਰਤ ਲਈ ਗੋਲੀਆਂ ਦਾ ਸਾਹਮਣਾ ਕੀਤਾ ਹੈ ਅਤੇ ਜੇਕਰ ਲੋੜ ਪਈ ਤਾਂ ਉਹ ਦੁਬਾਰਾ ਅਜਿਹਾ ਕਰਨ ਲਈ ਤਿਆਰ ਹਨ। ਅਬਦੁੱਲਾ ਨੇ ਭਾਜਪਾ ਦੇ ਇਸ ਦਾਅਵੇ ਨੂੰ ਖਾਰਜ ਕਰ ਦਿੱਤਾ ਕਿ ਨੈਸ਼ਨਲ ਕਾਨਫਰੰਸ (ਐਨ.ਸੀ.) ਖੇਤਰ ਵਿੱਚ ਪੱਥਰਬਾਜ਼ੀ ਅਤੇ ਅਤਿਵਾਦ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਸਾਬਕਾ ਮੁੱਖ ਮੰਤਰੀ ਨੇ ਜੰਮੂ-ਕਸ਼ਮੀਰ ਦੇ ਨਵੇਂ ਸਿਰੇ ਤੋਂ ਵੰਡ ਦੇ ਸੱਦੇ ਨੂੰ ਰੱਦ ਕਰ ਦਿੱਤਾ। ਉਨ੍ਹਾਂ ਅਜਿਹੀਆਂ ਮੰਗਾਂ ਨੂੰ 'ਮੂਰਖਤਾ ਅਤੇ ਬੇਸਮਝੀ' ਦੱਸਿਆ।

(ਬਾਕੀ ਸਫਾ 2 'ਤੇ)

# ਗੈਂਗਸਟਰਾਂ 'ਤੇ ਵਾਰ: ਆਪ੍ਰੇਸ਼ਨ ਪ੍ਰਹਾਰ ਦੇ ਪਹਿਲੇ ਦਿਨ ਵਿਦੇਸ਼-ਅਧਾਰਤ ਗੈਂਗਸਟਰਾਂ ਦੇ 1300 ਤੋਂ ਵੱਧ ਸਹਿਯੋਗੀ/ਸਾਥੀ ਹਿਰਾਸਤ 'ਚ ਲਏ

- *2000 ਤੋਂ ਵੱਧ ਪੁਲਿਸ ਟੀਮਾਂ ਨੇ ਵਿਦੇਸ਼-ਅਧਾਰਤ 60 ਗੈਂਗਸਟਰਾਂ ਦੇ ਸਾਥੀਆਂ ਨਾਲ ਜੁੜੇ ਟਿਕਾਣਿਆਂ 'ਤੇ ਕੀਤੀ ਛਾਪੇਮਾਰੀ*
- *ਲੋਕ ਗੈਂਗਸਟਰਾਂ-ਸਬੰਧੀ ਜਾਣਕਾਰੀ ਨੂੰ ਗੁਪਤ ਰੂਪ ਵਿੱਚ ਐਂਟੀ-ਗੈਂਗਸਟਰ ਹੈਲਪਲਾਈਨ ਨੰਬਰ 93946-93946 'ਤੇ ਕਰ ਸਕਦੇ ਹਨ ਰਿਪੋਰਟ*

ਚੰਡੀਗੜ੍ਹ, 20 ਜਨਵਰੀ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਗੈਂਗਸਟਰਾਂ ਤੇ ਵਾਰ ਮੁਹਿੰਮ ਵਿੱਢਣ ਦੇ ਨਾਲ ਪੰਜਾਬ ਪੁਲਿਸ ਦੀਆਂ ਟੀਮਾਂ ਵੱਲੋਂ ਅੱਜ ਆਪ੍ਰੇਸ਼ਨ ਪ੍ਰਹਾਰ ਦੇ ਪਹਿਲੇ ਦਿਨ ਵਿਦੇਸ਼ੀ ਗੈਂਗਸਟਰਾਂ ਦੇ ਪਛਾਣੇ ਗਏ ਅਤੇ ਮੈਪਡ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਗਈ। ਗੈਂਗਸਟਰਾਂ ਵਿਰੁੱਧ ਜੰਗ ਦਾ ਐਲਾਨ ਕਰਦਿਆਂ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਕਿਹਾ ਕਿ ਸੂਬੇ ਭਰ ਵਿੱਚ ਆਪ੍ਰੇਸ਼ਨ ਪ੍ਰਹਾਰ ਅਧੀਨ 72 ਘੰਟਿਆਂ ਦੀ ਵਿਆਪਕ ਕਾਰਵਾਈ ਪਹਿਲਾਂ ਹੀ ਜਾਰੀ ਹੈ। ਆਪ੍ਰੇਸ਼ਨ ਦੇ ਪੈਮਾਨੇ ਬਾਰੇ ਗੱਲ ਕਰਦਿਆਂ ਡੀਜੀਪੀ ਨੇ ਦੱਸਿਆ ਕਿ ਆਪ੍ਰੇਸ਼ਨ ਪ੍ਰਹਾਰ ਦੇ ਹਿੱਸੇ ਵਜੋਂ 12,000 ਪੁਲਿਸ ਕਰਮੀਆਂ ਵਾਲੀਆਂ 2000 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ ਵਿਦੇਸ਼-ਅਧਾਰਤ 60 ਗੈਂਗਸਟਰਾਂ ਦੇ ਸਹਿਯੋਗੀਆਂ/ਸਾਥੀਆਂ ਨਾਲ ਸਬੰਧਤ ਪਛਾਣੇ ਗਏ ਅਤੇ ਮੈਪਕੰਡ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ।

ਆਪ੍ਰੇਸ਼ਨ ਪ੍ਰਹਾਰ ਦੇ ਪਹਿਲੇ ਦਿਨ ਦੇ ਨਤੀਜੇ ਸਾਂਝੇ ਕਰਦਿਆਂ ਵਿਸ਼ੇਸ਼ ਡਾਇਰੈਕਟਰ ਜਨਰਲ ਆਫ਼ ਪੁਲਿਸ (ਵਿਸ਼ੇਸ਼ ਡੀਜੀਪੀ) ਕਾਨੂੰਨ ਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਕਿਹਾ ਕਿ ਰਾਜ ਭਰ ਵਿੱਚ ਵਿਦੇਸ਼-ਅਧਾਰਤ ਗੈਂਗਸਟਰਾਂ ਦੇ 1314 ਸਹਿਯੋਗੀਆਂ/ਸਾਥੀਆਂ ਨੂੰ ਹਿਰਾਸਤ ਵਿੱਚ ਲੈ ਕੇ ਪੂਰੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

ਨਾਗਰਿਕਾਂ ਨੂੰ ਸੰਗਠਿਤ ਅਪਰਾਧ ਵਿਰੁੱਧ ਇਸ ਮੁਹਿੰਮ ਵਿੱਚ ਪੰਜਾਬ ਪੁਲਿਸ ਦਾ ਸਾਥ ਦੇਣ ਦੀ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਕੋਈ ਵੀ ਨਾਗਰਿਕ ਗੁਪਤ ਰੂਪ ਵਿੱਚ ਲੋੜੀਂਦੇ ਅਪਰਾਧੀਆਂ/ਗੈਂਗਸਟਰਾਂ ਬਾਰੇ ਐਂਟੀ-ਗੈਂਗਸਟਰ ਹੈਲਪਲਾਈਨ ਨੰਬਰ-93946-93946 ਰਾਹੀਂ ਰਿਪੋਰਟ ਕਰ ਸਕਦੇ ਹਨ ਅਤੇ ਕਿਸੇ ਵੀ ਤਰ੍ਹਾਂ ਦੇ ਅਪਰਾਧ ਅਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ/ਜਾਣਕਾਰੀ ਦੇ ਸਕਦੇ ਹਨ।

# ਜੰਮੂ-ਕਸ਼ਮੀਰ: ਕਿਸ਼ਤਵਾੜ ਆਪ੍ਰੇਸ਼ਨ ਤੀਜੇ ਦਿਨ ਵੀ ਰਿਹਾ ਜਾਰੀ

ਜੰਮੂ, 20 ਜਨਵਰੀ (ਚ.ਨ.ਸ.): ਜੰਮੂ ਕਸ਼ਮੀਰ ਦੇ ਕਿਸ਼ਤਵਾੜ ਵਿਚ ਉਪਰਲੀਆਂ ਪਹਾੜੀਆਂ 'ਤੇ ਲੁਕੇ ਦਹਿਸ਼ਤਗਰਦਾਂ ਦੀ ਪੈੜ ਨੱਪਣ ਲਈ ਵਿੱਢਿਆ ਤਲਾਸ਼ੀ ਅਪਰੇਸ਼ਨ ਮੰਗਲਵਾਰ ਨੂੰ ਤੀਜੇ ਦਿਨ ਵਿਚ ਦਾਖਲ ਹੋ ਗਿਆ। ਇਹ ਕਾਰਵਾਈ ਐਤਵਾਰ ਨੂੰ ਚਤਰੂ ਪੱਟੀ ਦੇ ਮੰਡਰਾਲ-ਸਿੰਘਪੋਰਾ ਨੇੜੇ ਸੋਨਾਰ ਪਿੰਡ ਵਿੱਚ ਸ਼ੁਰੂ ਕੀਤੀ ਗਈ ਸੀ। ਇਸ ਦੌਰਾਨ ਇਕ ਥਾਂ ਲੁਕੇ ਦਹਿਸ਼ਤਗਰਦਾਂ ਵੱਲੋਂ ਕੀਤੀ ਗੋਲੀਬਾਰੀ ਵਿੱਚ ਇੱਕ ਪੈਰਾਟਰੂਪਰ ਦੀ ਮੌਤ ਹੋ ਗਈ ਅਤੇ ਸੱਤ ਹੋਰ ਜ਼ਖਮੀ ਹੋ ਗਏ ਸਨ। ਜਾਣਕਾਰੀ ਅਨੁਸਾਰ ਦਹਿਸ਼ਤਗਰਦ



ਸੰਘਣੇ ਜੰਗਲ ਵੱਲ ਭੱਜ ਗਏ, ਪਰ ਸੁਰੱਖਿਆ ਬਲਾਂ ਨੇ ਉਨ੍ਹਾਂ ਦੇ ਸੁਰੱਖਿਅਤ ਟਿਕਾਣਿਆਂ, ਜਿਸ ਵਿੱਚ ਖਾਣ-ਪੀਣ ਦੀਆਂ ਚੀਜ਼ਾਂ, ਕੰਬਲ ਅਤੇ ਭਾਂਡੇ ਸ਼ਾਮਲ ਸਨ, ਨੂੰ ਤਬਾਹ ਕਰ ਦਿੱਤਾ ਹੈ। ਜੰਮੂ ਜ਼ੋਨ ਦੇ ਇੰਸਪੈਕਟਰ ਜਨਰਲ ਆਫ਼ ਪੁਲੀਸ ਭੀਮ ਸੇਨ ਟੂਟੀ ਅਤੇ ਸੀ.ਆਰ.ਪੀ.ਐਫ., ਜੰਮੂ ਦੇ ਇੰਸਪੈਕਟਰ ਜਨਰਲ, ਆਰ ਗੋਪਾਲ ਕ੍ਰਿਸ਼ਨਾ ਰਾਓ ਸਮੇਤ ਸੀਨੀਅਰ ਅਧਿਕਾਰੀ ਵੀ ਮੁਕਾਬਲੇ ਵਾਲੀ ਥਾਂ 'ਤੇ ਪਹੁੰਚ ਗਏ ਹਨ। ਇਸ ਪੂਰੇ ਆਪ੍ਰੇਸ਼ਨ ਦੀ ਨਿਗਰਾਨੀ ਲਈ ਉੱਥੇ ਕੈਂਪ ਸਥਾਪਿਤ ਕੀਤਾ ਗਿਆ ਹੈ। ਇਸ ਦੌਰਾਨ, ਮੰਗਲਵਾਰ ਸਵੇਰੇ ਜੰਮੂ ਵਿੱਚ ਮਾਰੇ ਗਏ ਸਪੈਸ਼ਲ ਫੋਰਸ ਕਮਾਂਡੋ, ਹਵਲਦਾਰ ਗਜੇਂਦਰ ਸਿੰਘ ਨੂੰ ਸ਼ਰਧਾਂਜਲੀ ਦੇਣ ਲਈ ਇੱਕ ਰਸਮੀ ਸਮਾਰੋਹ ਆਯੋਜਿਤ ਕੀਤਾ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਸਤਵਾਰੀ ਵਿਖੇ ਰੱਖੀ ਫੁੱਲ ਮਾਲਾ ਭੇਟ ਕਰਨ ਦੀ ਰਸਮ ਬ੍ਰਿਗੇਡੀਅਰ ਯੁੱਧਵੀਰ ਸਿੰਘ ਸੇਖੋਂ, ਕਾਰਜਕਾਰੀ ਚੀਫ਼ ਆਫ਼ ਸਟਾਫ਼, ਵ੍ਹਾਈਟ ਨਾਈਟ ਕੋਰਪਸ ਨੇ ਨਿਭਾਈ। ਮਗਰੋਂ ਮ੍ਰਿਤਕ ਦੇ ਸਰੀਰ ਨੂੰ ਅੰਤਿਮ ਸੰਸਕਾਰ ਲਈ ਉੱਤਰਾਖੰਡ ਵਿੱਚ ਉਸ ਦੇ ਦੇ ਜੱਦੀ ਸ਼ਹਿਰ ਭੇਜਿਆ ਗਿਆ। ਜੰਮੂ-ਕਠੂਆ-ਸਾਂਬਾ ਰੇਂਜ ਦੇ ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ, ਸ਼ਿਵ ਕੁਮਾਰ ਸ਼ਰਮਾ, ਜੰਮੂ ਦੇ ਡਿਪਟੀ ਕਮਿਸ਼ਨਰ ਰਾਕੇਸ਼ ਮਿਨਹਾਸ ਅਤੇ ਕਈ ਪੁਲੀਸ, ਸੀ.ਆਰ.ਪੀ.ਐਫ. ਅਤੇ ਬੀ.ਐਸ.ਐਫ. ਅਧਿਕਾਰੀ ਵੀ ਇਸ ਮੌਕੇ ਮੌਜੂਦ ਸਨ। ਅਧਿਕਾਰੀਆਂ ਨੇ ਦੱਸਿਆ ਕਿ 12,000 ਫੁੱਟ ਤੋਂ ਵੱਧ ਦੀ ਉਚਾਈ 'ਤੇ ਸਥਿਤ ਇਸ ਲੁਕਣਗਾਹ ਨੂੰ ਤਬਾਹ ਕਰਨ ਦੇ ਸਬੰਧ ਵਿੱਚ ਸੋਮਵਾਰ ਨੂੰ ਕਈ ਵਿਅਕਤੀਆਂ ਨੂੰ ਪੁੱਛਗਿੱਛ ਲਈ ਹਿਰਾਸਤ ਵਿਚ ਲਿਆ ਗਿਆ ਸੀ। ਸੁਰੱਖਿਆ ਬਲਾਂ ਵੱਲੋਂ ਉਨ੍ਹਾਂ ਓਵਰਗ੍ਰਾਊਂਡ ਵਰਕਰਾਂ ਦੀ ਪਛਾਣ ਕੀਤੀ ਜਾ ਰਹੀ ਹੈ ਜਿਨ੍ਹਾਂ ਨੇ ਅਤਿਵਾਦੀਆਂ ਨੂੰ ਵੱਡੀ ਮਾਤਰਾ ਵਿੱਚ ਰਾਸ਼ਨ, ਦਾਲਾਂ, ਭਾਂਡੇ ਅਤੇ ਹੋਰ ਸਪਲਾਈ ਪ੍ਰਾਪਤ ਕਰਨ ਅਤੇ ਲਿਜਾਣ ਵਿੱਚ ਸਹਾਇਤਾ ਕੀਤੀ ਸੀ।

# ਸਾਜਿਸ਼ ਤਹਿਤ ਵਿਰੋਧੀ ਬਦਨਾਮ ਕਰ ਰਹੇ ਹਨ: ਚੰਨੀ

## *ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ*

ਮਹਿਲ ਕਲਾਂ, 20 ਜਨਵਰੀ (ਚ.ਨ.ਸ.): ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅੱਜ ਪਿੰਡ ਠੀਕਰੀਵਾਲਾ ਵਿਖੇ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੀ ਬਰਸੀ ਮੌਕੇ ਸ਼ਰਧਾਂਜਲੀ ਦੇਣ ਪਹੁੰਚੇ। ਚੰਨੀ ਨੇ ਕਿਹਾ ਕਿ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਨੇ ਸਮਾਜਿਕ ਆਜ਼ਾਦੀ, ਰਾਜਨੀਤਿਕ ਅਧਿਕਾਰਾਂ ਦੀ ਬਹਾਲੀ ਅਤੇ ਸਿੱਖ ਕੌਮ ਲਈ ਆਪਣੀ ਕੁਰਬਾਨੀ ਦਿੱਤੀ। ਉਨ੍ਹਾਂ ਨੇ ਪਰਜਾ ਮੰਡਲ ਲਹਿਰ ਚਲਾਈ ਸੀ। ਉਨ੍ਹਾਂ ਦੀ ਕੁਰਬਾਨੀ ਸਮਾਜ ਅਤੇ ਲੋਕਾਂ ਦੇ ਮਨਾਂ ਵਿੱਚ ਹਮੇਸ਼ਾ ਯਾਦਗਾਰ ਰਹੇਗੀ। ਕਾਂਗਰਸ ਪਾਰਟੀ ਚ ਉੱਚ ਜਾਤਾਂ ਨੂੰ ਅਹੁਦੇ ਦੇਣ ਦੇ ਬਿਆਨ ਸਬੰਧੀ ਚਰਨਜੀਤ ਚੰਨੀ ਨੇ ਕਿਹਾ ਕਿ ਸਾਡੇ ਵਿਰੋਧੀ ਸਾਨੂੰ ਬਦਨਾਮ ਕਰਨ ਦੀਆਂ ਚਾਲਾਂ ਚੱਲਦੇ ਹਨ, ਉਹ ਹਰ ਵਰਗ, ਫਿਰਕੇ, ਜਾਤ ਅਤੇ ਧਰਮ ਦਾ ਸਤਿਕਾਰ ਕਰਦੇ ਹਨ। ਮੁੱਖ ਮੰਤਰੀ ਹੁੰਦਿਆਂ ਸਾਰਿਆਂ ਲਈ ਬਰਾਬਰ ਕੰਮ ਕੀਤੇ ਹਨ। ਪਰਜਾ ਮੰਡਲ ਲਹਿਰ ਦੇ ਬਾਨੀ ਪ੍ਰਧਾਨ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੇ 92ਵੇਂ ਬਰਸੀ ਸਮਾਗਮ ਦੇ ਅੰਤਿਮ ਦਿਨ ਵੱਖ-ਵੱਖ ਵਿਰੋਧੀਆਂ ਪਾਰਟੀਆਂ ਦੇ ਨੇਤਾਵਾਂ ਵਲੋਂ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਇਸ ਤੋਂ ਪਹਿਲਾਂ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਕਾਂਗਰਸ ਪਾਰਟੀ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ, ਰਾਹੁਲਇੰਦਰ ਸਿੰਘ ਭੱਠਲ, ਸਾਬਕਾ ਵਿਧਾਇਕ ਪਿਰਮਲ ਸਿੰਘ ਖਾਲਸਾ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਤੇਜਿੰਦਰ ਸਿੰਘ ਮਿੱਡੂਖੇੜਾ, ਜ਼ਿਲ੍ਹਾ ਪ੍ਰਧਾਨ ਯਾਦਵਿੰਦਰ ਸਿੰਘ ਦੀਵਾਨਾ, ਸਤਨਾਮ ਸਿੰਘ ਰਾਹੀ, ਐਸਜੀਪੀਸੀ ਮੈਂਬਰ ਬਲਦੇਵ ਸਿੰਘ ਚੂੰਘਾਂ, ਬਲਵੀਰ ਸਿੰਘ ਘੁੰਨਸ, ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਤੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸਾਬਕਾ ਐਸਜੀਪੀਸੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਮੈਨੇਜਰ ਮਹਿੰਦਰ ਸਿੰਘ ਚੁਹਾਣਕੇ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਦਲ ਖਾਲਸਾ ਦੇ ਕਾਰਜਕਾਰੀ ਪ੍ਰਧਾਨ ਪਰਮਜੀਤ ਸਿੰਘ ਮੰਡ, ਗੁਰਜੰਟ ਸਿੰਘ




ਕੱਟੂ, ਬੀਜੇਪੀ ਆਗੂ ਮਨਜੀਤ ਸਿੰਘ ਰਾਏ, ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਤੋਂ ਇਲਾਵਾ ਸਾਬਕਾ ਰਾਜ ਸਭਾ ਮੈਂਬਰ ਰਾਜਦੇਵ ਸਿੰਘ ਖਾਲਸਾ, ਸਾਬਕਾ ਚੇਅਰਮੈਨ ਗੁਰਦੀਪ ਸਿੰਘ ਬਾਠ, ਮੰਗਤ ਰਾਮ ਪਾਸਲਾ ਅਤੇ ਵੱਡੀ ਗਿਣਤੀ ਵਿੱਚ ਸੰਗਤ ਨੇ ਸ਼ਹੀਦ ਠੀਕਰੀਵਾਲਾ ਨੂੰ ਸ਼ਰਧਾਂਜਲੀ ਭੇਂਟ ਕੀਤੀ। ਸਰਪੰਚ ਕਿਰਨਜੀਤ ਸਿੰਘ, ਗੁਰਦੁਆਰਾ ਕਮੇਟੀ ਪ੍ਰਧਾਨ ਜਗਸੀਰ ਸਿੰਘ ਅਤੇ ਮੈਨੇਜਰ ਸੁਰਜੀਤ ਸਿੰਘ ਦੀ ਅਗਵਾਈ ਵਿੱਚ ਪਹੁੰਚੀਆਂ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ।

# ਪਹਿਲੇ ਸਫ਼ੇ ਦੀ ਬਾਕੀ

## ਪੰਜਾਬ ਸਰਕਾਰ ਵੱਲੋਂ ਅੱਠ ਆਈ.ਪੀ. ਐਸ. ਅਧਿਕਾਰੀਆਂ ਦੇ ਤਬਾਦਲੇ

ਜਦਕਿ 2019 ਬੈਚ ਦੇ ਮਨਿੰਦਰ ਸਿੰਘ ਨੂੰ ਏ.ਆਈ.ਜੀ. ਵੈਲਫੇਅਰ, ਪੰਜਾਬ ਦੇ ਨਾਲ-ਨਾਲ ਐੱਸ.ਐੱਸ.ਪੀ. ਰੋਪੜ ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਆਈ.ਪੀ.ਐਸ. ਪੀ.ਕੇ. ਸਿਨਹਾ ਨੂੰ ਵਿਜੀਲੈਂਸ ਬਿਊਰੋ ਦੇ ਮੁਖੀ ਦਾ ਚਾਰਜ ਦਿੱਤਾ ਗਿਆ ਹੈ। ਆਈ.ਪੀ.ਐਸ. ਨਰੇਸ਼ ਅਰੋੜਾ ਨੂੰ ਸਪੈਸ਼ਲ ਡੀ.ਜੀ.ਪੀ. ਮਨੁੱਖੀ ਅਧਿਕਾਰ ਦੇ ਨਾਲ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੀ ਵਾਧੂ ਜ਼ਿੰਮੇਵਾਰੀ ਵੀ ਸੌਂਪੀ ਗਈ ਹੈ। 2001 ਬੈਚ ਦੇ ਆਈ.ਪੀ.ਐਸ. ਡਾ. ਕੌਸਤੁਭ ਸ਼ਰਮਾ ਨੂੰ ਏ.ਡੀ.ਜੀ.ਪੀ. ਸੁਰੱਖਿਆ ਦਾ ਚਾਰਜ ਦਿੱਤਾ ਗਿਆ ਹੈ। 2011 ਬੈਚ ਦੇ ਸੰਦੀਪ ਗੋਇਲ ਨੂੰ ਏ.ਜੀ.ਟੀ.ਐੱਫ.-2 ਲੁਧਿਆਣਾ ਅਤੇ ਵਾਧੂ ਤੌਰ 'ਤੇ ਡੀ.ਆਈ.ਜੀ. ਬਾਰਡਰ ਰੇਂਜ ਅੰਮ੍ਰਿਤਸਰ ਦਾ ਚਾਰਜ ਦਿੱਤਾ ਗਿਆ ਹੈ। ਇਸੇ ਤਰ੍ਹਾਂ ਕਵਲਦੀਪ ਸਿੰਘ ਨੂੰ ਏ.ਆਈ.ਜੀ. ਪਰਸਨਲ-1, ਪੰਜਾਬ ਪੁਲਿਸ ਹੈੱਡਕੁਆਰਟਰ ਦਾ ਚਾਰਜ ਸੌਂਪਿਆ ਗਿਆ ਹੈ।

## ਕਿਸਾਨਾਂ ਨੂੰ ਗੰਨੇ 'ਤੇ 68.50 ਰੁ. ਪ੍ਰਤੀ ਕੁਇੰਟਲ ਸਬਸਿਡੀ ਨੂੰ ਮਨਜ਼ੂਰੀ

ਕਿਸਾਨਾਂ ਲਈ ਆਮਦਨ ਸੁਰੱਖਿਆ ਨੂੰ ਹੋਰ ਮਜ਼ਬੂਤ ਕਰੇਗਾ।

ਜਨਤਕ ਸਿਹਤ ਅਤੇ ਤੰਦਰੁਸਤੀ 'ਤੇ ਨਿਰੰਤਰ ਧਿਆਨ ਕੇਂਦਰਿਤ ਕਰਦਿਆਂ ਮੰਤਰੀ ਮੰਡਲ ਨੇ 'ਸੀਐਮ ਦੀ ਯੋਗਸਾਲਾ' ਪ੍ਰਾਜੈਕਟ ਅਧੀਨ ਯੋਗਾ ਟ੍ਰੇਨਰਾਂ ਦੀਆਂ 1,000 ਵਾਧੂ ਅਸਾਮੀਆਂ ਦੀ ਸਿਰਜਣਾ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਮੀਟਿੰਗ ਦੌਰਾਨ ਇਹ ਵੀ ਦੱਸਿਆ ਗਿਆ ਕਿ ਵਿੱਤੀ ਸਾਲ 2026-27 ਦੌਰਾਨ ਇਸ ਪਹਿਲਕਦਮੀ ਲਈ 35 ਕਰੋੜ ਦਾ ਬਜਟ ਪ੍ਰਬੰਧ ਕੀਤਾ ਜਾਵੇਗਾ, ਜਿਸ ਦਾ ਉਦੇਸ਼ ਇੱਕ ਸਿਹਤਮੰਦ ਅਤੇ ਤੰਦਰੁਸਤ ਪੰਜਾਬ ਦੀ ਸਿਰਜਣਾ ਨੂੰ ਯਕੀਨੀ ਬਣਾਉਣਾ ਹੈ।

ਸਿਹਤ ਸੰਭਾਲ ਸੇਵਾਵਾਂ ਨੂੰ ਮਜ਼ਬੂਤੀ ਦੇਣ ਦੇ ਇੱਕ ਹੋਰ ਮਹੱਤਵਪੂਰਨ ਫੈਸਲੇ ਵਿੱਚ ਮੰਤਰੀ ਮੰਡਲ ਨੇ ਮੁਕਤਸਰ ਜ਼ਿਲ੍ਹੇ ਦੇ ਪਿੰਡ ਬਾਦਲ, ਤਰਨ ਤਾਰਨ ਜ਼ਿਲ੍ਹੇ ਦੇ ਖਡੂਰ ਸਾਹਿਬ, ਕਮਿਊਨਿਟੀ ਹੈਲਥ ਸੈਂਟਰ ਜਲਾਲਾਬਾਦ ਅਤੇ ਫਾਜ਼ਿਲਕਾ ਜ਼ਿਲ੍ਹੇ ਦੇ ਟਰਸਰੀ ਕੇਅਰ ਸੈਂਟਰ ਨੂੰ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ (ਬੀਐਫਯੂਐਚਐਸ), ਫਰੀਦਕੋਟ ਵਿੱਚ ਪੂਰੀ ਤਰ੍ਹਾਂ ਤਬਦੀਲ ਕਰਨ ਦੀ ਪ੍ਰਵਾਨਗੀ ਵੀ ਦੇ ਦਿੱਤੀ ਹੈ। ਇਸ ਤਬਦੀਲੀ ਨਾਲ ਇਨ੍ਹਾਂ ਖੇਤਰਾਂ ਦੇ ਵਸਨੀਕ ਯੂਨੀਵਰਸਿਟੀ ਦੇ ਉੱਨਤ ਮੈਡੀਕਲ ਬੁਨਿਆਦੀ ਢਾਂਚੇ ਅਤੇ ਮੁਹਾਰਤ ਦਾ ਲਾਭ ਉਠਾ ਕੇ ਬਿਹਤਰ ਇਲਾਜ ਅਤੇ ਜਾਂਚ ਸੇਵਾਵਾਂ ਤੱਕ ਪਹੁੰਚ ਕਰ ਸਕਣਗੇ।

ਮੰਤਰੀ ਮੰਡਲ ਨੇ ਪੰਜਾਬ ਮੈਨੇਜਮੈਂਟ ਐਂਡ ਟਰਾਂਸਫਰ ਮਿਊਂਸੀਪਲ ਐਕਟ, 2020 ਦੀ ਧਾਰਾ 4 ਅਧੀਨ ਨਿਰਦੇਸਾਂ ਦੇ ਗਠਨ ਅਤੇ ਨੋਟੀਫਿਕੇਸਨ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਦਾ ਉਦੇਸ ਪੰਜਾਬ ਸਰਕਾਰ ਦੇ ਵਿਭਾਗਾਂ, ਬੋਰਡਾਂ, ਕਾਰਪੋਰੇਸਨਾਂ ਅਤੇ ਜਨਤਕ ਖੇਤਰ ਦੇ ਹੋਰ ਅਦਾਰਿਆਂ ਨਾਲ ਸਬੰਧਤ ਮਿਊਂਸੀਪਲ ਜਾਇਦਾਦਾਂ ਨੂੰ ਜਨਤਕ ਉਦੇਸਾਂ ਲਈ ਤਬਦੀਲ ਕਰਨ ਦੀ ਸਹੂਲਤ ਪ੍ਰਦਾਨ ਕਰਨਾ ਹੈ। ਇਹ ਫੈਸਲੇ ਸੂਬੇ ਭਰ ਵਿੱਚ ਵਿਕਾਸ ਪ੍ਰਾਜੈਕਟਾਂ ਨੂੰ ਨਵੀਂ ਗਤੀ ਦੇਣ ਦੇ ਨਾਲ-ਨਾਲ ਜਮੀਨ ਦੀ ਵੰਡ ਵਿੱਚ ਇਕਸਾਰਤਾ ਨੂੰ ਯਕੀਨੀ ਬਣਾਉਣ ਅਤੇ ਸਰਕਾਰੀ ਜਮੀਨ ਦੀ ਦੁਰਵਰਤੋਂ ਰੋਕਣ ਵਿੱਚ ਵਿਸੇਸ ਤੌਰ 'ਤੇ ਸਹਾਈ ਹੋਣਗੇ। ਸਬੰਧਤ ਜ਼ਿਲ੍ਹੇ ਦੇ ਡਿਪਟੀ ਕਮਿਸਨਰ ਦੀ ਅਗਵਾਈ ਵਾਲੀ ਇੱਕ ਕਮੇਟੀ ਅਲਾਟਮੈਂਟ ਪ੍ਰਕਿਰਿਆ ਦੀ ਸਿਫਾਰਸ ਕਰੇਗੀ, ਜੋ ਸੂਬਾ ਸਰਕਾਰ ਦੀ ਪ੍ਰਵਾਨਗੀ ਦੇ ਅਧੀਨ ਹੋਵੇਗਾ।

ਜਮੀਨੀ ਸਰੋਤਾਂ ਦੀ ਸਰਬੋਤਮ ਵਰਤੋਂ ਰਾਹੀਂ ਵਿਕਾਸ 'ਚ ਤੇਜੀ ਲਿਆਉਣ ਦੇ ਉਦੇਸ ਨਾਲ ਮੰਤਰੀ ਮੰਡਲ ਨੇ ਮਿਊਂਸੀਪਲ ਹੱਦਾਂ ਦੇ ਅੰਦਰ ਸਾਰੇ ਸਰਕਾਰੀ-ਲਾਇਸੰਸਸੁਦਾ ਪ੍ਰਾਜੈਕਟਾਂ ਅਧੀਨ ਸਥਿਤ ਖਾਲੀ ਛੱਡੇ ਜਾਂ ਵਰਤੇ ਜਾ ਰਹੇ ਰਸਤਿਆਂ ਜਾਂ ਜਲ ਮਾਰਗਾਂ (ਖਾਲਾਂ) ਦੀ ਵਿਕਰੀ ਜਾਂ ਵਟਾਂਦਰੇ ਦੁਆਰਾ ਤਬਾਦਲੇ ਲਈ ਵੀ ਨੀਤੀ ਨੂੰ ਪ੍ਰਵਾਨਗੀ ਦੇ ਦਿੱਤੀ। ਇਸ ਨੀਤੀ ਦਾ ਉਦੇਸ ਵਿਕਾਸ ਦੀਆਂ ਸੰਭਾਵਨਾਵਾਂ ਤਲਾਸਣਾ ਅਤੇ ਸਹਿਰੀ ਯੋਜਨਾਬੰਦੀ ਦੇ ਨਤੀਜਿਆਂ ਨੂੰ ਬਿਹਤਰ ਬਣਾਉਣਾ ਹੈ।

ਮੰਤਰੀ ਮੰਡਲ ਨੇ ਪੀ.ਏ.ਪੀ.ਆਰ.ਏ. (ਪੰਜਾਬ ਕਿਫਾਇਤੀ ਜਾਇਦਾਦ ਰਜਿਸਟ੍ਰੇਸ਼ਨ ਐਕਟ) ਲਾਇਸੈਂਸਸੁਦਾ ਪ੍ਰਾਜੈਕਟਾਂ ਲਈ ਸਮਾਂ ਮਿਆਦ 1 ਜਨਵਰੀ, 2026 ਤੋਂ 31 ਦਸੰਬਰ, 2026 ਤੱਕ ਇੱਕ ਸਾਲ ਵਧਾਉਣ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਇਹ ਵਾਧਾ ਪ੍ਰਤੀ ਏਕੜ 25,000 ਰੁਪਏ ਦੀ ਐਕਸਟੈਂਸਨ ਫੀਸ 'ਤੇ ਵੱਧ ਤੋਂ ਵੱਧ ਤਿੰਨ ਸਾਲਾਂ ਤੱਕ ਦੀ ਮਿਆਦ ਲਈ ਦਿੱਤਾ ਜਾਵੇਗਾ ਅਤੇ ਸਬੰਧਤ ਸਮਰੱਥ ਅਧਿਕਾਰੀਆਂ ਦੁਆਰਾ ਪਹਿਲਾਂ ਲਾਗੂ ਨਿਯਮਾਂ ਅਤੇ ਸਰਤਾਂ ਅਨੁਸਾਰ ਇਸ ਦੀ ਆਗਿਆ ਦਿੱਤੀ ਜਾਵੇਗੀ।

ਸਹਿਰੀ ਵਿਕਾਸ ਸਬੰਧੀ ਇੱਕ ਹੋਰ ਫੈਸਲੇ ਵਿੱਚ ਮੰਤਰੀ ਮੰਡਲ ਨੇ ਜਨਵਰੀ 2026 ਤੋਂ ਬਾਅਦ ਨਿਲਾਮੀ ਲਈ ਰੱਖੀਆਂ ਜਾਣ ਵਾਲੀਆਂ ਪ੍ਰਸਤਾਵਿਤ ਜਾਇਦਾਦਾਂ ਲਈ ਵਾਧੂ ਸਤਹੀ ਖੇਤਰ ਅਨੁਪਾਤ ਲਈ ਖਰਚੇ ਨਿਰਧਾਰਿਤ ਕਰਨ ਲਈ ਵਰਤੇ ਜਾਣ ਵਾਲੇ ਫਾਰਮੂਲੇ ਨੂੰ ਪ੍ਰਵਾਨਗੀ ਦੇ ਦਿੱਤੀ। ਇਸ ਦੇ ਨਾਲ ਹੀ 20 ਫਰਵਰੀ, 2025 ਨੂੰ ਨੋਟੀਫਾਈ ਕੀਤੇ ਗਏ ਈ-ਆਕਸਨ ਨੀਤੀ 2025 ਦੇ ਪੈਰਾ 10.2 ਵਿੱਚ ਸੋਧਾਂ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਗਈ, ਜਿਸ ਨਾਲ ਭਵਿੱਖ ਵਿੱਚ ਵਿਕਾਸ ਅਧਿਕਾਰੀਆਂ ਦੁਆਰਾ ਨਿਲਾਮ ਕੀਤੀਆਂ ਜਾਣ ਵਾਲੀਆਂ ਸਾਰੀਆਂ ਸ੍ਰੇਣੀਆਂ ਦੀਆਂ ਜਾਇਦਾਦਾਂ 'ਤੇ ਲਾਗੂ ਸੋਧੇ ਹੋਏ ਉਪਬੰਧ ਬਣਾਏ ਗਏ।

ਮੰਤਰੀ ਮੰਡਲ ਨੇ ਨਿਯਮ 6 ਸਾਮਲ ਕਰ ਕੇ ਪੰਜਾਬ ਸਿਵਲ ਸੇਵਾਵਾਂ (ਸੇਵਾ ਦੀਆਂ ਆਮ ਸਰਤਾਂ) ਨਿਯਮਾਂ, 1994 ਵਿੱਚ ਸੋਧਾਂ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਸੋਧ ਅਨੁਸਾਰ ਘੱਟੋ-ਘੱਟ ਵਿਦਿਅਕ ਅਤੇ ਹੋਰ ਯੋਗਤਾਵਾਂ ਸਮੇਤ ਯੋਗਤਾ ਮਾਪਦੰਡ ਨਿਰਧਾਰਤ ਕਰਨ ਦੀ ਆਖਰੀ ਮਿਤੀ ਅਰਜੀ ਫਾਰਮ ਜਮ੍ਹਾਂ ਕਰਨ ਦੀ ਆਖਰੀ ਮਿਤੀ ਹੋਵੇਗੀ, ਜਦੋਂ ਤੱਕ ਕਿ ਸਬੰਧਿਤ ਸੇਵਾ ਨਿਯਮਾਂ ਵਿੱਚ ਵਿਸੇਸ ਤੌਰ 'ਤੇ ਹੋਰ ਮਿਤੀ ਨਿਰਧਾਰਿਤ ਨਾ ਕੀਤੀ ਗਈ ਹੋਵੇ।

ਫਸਲੀ ਵਿਭਿੰਨਤਾ ਨੂੰ ਉਤਸਾਹਿਤ ਕਰਨ ਲਈ ਇੱਕ ਅਗਾਂਹਵਧੂ ਕਦਮ ਤਹਿਤ ਮੰਤਰੀ ਮੰਡਲ ਨੇ ਪੰਜਾਬ ਦੇ ਬਾਗਬਾਨੀ ਖੇਤਰ ਨੂੰ ਹੋਰ ਮਜ਼ਬੂਤ ਕਰਨ ਲਈ ਜਾਪਾਨੀ ਤਕਨਾਲੋਜੀ ਪੇਸ ਕਰਨ ਲਈ ਜਾਪਾਨ ਇੰਟਰਨੈਸਨਲ ਕੋਪਰੇਸਨ ਏਜੰਸੀ ਨਾਲ ਭਾਈਵਾਲੀ ਨੂੰ ਵੀ ਪ੍ਰਵਾਨਗੀ ਦਿੱਤੀ। ਇਹ ਭਾਈਵਾਲੀ ਬਾਗਬਾਨੀ ਵਿਕਾਸ, ਕੋਲਡ ਚੇਨ ਬੁਨਿਆਦੀ ਢਾਂਚੇ, ਪਾਣੀ ਪ੍ਰਬੰਧਨ ਅਤੇ ਹੁਨਰ ਵਿਕਾਸ 'ਤੇ ਕੇਂਦ੍ਰਿਤ ਹੋਵੇਗੀ, ਜਿਸ ਦਾ ਉਦੇਸ ਸੂਬੇ ਦੀ ਆਰਥਿਕਤਾ ਵਿੱਚ ਬਾਗਬਾਨੀ ਖੇਤਰ ਦੇ ਯੋਗਦਾਨ ਨੂੰ ਦੁੱਗਣਾ ਕਰਨਾ ਹੈ।

## ਸੂਬੇ 'ਚ ਸ੍ਰੀਰਾਮ ਦੇ ਜੀਵਨ 'ਤੇ ਆਧਾਰਤ ਹੋਣਗੇ 40 ਸ਼ੋਅ

ਨਵੇਂ ਯੋਗਾ ਇੰਸਟ੍ਰਕਟਰਾਂ ਦੀ ਭਰਤੀ ਨੂੰ ਮਨਜ਼ੂਰੀ ਦੇ ਦਿੱਤੀ। ਉਨ੍ਹਾਂ ਨੂੰ ਅੱਠ ਮਹੀਨਿਆਂ ਦੀ ਫੀਲਡ ਸਿਖਲਾਈ ਮਿਲੇਗੀ, ਜਿਸ ਨੂੰ ਪ੍ਰਤੀ ਮਹੀਨਾ 8,000 ਰੁਪਏ ਦਾ ਮਾਣਭੱਤਾ ਮਿਲੇਗਾ। ਅੰਤਿਮ ਚੋਣ ਹੋਣ 'ਤੇ, ਉਨ੍ਹਾਂ ਨੂੰ ਪ੍ਰਤੀ ਮਹੀਨਾ 25,000 ਦੀ ਤਨਖਾਹ ਮਿਲੇਗੀ। ਪੰਜਾਬ ਵਿੱਚ ਵਿਭਾਗਾਂ ਵਿਚਕਾਰ ਜ਼ਮੀਨ ਦੇ ਤਬਾਦਲੇ ਨਾਲ ਸਬੰਧਤ ਪੇਚੀਦਗੀਆਂ ਨੂੰ ਹੱਲ ਕੀਤਾ ਜਾਵੇਗਾ। ਇਨ੍ਹਾਂ ਮਾਮਲਿਆਂ ਦੀ ਨਿਗਰਾਨੀ ਲਈ ਹਰੇਕ ਜ਼ਿਲ੍ਹੇ ਵਿੱਚ ਡਿਪਟੀ ਕਮਿਸ਼ਨਰ (ਡੀ.ਸੀ.) ਦੀ ਅਗਵਾਈ ਵਿੱਚ ਇੱਕ ਵਿਸ਼ੇਸ਼ ਕਮੇਟੀ ਬਣਾਈ ਜਾਵੇਗੀ। ਮੁਕਤਸਰ, ਖਡੂਰ ਸਾਹਿਬ, ਜਲਾਲਾਬਾਦ ਅਤੇ ਫਾਜ਼ਿਲਕਾ ਵਿੱਚ ਪ੍ਰਾਇਮਰੀ ਸਿਹਤ ਕੇਂਦਰ ਹੁਣ ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਦੇ ਅਧੀਨ ਹੋਣਗੇ, ਉੱਥੇ ਸਿਹਤ ਸਹੂਲਤਾਂ ਨੂੰ ਬਿਹਤਰ ਬਣਨਗੀਆਂ। ਪਹਿਲਾਂ, ਇਹ ਕੇਂਦਰ ਪੰਜਾਬ ਸਿਹਤ ਵਿਭਾਗ ਦੇ ਅਧੀਨ ਸਨ। ਪੰਜਾਬ ਵਿੱਚ ਬਾਗਬਾਨੀ ਹੇਠ ਰਕਬਾ ਵਧਾਉਣ ਲਈ ਮੰਤਰੀ ਮੰਡਲ ਨੇ ਇੱਕ ਵਿਸ਼ੇਸ਼ ਪ੍ਰੋਜੈਕਟ ਨੂੰ ਮਨਜ਼ੂਰੀ ਦੇ ਦਿੱਤੀ ਹੈ। 10 ਸਾਲਾਂ ਵਿੱਚ ਬਾਗਬਾਨੀ ਹੇਠ ਰਕਬਾ 6 ਫੀਸਦੀ ਤੋਂ ਵਧ ਕੇ 15 ਫੀਸਦੀ ਹੋ ਜਾਵੇਗਾ। ਇਸ ਕਦਮ ਦਾ ਉਦੇਸ਼ ਬਾਗਬਾਨੀ ਰਾਹੀਂ ਕਿਸਾਨਾਂ ਦੀ ਆਮਦਨ ਵਧਾਉਣਾ ਹੈ।

## ਵਾਦੀ 'ਚ ਠੰਢ ਵਧੀ; ਬਹੁਤੀਆਂ ਥਾਵਾਂ 'ਤੇ ਪਾਰਾ ਡਿੱਗਾ

ਠੰਢਾ ਸਥਾਨ ਸੀ। ਦੱਖਣੀ ਕਸ਼ਮੀਰ ਦੇ ਸ਼ੋਪੀਆਂ ਅਤੇ ਪੁਲਵਾਮਾ ਸ਼ਹਿਰਾਂ ਵਿੱਚ ਕ੍ਰਮਵਾਰ ਮਨਫੀ 4.8 ਡਿਗਰੀ ਅਤੇ ਮਨਫੀ 5.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਦੱਖਣੀ ਕਸ਼ਮੀਰ ਦੇ ਪਹਿਲਗਾਮ ਟੂਰਿਸਟ ਰਿਜ਼ੌਰਟ, ਜੋ ਕਿ ਸਾਲਾਨਾ ਅਮਰਨਾਥ ਯਾਤਰਾ ਦੇ ਬੇਸ ਕੈਂਪਾਂ ਵਿੱਚੋਂ ਇੱਕ ਹੈ, ਵਿੱਚ ਘੱਟੋ-ਘੱਟ ਤਾਪਮਾਨ ਮਨਫੀ 4.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਹਾਲਾਂਕਿ ਇਹ ਪਿਛਲੀ ਰਾਤ ਦੇ ਮਨਫੀ 1.8 ਡਿਗਰੀ ਸੈਲਸੀਅਸ ਤੋਂ ਘੱਟ ਹੈ। ਉੱਤਰੀ ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ ਵਿੱਚ ਗੁਲਮਰਗ ਦੇ ਪ੍ਰਸਿੱਧ ਸਕੀ ਰਿਜ਼ੌਰਟ ਵਿੱਚ ਰਾਤ ਦਾ ਤਾਪਮਾਨ ਮਨਫੀ 5.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ-ਜੋ ਕਿ ਪਿਛਲੀ ਰਾਤ ਨਾਲੋਂ ਦੋ ਡਿਗਰੀ ਘੱਟ ਹੈ। ਅਧਿਕਾਰੀਆਂ ਨੇ ਦੱਸਿਆ ਕਿ ਘਾਟੀ ਦੇ ਪ੍ਰਵੇਸ਼ ਦੁਆਰ ਸ਼ਹਿਰ ਕਾਜ਼ੀਗੁੰਡ ਵਿੱਚ ਘੱਟੋ-ਘੱਟ ਤਾਪਮਾਨ ਮਨਫ਼ੀ 2.3 ਡਿਗਰੀ ਸੈਲਸੀਅਸ ਰਿਹਾ। ਉਨ੍ਹਾਂ ਕਿਹਾ ਕਿ ਕੋਕਰਨਾਗ ਵਿੱਚ ਘੱਟੋ-ਘੱਟ ਤਾਪਮਾਨ ਮਨਫ਼ੀ 0.6 ਡਿਗਰੀ ਸੈਲਸੀਅਸ ਅਤੇ ਕੁਪਵਾੜਾ ਵਿੱਚ ਮਨਫ਼ੀ 1.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਕਸ਼ਮੀਰ ਘਾਟੀ ਇਸ ਸਮੇਂ ਚਿੱਲੇ ਕਲਾਂ ਵਿਚਕਾਰ ਹੈ, 40 ਦਿਨਾਂ ਦੀ ਅਤਿ ਠੰਢ ਜਿਸ ਦੌਰਾਨ ਰਾਤ ਦਾ ਤਾਪਮਾਨ ਅਕਸਰ ਜਮਾਉ ਦਰਜੇ ਤੋਂ ਕਈ ਡਿਗਰੀ ਹੇਠਾਂ ਡਿੱਗ ਜਾਂਦਾ ਹੈ ਅਤੇ ਬਰਫ਼ਬਾਰੀ ਦੀ ਸੰਭਾਵਨਾ ਸਭ ਤੋਂ ਵੱਧ ਹੁੰਦੀ ਹੈ।

## ਨਿਤਿਨ ਨਬੀਨ ਭਾਜਪਾ ਦੇ ਸਭ ਤੋਂ ਛੋਟੀ ਉਮਰ ਦੇ ਕੌਮੀ ਪ੍ਰਧਾਨ ਬਣੇ

ਸੱਤਾ ਵਿਚ ਆਉਣ, ਪਰ ਸੱਤਾ ਦਾ ਆਨੰਦ ਲੈਣ ਦੀ ਮਾਨਸਿਕਤਾ ਨਾਲ ਨਹੀਂ। ਨਬੀਨ ਨੇ ਕਿਹਾ ਕਿ ਰਾਜਨੀਤੀ ਸੇਵਾ ਦਾ ਸਾਧਨ ਹੈ, ਸੱਤਾ ਦੀ ਲਾਲਸਾ ਨਹੀਂ। ਉਨ੍ਹਾਂ ਦੇਸ਼ ਦੇ ਨੌਜਵਾਨਾਂ ਨੂੰ ਕਿਹਾ, "ਰਾਜਨੀਤੀ ਤੋਂ ਦੂਰੀ ਕੋਈ ਹੱਲ ਨਹੀਂ ਹੈ। ਪਰ ਯਾਦ ਰੱਖੋ, ਰਾਜਨੀਤੀ ਸੱਤਾ ਦੀ ਲਾਲਸਾ ਨਹੀਂ ਹੈ, ਇਹ ਸੇਵਾ ਅਤੇ ਕੁਰਬਾਨੀ ਦਾ ਇੱਕ ਢੰਗ ਹੈ। ਇਹ 100 ਮੀਟਰ ਦੀ ਦੌੜ ਨਹੀਂ ਹੈ। ਇਹ ਇੱਕ ਮੈਰਾਥਨ ਹੈ ਜੋ ਤੁਹਾਡੀ ਰਫ਼ਤਾਰ ਦੀ ਨਹੀਂ ਸਹਿਣਸ਼ੀਲਤਾ ਦੀ ਪਰਖ ਕਰੇਗੀ।" ਨਬੀਨ ਭਾਜਪਾ ਦੇ 12ਵੇਂ ਪ੍ਰਧਾਨ ਬਣੇ ਹਨ। ਭਾਜਪਾ ਦੀ ਸਥਾਪਨਾ 1980 ਵਿੱਚ ਹੋਈ ਸੀ ਤੇ ਉਸੇ ਸਾਲ ਨਿਤਿਨ ਨਬੀਨ ਦਾ ਜਨਮ ਹੋਇਆ ਸੀ। ਨਬੀਨ ਨੇ ਪਿਛਲੇ ਸਾਲ 14 ਦਸੰਬਰ ਨੂੰ ਭਾਜਪਾ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤੇ ਜਾਣ ਮਗਰੋਂ ਬਿਹਾਰ ਸਰਕਾਰ ਵਿੱਚ ਕਾਨੂੰਨ ਤੇ ਨਿਆਂ, ਸ਼ਹਿਰੀ ਵਿਕਾਸ ਅਤੇ ਰਿਹਾਇਸ਼ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਲਕਸ਼ਮਣ ਨੇ ਚੋਣ ਨਤੀਜੇ ਦਾ ਐਲਾਨ ਕਰਦੇ ਹੋਏ ਕਿਹਾ, "ਇਹ ਚੋਣ ਦਰਸਾਉਂਦੀ ਹੈ ਕਿ ਭਾਜਪਾ ਲੀਡਰਸ਼ਿਪ ਵੰਸ਼ਵਾਦ ਦੇ ਵਿਸ਼ੇਸ਼ ਅਧਿਕਾਰ ਤੋਂ ਨਹੀਂ ਬਲਕਿ ਸਖ਼ਤ ਮਿਹਨਤ ਅਤੇ ਸਮਰਪਣ ਤੋਂ ਉੱਭਰੀ ਹੈ।" ਸਾਬਕਾ ਪ੍ਰਧਾਨ ਜੇਪੀ ਨੱਢਾ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ, "ਅੱਜ ਇੱਕ ਬਹੁਤ ਹੀ ਇਤਿਹਾਸਕ ਮੌਕਾ ਹੈ, ਜਦੋਂ ਸਾਡੇ ਨੌਜਵਾਨ, ਊਰਜਾਵਾਨ ਅਤੇ ਪ੍ਰਤਿਭਾਸ਼ਾਲੀ ਨਿਤਿਨ ਨਬੀਨ ਦੁਨੀਆ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ, ਭਾਜਪਾ ਦੇ ਕੌਮੀ ਪ੍ਰਧਾਨ ਵਜੋਂ ਅਹੁਦਾ ਸੰਭਾਲ ਰਹੇ ਹਨ। ਮੈਂ ਆਪਣੀ ਵੱਲੋਂ ਅਤੇ ਕਰੋੜਾਂ ਵਰਕਰਾਂ ਵੱਲੋਂ ਉਨ੍ਹਾਂ ਨੂੰ ਦਿਲੋਂ ਵਧਾਈ ਦਿੰਦਾ ਹਾਂ।"

## ਮੈਂ ਭਾਜਪਾ ਵਰਕਰ ਹਾਂ, ਨਿਤਿਨ ਨਬੀਨ ਮੇਰੇ ਬੌਸ: ਮੋਦੀ

'ਘੁਸਪੈਠ ਤੇ ਸ਼ਹਿਰੀ ਨਕਸਲਵਾਦ' ਦੇਸ਼ ਨੂੰ ਦਰਪੇਸ਼ ਦੋ ਪ੍ਰਮੁੱਖ ਚੁਣੌਤੀਆਂ ਹਨ। ਮੋਦੀ ਨੇ ਪਾਰਟੀ ਦੇ ਨਵੇਂ ਪ੍ਰਧਾਨ ਦਾ ਸਵਾਗਤ ਕਰਦੇ ਹੋਏ ਕਿਹਾ, "ਤੁਸੀਂ ਸੋਚੋਗੇ ਕਿ ਮੋਦੀ ਤੀਜੀ ਵਾਰ ਪ੍ਰਧਾਨ ਮੰਤਰੀ ਹਨ, 50 ਸਾਲਾਂ ਵਿੱਚ ਮੁੱਖ ਮੰਤਰੀ ਬਣੇ, 25 ਸਾਲਾਂ ਤੋਂ ਸਰਕਾਰ ਦੇ ਮੁਖੀ ਰਹੇ ਹਨ ਪਰ ਇਹ ਸਾਰੀਆਂ ਚੀਜ਼ਾਂ ਸੈਕੰਡਰੀ ਹਨ। ਮੇਰਾ ਸਭ ਤੋਂ ਵੱਡਾ ਮਾਣ ਇਹ ਹੈ ਕਿ- ਮੈਂ ਇੱਕ ਭਾਜਪਾ ਵਰਕਰ ਹਾਂ ਅਤੇ ਨਿਤਿਨ ਨਬੀਨ ਜੀ ਮੇਰੇ ਬੌਸ ਹਨ।" ਭਾਜਪਾ ਆਗੂਆਂ, ਮੁੱਖ ਮੰਤਰੀਆਂ, ਪਾਰਟੀ ਮੁਖੀਆਂ, ਸੰਗਠਨਾਤਮਕ ਦਿੱਗਜਾਂ ਦੀ ਮੌਜੂਦਗੀ ਵਿੱਚ ਬੋਲਦਿਆਂ ਮੋਦੀ ਨੇ ਨਬੀਨ ਨੂੰ ਨੌਜਵਾਨ ਆਗੂ ਕਿਹਾ ਜੋ ਨੌਜਵਾਨਾਂ ਦੀਆਂ ਇੱਛਾਵਾਂ ਨੂੰ ਸਭ ਤੋਂ ਵਧੀਆ ਢੰਗ ਨਾਲ ਬਿਆਨ ਕਰ ਸਕਦਾ ਹੈ ਅਤੇ ਉਨ੍ਹਾਂ ਦੀ ਨੁਮਾਇੰਦਗੀ ਕਰ ਸਕਦਾ ਹੈ। ਮੋਦੀ ਨੇ 2026 ਨੂੰ ਜਨ ਸੰਘ ਦੀ ਸਥਾਪਨਾ ਦੇ 75ਵੇਂ ਸਾਲ ਦਾ ਹਵਾਲਾ ਦਿੰਦੇ ਹੋਏ ਕਿਹਾ, "ਨਿਤਿਨ ਜੀ ਇੱਕ ਅਜਿਹੀ ਪੀੜ੍ਹੀ ਵਿੱਚੋਂ ਹਨ ਜਿਸ ਨੇ ਤਕਨੀਕੀ ਬਦਲਾਅ ਦੇਖੇ ਹਨ। ਉਨ੍ਹਾਂ ਨੇ ਰੇਡੀਓ ਦਾ ਯੁੱਗ ਦੇਖਿਆ ਹੈ ਅਤੇ ਇੱਕ ਏਆਈ ਉਪਭੋਗਤਾ ਵੀ ਹਨ। ਉਨ੍ਹਾਂ ਕੋਲ ਯੁਵਾ ਊਰਜਾ ਅਤੇ ਵਧੀਆ ਸੰਗਠਨਾਤਮਕ ਹੁਨਰ ਹਨ ਜੋ ਸਾਡੇ ਲਈ ਬਹੁਤ ਮਹੱਤਵ ਰੱਖਦੇ ਹਨ।" ਪ੍ਰਧਾਨ ਮੰਤਰੀ ਨੇ ਕਿਹਾ ਕਿ ਨਬੀਨ ਦੀਆਂ ਦੋਹਰੀ ਜ਼ਿੰਮੇਵਾਰੀਆਂ ਵਿੱਚ ਦੁਨੀਆ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਦਾ ਪ੍ਰਬੰਧਨ ਅਤੇ ਸੱਤਾਧਾਰੀ ਐਨਡੀਏ ਗਠਜੋੜ ਭਾਈਵਾਲਾਂ ਵਿਚਕਾਰ ਤਾਲਮੇਲ ਯਕੀਨੀ ਬਣਾਉਣਾ ਸ਼ਾਮਲ ਹੋਵੇਗਾ।

## ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਵੱਲੋਂ ਨਵੇਂ ਕੌਮੀ ਪ੍ਰਧਾਨ ਨਾਲ ਮੁਲਾਕਾਤ

ਦੇ ਉੱਚ ਆਦਰਸ਼ਾਂ ਨੂੰ ਮੰਨਦਿਆਂ ਇਸਨੂੰ ਹੋਰ ਅੱਗੇ ਲੈ ਕੇ ਜਾਵੇਗੀ, ਉਵੇਂ ਨਵਾਂ ਜੋਸ਼ ਇਸ ਨੂੰ ਨਵੀਂ ਗਤੀ ਦੇਵੇਗਾ। ਨਵੇਂ ਚੁਣੇ ਗਏ ਕੌਮੀ ਪ੍ਰਧਾਨ ਸ੍ਰੀ ਨਿਤਿਨ ਨਬੀਨ ਨੂੰ ਮਿਲ ਕੇ ਸ਼ੁਭਕਾਮਨਾਵਾਂ ਭੇਂਟ ਕੀਤੀਆਂ ਅਤੇ ਉਹਨਾਂ ਨੇ ਜਿਵੇਂ ਪਾਰਟੀ ਦੇ ਆਦਰਸ਼ ਦੁਹਰਾਏ ਹਨ ਕਿ ਸਾਡੇ ਲਈ ਦੇਸ਼ ਪ੍ਰਥਮ, ਪਾਰਟੀ ਦੋਇਮ ਅਤੇ ਖੁਦ ਆਖਰੀ ਸਥਾਨ ਹੈ, ਦੇ ਅਨੁਸਾਰ ਪਾਰਟੀ ਨੂੰ ਹੋਰ ਵੀ ਨਵੇਂ ਉਤਸਾਹ ਨਾਲ ਅੱਗੇ ਵਧਾਵਾਂਗੇ।

## ਅੰਮ੍ਰਿਤਪਾਲ ਸਿੰਘ ਦੀ ਐਨ.ਐਸ.ਏ. ਹਿਰਾਸਤ ਨੂੰ ਠਹਿਰਾਇਆ ਜਾਇਜ਼

ਹੈ ਕਿ ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ ਸਰਗਰਮੀ ਨਾਲ ਹਥਿਆਰਬੰਦ ਸਮਰਥਕਾਂ ਨੂੰ ਸੰਗਠਿਤ ਕਰ ਰਹੇ ਸਨ, ਕੱਟੜਪੰਥੀ ਵਿਚਾਰਧਾਰਾ ਫੈਲਾ ਰਹੇ ਸਨ ਅਤੇ ਆਪਣੇ ਆਪ ਨੂੰ ਇੱਕ ਸਮਾਨਾਂਤਰ ਸ਼ਕਤੀ ਵਜੋਂ ਪੇਸ਼ ਕਰ ਰਹੇ ਸਨ। ਸਰਕਾਰ ਦਾ ਕਹਿਣਾ ਹੈ ਕਿ ਉਸ ਦੇ ਭਾਸ਼ਣ ਅਤੇ ਸੋਸ਼ਲ ਮੀਡੀਆ ਗਤੀਵਿਧੀਆਂ ਦਾ ਉਦੇਸ਼ ਨੌਜਵਾਨਾਂ ਨੂੰ ਕੱਟੜਪੰਥੀ ਬਣਾਉਣਾ ਅਤੇ ਵੱਖਵਾਦੀ ਭਾਵਨਾਵਾਂ ਨੂੰ ਮੁੜ ਸੁਰਜੀਤ ਕਰਨਾ ਸੀ। ਰਾਜ ਨੇ ਫਰਵਰੀ, 2023 ਵਿੱਚ ਅਜਨਾਲਾ ਪੁਲਿਸ ਸਟੇਸ਼ਨ ਤੇ ਹੋਏ ਹਮਲੇ ਦਾ ਇੱਕ ਪ੍ਰਮੁੱਖ ਉਦਾਹਰਣ ਵਜੋਂ ਹਵਾਲਾ ਦਿੱਤਾ। ਜਵਾਬ ਵਿੱਚ ਕਿਹਾ ਗਿਆ ਹੈ ਕਿ ਅੰਮ੍ਰਿਤਪਾਲ, ਤਲਵਾਰਾਂ ਅਤੇ ਕਥਿਤ ਤੌਰ ਤੇ ਹਥਿਆਰਾਂ ਨਾਲ ਲੈਸ ਵੱਡੀ ਗਿਣਤੀ ਵਿੱਚ ਸਮਰਥਕਾਂ ਦੇ ਨਾਲ, ਪੁਲਿਸ ਸਟੇਸ਼ਨ ਵਿੱਚ ਦਾਖਲ ਹੋਇਆ ਅਤੇ ਇੱਕ ਸਾਥੀ ਦੀ ਰਿਹਾਈ ਲਈ ਦਬਾਅ ਪਾਇਆ। ਸਰਕਾਰ ਦੇ ਅਨੁਸਾਰ ਇਹ ਘਟਨਾ ਰਾਜ ਦੇ ਕਾਨੂੰਨੀ ਅਧਿਕਾਰ ਲਈ ਇੱਕ ਸਪੱਸ਼ਟ ਚੁਣੌਤੀ ਸੀ ਅਤੇ ਆਮ ਅਪਰਾਧਿਕ ਕਾਨੂੰਨਾਂ ਦੀ ਅਜਿਹੀਆਂ ਸਥਿਤੀਆਂ ਨਾਲ ਨਜਿੱਠਣ ਵਿੱਚ ਅਸਮਰੱਥਾ ਨੂੰ ਉਜਾਗਰ ਕਰਦੀ ਸੀ। ਪੰਜਾਬ ਸਰਕਾਰ ਨੇ ਇਹ ਵੀ ਖੁਲਾਸਾ ਕੀਤਾ ਕਿ ਖੁਫੀਆ ਏਜੰਸੀਆਂ ਨੂੰ ਜਾਣਕਾਰੀ ਮਿਲੀ ਸੀ ਕਿ ਅੰਮ੍ਰਿਤਪਾਲ ਅਤੇ ਉਸ ਦੇ ਸਾਥੀਆਂ ਨੇ ਇੱਕ ਕਥਿਤ ਹਿੱਟ ਲਿਸਟ ਤਿਆਰ ਕੀਤੀ ਸੀ। ਇਸ ਸੂਚੀ ਵਿੱਚ ਪੁਲਿਸ ਅਧਿਕਾਰੀਆਂ ਅਤੇ ਵਿਅਕਤੀਆਂ ਦੇ ਨਾਮ ਸ਼ਾਮਲ ਸਨ, ਜਿਨ੍ਹਾਂ ਨੂੰ ਉਹ ਆਪਣੇ ਵਿਰੋਧੀ ਮੰਨਦੇ ਸਨ। ਰਾਜ ਨੇ ਦਲੀਲ ਦਿੱਤੀ ਕਿ ਅਜਿਹੀ ਸੂਚੀ ਦੀ ਹੋਂਦ ਹੀ ਜਨਤਕ ਅਧਿਕਾਰੀਆਂ ਅਤੇ ਆਮ ਨਾਗਰਿਕਾਂ ਦੀ ਸੁਰੱਖਿਆ ਲਈ ਇੱਕ ਤੁਰੰਤ ਅਤੇ ਗੰਭੀਰ ਖ਼ਤਰਾ ਹੈ, ਜਿਸ ਨਾਲ ਰੋਕਥਾਮ ਹਿਰਾਸਤ ਜ਼ਰੂਰੀ ਹੋ ਗਈ ਹੈ। ਐਨ.ਐਸ.ਏ. ਹਿਰਾਸਤ ਮਨਮਾਨੀ ਜਾਂ ਰਾਜਨੀਤਿਕ ਹੋਣ ਦੇ ਦੋਸ਼ਾਂ ਨੂੰ ਰੱਦ ਕਰਦੇ ਹੋਏ, ਸਰਕਾਰ ਨੇ ਕਿਹਾ ਕਿ ਪੂਰੀ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਕੀਤੀ ਗਈ ਸੀ। ਸਮਰੱਥ ਅਧਿਕਾਰੀ ਨੇ ਪੁਲਿਸ ਡੋਜ਼ੀਅਰ, ਖੁਫੀਆ ਰਿਪੋਰਟਾਂ ਅਤੇ ਘਟਨਾਵਾਂ ਦੀ ਲੜੀ ਦੀ ਪੂਰੀ ਜਾਂਚ ਤੋਂ ਬਾਅਦ ਹੀ ਨਜ਼ਰਬੰਦੀ ਦਾ ਹੁਕਮ ਪਾਸ ਕੀਤਾ। ਇਸ ਤੋਂ ਇਲਾਵਾ, ਕਾਨੂੰਨ ਦੁਆਰਾ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਅੰਮ੍ਰਿਤਪਾਲ ਨੂੰ ਨਜ਼ਰਬੰਦੀ ਦੇ ਆਧਾਰ ਦੱਸੇ ਗਏ ਸਨ।

ਰਾਜ ਨੇ ਅਦਾਲਤ ਨੂੰ ਇਹ ਵੀ ਦੱਸਿਆ ਕਿ ਨਜ਼ਰਬੰਦੀ ਦੇ ਆਧਾਰ ਨਾ ਤਾਂ ਅਸਪਸ਼ਟ ਸਨ ਅਤੇ ਨਾ ਹੀ ਪੁਰਾਣੇ ਸਨ, ਸਗੋਂ ਅੰਮ੍ਰਿਤਪਾਲ ਦੇ ਨਿਰੰਤਰ ਆਚਰਣ ਅਤੇ ਗਤੀਵਿਧੀਆਂ ਨੂੰ ਦਰਸਾਉਂਦੇ ਸਨ। ਸਰਕਾਰ ਨੇ ਜ਼ੋਰ ਦੇ ਕੇ ਕਿਹਾ ਕਿ ਰੋਕਥਾਮ ਹਿਰਾਸਤ ਦੇ ਮਾਮਲਿਆਂ ਵਿੱਚ ਨਿਆਂਇਕ ਸਮੀਖਿਆ ਦਾ ਦਾਇਰਾ ਸੀਮਤ ਹੈ ਅਤੇ ਜਦੋਂ ਕਾਫ਼ੀ ਸਮੱਗਰੀ ਮੌਜੂਦ ਹੋਵੇ ਤਾਂ ਅਦਾਲਤ ਨਜ਼ਰਬੰਦੀ ਅਥਾਰਟੀ ਦੇ ਮੁਲਾਂਕਣ ਤੇ ਆਪਣਾ ਮੁਲਾਂਕਣ ਨਹੀਂ ਥੋਪ ਸਕਦੀ। ਸੁਣਵਾਈ ਦੌਰਾਨ, ਪੰਜਾਬ ਸਰਕਾਰ ਨੇ ਆਪਣਾ ਜਵਾਬ ਦਾਇਰ ਕੀਤਾ। ਬੈਂਚ ਨੇ ਜਵਾਬ ਨੂੰ ਰਿਕਾਰਡ ਤੇ ਲਿਆ, ਪਰ ਇਸ ਨੇ ਸਖ਼ਤ ਨਰਾਜ਼ਗੀ ਪ੍ਰਗਟ ਕੀਤੀ ਕਿ ਰਾਜ ਸਰਕਾਰ ਨੇ ਕੇਸ ਦਾ ਫੈਸਲਾ ਹੋਣ ਦੇ ਬਾਵਜੂਦ ਇਸ ਨੂੰ ਪਹਿਲਾਂ ਦਾਇਰ ਨਹੀਂ ਕੀਤਾ। ਅਦਾਲਤ ਨੇ ਇਸ ਨੂੰ ਨਿਆਂਇਕ ਪ੍ਰਕਿਰਿਆ ਦੀ ਅਣਗਹਿਲੀ ਮੰਨਿਆ ਅਤੇ ਪੰਜਾਬ ਸਰਕਾਰ ਤੇ ਦਸ ਹਜ਼ਾਰ ਰੁਪਏ ਦਾ ਜੁਰਮਾਨਾ ਲਗਾਇਆ। ਅੰਮ੍ਰਿਤਪਾਲ ਸਿੰਘ ਦੁਆਰਾ ਦਾਇਰ ਪਟੀਸ਼ਨ ਕਾਰਨ ਇਹ ਮਾਮਲਾ ਹਾਈ ਕੋਰਟ ਦੇ ਸਾਹਮਣੇ ਵਿਚਾਰ ਅਧੀਨ ਹੈ, ਜਿਸ ਵਿੱਚ ਐਨ.ਐਸ.ਏ. ਅਧੀਨ ਉਸ ਦੀ ਲਗਾਤਾਰ ਤੀਜੀ ਨਜ਼ਰਬੰਦੀ ਨੂੰ ਚੁਣੌਤੀ ਦਿੱਤੀ ਗਈ ਸੀ। ਅੰਮ੍ਰਿਤਪਾਲ ਅਪ੍ਰੈਲ, 2023 ਤੋਂ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਰੋਕਥਾਮ ਹਿਰਾਸਤ ਵਿੱਚ ਹੈ। ਉਸ ਦੇ ਵਿਰੁੱਧ ਪਹਿਲਾ ਨਜ਼ਰਬੰਦੀ ਆਦੇਸ਼ 18 ਮਾਰਚ, 2023 ਨੂੰ ਪਾਸ ਕੀਤਾ ਗਿਆ ਸੀ। ਪਟੀਸ਼ਨ ਵਿੱਚ, ਉਸ ਨੇ 17 ਅਪ੍ਰੈਲ, 2025 ਨੂੰ ਜਾਰੀ ਕੀਤੇ ਗਏ ਤੀਜੇ ਨਵੇਂ ਨਜ਼ਰਬੰਦੀ ਆਦੇਸ਼ ਨੂੰ ਚੁਣੌਤੀ ਦਿੱਤੀ ਹੈ।

## ਭਾਰਤੀ ਜਨਤਾ ਪਾਰਟੀ ਵੱਲੋਂ ਲਗਾਏ ਜਾ ਰਹੇ ਨੇ ਝੂਠੇ ਦੋਸ਼: ਆਤਿਸ਼ੀ

ਇਹ ਉਹੀ ਕਪਿਲ ਮਿਸ਼ਰਾ ਹੈ ਜਿਸ ਨੇ ਝੂਠਾ ਦੋਸ਼ ਲਗਾਇਆ ਸੀ ਕਿ ਮੈਂ ਆਪਣੀਆਂ ਅੱਖਾਂ ਨਾਲ ਅਰਵਿੰਦ ਕੇਜਰੀਵਾਲ ਨੂੰ ਪੈਸੇ ਲੈਂਦੇ ਵੇਖਿਆ ਅਤੇ ਫਿਰ ਉਹੀ ਕਪਿਲ ਮਿਸ਼ਰਾ ਨੂੰ ਅਦਾਲਤ ਦੇ ਸਾਹਮਣੇ ਮਾਫ਼ੀ ਮੰਗਣੀ ਪਈ ਸੀ ਅਤੇ ਕਹਿਣਾ ਪਿਆ ਕਿ ਮੈਂ ਝੂਠ ਬੋਲ ਰਿਹਾ ਹਾਂ। ਅਤੇ ਹੁਣ ਫਿਰ ਇਹੀ ਹੋਵੇਗਾ। ਉਨ੍ਹਾਂ ਕਿਹਾ ਕਿ ਗੁਰੂਆਂ ਦਾ ਅਪਮਾਨ ਕਪਿਲ ਮਿਸ਼ਰਾ ਨੇ ਕੀਤਾ ਹੈ ਆਪਣੀ ਘਟੀਆ ਰਾਜਨੀਤੀ ਲਈ। ਦਿੱਲੀ 'ਚ ਵਧੇ ਪਲਿਊਸ਼ਨ ਤੇ ਚਰਚਾ ਤੋਂ ਭੱਜਣ ਲਈ ਅਜਿਹੀ ਘਟੀਆ ਰਾਜਨੀਤੀ ਲਈ ਉਨ੍ਹਾਂ ਨੇ ਗੁਰੂਆਂ ਦਾ ਅਪਮਾਨ ਕੀਤਾ, ਵੀਡੀਓ ਨੂੰ ਐਡਿਟ ਕੀਤਾ ਅਤੇ ਗੁਰੂਆਂ ਦਾ ਨਾਂ ਲਿਆ, ਗੁਰੂਆਂ ਦੇ ਨਾਂ ਤੇ ਰਾਜਨੀਤੀ ਕੀਤੀ। ਇਹ ਉਹੀ ਭਾਰਤੀ ਜਨਤਾ ਪਾਰਟੀ ਹੈ ਜਿਸ ਨੇ ਜਦੋਂ ਸਾਡੇ ਸਿੱਖ ਭਰਾ ਕਿਸਾਨ ਅੰਦੋਲਨ ਕਰ ਰਹੇ ਸਨ ਤਿੰਨ ਕਾਲੇ ਕਾਨੂੰਨਾਂ ਵਿਰੁੱਧ ਤਾਂ ਉਨ੍ਹਾਂ ਨੂੰ ਖਾਲਿਸਤਾਨੀ ਕਿਹਾ ਸੀ। ਕਪਿਲ ਮਿਸ਼ਰਾ ਨੇ ਉਨ੍ਹਾਂ ਵਿਰੁੱਧ ਅਜਿਹੀ ਅਸ਼ਲੀਲ ਭਾਸ਼ਾ ਦਾ ਇਸਤੇਮਾਲ ਕੀਤਾ ਸੀ ਜੋ ਅਸੀਂ ਸਭ ਇੱਥੇ ਨਹੀਂ ਕਹਿ ਸਕਦੇ। ਇਨ੍ਹਾਂ ਦੀ ਕੰਗਣਾ ਰਣੌਤ, ਨਿਤਿਨ ਪਟੇਲ, ਮੀਨਾਕਸ਼ੀ ਲੇਖੀ ਨੇ ਕੋਈ ਕਸਰ ਨਹੀਂ ਛੱਡੀ ਸੀ ਸਾਡੇ ਸਿੱਖ ਭਾਈਆਂ ਨੂੰ ਖਾਲਿਸਤਾਨੀ ਕਹਿਣ ਵਿੱਚ। ਭਾਰਤੀ ਜਨਤਾ ਪਾਰਟੀ ਸਿੱਖ ਸਮਾਜ ਨਾਲ ਨਫ਼ਰਤ ਕਰਦੀ ਹੈ। ਇਹ ਨਫ਼ਰਤ ਅੱਜ ਦੀ ਨਹੀਂ ਹੈ, ਇਹ ਨਫ਼ਰਤ ਕਿਸਾਨ ਅੰਦੋਲਨ ਵਿੱਚ ਵੀ ਅਸੀਂ ਵੇਖੀ ਸੀ।

## ਗਊਸ਼ਾਲਾ 'ਚ 50 ਪਸ਼ੂਆਂ ਦੀ ਮੌਤ 'ਤੇ ਹਾਈ ਕੋਰਟ ਦੀ ਸਖ਼ਤ ਤਾੜਨਾ

ਡਿਪਟੀ ਕਮਿਸ਼ਨਰ ਰਾਹੀਂ ਅਤੇ ਨਗਰ ਨਿਗਮ ਨੂੰ ਉਸ ਦੇ ਕਮਿਸ਼ਨਰ ਰਾਹੀਂ ਨੋਟਿਸ ਜਾਰੀ ਕਰਨ ਲਈ ਕਿਹਾ ਹੈ। ਅਦਾਲਤ ਨੇ ਟਿੱਪਣੀ ਕਰਦਿਆਂ ਕਿਹਾ ਕਿ ਚੰਡੀਗੜ੍ਹ ਦੋ ਰਾਜਾਂ, ਪੰਜਾਬ ਅਤੇ ਹਰਿਆਣਾ ਦੇ ਬੁੱਧੀਜੀਵੀਆਂ ਦਾ ਸ਼ਹਿਰ ਮੰਨਿਆ ਜਾਂਦਾ ਹੈ, ਪਰ ਇਸ ਦੇ ਬਾਵਜੂਦ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਈ। ਬੈਂਚ ਨੇ ਮੀਡੀਆ ਰਿਪੋਰਟਾਂ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਕੁਝ ਗਾਂਵਾਂ ਦੇ ਪੋਸਟਮਾਰਟਮ ਦੌਰਾਨ ਉਨ੍ਹਾਂ ਦੇ ਪੇਟ ਵਿੱਚ ਪਲਾਸਟਿਕ ਬੈਗ ਮਿਲੇ, ਜੋ ਮੌਤ ਦਾ ਕਾਰਨ ਬਣੇ। ਅਦਾਲਤ ਨੇ ਇਹ ਵੀ ਨੋਟ ਕੀਤਾ ਕਿ ਚੰਡੀਗੜ੍ਹ ਵਿੱਚ ਪੋਲੀਥੀਨ ਬੈਗਾਂ 'ਤੇ ਪਾਬੰਦੀ ਹੋਣ ਦੇ ਬਾਵਜੂਦ ਉਨ੍ਹਾਂ ਦੀ ਖੁੱਲ੍ਹੀ ਵਰਤੋਂ ਹੋ ਰਹੀ ਹੈ, ਜਿਸ ਲਈ ਅਧਿਕਾਰੀ ਵੱਡੀ ਲਾਪਰਵਾਹੀ ਲਈ ਜ਼ਿੰਮੇਵਾਰ ਹਨ। ਮਾਮਲੇ ਦੇ ਮੱਦੇਨਜ਼ਰ ਨਗਰ ਨਿਗਮ ਵੱਲੋਂ ਕੁਝ ਅਧਿਕਾਰੀਆਂ ਨੂੰ ਸਸਪੈਂਡ ਅਤੇ ਕਾਂਟ੍ਰੈਕਟ ਕਰਮਚਾਰੀਆਂ ਦੀ ਸੇਵਾ ਸਮਾਪਤ ਕੀਤੀ ਗਈ ਹੈ, ਜਦਕਿ ਐਡੀਸ਼ਨਲ ਡਿਪਟੀ ਕਮਿਸ਼ਨਰ ਵੱਲੋਂ ਮੈਜਿਸਟ੍ਰੀਅਲ ਜਾਂਚ ਦੇ ਹੁਕਮ ਦਿੱਤੇ ਗਏ ਹਨ।

## ਸਿੱਖ ਰੈਜੀਮੈਂਟ ਦੀਆਂ ਸੱਤ ਬਟਾਲੀਅਨਾਂ ਦਾ ਇਕੱਠਿਆਂ ਕੀਤਾ ਸਨਮਾਨ

ਕੁੱਝ ਐਚ.ਆਰ. ਚੁਨੌਤੀਆਂ ਦੇ ਬਾਵਜੂਦ, ਰੈਜੀਮੈਂਟ ਨੇ ਕਦੇ ਵੀ ਅਪਣੇ ਉੱਚ ਪ੍ਰਦਰਸ਼ਨ ਦੇ ਮਿਆਰਾਂ ਨਾਲ ਸਮਝੌਤਾ ਨਹੀਂ ਕੀਤਾ। ਇਹੀ ਕਾਰਨ ਹੈ ਕਿ ਸਿੱਖ ਰੈਜੀਮੈਂਟ ਅਜੇ ਵੀ ਭਾਰਤੀ ਫੌਜ ਦੀਆਂ ਸੱਭ ਤੋਂ ਭਰੋਸੇਮੰਦ ਇਨਫੈਂਟਰੀ ਰੈਜੀਮੈਂਟਾਂ 'ਚੋਂ ਇਕ ਹੈ। ਪੰਜਾਬੀਆਂ ਦੀਆਂ ਰਗਾਂ ਵਿਚ ਵਹਿ ਰਹੀ ਯੋਧਾ ਭਾਵਨਾ ਫ਼ੌਜ ਦੀ ਸੇਵਾ ਨਾਲ ਅਪਣਾ ਉੱਚਤਮ ਰੂਪ ਪ੍ਰਾਪਤ ਕਰਦੀ ਹੈ। ਸਿੱਖ ਰੈਜੀਮੈਂਟ ਉਸੇ ਬਹਾਦਰੀ ਦਾ ਜਿਉਂਦਾ ਜਾਗਦਾ ਪ੍ਰਤੀਕ ਹੈ, ਜਿੱਥੇ ਹਰ ਕਦਮ, ਹਰ ਸੰਘਰਸ਼ ਅਤੇ ਹਰ ਕੁਰਬਾਨੀ ਦਾ ਇਕ ਹੀ ਮੰਤਰ ਹੈ, 'ਹਰ ਕਾਮ ਦੇਸ਼ ਕੇ ਨਾਮ'।

## ਜੰਮੂ, ਮਨੀਪੁਰ ਅਤੇ ਕੋਲਕਾਤਾ ਵਿੱਚ ਈ.ਡੀ. ਦੇ ਛਾਪੇ ਜਾਅਲੀ

ਹੋਇਆ, ਜਿਸ ਵਿੱਚ ਰਾਕੇਸ਼ ਸ਼ਰਮਾ, ਆਸ਼ੂਤੋਸ਼ ਕੁਮਾਰ ਝਾਅ ਅਤੇ ਹੋਰ ਅਣਪਛਾਤੇ ਵਿਅਕਤੀਆਂ ਦੇ ਖਿਲਾਫ਼ ਧੋਖਾਧੜੀ ਅਤੇ ਦਸਤਾਵੇਜ਼ਾਂ ਵਿੱਚ ਜਾਅਲਸਾਜ਼ੀ ਕੀਤੀ ਗਈ। ਮੁੱਖ ਧੰਦਾ ਸਿੱਧੀ ਵਿਨਾਇਕ ਟਰੇਡ ਮਰਚੈਂਟ ਦੇ ਨਾਂ 'ਤੇ ਚੱਲਾਇਆ ਗਿਆ, ਜੋ ਅਸਲ ਵਿੱਚ ਮੌਜੂਦ ਹੀ ਨਹੀਂ ਸੀ। ਇਸ ਧੰਦੇ ਵਿੱਚ 658.55 ਕਰੋੜ ਰੁਪਏ ਦੇ ਜਾਅਲੀ ਇਨਵੌਇਸਾਂ ਦੇ ਆਧਾਰ 'ਤੇ 99.31 ਕਰੋੜ ਰੁਪਏ ਦਾ ਇਨਪੁੱਟ ਟੈਕਸ ਕ੍ਰੈਡਿਟ ਪ੍ਰਾਪਤ ਕੀਤਾ ਗਿਆ। ਇਸ ਧਾਂਦਲੀ ਵਿੱਚ ਵੱਖ-ਵੱਖ ਰਾਜਾਂ ਵਿੱਚ ਫੈਲੀਆਂ 58 ਸ਼ੈੱਲ ਇਕਾਈਆਂ ਸ਼ਾਮਲ ਸਨ। ਸੂਤਰਾਂ ਮੁਤਾਬਕ, ਏਜੰਸੀ ਇਸ ਜਾਅਲੀ ਆਈ.ਟੀ.ਸੀ. ਦੀ ਬਰੀਕੀ ਨਾਲ ਜਾਂਚ ਕਰ ਰਹੀ ਹੈ। ਇਸ ਪ੍ਰਕਿਰਿਆ ਨਾਲ ਧੰਦੇ ਵਿੱਚ ਸ਼ਾਮਲ ਵਿਅਕਤੀਆਂ ਅਤੇ ਕੰਪਨੀਆਂ ਦੀ ਪਛਾਣ ਅਤੇ ਉਨ੍ਹਾਂ ਦੇ ਗਲਤ ਕਾਰੋਬਾਰ ਦੀ ਪੂਰੀ ਜਾਣਕਾਰੀ ਸਾਹਮਣੇ ਆਵੇਗੀ।

## ਈ.ਡੀ. ਵੱਲੋਂ ਕੇਰਲਾ, ਕਰਨਾਟਕ ਤੇ ਤਾਮਿਲਨਾਡੂ 'ਚ ਛਾਪੇ

ਤ੍ਰਾਵਣਕੋਰ ਦੇਵਾਸਮ ਬੋਰਡ (ਟੀ.ਡੀ.ਬੀ.) ਦੇ ਸਾਬਕਾ ਪ੍ਰਧਾਨ ਏ. ਪਦਮਕੁਮਾਰ ਨਾਲ ਜੁੜੇ ਟਿਕਾਣਿਆਂ ਵਿਚ ਛਾਪੇ ਮਾਰੇ ਗਏ ਹਨ। ਈ.ਡੀ. ਨੇ ਹਾਲ ਹੀ ਵਿੱਚ ਕੇਰਲ ਪੁਲੀਸ ਦੀ ਇੱਕ ਐਫ.ਆਈ.ਆਰ. ਦਾ ਨੋਟਿਸ ਲੈਂਦੇ ਹੋਏ ਇੱਕ ਪੀ.ਐਮ.ਐਲ.ਏ. ਕੇਸ ਦਰਜ ਕੀਤਾ ਸੀ। ਰਾਜਨੀਤਕ ਤੌਰ 'ਤੇ ਸੰਵੇਦਨਸ਼ੀਲ ਮਾਮਲੇ ਦੀ ਜਾਂਚ ਪਹਿਲਾਂ ਹੀ ਕੇਰਲ ਹਾਈ ਕੋਰਟ ਦੀ ਨਿਗਰਾਨੀ ਹੇਠ ਰਾਜ ਦੀ ਵਿਸ਼ੇਸ਼ ਜਾਂਚ ਟੀਮ ਵੱਲੋਂ ਕੀਤੀ ਜਾ ਰਹੀ ਹੈ। ਇਹ ਜਾਂਚ ਕਈ ਤਰ੍ਹਾਂ ਦੀਆਂ ਬੇਨਿਯਮੀਆਂ ਨਾਲ ਸਬੰਧਤ ਹੈ, ਜਿਸ ਵਿੱਚ ਸਰਕਾਰੀ ਦੁਰਵਿਵਹਾਰ, ਪ੍ਰਸ਼ਾਸਨਿਕ ਖਾਮੀਆਂ ਅਤੇ ਭਗਵਾਨ ਅਯੱਪਾ ਮੰਦਰ ਦੀਆਂ ਵੱਖ-ਵੱਖ ਕਲਾਕ੍ਰਿਤੀਆਂ ਤੋਂ ਸੋਨੇ ਦੀ ਦੁਰਵਰਤੋਂ ਕਰਨ ਦੀ ਅਪਰਾਧਿਕ ਸਾਜਿਸ਼ ਸ਼ਾਮਲ ਹੈ। ਐਸ.ਆਈ.ਟੀ. ਦੀ ਜਾਂਚ 'ਦੁਆਰਪਾਲਕਾ' (ਰੱਖਿਅਕ ਦੇਵਤਾ) ਦੀਆਂ ਮੂਰਤੀਆਂ ਦੀਆਂ ਸੋਨੇ ਨਾਲ ਜੜੀਆਂ ਤਾਂਬੇ ਦੀਆਂ ਪਲੇਟਾਂ ਅਤੇ ਮੰਦਰ ਦੇ ਸ਼੍ਰੀਕੋਵਿਲ (ਪਵਿੱਤਰ ਗ੍ਰਹਿ) ਦੇ ਦਰਵਾਜ਼ਿਆਂ ਦੇ ਫਰੇਮਾਂ ਤੋਂ ਸੋਨੇ ਦੀ ਚੋਰੀ ਨਾਲ ਸਬੰਧਤ ਹੈ।

## ਅਮਰੀਕਾ ਨੇ ਕਰ ਲਿਆ ਕੈਨੇਡਾ ਤੇ ਗ੍ਰੀਨਲੈਂਡ 'ਤੇ ਕਬਜ਼ਾ !

ਟਰੰਪ ਨੇ ਨਾਟੋ ਦੇ ਸਕੱਤਰ-ਜਨਰਲ ਮਾਰਕ ਰੁਟੇ ਨਾਲ ਗੱਲਬਾਤ ਕਰਦਿਆਂ ਗ੍ਰੀਨਲੈਂਡ ਨੂੰ ਅਮਰੀਕੀ ਅਤੇ ਵਿਸ਼ਵ ਸੁਰੱਖਿਆ ਲਈ ਅਟੁੱਟ ਅੰਗ ਦੱਸਿਆ ਹੈ। ਇਸ ਦੌਰਾਨ ਅਮਰੀਕਾ ਗ੍ਰੀਨਲੈਂਡ ਦੇ ਪਿਟੂਫਿਕ ਸਪੇਸ ਬੇਸ ਤੇ ਨੋਰਡ ਜਹਾਜ਼ ਤਾਇਨਾਤ ਕਰਨ ਦੀ ਤਿਆਰੀ ਕਰ ਰਿਹਾ ਹੈ। ਟਰੰਪ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਡੈਨਮਾਰਕ ਗ੍ਰੀਨਲੈਂਡ ਨੂੰ ਵੇਚਣ ਲਈ ਸਹਿਮਤ ਨਹੀਂ ਹੁੰਦਾ ਤਾਂ 1 ਫਰਵਰੀ, 2026 ਤੋਂ 10 ਫੀਸਦੀ ਅਤੇ 1 ਜੂਨ, 2026 ਤੋਂ 25 ਫੀਸਦੀ ਟੈਰਿਫ ਲਗਾਏ ਜਾਣਗੇ। ਉਨ੍ਹਾਂ ਨੇ ਰਾਸ਼ਟਰੀ ਸੁਰੱਖਿਆ ਦਾ ਹਵਾਲਾ ਦਿੰਦੇ ਹੋਏ ਇਸ ਕਦਮ ਨੂੰ ਚੀਨ ਅਤੇ ਰੂਸ ਦੇ ਵਧਦੇ ਹਿੱਤਾਂ ਕਾਰਨ ਜ਼ਰੂਰੀ ਦੱਸਿਆ ਹੈ। ਟਰੰਪ ਨੇ ਪਹਿਲਾਂ ਸੁਝਾਅ ਦਿੱਤਾ ਸੀ ਕਿ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਨਾ ਚਾਹੀਦਾ ਹੈ ਅਤੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਕੈਨੇਡਾ ਦਾ ਗਵਰਨਰ ਕਹਿ ਕੇ ਮਜ਼ਾਕ ਉਡਾਇਆ ਸੀ। ਹਾਲਾਂਕਿ, ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਇਸ ਸੁਝਾਅ ਨੂੰ ਸਿਰੇ ਤੋਂ ਖਾਰਜ ਕਰਦਿਆਂ ਕਿਹਾ ਕਿ ਕੈਨੇਡਾ ਕਦੇ ਵੀ ਅਮਰੀਕਾ ਦਾ ਹਿੱਸਾ ਨਹੀਂ ਬਣੇਗਾ ਕਿਉਂਕਿ ਕੈਨੇਡੀਅਨ ਆਜ਼ਾਦੀ ਚਾਹੁੰਦੇ ਹਨ।

ਦੂਜੇ ਪਾਸੇ, ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਦੀ ਗ੍ਰਿਫ਼ਤਾਰੀ ਤੋਂ ਬਾਅਦ, ਟਰੰਪ ਨੇ ਕਿਹਾ ਹੈ ਕਿ ਅਮਰੀਕਾ ਉੱਥੇ ਉਦੋਂ ਤੱਕ ਰਹੇਗਾ ਜਦੋਂ ਤੱਕ ਸੁਰੱਖਿਅਤ ਅਤੇ ਉਚਿਤ ਤਬਦੀਲੀ ਨਹੀਂ ਹੋ ਜਾਂਦੀ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਅਨੁਸਾਰ, ਵੈਨੇਜ਼ੁਏਲਾ ਦੇ ਅੰਤਰਿਮ ਅਧਿਕਾਰੀਆਂ ਦੇ ਫੈਸਲੇ ਪੂਰੀ ਤਰ੍ਹਾਂ ਅਮਰੀਕਾ ਦੁਆਰਾ ਨਿਰਧਾਰਿਤ ਕੀਤੇ ਜਾਣਗੇ।

## ਕਾਂਗਰਸ 'ਚ ਚਰਨਜੀਤ ਚੰਨੀ ਲਈ ਦਰਵਾਜ਼ੇ ਬੰਦ ਹੋਣੇ ਸ਼ੁਰੂ

ਦਿੱਤਾ ਹੈ। ਦਿੱਲੀ ਤੱਕ ਗੱਲ ਪਹੁੰਚਣਾ ਦਰਸਾਉਂਦਾ ਹੈ ਕਿ ਪਾਰਟੀ ਹਾਈਕਮਾਨ ਵੀ ਇਸਨੂੰ ਹਲਕੇ ਵਿੱਚ ਲੈਣ ਦੇ ਮੂਡ ਵਿੱਚ ਨਹੀਂ। ਪਰ ਸਵਾਲ ਇਹ ਹੈ ਕਿ ਕੀ ਕਾਂਗਰਸ ਇਸਨੂੰ ਸਿਰਫ਼ ਨੁਕਸਾਨਦਾਇਕ ਬਿਆਨ ਮੰਨ ਕੇ ਦਬਾ ਦੇਵੇਗੀ ਜਾਂ ਇਸਨੂੰ ਆਪਣੇ ਅੰਦਰੂਨੀ ਢਾਂਚੇ ਦੀ ਖਾਮੀ ਵਜੋਂ ਸਵੀਕਾਰ ਕਰੇਗੀ?

ਹਾਲਾਂਕਿ ਇਹ ਵੀ ਸੱਚ ਹੈ ਕਿ ਚੰਨੀ ਭਾਜਪਾ ਦੀ ਨੀਤੀਆਂ ਦੇ ਕੱਟੜ ਆਲੋਚਕ ਰਹੇ ਹਨ ਅਤੇ ਸੰਸਦ ਵਿੱਚ ਵੀ ਉਨ੍ਹਾਂ ਨੇ ਪਾਰਟੀ ਦੀਆਂ ਕਈ ਨੀਤੀਆਂ ਦਾ ਖੁੱਲ੍ਹਾ ਵਿਰੋਧ ਕੀਤਾ ਹੈ। ਪਰ ਪੰਜਾਬ ਦੀ ਸਿਆਸਤ ਵਿਚ ਸਿਧਾਂਤਕ ਸਥਿਰਤਾ ਨਾਲੋਂ ਅਕਸਰ ਸਿਆਸੀ ਮੌਕੇਬਾਜ਼ੀ ਹਾਵੀ ਰਹੀ ਹੈ। ਜੇ 2027 ਤੋਂ ਪਹਿਲਾਂ ਭਾਜਪਾ ਪੰਜਾਬ ਵਿੱਚ ਆਪਣੇ ਆਪ ਨੂੰ ਇੱਕ ਨਵੀਂ ਸਮਾਜਕ ਪਹਿਚਾਣ ਦੇ ਨਾਲ ਪੇਸ਼ ਕਰਨਾ ਚਾਹੁੰਦੀ ਹੈ, ਤਾਂ ਚੰਨੀ ਵਰਗਾ ਚਿਹਰਾ ਉਸ ਯਤਨ ਦਾ ਕੇਂਦਰ ਬਣ ਸਕਦਾ ਹੈ।

ਅਸਲ ਸਵਾਲ ਇਹ ਨਹੀਂ ਕਿ ਚੰਨੀ ਕਿੱਥੇ ਜਾਣਗੇ, ਸਵਾਲ ਇਹ ਹੈ ਕਿ ਪੰਜਾਬ ਦੀਆਂ ਪਾਰਟੀਆਂ ਦਲਿਤ ਸਮਾਜ ਨੂੰ ਸਿਰਫ਼ ਨਾਅਰਿਆਂ ਤੱਕ ਸੀਮਤ ਰੱਖਣਗੀਆਂ ਜਾਂ ਸੱਚਮੁੱਚ ਸੱਤਾ ਦੀ ਭਾਗੀਦਾਰੀ ਦੇਣਗੀਆਂ। ਜੇ ਕਾਂਗਰਸ ਇਸ ਮੌਕੇ ਨੂੰ ਗੁਆ ਲੈਂਦੀ ਹੈ, ਤਾਂ ਇਹ ਖਾਲੀ ਥਾਂ ਭਾਜਪਾ ਜਾਂ ਹੋਰ ਤਾਕਤਾਂ ਲਈ ਮੌਕਾ ਬਣ ਸਕਦੀ ਹੈ।

ਪੰਜਾਬ ਦੀ ਰਾਜਨੀਤੀ ਅੱਜ ਇਕ ਐਸੇ ਦੌਰ ਵਿੱਚ ਦਾਖ਼ਲ ਹੋ ਰਹੀ ਹੈ ਜਿੱਥੇ ਦਲਿਤ ਆਵਾਜ਼ ਹੁਣ ਹਾਸ਼ੀਏ 'ਤੇ ਰਹਿਣ ਨੂੰ ਤਿਆਰ ਨਹੀਂ। ਚਰਨਜੀਤ ਸਿੰਘ ਚੰਨੀ ਦਾ ਬਿਆਨ ਇਸ ਬਦਲਾਅ ਦੀ ਪਹਿਲੀ ਝਲਕ ਹੈ—ਅਗਲੇ ਅਧਿਆਇ ਕਿਹੜੀ ਪਾਰਟੀ ਲਿਖੇਗੀ, ਇਹ ਸਮਾਂ ਹੀ ਦੱਸੇਗਾ।

## ਭਾਰਤ ਲਈ ਗੋਲ਼ੀਆਂ ਖਾਧੀਆਂ ਨੇ, ਅੱਗੋਂ ਵੀ ਤਿਆਰ: ਅਬਦੁੱਲਾ

ਉਨ੍ਹਾਂ ਉਮੀਦ ਜਤਾਈ ਕਿ ਲੱਦਾਖ, ਜਿਸ ਨੂੰ 2019 ਵਿੱਚ ਇੱਕ ਵੱਖਰੇ ਕੇਂਦਰ ਸ਼ਾਸਿਤ ਪ੍ਰਦੇਸ਼ ਵਜੋਂ ਨਾਮਜ਼ਦ ਕੀਤਾ ਗਿਆ ਸੀ, ਦਾ ਸਾਬਕਾ ਰਾਜ ਨਾਲ ਮੁੜ ਰਲੇਵਾਂ ਹੋ ਸਕਦਾ ਹੈ। ਅਬਦੁੱਲਾ ਨੇ ਜੰਮੂ-ਕਸ਼ਮੀਰ ਦੇ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਅੰਦਰ ਵਾਧੂ ਜ਼ਿਲ੍ਹੇ ਬਣਾਉਣ ਤੋਂ ਵੀ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਪੀਰ ਪੰਜਾਲ ਅਤੇ ਚਨਾਬ ਵਾਦੀਆਂ ਲਈ ਵੱਖਰੀਆਂ ਡਿਵੀਜ਼ਨਾਂ ਦੀ ਮੰਗ ਦੀ ਵੀ ਆਲੋਚਨਾ ਕੀਤੀ। ਉਨ੍ਹਾਂ ਇਸ ਨੂੰ ਡਿਕਸਨ ਪਲਾਨ ਦਾ ਹਿੱਸਾ ਦੱਸਿਆ। ਇਹ ਤਜਵੀਜ਼ ਸਤੰਬਰ, 1950 ਵਿੱਚ ਸੰਯੁਕਤ ਰਾਸ਼ਟਰ ਦੇ ਪ੍ਰਤੀਨਿਧੀ ਅਤੇ ਆਸਟਰੇਲੀਆ ਦੇ ਸਾਬਕਾ ਮੁੱਖ ਜੱਜ ਸਰ ਓਵਨ ਡਿਕਸਨ ਵੱਲੋਂ ਦਿੱਤੀ ਗਈ ਸੀ, ਜਿਸ ਦਾ ਮਕਸਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਮੂ-ਕਸ਼ਮੀਰ ਵਿਵਾਦ ਨੂੰ ਹੱਲ ਕਰਨਾ ਸੀ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

## ਸੰਪਾਦਕੀ

# ਅੱਤਵਾਦ ਦੇ ਖ਼ਾਤਮੇ ਦੇ ਰਾਹ ਵਿੱਚ ਰੋੜੇ

ਜੰਮੂ-ਕਸ਼ਮੀਰ ਦੇ ਕਿਸ਼ਤਵਾੜ ਜ਼ਿਲ੍ਹੇ ਵਿੱਚ ਐਤਵਾਰ ਨੂੰ ਸੁਰੱਖਿਆ ਬਲਾਂ ਅਤੇ ਅੱਤਵਾਦੀਆਂ ਵਿਚਕਾਰ ਹੋਏ ਮੁਕਾਬਲੇ ਵਿੱਚ ਇੱਕ ਸੈਨਿਕ ਸ਼ਹੀਦ ਹੋ ਗਿਆ ਅਤੇ ਸੱਤ ਹੋਰ ਜ਼ਖਮੀ ਹੋ ਗਏ। ਸਵਾਲ ਇਹ ਹੈ ਕਿ ਕਸ਼ਮੀਰ ਘਾਟੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਅੱਤਵਾਦ ਨੂੰ ਕਿਉਂ ਨਹੀਂ ਰੋਕਿਆ ਜਾ ਰਿਹਾ ਹੈ? ਸਰਕਾਰ ਦੇ ਅੱਤਵਾਦੀਆਂ ਨੂੰ ਰੋਕਣ ਦੇ ਦਾਅਵਿਆਂ ਦੇ ਬਾਵਜੂਦ, ਇਹ ਸਮਝਣ ਲਈ ਇੱਕ ਨਵੇਂ ਸਿਰੇ ਤੋਂ ਜਾਂਚ ਦੀ ਲੋੜ ਹੈ ਕਿ ਅਜਿਹੇ ਨਾਪਾਕ ਮਨਸੂਬੇ ਕਿਵੇਂ ਸਫਲ ਹੋ ਰਹੇ ਹਨ। ਇਹ ਕੋਈ ਭੇਤ ਨਹੀਂ ਹੈ ਕਿ ਭਾਰਤ ਵਿੱਚ ਅੱਤਵਾਦ ਦੀਆਂ ਜੜ੍ਹਾਂ ਸਰਹੱਦ ਪਾਰ ਪਾਕਿਸਤਾਨ ਵਿੱਚ ਹਨ। ਕਿਸ਼ਤਵਾੜ ਜ਼ਿਲ੍ਹੇ ਦੇ ਸੋਨਾਰ ਖੇਤਰ ਵਿੱਚ ਸੁਰੱਖਿਆ ਬਲਾਂ ਦੁਆਰਾ ਸਾਹਮਣਾ ਕੀਤੇ ਗਏ ਅੱਤਵਾਦੀਆਂ ਨੂੰ ਵਿਦੇਸ਼ੀ ਮੂਲ ਦੇ ਅਤੇ ਪਾਕਿਸਤਾਨ ਸਥਿਤ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਨਾਲ ਜੁੜੇ ਦੱਸਿਆ ਜਾਂਦਾ ਹੈ। ਸੁਰੱਖਿਆ ਬਲਾਂ ਨੇ ਇਨ੍ਹਾਂ ਅੱਤਵਾਦੀਆਂ ਨੂੰ ਫੜਨ ਲਈ ਇਲਾਕੇ ਵਿੱਚ ਤਲਾਸ਼ੀ ਮੁਹਿੰਮ ਚਲਾਈ ਸੀ। ਘਾਟੀ ਵਿੱਚ ਅਜਿਹੇ ਅਪ੍ਰੇਸ਼ਨਾਂ ਦੌਰਾਨ ਸੁਰੱਖਿਆ ਬਲਾਂ ਅਤੇ ਅੱਤਵਾਦੀਆਂ ਵਿਚਕਾਰ ਮੁਕਾਬਲੇ ਦੀਆਂ ਰਿਪੋਰਟਾਂ ਅਕਸਰ ਆਉਂਦੀਆਂ ਰਹਿੰਦੀਆਂ ਹਨ। ਇਹ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਕਸ਼ਮੀਰ ਵਿੱਚ ਸੁਰੱਖਿਆ ਬਲਾਂ ਕੋਲ ਇੱਕ ਮਜ਼ਬੂਤ ਖੁਫੀਆ ਨੈੱਟਵਰਕ ਹੈ ਪਰ ਅਜਿਹੀ ਘਟਨਾ ਵਿੱਚ ਇੱਕ ਸੈਨਿਕ ਦੀ ਸ਼ਹਾਦਤ ਦੁਖਦਾਈ ਅਤੇ ਚਿੰਤਾਜਨਕ ਹੈ। ਅਜਿਹੀ ਸਥਿਤੀ ਵਿੱਚ ਸਰਹੱਦ ਪਾਰ ਅੱਤਵਾਦੀ ਘੁਸਪੈਠ ਨੂੰ ਪੂਰੀ ਤਰ੍ਹਾਂ ਰੋਕਣਾ ਬਹੁਤ ਮਹੱਤਵਪੂਰਨ ਹੈ। ਕੇਂਦਰ ਸਰਕਾਰ ਅਕਸਰ ਦਾਅਵਾ ਕਰਦੀ ਹੈ ਕਿ ਮਜ਼ਬੂਤ ਸੁਰੱਖਿਆ ਪ੍ਰਬੰਧਾਂ ਦੇ ਕਾਰਨ ਹਾਲ ਹੀ ਦੇ ਸਾਲਾਂ ਵਿੱਚ ਸਰਹੱਦੀ ਘੁਸਪੈਠ ਦੀਆਂ ਘਟਨਾਵਾਂ ਨੂੰ ਕਾਫ਼ੀ ਹੱਦ ਤੱਕ ਰੋਕਿਆ ਗਿਆ ਹੈ। ਜੇਕਰ ਇਹ ਸੱਚ ਹੈ ਤਾਂ ਜ਼ਿਆਦਾਤਰ ਘਟਨਾਵਾਂ ਵਿੱਚ ਵਿਦੇਸ਼ੀ ਅੱਤਵਾਦੀ ਕਿਉਂ ਦਿਖਾਈ ਦਿੰਦੇ ਹਨ? ਦਾਅਵਿਆਂ ਅਤੇ ਹਕੀਕਤ ਵਿਚਕਾਰ ਇਸ ਪਾੜੇ ਨੂੰ ਸਮਝਣ ਦੀ ਲੋੜ ਹੈ। ਇਹ ਸਵਾਲ ਕਰਨਾ ਵੀ ਮਹੱਤਵਪੂਰਨ ਹੈ ਕਿ ਦੇਸ਼ ਦੇ ਅੰਦਰ ਕੰਮ ਕਰ ਰਹੇ ਅੱਤਵਾਦੀ ਹਥਿਆਰ ਅਤੇ ਗੋਲਾ ਬਾਰੂਦ ਕਿੱਥੋਂ ਪ੍ਰਾਪਤ ਕਰ ਰਹੇ ਹਨ ਅਤੇ ਉਨ੍ਹਾਂ ਦੇ ਫੰਡਿੰਗ ਦਾ ਸਰੋਤ ਕੀ ਹੈ! ਜਦੋਂ ਕਿ ਹਵਾਲਾ ਰਾਹੀਂ ਅੱਤਵਾਦੀ ਨੈੱਟਵਰਕਾਂ ਨੂੰ ਫੰਡਾਂ ਦਾ ਤਬਾਦਲਾ ਪਹਿਲਾਂ ਹੀ ਜਾਣਿਆ ਜਾਂਦਾ ਹੈ, ਕ੍ਰਿਪਟੋ ਕਰੰਸੀ ਦੀ ਭੂਮਿਕਾ ਨੂੰ ਵੀ ਇਸ ਮਿਸ਼ਰਣ ਵਿੱਚ ਜੋੜ ਦਿੱਤਾ ਗਿਆ ਹੈ। ਸੁਰੱਖਿਆ ਏਜੰਸੀਆਂ ਨੇ ਦਾਅਵਾ ਕੀਤਾ ਹੈ ਕਿ ਜਾਂਚਾਂ ਨੇ ਇੱਕ ਕ੍ਰਿਪਟੋ ਹਵਾਲਾ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ ਜੋ ਜੰਮੂ ਅਤੇ ਕਸ਼ਮੀਰ ਵਿੱਚ ਵਿਦੇਸ਼ੀ ਫੰਡਾਂ ਦੇ ਗੈਰ-ਕਾਨੂੰਨੀ ਪ੍ਰਵਾਹ ਨੂੰ ਸੁਵਿਧਾਜਨਕ ਬਣਾ ਰਿਹਾ ਹੈ। ਸਪੱਸ਼ਟ ਤੌਰ 'ਤੇ ਅਜਿਹੀ ਫੰਡਿੰਗ ਨਾ ਸਿਰਫ ਅੱਤਵਾਦੀਆਂ ਨੂੰ ਸਮੱਗਰੀ ਸਹਾਇਤਾ ਪ੍ਰਦਾਨ ਕਰਦੀ ਹੈ ਬਲਕਿ ਵੱਖਵਾਦੀ ਤੱਤਾਂ ਨੂੰ ਵੀ ਸਰਗਰਮ ਕਰਦੀ ਹੈ। ਇਹ ਸੁਰੱਖਿਆ ਬਲਾਂ ਲਈ ਇੱਕ ਨਵੀਂ ਚੁਣੌਤੀ ਪੇਸ਼ ਕਰਦਾ ਹੈ। ਅੱਤਵਾਦ ਦਾ ਵਧਦਾ ਖ਼ਤਰਾ ਵਿਸ਼ਵ ਸੁਰੱਖਿਆ ਲਈ ਇੱਕ ਵੱਡੀ ਚੁਣੌਤੀ ਬਣ ਗਿਆ ਹੈ। ਆਧੁਨਿਕ ਤਕਨਾਲੋਜੀ ਦੀ ਦੁਰਵਰਤੋਂ ਇਸ ਖਤਰੇ ਨੂੰ ਹੋਰ ਵੀ ਵਿਆਪਕ ਅਤੇ ਖਤਰਨਾਕ ਬਣਾ ਰਹੀ ਹੈ। ਭਾਰਤ ਅੱਤਵਾਦ ਤੋਂ ਸਭ ਤੋਂ ਵੱਧ ਪ੍ਰਭਾਵਿਤ ਦੇਸ਼ਾਂ ਵਿੱਚੋਂ ਇੱਕ ਹੈ। ਹਾਲਾਂਕਿ ਹਾਲ ਹੀ ਦੇ ਸਾਲਾਂ ਵਿੱਚ ਦੇਸ਼ ਦੇ ਅੰਦਰ ਅੱਤਵਾਦੀ ਹਮਲਿਆਂ ਦੀ ਗਿਣਤੀ ਵਿੱਚ ਕਮੀ ਆਈ ਹੈ, ਪਰ ਨਿਸ਼ਾਨਾ ਬਣਾਏ ਹਮਲਿਆਂ ਨੂੰ ਹੋਰ ਗੰਭੀਰ ਬਣਾਉਣ ਦੀਆਂ ਕੋਸ਼ਿਸ਼ਾਂ ਵਧੀਆਂ ਹਨ। 2016 ਵਿੱਚ ਪਠਾਨਕੋਟ ਹਮਲਾ, 2017 ਵਿੱਚ ਅਮਰਨਾਥ ਯਾਤਰੀਆਂ 'ਤੇ ਹਮਲਾ, 2019 ਵਿੱਚ ਪੁਲਵਾਮਾ ਹਮਲਾ ਅਤੇ ਪਿਛਲੇ ਸਾਲ ਪਹਿਲਗਾਮ ਵਿੱਚ ਸੈਲਾਨੀਆਂ ਨੂੰ ਨਿਸ਼ਾਨਾ ਬਣਾਉਣਾ ਇਸ ਦੀਆਂ ਉਦਾਹਰਣਾਂ ਹਨ। ਇਸ ਲਈ, ਸਰਹੱਦ ਪਾਰ ਤੋਂ ਘੁਸਪੈਠ ਨੂੰ ਰੋਕਣ ਅਤੇ ਅੱਤਵਾਦੀ ਫੰਡਿੰਗ ਨੈੱਟਵਰਕ ਨੂੰ ਭੰਗ ਕਰਨ ਲਈ ਇੱਕ ਵਿਆਪਕ ਅਤੇ ਪ੍ਰਭਾਵਸ਼ਾਲੀ ਰਣਨੀਤੀ ਵਿਕਸਤ ਕਰਨ ਦੀ ਲੋੜ ਹੈ।

-ਜਗਜੀਤ ਸਿੰਘ ਦਰਦੀ

# ਵਾਈਬ੍ਰੈਂਟ ਲੋਕਤੰਤਰ ਲਈ ਨਵੀਂ ਪੀੜ੍ਹੀ ਦੀ ਲੋੜ

## *ਨਿਤਿਨ ਨਬੀਨ ਦੀ ਨਿਯੁਕਤੀ ਭਾਰਤੀ ਰਾਜਨੀਤੀ ਵਿੱਚ ਨਵੀਂ ਪੀੜ੍ਹੀ ਦੇ ਉਭਾਰ ਦਾ ਪ੍ਰਤੀਕ*

## *ਭਾਰਤੀ ਰਾਜਨੀਤੀ ਵਿੱਚ ਨਵੀਂ ਪੀੜ੍ਹੀ ਦਾ ਉਭਾਰ ਅਤੇ ਬੀਜੇਪੀ ਦੀ ਨਵੀਂ ਲੀਡਰਸ਼ਿਪ*



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਭਾਰਤੀ ਰਾਜਨੀਤੀ ਵਿੱਚ ਨਵੀਂ ਪੀੜ੍ਹੀ ਦਾ ਉਭਾਰ ਅਤੇ ਨਿਤਿਨ ਨਬੀਨ ਦੀ ਭਾਜਪਾ ਪ੍ਰਧਾਨ ਵਜੋਂ ਨਿਯੁਕਤੀ 'ਤੇ ਇੱਕ ਵਿਆਪਕ ਵਿਚਾਰ-ਵਟਾਂਦਰਾ ਜਾਰੀ ਹੈ।ਭਾਰਤੀ ਰਾਜਨੀਤੀ ਦਾ ਲੈਂਡਸਕੇਪ ਹਮੇਸ਼ਾ ਤੋਂ ਹੀ ਗਤੀਸ਼ੀਲ ਰਿਹਾ ਹੈ, ਜਿੱਥੇ ਪੁਰਾਣੀਆਂ ਪਰੰਪਰਾਵਾਂ ਅਤੇ ਨਵੀਆਂ ਚੁਣੌਤੀਆਂ ਦਾ ਮੇਲ ਹੁੰਦਾ ਹੈ।

ਕੱਲ੍ਹ 20 ਜਨਵਰੀ 2026 ਨੂੰ, ਭਾਰਤੀ ਜਨਤਾ ਪਾਰਟੀ (ਬੀਜੇਪੀ) ਨੇ ਆਪਣੇ ਨਵੇਂ ਰਾਸ਼ਟਰੀ ਪ੍ਰਧਾਨ ਵਜੋਂ 45 ਸਾਲਾਂ ਦੇ ਨਿਤਿਨ ਨਬੀਨ ਨੂੰ ਚੁਣ ਕੇ ਇੱਕ ਨਵਾਂ ਅਧਿਆਇ ਖੋਲ੍ਹਿਆ ਹੈ। ਨਬੀਨ, ਜੋ ਬਿਹਾਰ ਦੇ ਇੱਕ ਛੋਟੇ ਜਿਹੇ ਸ਼ਹਿਰ ਤੋਂ ਆਉਂਦੇ ਹਨ ਅਤੇ ਪੰਜ ਵਾਰ ਵਿਧਾਇਕ ਰਹਿ ਚੁੱਕੇ ਹਨ, ਪਾਰਟੀ ਦੇ ਇਤਿਹਾਸ ਵਿੱਚ ਸਭ ਤੋਂ ਛੋਟੀ ਉਮਰ ਵਾਲੇ ਅਧਿਆਕਸ ਬਣੇ ਹਨ। ਅੱਜ ਇਹ ਨਿਯੁਕਤੀ ਨਾ ਕੇਵਲ ਬੀਜੇਪੀ ਦੀ ਅੰਦਰੂਨੀ ਗਤੀਸ਼ੀਲਤਾ ਨੂੰ ਦਰਸਾਉਂਦੀ ਹੈ ਬਲਕਿ ਭਾਰਤੀ ਰਾਜਨੀਤੀ ਵਿੱਚ ਨਵੀਂ ਪੀੜ੍ਹੀ ਦੇ ਉਭਾਰ ਬਾਰੇ ਇੱਕ ਵੱਡੀ ਚਰਚਾ ਛੇੜਦੀ ਹੈ। ਇਸ ਲੇਖ ਵਿੱਚ ਅਸੀਂ ਇਸ ਮੁੱਦੇ ਤੇ ਵਿਸਥਾਰ ਨਾਲ ਵਿਚਾਰ ਕਰਾਂਗੇ, ਨਿਤਿਨ ਨਬੀਨ ਦੇ ਭਾਸ਼ਣ ਨੂੰ ਸ਼ਾਮਲ ਕਰਾਂਗੇ, ਬੀਜੇਪੀ ਦੀ ਜਿੱਤ ਦੇ ਮੂਲ ਮੰਤਰ 'ਤੇ ਚਾਨਣਾ ਪਾਵਾਂਗੇ, ਅਤੇ ਇਹ ਵੀ ਵੇਖਾਂਗੇ ਕਿ ਹੋਰ ਰਾਜਨੀਤਿਕ ਪਾਰਟੀਆਂ ਕਿਉਂ ਆਪਣੇ ਪੁਰਾਣੇ ਅਤੇ ਥੱਕੇ ਹੋਏ ਚਿਹਰਿਆਂ ਤੋਂ ਨਿਜਾਤ ਨਹੀਂ ਪਾ ਰਹੀਆਂ।

ਬੀਜੇਪੀ ਦੀ ਨਵੀਂ ਲੀਡਰਸ਼ਿਪ ਨੇ ਇੱਕ ਨਵਾਂ ਮਾਡਲ ਬੀਜੇਪੀ, ਜੋ ਦੁਨੀਆਂ ਦੀ ਸਭ ਤੋਂ ਵੱਡੀ ਰਾਜਨੀਤਿਕ ਪਾਰਟੀ ਵਜੋਂ ਜਾਣੀ ਜਾਂਦੀ ਹੈ, ਨੇ ਹਮੇਸ਼ਾ ਆਪਣੇ ਵਰਕਰਾਂ ਨੂੰ ਉੱਚ ਅਹੁਦਿਆਂ ਤੱਕ ਪਹੁੰਚਾਉਣ ਵਿੱਚ ਵਿਸ਼ਵਾਸ ਰੱਖਿਆ ਹੈ। ਨਿਤਿਨ ਨਬੀਨ ਦੀ ਨਿਯੁਕਤੀ ਇਸ ਨੀਤੀ ਦਾ ਜੀਵੰਤ ਉਦਾਹਰਣ ਹੈ। ਉਹ ਬਿਹਾਰ ਵਿੱਚ ਬੈਂਕੀਪੁਰ ਵਿਧਾਨ ਸਭਾ ਸੀਟ ਤੋਂ ਪੰਜ ਵਾਰ ਵਿਧਾਇਕ ਚੁਣੇ ਗਏ ਹਨ ਅਤੇ ਪਾਰਟੀ ਵਿੱਚ ਆਰਐੱਸਐੱਸ ਅਤੇ ਭਾਰਤੀ ਜਨਤਾ ਯੁਵਾ ਮੋਰਚਾ ਨਾਲ ਜੁੜੇ ਰਹੇ ਹਨ। ਉਨ੍ਹਾਂ ਦੇ ਪਿਤਾ ਨਵੀਨ ਕਿਸ਼ੋਰ ਸਿਨਹਾ ਵੀ ਬੀਜੇਪੀ ਦੇ ਸੀਨੀਅਰ ਲੀਡਰ ਸਨ, ਪਰ ਨਬੀਨ ਨੇ ਆਪਣੀ ਮਿਹਨਤ ਨਾਲ ਇਹ ਮੁਕਾਮ ਹਾਸਲ ਕੀਤਾ ਹੈ। 2006 ਵਿੱਚ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਰਾਜਨੀਤੀ ਵਿੱਚ ਆਏ ਨਬੀਨ ਨੇ ਛੱਤੀਸਗੜ੍ਹ ਅਤੇ ਸਿੱਕਮ ਵਰਗੇ ਰਾਜਾਂ ਵਿੱਚ ਪਾਰਟੀ ਨੂੰ ਮਜ਼ਬੂਤ ਕੀਤਾ ਹੈ।

ਅੱਜ ਇਹ ਨਿਯੁਕਤੀ ਬੀਜੇਪੀ ਦੇ ਅੰਦਰੂਨੀ ਲੋਕਤੰਤਰ ਨੂੰ ਦਰਸਾਉਂਦੀ ਹੈ, ਜਿੱਥੇ ਆਮ ਵਰਕਰ ਵੀ ਉੱਚ ਅਹੁਦੇ ਤੱਕ ਪਹੁੰਚ ਸਕਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ, 'ਪਾਰਟੀ ਮਾਮਲਿਆਂ ਵਿੱਚ ਨਿਤਿਨ ਨਬੀਨ ਜੀ ਮੇਰੇ ਬੌਸ ਹਨ। ਮੈਂ ਤਾਂ ਇੱਕ ਵਰਕਰ ਹਾਂ।' ਇਹ ਬਿਆਨ ਬੀਜੇਪੀ ਦੀ ਵਰਕਰ-ਅਧਾਰਿਤ ਸੰਸਕ੍ਰਿਤੀ ਨੂੰ ਉਜਾਗਰ ਕਰਦਾ ਹੈ। ਬੀਜੇਪੀ ਨੇ ਪਹਿਲਾਂ ਵੀ ਅਜਿਹੇ ਉਦਾਹਰਣ ਦਿੱਤੇ ਹਨ, ਜਿਵੇਂ ਕਿ ਅਮਿਤ ਸ਼ਾਹ ਅਤੇ ਮੋਦੀ ਖੁਦ, ਜੋ ਬੂਥ ਲੈਵਲ ਤੋਂ ਉੱਠ ਕੇ ਉੱਚ ਅਹੁਦਿਆਂ ਤੱਕ ਪਹੁੰਚੇ ਹਨ। ਇਸ ਨਾਲ ਪਾਰਟੀ ਵਿੱਚ ਨਵੇਂ ਲੀਡਰਾਂ ਨੂੰ ਪ੍ਰੇਰਨਾ ਮਿਲਦੀ ਹੈ ਅਤੇ ਇਹ ਉਨ੍ਹਾਂ ਨੂੰ ਹੋਰ ਪਾਰਟੀਆਂ ਤੋਂ ਵੱਖ ਕਰਦੀ ਹੈ।

ਹੁਣ ਸਵਾਲ ਇਹ ਹੈ ਕਿ ਕੀ ਇਹ ਮਾਡਲ ਭਾਰਤੀ ਰਾਜਨੀਤੀ ਵਿੱਚ ਵਿਆਪਕ ਤੌਰ ਤੇ ਅਪਣਾਇਆ ਜਾ ਰਿਹਾ ਹੈ? ਅਤੇ ਜੇ ਨਹੀਂ, ਤਾਂ ਕਿਉਂ ਨਹੀਂ? ਅਸੀਂ ਇਸ 'ਤੇ ਅੱਗੇ ਵਿਚਾਰ ਕਰਾਂਗੇ।ਨਿਤਿਨ ਨਬੀਨ ਦਾ ਭਾਸ਼ਣ: ਯੂਥ ਨੂੰ ਰਾਜਨੀਤੀ ਵਿੱਚ ਸ਼ਾਮਲ ਹੋਣ ਦੀ ਅਪੀਲਨਿਤਿਨ ਨਬੀਨ ਨੇ ਆਪਣੇ ਪਹਿਲੇ ਭਾਸ਼ਣ ਵਿੱਚ ਯੂਥ ਨੂੰ ਰਾਜਨੀਤੀ ਵਿੱਚ ਸਰਗਰਮ ਹੋਣ ਦੀ ਅਪੀਲ ਕੀਤੀ। ਉਨ੍ਹਾਂ ਨੇ ਕਿਹਾ ਕਿ ਰਾਜਨੀਤੀ ਤੋਂ ਦੂਰ ਰਹਿਣਾ ਹੱਲ ਨਹੀਂ ਹੈ ਬਲਕਿ ਸਕਾਰਾਤਮਕ ਰਾਜਨੀਤੀ ਵਿੱਚ ਭਾਗ ਲੈਣਾ ਜ਼ਰੂਰੀ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਮੋਦੀ ਦੇ 'ਵਿਕਸਿਤ ਭਾਰਤ' ਦੇ ਸੰਕਲਪ ਨੂੰ ਪੂਰਾ ਕਰਨ ਲਈ ਯੂਥ ਨੂੰ ਅੱਗੇ ਆਉਣ ਲਈ ਕਿਹਾ।

**ਇੱਥੇ ਉਨ੍ਹਾਂ ਦੇ ਭਾਸ਼ਣ ਦੇ ਮੁੱਖ ਅੰਸ਼ ਹਨ-**

15 ਅਗਸਤ 2025 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਦੇ ਯੂਥ ਨੂੰ ਜਨਤਕ ਜੀਵਨ ਵਿੱਚ ਆਉਣ ਦੀ ਅਪੀਲ ਕੀਤੀ ਸੀ। ਮੈਂ ਦੇਸ਼ ਦੇ ਯੂਥ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਰਾਜਨੀਤੀ ਤੋਂ ਦੂਰੀ ਬਣਾਉਣਾ ਹੱਲ ਨਹੀਂ ਹੈ ਬਲਕਿ ਸਕਾਰਾਤਮਕ ਯੋਗਦਾਨ ਪਾਉਣਾ ਹੈ। ਯੂਥ ਨੂੰ ਅੱਗੇ ਆਉਣ ਦੀ ਲੋੜ ਹੈ ਅਤੇ ਰਾਜਨੀਤੀ ਵਿੱਚ ਭਾਗ ਲੈਣਾ ਚਾਹੀਦਾ ਹੈ ਤਾਂ ਜੋ ਪ੍ਰਧਾਨ ਮੰਤਰੀ ਮੋਦੀ ਦੇ ਵਿਕਸਿਤ ਭਾਰਤ ਦੇ ਸੰਕਲਪ ਨੂੰ ਪੂਰਾ ਕੀਤਾ ਜਾ ਸਕੇ।

ਉਨ੍ਹਾਂ ਨੇ ਰਾਜਨੀਤੀ ਨੂੰ ਇੱਕ ਮੈਰਾਥਨ ਵਜੋਂ ਵਰਣਨ ਕੀਤਾ, ਜਿੱਥੇ ਸਪੀਡ ਨਹੀਂ ਬਲਕਿ ਸਟੈਮਿਨਾ ਦੀ ਜਾਂਚ ਹੁੰਦੀ ਹੈ। ਉਨ੍ਹਾਂ ਨੇ ਕਿਹਾ, 'ਰਾਜਨੀਤੀ ਵਿੱਚ ਕੋਈ ਸ਼ਾਰਟਕੱਟ ਨਹੀਂ ਹੈ। ਇਹ 100 ਮੀਟਰ ਦੀ ਰੇਸ ਨਹੀਂ ਬਲਕਿ ਮੈਰਾਥਨ ਹੈ ਜਿੱਥੇ ਤੁਹਾਡੀ ਸਹਿਨਸ਼ੀਲਤਾ ਦੀ ਜਾਂਚ ਹੁੰਦੀ ਹੈ। ਅੱਗੇ ਆਓ ਅਤੇ ਇਸ ਰਾਜਨੀਤਿਕ ਮੈਦਾਨ 'ਤੇ ਕੰਮ ਕਰੋ, ਆਪਣੀਆਂ ਜੜ੍ਹਾਂ ਮਜ਼ਬੂਤ ਰੱਖ ਕੇ।' ਉਨ੍ਹਾਂ ਨੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਬੀਜੇਪੀ ਨੂੰ ਜਿੱਤਾਉਣ ਲਈ ਅਪੀਲ ਕੀਤੀ ਅਤੇ ਡੈਮੋਗ੍ਰਾਫਿਕ ਬਦਲਾਵਾਂ ਨੂੰ ਚੁਣੌਤੀ ਵਜੋਂ ਵੇਖਿਆ। ਉਨ੍ਹਾਂ ਨੇ ਡੀਐੱਮਕੇ, ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਉਹ ਸਨਾਤਨ ਪਰੰਪਰਾਵਾਂ ਨੂੰ ਰੋਕਣ ਵਾਲੀਆਂ ਤਾਕਤਾਂ ਨੂੰ ਹਰਾਉਣਾ ਚਾਹੀਦਾ ਹੈ। ਉਨ੍ਹਾਂ ਨੇ ਰਾਮ ਮੰਦਿਰ ਅੰਦੋਲਨ, ਆਰਟੀਕਲ 370 ਦੀ ਖਤਮੀ, ਮਹਿਲਾ ਸਨਮਾਨ ਅਤੇ ਟ੍ਰਿਪਲ ਤਲਾਕ ਵਿਰੋਧੀ ਕਾਨੂੰਨ ਵਰਗੇ ਮੁੱਦਿਆਂ ਨੂੰ ਵੀ ਜ਼ਿਕਰ ਕੀਤਾ।ਉਨ੍ਹਾਂ ਨੇ ਪਾਰਟੀ ਵਰਕਰਾਂ ਨੂੰ ਯਕੀਨ ਦਿੱਤਾ ਕਿ 'ਬੀਜੇਪੀ ਦਾ ਵਾਚਟਾਵਰ ਐਨਾ ਮਜ਼ਬੂਤ ਹੈ ਕਿ ਹਰ ਵਰਕਰ ਦੇ ਯੋਗਦਾਨ ਨੂੰ ਨੋਟ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਉਚਿਤ ਸਥਾਨ ਮਿਲਦਾ ਹੈ।' ਇਹ ਭਾਸ਼ਣ ਨਾ ਕੇਵਲ ਪਾਰਟੀ ਵਰਕਰਾਂ ਨੂੰ ਪ੍ਰੇਰਿਤ ਕਰਦਾ ਹੈ ਬਲਕਿ ਰਾਜਨੀਤੀ ਵਿੱਚ ਨਵੀਂ ਪੀੜ੍ਹੀ ਦੀ ਭੂਮਿਕਾ 'ਤੇ ਜ਼ੋਰ ਦਿੰਦਾ ਹੈ।

ਬੀਜੇਪੀ ਦੀ ਜਿੱਤ ਦਾ ਮੂਲ ਮੰਤਰ ਅੱਜ ਅੰਤਰਾਤਮਕ ਮਾਨਵਤਾਵਾਦ ਅਤੇ ਵਿਕਾਸ ਲਈ ਸਭਕਾ ਸਾਥ ਬੀਜੇਪੀ ਦੀ ਜਿੱਤ ਦਾ ਮੂਲ ਮੰਤਰ ਉਸ ਦੇ ਵਿਚਾਰਧਾਰਕ ਅਧਾਰ ਅਤੇ ਵਿਹਾਰਕ ਨੀਤੀਆਂ ਵਿੱਚ ਲੁਕਿਆ ਹੈ। ਪਾਰਟੀ ਦੀ ਵਿਚਾਰਧਾਰਾ 'ਅੰਤਰਾਤਮਕ ਮਾਨਵਤਾਵਾਦ' (ਇੰਟੀਗ੍ਰਲ ਹਿਊਮੈਨਿਜ਼ਮ) ਤੇ ਅਧਾਰਿਤ ਹੈ, ਜਿਸ ਨੂੰ ਪੰਡਿਤ ਦੀਨਦਿਆਲ ਉਪਾਧਿਆਏ ਨੇ ਪ੍ਰਸਤੁਤ ਕੀਤਾ ਸੀ। ਇਹ ਵਿਚਾਰਧਾਰਾ ਵਿਅਕਤੀ, ਸਮਾਜ ਅਤੇ ਰਾਸ਼ਟਰ ਨੂੰ ਇੱਕ ਸਮੁੱਚੇ ਵਜੋਂ ਵੇਖਦੀ ਹੈ ਅਤੇ ਵਿਕਾਸ ਨੂੰ ਸਭ ਨੂੰ ਨਾਲ ਲੈ ਕੇ ਚੱਲਣ ਵਾਲਾ ਮੰਨਦੀ ਹੈ।ਆਧੁਨਿਕ ਸੰਦਰਭ ਵਿੱਚ ਬੀਜੇਪੀ ਦਾ ਮੰਤਰ ਹੈ 'ਸਭਕਾ ਸਾਥ, ਸਭਕਾ ਵਿਕਾਸ, ਸਭਕਾ ਵਿਸ਼ਵਾਸ, ਸਭਕਾ ਪ੍ਰਯਾਸ'। ਇਹ ਨੀਤੀ ਸਮਾਵੇਸ਼ੀ ਵਿਕਾਸ 'ਤੇ ਜ਼ੋਰ ਦਿੰਦੀ ਹੈ, ਜਿੱਥੇ ਹਰ ਵਰਗ - ਗਰੀਬ, ਮਹਿਲਾ, ਯੂਥ, ਕਿਸਾਨ - ਨੂੰ ਲਾਭ ਮਿਲੇ। ਬੀਜੇਪੀ ਨੇ ਇਸ ਮੰਤਰ ਨੂੰ ਵਿਹਾਰ ਵਿੱਚ ਲਿਆਂਦਾ ਹੈ ਜਿਵੇਂ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ, ਆਯੂਸ਼ਮਾਨ ਭਾਰਤ, ਡਿਜੀਟਲ ਇੰਡੀਆ ਅਤੇ ਮੇਕ ਇਨ ਇੰਡੀਆ ਵਰਗੀਆਂ ਯੋਜਨਾਵਾਂ ਨਾਲ। ਰਾਸ਼ਟਰਵਾਦ ਅਤੇ ਸੰਸਕ੍ਰਿਤਿਕ ਮਾਣ ਵੀ ਇਸ ਮੰਤਰ ਦਾ ਹਿੱਸਾ ਹੈ, ਜਿਵੇਂ ਕਿ ਰਾਮ ਮੰਦਿਰ ਨਿਰਮਾਣ ਅਤੇ ਆਰਟੀਕਲ 370 ਦੀ ਖਤਮੀ।ਇਸ ਮੰਤਰ ਨੇ ਬੀਜੇਪੀ ਨੂੰ 2014 ਅਤੇ 2019 ਵਿੱਚ ਵੱਡੀਆਂ ਜਿੱਤਾਂ ਦਿੱਤੀਆਂ ਹਨ ਅਤੇ ਇਹ ਪਾਰਟੀ ਨੂੰ ਯੂਥ ਅਤੇ ਨਵੇਂ ਵੋਟਰਾਂ ਨਾਲ ਜੋੜਦਾ ਹੈ। ਅੱਜ ਨਿਤਿਨ ਨਬੀਨ ਵਰਗੇ ਨੌਜਵਾਨ ਲੀਡਰ ਇਸ ਮੰਤਰ ਨੂੰ ਆਧੁਨਿਕ ਤਕਨੀਕਾਂ ਜਿਵੇਂ ਕਿ ਏਆਈ ਅਤੇ ਸੋਸ਼ਲ ਮੀਡੀਆ ਨਾਲ ਜੋੜ ਕੇ ਅੱਗੇ ਵਧਾਉਣ ਵਿੱਚ ਸਹਾਇਕ ਹੋਣਗੇ।ਹੋਰ ਪਾਰਟੀਆਂ ਕਿਉਂ ਨਹੀਂ ਅਪਣਾਉਂਦੀਆਂ ਇਹ ਸਿੱਖਿਆ ਯੂਜ਼ਰ ਨੇ ਪੁੱਛਿਆ ਹੈ ਕਿ ਹੋਰ ਰਾਜਨੀਤਿਕ ਪਾਰਟੀਆਂ ਆਪਣੇ 85-90 ਸਾਲਾਂ ਦੇ ਥੱਕੇ ਹੋਏ ਚਿਹਰਿਆਂ ਤੋਂ ਨਿਜਾਤ ਕਿਉਂ ਨਹੀਂ ਪਾ ਰਹੀਆਂ ਅਤੇ ਬੀਜੇਪੀ ਵਰਗੀ ਨੌਜਵਾਨ ਲੀਡਰਸ਼ਿਪ ਨੂੰ ਕਿਉਂ ਨਹੀਂ ਅਪਣਾਉਂਦੀਆਂ। ਇਹ ਇੱਕ ਵੈਧ ਸਵਾਲ ਹੈ ਅਤੇ ਇਸ ਦੇ ਜਵਾਬ ਵਿੱਚ ਅਸੀਂ ਨਿਰਪੱਖ ਵਿਸ਼ਲੇਸ਼ਣ ਕਰਾਂਗੇ। ਸਭ ਤੋਂ ਪਹਿਲਾਂ, ਇੰਡੀਅਨ ਨੈਸ਼ਨਲ ਕਾਂਗਰਸ (ਕਾਂਗਰਸ) ਨੂੰ ਵੇਖੀਏ। ਕਾਂਗਰਸ ਭਾਰਤ ਦੀ ਸਭ ਤੋਂ ਪੁਰਾਣੀ ਪਾਰਟੀ ਹੈ ਅਤੇ ਇਹ ਪਰਿਵਾਰਵਾਦ (ਡਾਇਨੈਸਟਿਕ ਪਾਲਿਟਿਕਸ) ਨਾਲ ਜੁੜੀ ਹੋਈ ਹੈ। ਗਾਂਧੀ ਪਰਿਵਾਰ - ਜਵਾਹਰਲਾਲ ਨਹਿਰੂ ਤੋਂ ਰਾਹੁਲ ਗਾਂਧੀ ਤੱਕ - ਪਾਰਟੀ ਦੇ ਕੇਂਦਰ ਵਿੱਚ ਰਿਹਾ ਹੈ। ਰਾਹੁਲ ਗਾਂਧੀ ਦੀ ਉਮਰ 55 ਸਾਲ ਹੈ ਅਤੇ ਸੋਨੀਆ ਗਾਂਧੀ 79 ਸਾਲਾਂ ਦੀ ਹਨ। ਪਾਰਟੀ ਵਿੱਚ ਨੌਜਵਾਨ ਲੀਡਰ ਜਿਵੇਂ ਕਿ ਸਚਿਨ ਪਾਇਲਟ ਜਾਂ ਜਯੋਤਿਰਾਦਿੱਤ ਸਿੰਧੀਆ ਹਨ, ਪਰ ਉਨ੍ਹਾਂ ਨੂੰ ਉੱਚ ਅਹੁਦੇ ਨਹੀਂ ਦਿੱਤੇ ਜਾਂਦੇ। ਇਸ ਦਾ ਕਾਰਨ ਹੈ ਪਰਿਵਾਰਕ ਨਿਯੰਤਰਣ ਅਤੇ ਭਰੋਸੇ ਦੀ ਘਾਟ। ਕਾਂਗਰਸ ਨੇ 2019 ਅਤੇ 2024 ਵਿੱਚ ਹਾਰਾਂ ਖਾਧੀਆਂ ਹਨ, ਪਰ ਇਹ ਪੁਰਾਣੇ ਚਿਹਰਿਆਂ ਤੋਂ ਅੱਗੇ ਨਹੀਂ ਵੱਧ ਰਹੀ।

ਇਹ ਪਾਰਟੀ ਨੂੰ ਨੌਜਵਾਨ ਵੋਟਰਾਂ ਤੋਂ ਦੂਰ ਕਰ ਰਿਹਾ ਹੈ, ਜੋ ਭਾਰਤ ਦੀ ਆਬਾਦੀ ਦਾ 65% ਹਨ।ਹੋਰ ਰਾਜਨੀਤਿਕ ਪਾਰਟੀਆਂ ਵਿੱਚ ਵੀ ਇਹੀ ਹਾਲ ਹੈ। ਸਮਾਜਵਾਦੀ ਪਾਰਟੀ (ਐੱਸਪੀ) ਵਿੱਚ ਅਖਿਲੇਸ਼ ਯਾਦਵ ਪਰਿਵਾਰਕ ਵਿਰਾਸਤ ਨਾਲ ਜੁੜੇ ਹਨ। ਬਹੁਜਨ ਸਮਾਜ ਪਾਰਟੀ (ਬੀਐੱਸਪੀ) ਵਿੱਚ ਮਾਇਆਵਤੀ ਲੰਮੇ ਸਮੇਂ ਤੋਂ ਲੀਡਰ ਹਨ ਅਤੇ ਨੌਜਵਾਨ ਲੀਡਰਸ਼ਿਪ ਨੂੰ ਉਤਸ਼ਾਹਿਤ ਨਹੀਂ ਕਰ ਰਹੀਆਂ। ਤ੍ਰਿਣਮੂਲ ਕਾਂਗਰਸ ਵਿੱਚ ਮਮਤਾ ਬੈਨਰਜੀ ਅਤੇ ਉਨ੍ਹਾਂ ਦੇ ਭਤੀਜੇ ਅਭਿਸ਼ੇਕ ਬੈਨਰਜੀ ਵਰਗੇ ਚਿਹਰੇ ਹਨ, ਪਰ ਇਹ ਵੀ ਪਰਿਵਾਰਕ ਹੈ। ਆਮ ਆਦਮੀ ਪਾਰਟੀ (ਏਏਪੀ) ਕੁਝ ਹੱਦ ਤੱਕ ਨੌਜਵਾਨ ਹੈ, ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਵਰਗੇ ਲੀਡਰਾਂ ਨਾਲ, ਪਰ ਇੱਥੇ ਵੀ ਕੇਂਦਰੀ ਨਿਯੰਤਰਣ ਹੈ।ਪੰਜਾਬ ਵਿੱਚ ਹਾਲਤ ਵੀ ਇਸੇ ਤਰ੍ਹਾਂ ਹੈ। ਸ਼੍ਰੋਮਣੀ ਅਕਾਲੀ ਦਲ (ਐੱਸਏਡੀ) ਬਾਦਲ ਪਰਿਵਾਰ ਨਾਲ ਜੁੜਿਆ ਹੈ - ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਵਰਗੇ ਪੁਰਾਣੇ ਚਿਹਰੇ ਹਨ, ਜਦਕਿ ਏਏਪੀ ਵਿੱਚ ਭਗਵੰਤ ਮਾਨ ਨੌਜਵਾਨ ਹੈ ਪਰ ਪਾਰਟੀ ਕੇਂਦਰੀ ਹੈ। ਇਨ੍ਹਾਂ ਪਾਰਟੀਆਂ ਵਿੱਚ ਨੌਜਵਾਨ ਲੀਡਰਾਂ ਨੂੰ ਅੱਗੇ ਨਹੀਂ ਲਿਆਂਦਾ ਜਾਂਦਾ ਕਿਉਂਕਿ ਇੱਥੇ ਰਵਾਇਤੀ ਨੇਤਾਵਾਂ ਦਾ ਨਿਯੰਤਰਣ ਹੈ ਅਤੇ ਨਵੇਂ ਲੀਡਰਾਂ ਨੂੰ ਉਭਾਰਨ ਨਾਲ ਪਾਵਰ ਗੁਆਉਣ ਦਾ ਡਰ ਹੈ। ਅੱਜ ਇਹ ਪਾਰਟੀਆਂ ਨੌਜਵਾਨ ਵੋਟਰਾਂ ਅਤੇ ਆਧੁਨਿਕ ਮੁੱਦਿਆਂ ਜਿਵੇਂ ਕਿ ਬੇਰੁਜ਼ਗਾਰੀ, ਵਾਤਾਵਰਣ ਅਤੇ ਡਿਜੀਟਲ ਅਰਥਵਿਵਸਥਾ ਨਾਲ ਜੁੜ ਨਹੀਂ ਸਕਦੀਆਂ।ਇਸ ਦੇ ਉਲਟ, ਬੀਜੇਪੀ ਵਿੱਚ ਵਰਕਰ-ਅਧਾਰਿਤ ਪ੍ਰਣਾਲੀ ਹੈ ਜੋ ਨਵੇਂ ਟੈਲੇਂਟ ਨੂੰ ਉਤਸ਼ਾਹਿਤ ਕਰਦੀ ਹੈ। ਹੋਰ ਪਾਰਟੀਆਂ ਇਸ ਨੂੰ ਅਪਣਾ ਨਹੀਂ ਰਹੀਆਂ ਕਿਉਂਕਿ ਉਨ੍ਹਾਂ ਵਿੱਚ ਅੰਦਰੂਨੀ ਲੋਕਤੰਤਰ ਦੀ ਘਾਟ ਹੈ ਅਤੇ ਪਰਿਵਾਰਕ ਜਾਂ ਨਿੱਜੀ ਹਿੱਤ ਪ੍ਰਮੁੱਖ ਹਨ ਪਰ ਜੇ ਉਹ ਅਪਣਾਉਣ ਤਾਂ ਭਾਰਤੀ ਲੋਕਤੰਤਰ ਹੋਰ ਵੀ ਮਜ਼ਬੂਤ ਹੋ ਜਾਵੇਗਾ।

ਅੱਜ ਨਵੀਂ ਪੀੜ੍ਹੀ ਦੇ ਉਭਾਰ ਦੇ ਲਾਭ ਅਤੇ ਚੁਣੌਤੀਆਂਨਵੀਂ ਪੀੜ੍ਹੀ ਦੇ ਲੀਡਰਾਂ ਦਾ ਉਭਾਰ ਭਾਰਤੀ ਰਾਜਨੀਤੀ ਲਈ ਚੰਗਾ ਹੈ। ਉਹ ਨੌਜਵਾਨ ਵੋਟਰਾਂ ਨਾਲ ਜੁੜ ਸਕਦੇ ਹਨ, ਜੋ ਭਾਰਤ ਵਿੱਚ 18-35 ਸਾਲਾਂ ਦੇ ਲਗਭਗ 40% ਵੋਟਰ ਹਨ। ਉਹ ਆਧੁਨਿਕ ਮੁੱਦਿਆਂ ਜਿਵੇਂ ਕਿ ਏਆਈ, ਜਲਵਾਯੂ ਬਦਲਾਅ ਅਤੇ ਸਟਾਰਟਅੱਪਸ ਤੇ ਵਧੇਰੇ ਧਿਆਨ ਦਿੰਦੇ ਹਨ। ਨਿਤਿਨ ਨਬੀਨ ਵਰਗੇ ਲੀਡਰ ਰੇਡੀਓ ਤੋਂ ਏਆਈ ਤੱਕ ਦੇ ਅਨੁਭਵ ਨਾਲ ਆਉਂਦੇ ਹਨ, ਜੋ ਪੁਰਾਣੇ ਲੀਡਰਾਂ ਵਿੱਚ ਨਹੀਂ ਹੈ। ਹੁਣ ਚੁਣੌਤੀਆਂ ਵੀ ਹਨ ਤੇ ਨੌਜਵਾਨ ਲੀਡਰਾਂ ਵਿੱਚ ਅਨੁਭਵ ਦੀ ਘਾਟ ਹੋ ਸਕਦੀ ਹੈ, ਜਿਸ ਨਾਲ ਗਲਤੀਆਂ ਹੋ ਸਕਦੀਆਂ ਹਨ।

ਅੱਜ ਵਾਈਬ੍ਰੈਂਟ ਲੋਕਤੰਤਰ ਲਈ ਨਵੀਂ ਪੀੜ੍ਹੀ ਦੀ ਲੋੜਨਿਤਿਨ ਨਬੀਨ ਦੀ ਨਿਯੁਕਤੀ ਭਾਰਤੀ ਰਾਜਨੀਤੀ ਵਿੱਚ ਨਵੀਂ ਪੀੜ੍ਹੀ ਦੇ ਉਭਾਰ ਦਾ ਪ੍ਰਤੀਕ ਹੈ। ਬੀਜੇਪੀ ਨੇ ਇਸ ਨੂੰ ਅਪਣਾ ਕੇ ਆਪਣੀ ਮਜ਼ਬੂਤੀ ਵਧਾਈ ਹੈ, ਪਰ ਹੋਰ ਪਾਰਟੀਆਂ ਨੂੰ ਵੀ ਇਹ ਸਿੱਖਣਾ ਚਾਹੀਦਾ ਹੈ। ਪਰਿਵਾਰਵਾਦ ਅਤੇ ਪੁਰਾਣੇ ਚਿਹਰਿਆਂ ਤੋਂ ਅੱਗੇ ਵਧ ਕੇ ਹੀ ਭਾਰਤੀ ਲੋਕਤੰਤਰ ਵਾਈਬ੍ਰੈਂਟ ਬਣੇਗਾ। ਯੂਥ ਨੂੰ ਰਾਜਨੀਤੀ ਵਿੱਚ ਆਉਣਾ ਚਾਹੀਦਾ ਹੈ ਤਾਂ ਜੋ ਦੇਸ਼ ਦੇ ਭਵਿੱਖ ਨੂੰ ਬਿਹਤਰ ਬਣਾਇਆ ਜਾ ਸਕੇ।

# ਨਵਾਂ ਅਕਾਲੀ ਦਲ ਉਡਣ ਤੋਂ ਪਹਿਲਾਂ ਲੜਖੜਾਇਆ

- ਗਿਆਨੀ ਹਰਪ੍ਰੀਤ ਸਿੰਘ ਦੇ ਹੱਥੋਂ ਜਾ ਸਕਦੀ ਹੈ ਪ੍ਰਧਾਨਗੀ, 22 ਜਨਵਰੀ ਨੂੰ ਪੁਨਰ ਸੁਰਜੀਤ ਅਕਾਲੀ ਦਲ ਦੀ ਹੰਗਾਮੀ ਮੀਟਿੰਗ
- ਪਰਮਜੀਤ ਕੌਰ ਗੁਲਸ਼ਨ ਨੂੰ ਪ੍ਰਧਾਨ ਅਤੇ ਸੁਰਜੀਤ ਸਿੰਘ ਰੱਖੜਾ ਤੇ ਇਕਬਾਲ ਸਿੰਘ ਝੂੰਦਾ ਨੂੰ ਵਰਕਿੰਗ ਪ੍ਰਧਾਨ ਲਾਉਣ ਦੀ ਯੋਜਨਾ
- ਪਰਮਜੀਤ ਕੌਰ ਲਾਂਡਰਾਂ ਬਣ ਸਕਦੇ ਨੇ ਇਸਤਰੀ ਅਕਾਲੀ ਦਲ ਦੇ ਪ੍ਰਧਾਨ, ਜਦ ਕਿ ਹਰਿੰਦਰਪਾਲ ਸਿੰਘ ਚੰਦੂਮਾਜਰਾ ਹੋਣਗੇ ਯੂਥ ਦੇ ਪ੍ਰਧਾਨ
- ਗਿਆਨੀ ਹਰਪ੍ਰੀਤ ਸਿੰਘ ਜੀ ਦੀ ਟੀ.ਵੀ. ਇੰਟਰਵਿਊ ਨੇ ਪਾ ਦਿੱਤਾ ਵੱਡਾ ਖਿਲਾਰਾ, ਪ੍ਰਧਾਨ ਵਜੋਂ ਉਹਨਾਂ ਦਾ ਕਾਰਜਕਾਲ ਨਹੀਂ ਰਿਹਾ ਤਸੱਲੀਬਖਸ਼

ਕਮਲਜੀਤ ਸਿੰਘ ਬਨਵੈਤ
98147 34035



ਪੰਜਾਬ ਦੀ ਸਿਆਸਤ ਕਈ ਚਿਰਾਂ ਤੋਂ ਦਿਲ ਦੀ ਈ ਸੀ ਜੀ ਦੀਆਂ ਲਾਈਨਾਂ ਦੀ ਤਰ੍ਹਾਂ ਉੱਪਰ ਹੇਠਾਂ ਹੁੰਦੀ ਆ ਰਹੀ ਹੈ। ਰੋਗ ਤਾਂ ਕਈ ਚਿਰਾਂ ਤੋਂ ਹੱਥ ਲੱਗ ਚੁੱਕਾ ਹੈ ਪਰ ਇਲਾਜ ਕਰਨ ਵਾਲਾ ਕੋਈ ਵੈਦ ਮਿਲ ਨਹੀਂ ਰਿਹਾ ਹੈ। ਦਾਗ਼ੀਆਂ ਤੋਂ ਅੱਡ ਹੋ ਕੇ ਬਾਗ਼ੀਆਂ ਨੇ ਸ਼੍ਰੀ ਅਕਾਲ ਤਖ਼ਤ ਸਾਹਿਬ ਦਾ ਆਸਰਾ ਭਾਲਿਆ ਸੀ। ਇੱਕ ਧੜੇ ਨੇ ਸ਼੍ਰੀ ਅਕਾਲ ਤਖ਼ਤ ਸਾਹਿਬ ਵੱਲ ਨੂੰ ਪਿੱਠ ਦਿਖਾ ਦਿੱਤੀ ਜਦ ਕਿ ਦੂਜਾ ਧੜਾ ਸ਼੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੋ ਕੇ ਨਹੀਂ ਨਿਭ ਸਕਿਆ ਹੈ। ਦੋਵੇਂ ਧੜੇ ਅੱਕੀਂ ਪਲਾਹੀ ਹੱਥ ਮਾਰ ਰਹੇ ਹਨ। ਸ਼੍ਰੀ ਅਕਾਲ ਤਖ਼ਤ ਸਾਹਿਬ ਤੋਂ ਕਥਿਤ ਤੌਰ 'ਤੇ ਭਗੌੜੇ ਹੋਣ ਅਤੇ ਪੰਥ ਪ੍ਰਵਾਨਗੀ ਤੋਂ ਬਿਨਾਂ ਹੀ ਉਡਾਨ ਭਰਨ ਲਈ ਕਾਹਲੇ ਹਨ । ਪੁਨਰ ਸੁਰਜੀਤ ਅਕਾਲੀ ਦਲ ਨੂੰ ਸੰਗਤਾਂ ਦਾ ਵੱਡਾ ਹੁੰਗਾਰਾ ਵੀ ਮਿਲਿਆ ਪਰ ਉਹ ਆਪਣੇ ਭਾਰ ਆਪ ਡਿੱਗਣ ਲੱਗਾ ਹੈ।

ਪੁਨਰ ਸੁਰਜੀਤ ਅਕਾਲੀ ਦਲ ਦੀ ਉੱਪਰਲੀ ਲੀਡਰਸ਼ਿਪ ਜਿਹਨੇ ਸੁਖਬੀਰ ਸਿੰਘ ਬਾਦਲ ਤੋਂ ਬਾਗ਼ੀ ਹੋ ਕੇ ਨਾਤਾ ਤੋੜਿਆ ਸੀ। ਸ਼ੁਰੂ ਵਿੱਚ ਦੋਵੇਂ ਧਿਰਾਂ ਬਾਗ਼ੀਆਂ ਤੇ ਦਾਗੀਆਂ ਵਿੱਚ ਵੰਡੀਆਂ ਗਈਆਂ ਸਨ। ਫਿਰ ਇਹ ਸੁਧਾਰ ਲਹਿਰ ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਪਿਛਲੇ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਨਾਂ ਨਾਲ ਪਛਾਣ ਬਣਾਈ ਹੈ, ਲੇਕਿਨ ਆਪਣੇ ਕੰਮਾਂ ਕਰਕੇ ਨਹੀਂ।

ਸ਼੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਸੱਤ ਮੈਂਬਰੀ ਕਮੇਟੀ ਜਿਹੜੀ ਕਿ ਬਾਅਦ ਵਿੱਚ ਪੰਜ ਮੈਂਬਰੀ ਰਹਿ ਗਈ ਸੀ, ਨੇ ਨਵੇਂ ਅਕਾਲੀ ਦਲ ਲਈ 15 ਲੱਖ ਦੀ ਭਰਤੀ ਕੀਤੀ। ਇਸ ਤੋਂ ਪਹਿਲਾਂ ਸੁਖਬੀਰ ਸਿੰਘ ਬਾਦਲ ਦਾ ਧੜਾ 10 ਲੱਖ ਦੀ ਭਰਤੀ ਕਰਨ ਵਿੱਚ ਕਾਮਯਾਬ ਹੋ ਗਿਆ ਸੀ। ਭਰਤੀ ਕਰਨ ਤੋਂ ਲੈ ਕੇ ਜਨਰਲ ਇਜਲਾਸ ਸੱਦਣ ਤੱਕ ਨਵੇਂ ਅਕਾਲੀ ਦਲ ਨੇ ਕਈ ਉਤਰਾਅ ਚੜ੍ਹਾਅ ਦੇਖੇ। ਜਨਰਲ ਇਜਲਾਸ ਦੀ ਥਾਂ ਨੂੰ ਲੈ ਕੇ ਕਈ ਚਿਰ ਰੇੜਕਾ ਪਿਆ ਰਿਹਾ। ਚੋਣ ਵੇਲੇ ਪ੍ਰਧਾਨਗੀ ਦਾ ਗੁਣਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਉੱਤੇ ਪਾਉਣਾ ਪਿਆ ਜਦ ਕਿ ਬੀਬੀ ਸਤਵੰਤ ਕੌਰ ਨੂੰ ਪੰਥਕ ਕੌਂਸਲ ਦੀ ਚੇਅਰਪਰਸਨ ਬਣਾ ਦਿੱਤਾ ਗਿਆ ਸੀ। ਬੀਬੀ ਸਤਵੰਤ ਕੌਰ ਸ਼ਹੀਦ ਭਾਈ ਅਮਰੀਕ ਸਿੰਘ ਦੀ ਪੁੱਤਰੀ ਹਨ। ਗਿਆਨੀ ਹਰਪ੍ਰੀਤ ਸਿੰਘ ਚਾਲ ਨਾ ਫੜ ਸਕੇ ਸ਼ਾਇਦ ਇਸ ਕਰਕੇ ਕਿ ਮਨਪ੍ਰੀਤ ਸਿੰਘ ਇਆਲੀ ਅਤੇ ਬੀਬੀ ਸਤਵੰਤ ਕੌਰ ਫਾਸਲਾ ਰੱਖ ਕੇ ਤੁਰਦੇ ਰਹੇ। ਨਵੇਂ ਅਕਾਲੀ ਦਲ ਨੂੰ ਵਿੱਤੀ ਢੋਈ ਵੀ ਨਾ ਮਿਲੀ।

ਸੰਗਤ ਵਿੱਚੋਂ ਨਿਰਾਸ਼ਾ ਦੀਆਂ ਕੰਨਸੋਆਂ ਕੰਨੀ ਪੈਣ ਲੱਗੀਆਂ ਤਾਂ ਮੂਹਰਲੀ ਕਤਾਰ ਦੇ ਨੇਤਾਵਾਂ ਨੇ ਆਪਣੇ ਪੱਧਰ 'ਤੇ ਇੱਕ ਮੀਟਿੰਗ ਸੱਦ ਲਈ, ਜਿਸ ਵਿੱਚ ਗਿਆਨੀ ਹਰਪ੍ਰੀਤ ਸਿੰਘ ਦੀ ਖੁੱਲ੍ਹ ਕੇ ਆਲੋਚਨਾ ਹੋਈ। ਮਹਿਸੂਸ ਕੀਤਾ ਗਿਆ ਕਿ ਇੱਕ 11 ਮੈਂਬਰੀ ਕਮੇਟੀ ਬਣਾ ਕੇ ਨਵੇਂ ਅਕਾਲੀ ਦਲ ਦੀ ਲਗਾਮ ਉਸਦੇ ਹੱਥ ਦੇ ਦਿੱਤੀ ਜਾਵੇ। ਉਸ ਤੋਂ ਬਾਅਦ ਗਿਆਨੀ ਹਰਪ੍ਰੀਤ ਸਿੰਘ ਇੱਕ ਮੀਡੀਆ ਚੈਨਲ ਉੱਤੇ ਜਿਹੜੀ ਇੰਟਰਵਿਊ ਦਿੰਦੇ ਹਨ, ਉਸ ਵਿੱਚ ਇੱਕ ਤਰ੍ਹਾਂ ਨਾਲ ਆਪਣੇ ਦਿਲ ਦਾ ਗੁੱਭ ਗਲਾਟ ਤਾਂ ਕੱਢਦੇ ਹੀ ਹਨ, ਨਾਲ ਦੀ ਨਾਲ ਇਹ ਇਲਜ਼ਾਮ ਵੀ ਲਾਉਂਦੇ ਹਨ ਕਿ ਉਹਨਾਂ ਨੂੰ ਸਹਿਯੋਗ ਨਹੀਂ ਮਿਲਿਆ ਹੈ। ਉਹਨਾਂ ਨੇ ਪ੍ਰਧਾਨਗੀ ਦੇ ਅਹੁਦੇ ਤੋਂ ਕਈ ਵਾਰ ਅਸਤੀਫਾ ਦੇਣ ਗੱਲ ਵੀ ਸਾਂਝੀ ਕੀਤੀ । ਨਵੇਂ ਅਕਾਲੀ ਦਲ ਵਿੱਚ ਇੱਕ ਮੱਤ ਇਹ ਵੀ ਹੈ ਕਿ ਧਾਰਮਿਕ ਨੇਤਾ ਵਜੋਂ ਪਛਾਣ ਬਣਾ ਚੁੱਕੇ ਗਿਆਨੀ ਹਰਪ੍ਰੀਤ ਸਿੰਘ ਸਿਆਸਤ ਦੇ ਖੇਤਰ ਵਿੱਚ ਆਪਣੀ ਪੈਂਠ ਨਹੀਂ ਜਮਾ ਸਕੇ।

ਗਿਆਨੀ ਹਰਪ੍ਰੀਤ ਸਿੰਘ ਦੀ ਜੱਗ ਜ਼ਾਹਰ ਹੋਈ ਇੰਟਰਵਿਊ ਤੋਂ ਬਾਅਦ ਹੁਣ ਨਵੇਂ ਅਕਾਲੀ ਦਲ ਦੇ ਉੱਪਰਲੇ ਲੀਡਰਾਂ ਨੇ 22 ਜਨਵਰੀ ਨੂੰ ਇੱਕ ਮੀਟਿੰਗ ਸੱਦ ਲਈ ਹੈ। ਮੀਟਿੰਗ ਤੋਂ ਪਹਿਲਾਂ ਬੰਦ ਕਮਰਾ ਹੋਈ ਮਿਲਣੀ ਵਿੱਚ ਕੁਝ ਅਹਿਮ ਫ਼ੈਸਲੇ ਲਏ ਗਏ ਹਨ। ਇਹਨਾਂ ਫੈਸਲਿਆਂ ਨਾਲ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਉਡਾਨ ਭਰਨ ਵੱਲ ਵੱਧ ਵੀ ਸਕਦਾ ਹੈ ਤੇ ਉਹ ਇਹ ਵੀ ਹੋ ਸਕਦਾ ਹੈ ਕਿ ਪਹਿਲਾਂ ਨਾਲੋਂ ਵੀ ਬੁਰੀ ਤਰ੍ਹਾਂ ਮੂਧੇ ਮੂੰਹ ਹੋ ਕੇ ਡਿੱਗੇ। ਬੰਦ ਕਮਰਾ ਮੀਟਿੰਗ ਵਿੱਚ ਲਾਈਵ ਫੈਸਲਿਆਂ ਮੁਤਾਬਕ ਗਿਆਨੀ ਹਰਪ੍ਰੀਤ ਸਿੰਘ ਦੀ ਥਾਂ ਸਾਬਕਾ ਮੈਂਬਰ ਪਾਰਲੀਮੈਂਟ ਬੀਬੀ ਪਰਮਜੀਤ ਕੌਰ ਗੁਲਸ਼ਨ ਨੂੰ ਪ੍ਰਧਾਨ ਬਣਾਏ ਜਾਣ ਦੀ ਯੋਜਨਾ ਹੈ। ਉਹਨਾਂ ਦੇ ਪਤੀ ਜਸਟਿਸ ਨਿਰਮਲ ਸਿੰਘ ਵੀ ਨਵੇਂ ਅਕਾਲੀ ਦਲ ਵਿੱਚ ਸਰਗਰਮੀ ਨਾਲ ਕੰਮ ਕਰ ਰਹੇ ਹਨ। ਨਾਲ ਹੀ ਦੋ ਵਰਕਿੰਗ ਪ੍ਰਧਾਨ ਲਾਉਣ 'ਤੇ ਸਹਿਮਤੀ ਬਣੀ ਹੈ, ਜਿਨ੍ਹਾਂ ਵਿੱਚ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਅਤੇ ਸਾਬਕਾ ਵਿਧਾਇਕ ਇਕਬਾਲ ਸਿੰਘ ਝੂੰਦਾ ਦਾ ਨਾਂ ਚੱਲਦਾ ਹੈ। ਯੂਥ ਵਿੰਗ ਦੀ ਜ਼ਿੰਮੇਵਾਰੀ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਦੇ ਫਰਜ਼ੰਦ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੂੰ ਦੇਣ ਉੱਤੇ ਸਹਿਮਤੀ ਬਣੀ ਹੈ। ਇਹ ਵੀ ਵਿਚਾਰ ਸਾਹਮਣੇ ਆਇਆ ਕਿ ਇਸਤਰੀ ਵਿੰਗ ਦੇ ਪ੍ਰਧਾਨ ਦੀ ਜ਼ਿੰਮੇਵਾਰੀ ਬੀਬੀ ਪਰਮਜੀਤ ਕੌਰ ਲਾਂਡਰਾਂ ਨੂੰ ਦਿੱਤੀ ਜਾਵੇ। ਉਹ ਮੋਹਾਲੀ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਹਨ ਅਤੇ ਸੁਖਬੀਰ ਸਿੰਘ ਬਾਦਲ ਦੇ ਖਿਲਾਫ਼ ਬਗ਼ਾਵਤ ਕਰਨ ਵਾਲਿਆਂ ਵਿੱਚ ਮੋਹਰੀ ਰਹੇ ਹਨ।

ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੀ ਅੱਜ ਦੀ ਮੀਟਿੰਗ ਵਿੱਚ ਕੀ ਭਾਣਾ ਵਾਪਰਦਾ ਹੈ ਇਹ ਤਾਂ ਸਮੇਂ 'ਤੇ ਛੱਡਣਾ ਬਣਦਾ ਹੈ ਪਰ ਆਸਾਰ ਗਿਆਨੀ ਹਰਪ੍ਰੀਤ ਸਿੰਘ ਪ੍ਰਧਾਨ ਦੀ ਨਾਰਾਜ਼ਗੀ ਹੱਥੋਂ ਤਿਲਕ ਜਾਣ ਦੇ ਦਿਸਣ ਲੱਗੇ ਹਨ।

ਗਿਆਨੀ ਹਰਪ੍ਰੀਤ ਸਿੰਘ ਜਿਨ੍ਹਾਂ ਨੂੰ ਦੋ ਦਸੰਬਰ ਦਾ ਹੁਕਮਨਾਮਾ ਜਾਰੀ ਕਰਨ ਤੋਂ ਬਾਅਦ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਲਾਂਭੇ ਕਰ ਦਿੱਤਾ ਗਿਆ ਸੀ, ਲੱਗਦਾ ਹੈ ਹੁਣ ਉਹ ਘਰ ਦੇ ਨਾ ਘਾਟ ਦੇ ਰਹਿਣਗੇ। ਹੁਕਮਨਾਮਾ ਜਾਰੀ ਕਰਨ ਵਾਲੇ ਪੰਜ ਸਿੰਘ ਸਾਹਿਬਾਨ ਵਿੱਚੋਂ ਦੋ ਹੋਰਾਂ ਗਿਆਨੀ ਰਘਬੀਰ ਸਿੰਘ ਅਤੇ ਗਿਆਨੀ ਸੁਲਤਾਨ ਸਿੰਘ ਦੀਆਂ ਸੇਵਾਵਾਂ ਵੀ ਖ਼ਤਮ ਕਰ ਦਿੱਤੀਆਂ ਗਈਆਂ ਸਨ।

ਸੱਚ ਤਾਂ ਇਹ ਹੈ ਕਿ ਬਾਗ਼ੀ ਧੜੇ ਦੇ ਮੂਹਰਲੀ ਕਤਾਰ ਦੇ ਲੀਡਰਾਂ ਨੂੰ ਜਦੋਂ ਇਹ ਲੱਗਣ ਲੱਗਾ ਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਪੰਜਾਬ ਦੀ ਸੱਤਾ ਨੂੰ ਹੱਥ ਪੈਣਾ ਮੁਸ਼ਕਿਲ ਹੋ ਗਿਆ ਹੈ ਤਾਂ ਉਹ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਸ਼ਰਨ ਢਹਿ ਪਏ ਸਨ। ਹੁਣ ਨਵਾਂ ਅਕਾਲੀ ਦਲ ਖੜ੍ਹਾ ਕਰਕੇ ਵੀ ਉਹਨਾਂ ਨੂੰ ਆਪਣੇ ਪੱਲੇ ਕੁਝ ਪੈਂਦਾ ਲੱਗ ਨਹੀਂ ਰਿਹਾ ਹੈ। ਮਨਪ੍ਰੀਤ ਸਿੰਘ ਇਆਲੀ ਜ਼ਿਆਦਾ ਕਰਕੇ ਵਾਰਿਸ ਪੰਜਾਬ ਦੇ ਨਾਲ ਰਲ ਕੇ ਤੁਰਦੇ ਜਾ ਰਹੇ ਹਨ। ਪਿਛਲੀ ਮੀਟਿੰਗ ਵਿੱਚ ਘੱਟੋ ਘੱਟ ਪ੍ਰੋਗਰਾਮ ਉੱਤੇ ਨਾਲੋਂ ਨਾਲ ਤੁਰ ਕੇ ਸਹਿਮਤੀ ਬਣੀ ਸੀ। ਜਿਸ ਦੇ ਮੁਤਾਬਿਕ ਮਨਪ੍ਰੀਤ ਸਿੰਘ ਇਆਲੀ ਕੋਆਰਡੀਨੇਟਰ ਦਾ ਕੰਮ ਕਰਨਗੇ।

ਇੱਕ ਗੱਲ ਮੰਨਣੀ ਪਵੇਗੀ ਕਿ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਆਪਣੇ ਉਹਨਾਂ ਅਸੂਲਾਂ ਉੱਤੇ ਤੁਰ ਨਹੀਂ ਸਕਿਆ ਹੈ, ਜਿਹਨਾਂ ਦਾ ਵੱਡੇ ਪੱਧਰ 'ਤੇ ਢੰਡੋਰਾ ਪਿੱਟਿਆ ਗਿਆ ਸੀ ਜਾਂ ਆਪਾਂ ਇਹ ਕਹਿ ਲਈਏ ਕਿ ਇਹ ਕਾਫ਼ੀ ਹੱਦ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਹਦਾਇਤਾਂ ਤੋਂ ਵੀ ਲਾਂਭੇ ਭਟਕ ਗਿਆ ਹੈ। ਸ਼੍ਰੀ ਅਕਾਲ ਤਖ਼ਤ ਸਾਹਿਬ ਨੇ ਚੁੱਲੇ ਸਮੇਟ ਕੇ ਇੱਕ ਨਵਾਂ ਅਕਾਲੀ ਦਲ ਖੜ੍ਹਾ ਕਰਨ ਦੇ ਆਦੇਸ਼ ਦਿੱਤੇ ਸਨ। ਨਾਲ ਹੀ ਇਹ ਕਿਹਾ ਸੀ ਕਿ ਰਵਾਇਤੀ ਲੀਡਰਸ਼ਿਪ ਕੌਮ ਨੂੰ ਅਗਵਾਈ ਦੇਣ ਦਾ ਨੈਤਿਕ ਅਧਿਕਾਰ ਗੁਆ ਚੁੱਕੀ ਹੈ। ਧੜਾ ਸੁਖਬੀਰ ਸਿੰਘ ਬਾਦਲ ਦਾ ਹੋਵੇ ਜਾਂ ਗਿਆਨੀ ਹਰਪ੍ਰੀਤ ਸਿੰਘ ਦਾ ਦੋਵੇਂ ਰਸਤੇ ਤੋਂ ਭਟਕੇ ਹਨ। ਹੁਣ ਹਾਲਾਤ ਇਹ ਹੈ ਕਿ ਸਿੱਖ ਪੰਥ ਦੋਹਾਂ ਧੜਿਆਂ ਨੂੰ ਮੂੰਹ ਲਾਉਣ ਲਈ ਰਾਜ਼ੀ ਨਹੀਂ ਹੈ।



ਸ਼੍ਰੀ ਪੀਯੂਸ਼ ਗੋਇਲ
(ਲੇਖਕ ਕੇਂਦਰੀ ਵਣਜ ਅਤੇ ਉਦਯੋਗ ਮੰਤਰੀ ਹਨ)

# ਨਵਾਂ ਸਾਲ, ਨਵੀਂ ਰ਼ਫ਼ਤਾਰ: ਮੋਦੀ ਦੇ 2025 ਦੇ ਸੁਧਾਰਾਂ ਸਦਕਾ ਭਾਰਤ ਅਗਲੇ ਪੱਧਰ ਵੱਲ

ਨਵਾਂ ਸਾਲ ਭਾਰਤ ਦੇ ਵਣਜ ਅਤੇ ਉਦਯੋਗ ਦੇ ਦ੍ਰਿਸ਼ਟੀਕੋਣ ਵਿੱਚ ਨਵਾਂ ਵਿਸ਼ਵਾਸ ਅਤੇ ਆਸ਼ਾਵਾਦ ਲਿਆਇਆ ਹੈ। ਸਾਲ 2025 ਵਿੱਚ ਚੁੱਕੇ ਗਏ ਫ਼ੈਸਲਾਕੁੰਨ ਕਦਮ ਵਪਾਰ ਅਤੇ ਨਿਵੇਸ਼ ਨੂੰ ਤੇਜ਼ ਬਣਾਉਣ, ਛੋਟੇ ਕਾਰੋਬਾਰਾਂ ਅਤੇ ਸਟਾਰਟਅੱਪਸ ਲਈ ਆਲਮੀ ਬਜ਼ਾਰ ਤੱਕ ਪਹੁੰਚ ਨੂੰ ਵਧਾਉਣ, ਰੁਜ਼ਗਾਰ ਸਿਰਜਣ ਅਤੇ ਹਰੇਕ ਨਾਗਰਿਕ ਲਈ ਜੀਵਨ ਦੀ ਸੌਖ ਨੂੰ ਉਤਸ਼ਾਹਿਤ ਕਰਨ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਤਿਆਰ ਹਨ।

ਮੋਦੀ ਸਰਕਾਰ ਦੀ ਇੱਕ ਵੱਡੀ ਪਹਿਲ ਸਟਾਰਟਅੱਪਸ ਨੂੰ ਉਤਸ਼ਾਹਿਤ ਕਰ ਰਹੀ ਹੈ। ਅੱਜ, ਭਾਰਤ ਵਿੱਚ 2 ਲੱਖ ਤੋਂ ਵੱਧ ਸਰਕਾਰ ਦੇ ਮਾਨਤਾ ਪ੍ਰਾਪਤ ਸਟਾਰਟਅੱਪ ਹਨ। ਜਿਵੇਂ ਕਿ ਪ੍ਰਧਾਨ ਮੰਤਰੀ ਨੇ ਸਟਾਰਟਅੱਪ ਇੰਡੀਆ ਦੀ 10ਵੀਂ ਵਰ੍ਹੇਗੰਢ 'ਤੇ ਕਿਹਾ, ਸਾਡੇ ਸਟਾਰਟਅੱਪ ਵੱਖ-ਵੱਖ ਸਮੱਸਿਆਵਾਂ ਦੇ ਹੱਲ ਪ੍ਰਦਾਨ ਕਰ ਰਹੇ ਹਨ ਅਤੇ ਭਾਰਤੀ ਅਰਥਵਿਵਸਥਾ ਨੂੰ ਅਨੁਕੂਲ ਅਤੇ ਆਤਮ-ਨਿਰਭਰ ਬਣਾਉਣ ਵਿੱਚ ਮਦਦ ਕਰ ਰਹੇ ਹਨ। ਸਟਾਰਟਅੱਪਸ ਲਈ ਸਮਰਥਨ ਮੋਦੀ ਸਰਕਾਰ ਦੀ ਆਰਥਿਕ ਵਿਕਾਸ ਨੂੰ ਤੇਜ਼ ਕਰਨ ਦੀ ਵਿਆਪਕ ਰਣਨੀਤੀ ਦਾ ਇੱਕ ਹਿੱਸਾ ਹੈ ਤਾਂ ਜੋ ਨੌਕਰੀਆਂ ਪੈਦਾ ਕੀਤੀਆਂ ਜਾ ਸਕਣ ਅਤੇ ਹਰੇਕ ਨਾਗਰਿਕ, ਖ਼ਾਸ ਕਰਕੇ ਗਰੀਬਾਂ ਦੇ ਜੀਵਨ ਨੂੰ ਬਿਹਤਰ ਬਣਾਇਆ ਜਾ ਸਕੇ। ਸਾਲ 2025 ਪ੍ਰਧਾਨ ਮੰਤਰੀ ਮੋਦੀ ਦੀ ਫ਼ੈਸਲਾਕੁੰਨ ਅਗਵਾਈ ਹੇਠ 2014 ਤੋਂ ਭਾਰਤ ਦੇ ਬਦਲਾਅ ਵਾਲੇ ਸਫ਼ਰ ਵਿੱਚ ਇੱਕ ਇਤਿਹਾਸਕ ਸਾਲ ਸੀ। ਦਲੇਰਾਨਾ ਫੈਸਲਿਆਂ ਅਤੇ ਸਥਿਤੀ ਨੂੰ ਬਦਲਣ ਵਾਲੇ ਸੁਧਾਰਾਂ ਰਾਹੀਂ, ਸਾਡੀ ਸਰਕਾਰ ਨੇ ਵਪਾਰਕ ਮਾਹੌਲ ਨੂੰ ਨਵਾਂ ਸਰੂਪ ਦਿੱਤਾ ਹੈ ਜਦਕਿ ਇਹ ਯਕੀਨੀ ਬਣਾਇਆ ਗਿਆ ਹੈ ਕਿ ਹਰ ਨੀਤੀ ਨਾਗਰਿਕਾਂ, ਖ਼ਾਸ ਕਰਕੇ ਸਭ ਤੋਂ ਗਰੀਬ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਵਿੱਚ ਯੋਗਦਾਨ ਪਾ ਰਹੀ ਹੈ।

ਭਾਰਤ ਹੁਣ ਧਿਆਨ ਦਾ ਆਲਮੀ ਧੁਰਾ ਹੈ ਅਤੇ ਇੱਕ ਪ੍ਰਮਾਣਿਤ ਅਤੇ ਭਰੋਸੇਮੰਦ ਭਾਈਵਾਲ ਵਜੋਂ ਮਾਨਤਾ ਪ੍ਰਾਪਤ ਹੈ। ਭਾਰਤ ਦਾ ਕੁੱਲ ਨਿਰਯਾਤ 2024-25 ਵਿੱਚ 6 ਪ੍ਰਤੀਸ਼ਤ ਵੱਧ ਕੇ ਰਿਕਾਰਡ 825.25 ਬਿਲੀਅਨ ਅਮਰੀਕੀ ਡਾਲਰ ਹੋ ਗਿਆ, ਜਿਸ ਨਾਲ ਆਲਮੀ ਅਨਿਸ਼ਚਿਤਤਾ ਦੇ ਬਾਵਜੂਦ ਵਿਕਾਸ ਦੀ ਗਤੀ ਬਰਕਰਾਰ ਰਹੀ। ਨਿਰਯਾਤਕਾਂ ਨੂੰ ਹੋਰ ਸਾਥ ਦੇਣ ਲਈ, ਸਰਕਾਰ ਨੇ 25,060 ਕਰੋੜ ਦੇ ਨਿਰਯਾਤ ਪ੍ਰਮੋਸ਼ਨ ਮਿਸ਼ਨ ਦਾ ਐਲਾਨ ਕੀਤਾ।

**ਜਨ ਵਿਸ਼ਵਾਸ ਅਤੇ ਕਾਰੋਬਾਰ ਕਰਨ ਵਿੱਚ ਸੌਖ**: ਰੱਦ ਅਤੇ ਸੋਧ ਐਕਟ, 2025 ਨੇ 71 ਪੁਰਾਣੇ ਕਾਨੂੰਨਾਂ ਨੂੰ ਖਤਮ ਕਰ ਦਿੱਤਾ, ਜਿਨ੍ਹਾਂ ਵਿੱਚੋਂ ਕੁਝ 1886 ਤੋਂ ਪੁਰਾਣੇ ਹਨ। ਜਨ ਵਿਸ਼ਵਾਸ ਪਹਿਲਕਦਮੀ ਦੇ ਤਹਿਤ, ਮੋਦੀ ਸਰਕਾਰ ਨੇ ਕਈ ਛੋਟੇ ਅਪਰਾਧਾਂ ਲਈ ਅਪਰਾਧਕ ਪ੍ਰਬੰਧਾਂ ਨੂੰ ਹਟਾ ਦਿੱਤਾ ਹੈ। ਇਹ ਸੁਧਾਰ ਸ਼ਾਸਨ ਨੂੰ ਵਧਾਉਂਦੇ ਹਨ, ਕਾਰੋਬਾਰ ਕਰਨ ਵਿੱਚ ਸੌਖ ਨੂੰ ਉਤਸ਼ਾਹਿਤ ਕਰਦੇ ਹਨ ਅਤੇ ਇਹ ਯਕੀਨੀ ਬਣਾਉਂਦੇ ਹਨ ਕਿ ਭਾਰਤ ਦਾ ਕਾਨੂੰਨੀ ਢਾਂਚਾ ਆਧੁਨਿਕ ਅਰਥਵਿਵਸਥਾ ਦੇ ਨਾਲ ਤਾਲਮੇਲ ਬਣਾਈ ਰੱਖੇ। ਇਸ ਸਾਲ ਹੋਰ ਸੁਧਾਰਾਂ ਲਈ ਸਮੀਖਿਆ ਅਧੀਨ ਸੈਂਕੜੇ ਅਜਿਹੇ ਪ੍ਰਬੰਧਾਂ ਦੇ ਨਾਲ ਇਹ ਪ੍ਰਕਿਰਿਆ ਜਾਰੀ ਰਹੇਗੀ।

ਪਿਛਲੇ ਸਾਲ ਸੰਸਦ ਦੇ ਮਾਨਸੂਨ ਇਜਲਾਸ ਦੌਰਾਨ, ਜਹਾਜ਼ਰਾਨੀ ਅਤੇ ਬੰਦਰਗਾਹਾਂ ਨਾਲ ਸਬੰਧਤ ਪੰਜ ਮਹੱਤਵਪੂਰਨ ਬਿੱਲ ਪਾਸ ਕੀਤੇ ਗਏ। ਇਹ ਕਾਨੂੰਨ ਦਸਤਾਵੇਜ਼ੀਕਰਨ ਨੂੰ ਸਰਲ ਬਣਾਉਂਦੇ ਹਨ, ਵਿਵਾਦਾਂ ਦੇ ਹੱਲ ਨੂੰ ਸੌਖਾ ਬਣਾਉਂਦੇ ਹਨ ਅਤੇ ਲੌਜਿਸਟਿਕਸ ਲਾਗਤਾਂ ਨੂੰ ਮਹੱਤਵਪੂਰਨ ਤੌਰ 'ਤੇ ਘਟਾਉਂਦੇ ਹਨ। ਵਣਜ ਮੋਰਚੇ 'ਤੇ ਵਿਦੇਸ਼ੀ ਵਪਾਰ ਡਾਇਰੈਕਟੋਰੇਟ ਜਨਰਲ ਨੇ ਪਾਰਦਰਸ਼ੀ, ਸੁਵਿਧਾਜਨਕ ਨੀਤੀਆਂ ਰਾਹੀਂ ਨਿਰਯਾਤਕਾਂ ਦਾ ਸਰਗਰਮੀ ਨਾਲ ਸਾਥ ਦਿੱਤਾ ਹੈ ਜੋ ਕਾਰੋਬਾਰ ਕਰਨ ਦੀ ਸੌਖ ਨੂੰ ਹੋਰ ਵਧਾਇਆ ਜਾ ਸਕੇ।

ਇਹ ਪਹਿਲਕਦਮੀਆਂ ਸਾਡੇ ਵਪਾਰੀਆਂ, ਛੋਟੇ ਕਾਰੋਬਾਰੀਆਂ ਅਤੇ ਸਟਾਰਟਅੱਪਸ ਦੀ ਉੱਦਮੀ ਭਾਵਨਾ ਨੂੰ ਹੁਲਾਰਾ ਦੇ ਰਹੀਆਂ ਹਨ, ਜੋ ਹੁਣ ਔਖੀਆਂ ਪਾਲਣਾ ਜ਼ਰੂਰਤਾਂ ਅਤੇ ਕੁਝ ਛੋਟੀਆਂ ਉਲੰਘਣਾਵਾਂ ਲਈ ਕੈਦ ਦੇ ਡਰ ਦੀ ਬਜਾਏ ਆਪਣੇ ਕੰਮ 'ਤੇ ਧਿਆਨ ਕੇਂਦ੍ਰਿਤ ਕਰ ਸਕਦੇ ਹਨ।

**ਐੱਫਟੀਏ ਅਤੇ 'ਲੋਕਲ ਫਾਰ ਗਲੋਬਲ'**: ਭਾਰਤ ਦੀ ਵਪਾਰ ਅਤੇ ਨਿਵੇਸ਼ ਰਣਨੀਤੀ ਦਾ ਇੱਕ ਮਾਰਗਦਰਸ਼ਕ ਸਿਧਾਂਤ ਸਥਾਨਕ ਉੱਦਮੀਆਂ, ਖ਼ਾਸ ਕਰਕੇ ਛੋਟੇ ਕਾਰੋਬਾਰਾਂ, ਸਟਾਰਟ-ਅੱਪਸ, ਕਿਸਾਨਾਂ ਅਤੇ ਕਾਰੀਗਰਾਂ ਦਾ ਸਾਥ ਦੇਣਾ ਹੈ ਅਤੇ ਉਨ੍ਹਾਂ ਨੂੰ ਵਿਸ਼ਵ ਪੱਧਰ 'ਤੇ ਸਫਲ ਹੋਣ ਲਈ ਤਾਕਤ ਪ੍ਰਦਾਨ ਕਰਨਾ ਹੈ। ਇਸ ਦ੍ਰਿਸ਼ਟੀਕੋਣ ਦੀ ਪਾਲਣਾ ਵਿੱਚ ਭਾਰਤ ਨੇ ਪਿਛਲੇ ਸਾਲ ਤਿੰਨ ਮੁਕਤ ਵਪਾਰ ਸਮਝੌਤੇ (ਐੱਫਟੀਏ) ਕੀਤੇ, ਜਿਸ ਨਾਲ ਭਾਰਤੀ ਵਸਤੂਆਂ ਨੂੰ ਯੂਕੇ, ਨਿਊਜ਼ੀਲੈਂਡ ਅਤੇ ਓਮਾਨ ਦੇ ਵਿਕਸਿਤ ਬਜ਼ਾਰਾਂ ਤੱਕ ਸ਼ੁਲਕ-ਮੁਕਤ ਪਹੁੰਚ ਪ੍ਰਦਾਨ ਕੀਤੀ ਗਈ।

ਐੱਫਟੀਏ ਵੀ ਸੁਧਾਰ ਪ੍ਰਕਿਰਿਆ ਦਾ ਹਿੱਸਾ ਹਨ। ਇਸ ਤੋਂ ਪਹਿਲਾਂ, ਯੂਪੀਏ ਸਰਕਾਰ ਨੇ ਰਾਸ਼ਟਰੀ ਹਿੱਤਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ, ਵਿਸ਼ਵ ਪੱਧਰ 'ਤੇ ਭਾਰਤ ਨਾਲ ਮੁਕਾਬਲਾ ਕਰਨ ਵਾਲੇ ਦੇਸ਼ਾਂ ਨਾਲ ਲਾਪਰਵਾਹੀ ਨਾਲ ਸਮਝੌਤੇ ਕੀਤੇ ਸਨ। ਮੋਦੀ ਸਰਕਾਰ ਨੇ ਵਿਕਸਿਤ ਦੇਸ਼ਾਂ ਨਾਲ ਐੱਫਟੀਏ ਨੂੰ ਸਹੀ ਢੰਗ ਨਾਲ ਤਰਜੀਹ ਦਿੱਤੀ ਹੈ ਅਤੇ ਲਾਭਕਾਰੀ ਸਮਝੌਤਿਆਂ 'ਤੇ ਦਸਤਖਤ ਕੀਤੇ ਹਨ। ਇਹ ਐੱਫਟੀਏ ਰੋਜ਼ਗਾਰ ਦੀ ਸਿਰਜਣਾ ਨੂੰ ਤੇਜ਼ ਕਰਨਗੇ, ਨਿਵੇਸ਼ ਨੂੰ ਵਧਾਉਣਗੇ ਅਤੇ ਸਮੁੱਚੇ ਭਾਰਤ ਵਿੱਚ ਛੋਟੇ ਕਾਰੋਬਾਰਾਂ, ਵਿਦਿਆਰਥੀਆਂ, ਮਹਿਲਾਵਾਂ, ਕਿਸਾਨਾਂ ਅਤੇ ਨੌਜਵਾਨਾਂ ਲਈ ਪਰਿਵਰਤਨਸ਼ੀਲ ਮੌਕਿਆਂ ਨੂੰ ਖੋਲ੍ਹਣਗੇ। ਹਰੇਕ ਸਮਝੌਤੇ 'ਤੇ ਵਿਆਪਕ ਹਿੱਸੇਦਾਰਾਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਗੱਲਬਾਤ ਕੀਤੀ ਗਈ, ਤਾਂ ਜੋ ਸੰਤੁਲਿਤ ਨਤੀਜੇ ਅਤੇ ਵਿਕਸਿਤ ਦੁਨੀਆ ਨਾਲ ਅਸਲ ਲਾਭਕਾਰੀ ਸ਼ਮੂਲੀਅਤ ਯਕੀਨੀ ਬਣਾਈ ਜਾ ਸਕੇ।

**ਭਾਰਤ ਦੇ ਹਿੱਤਾਂ ਦੀ ਰਾਖੀ**: ਇਨ੍ਹਾਂ ਸਮਝੌਤਿਆਂ ਤੋਂ ਇਲਾਵਾ 'ਯੂਰੋਪੀ ਮੁਕਤ ਵਪਾਰ ਐਸੋਸੀਏਸ਼ਨ' ਨਾਲ 2024 ਵਿੱਚ ਦਸਤਖਤ ਕੀਤੇ ਗਏ ਐੱਫਟੀਏ ਨੂੰ ਕਾਰਜਸ਼ੀਲ ਬਣਾਇਆ ਗਿਆ ਹੈ, ਜਿਸ ਵਿੱਚ ਸਵਿਟਜ਼ਰਲੈਂਡ, ਨਾਰਵੇ, ਆਈਸਲੈਂਡ ਅਤੇ ਲਿਚਟਨਸਟਾਈਨ ਸ਼ਾਮਲ ਹਨ। ਇਨ੍ਹਾਂ ਸਾਰਿਆਂ ਐੱਫਟੀਏਜ਼ ਵਿੱਚ ਇੱਕ ਸਾਂਝਾ ਵਿਸ਼ਾ ਭਾਰਤ ਦੇ ਖੇਤੀਬਾੜੀ ਅਤੇ ਡੇਅਰੀ ਖੇਤਰਾਂ ਦੀ ਸੁਰੱਖਿਆ ਹੈ, ਜਿਸ ਵਿੱਚ ਨਿਊਜ਼ੀਲੈਂਡ ਅਤੇ ਆਸਟਰੇਲੀਆ ਵਰਗੇ ਪ੍ਰਮੁੱਖ ਆਲਮੀ ਡੇਅਰੀ ਨਿਰਯਾਤਕਾਂ ਨਾਲ ਸਮਝੌਤੇ ਸ਼ਾਮਲ ਹਨ। ਇਨ੍ਹਾਂ ਵਪਾਰ ਸਮਝੌਤਿਆਂ ਰਾਹੀਂ, ਭਾਰਤੀ ਨਿਰਯਾਤ ਨੂੰ ਤੁਰੰਤ ਜਾਂ ਤੇਜ਼ੀ ਨਾਲ ਟੈਰਿਫ ਖਾਤਮੇ ਤੋਂ ਲਾਭ ਮਿਲਦਾ ਹੈ, ਜਦਕਿ ਭਾਰਤ ਦਾ ਆਪਣਾ ਬਜ਼ਾਰ ਖੋਲ੍ਹਣਾ ਸੋਚ-ਵਿਚਾਰ ਨਾਲ ਅਤੇ ਕਦਮ-ਦਰ-ਕਦਮ ਅੱਗੇ ਵਧ ਰਿਹਾ ਹੈ। ਨਿਊਜ਼ੀਲੈਂਡ ਨੇ ਅਗਲੇ 15 ਵਰ੍ਹਿਆਂ ਵਿੱਚ 20 ਬਿਲੀਅਨ ਡਾਲਰ ਦੇ ਪ੍ਰਤੱਖ ਵਿਦੇਸ਼ੀ ਨਿਵੇਸ਼ ਦੀ ਵਚਨਬੱਧਤਾ ਪ੍ਰਗਟ ਕੀਤੀ ਹੈ, ਜੋ ਕਿ ਈਐੱਫਟੀਏ ਦੇਸ਼ਾਂ ਨਾਲ ਭਾਰਤ ਦੇ ਐੱਫਟੀਏ ਵਿੱਚ ਦਿੱਤੇ ਗਏ ਨਵੀਨਤਾਕਾਰੀ ਨਿਵੇਸ਼-ਸਬੰਧੀ ਪ੍ਰਬੰਧਾਂ ਨੂੰ ਦਰਸਾਉਂਦਾ ਹੈ। ਇਹ ਨਿਵੇਸ਼ ਖੇਤੀਬਾੜੀ, ਡੇਅਰੀ, ਐੱਮਐੱਸਐੱਮਈ, ਸਿੱਖਿਆ, ਖੇਡਾਂ ਅਤੇ ਨੌਜਵਾਨਾਂ ਦੇ ਵਿਕਾਸ ਦਾ ਸਮਰਥਨ ਕਰੇਗਾ, ਜੋ ਵਿਆਪਕ ਅਤੇ ਸੰਮਲਿਤ ਵਿਕਾਸ ਨੂੰ ਯਕੀਨੀ ਬਣਾਏਗਾ।

**ਭਾਰਤ: ਇੱਕ ਆਲਮੀ ਨਿਵੇਸ਼ ਸਥਾਨ**: ਸਾਲ 2024-25 ਤੱਕ ਪਿਛਲੇ 11 ਵਿੱਤੀ ਵਰ੍ਹਿਆਂ ਵਿੱਚ, ਭਾਰਤ ਨੇ 748 ਬਿਲੀਅਨ ਡਾਲਰ ਦੇ ਪ੍ਰਤੱਖ ਵਿਦੇਸ਼ੀ ਨਿਵੇਸ਼ ਨੂੰ ਖਿੱਚਿਆ ਹੈ - ਜੋ ਪਿਛਲੇ 11 ਵਰ੍ਹਿਆਂ ਦੌਰਾਨ ਪ੍ਰਾਪਤ ਹੋਏ 308 ਬਿਲੀਅਨ ਡਾਲਰ ਦੇ ਲਗਭਗ ਢਾਈ ਗੁਣਾ ਹੈ।

ਇਹ ਦੱਸਣਾ ਮਹੱਤਵਪੂਰਨ ਹੈ ਕਿਉਂਕਿ ਮੋਦੀ ਸਰਕਾਰ ਨੂੰ ਇੱਕ ਗਲਤ ਪ੍ਰਬੰਧਿਤ ਅਰਥਵਿਵਸਥਾ ਵਿਰਾਸਤ ਵਿੱਚ ਮਿਲੀ, ਜਿਸਨੂੰ ਕਦੇ ਦੁਨੀਆ ਦੇ ਕਮਜ਼ੋਰ ਪੰਜ ਵਿੱਚੋਂ ਇੱਕ ਵਜੋਂ ਦਰਸਾਇਆ ਜਾਂਦਾ ਸੀ। ਯੂਪੀਏ ਕਾਰਜਕਾਲ ਦੌਰਾਨ, ਵਾਰ-ਵਾਰ ਆਰਥਿਕ ਝਟਕਿਆਂ ਨੇ ਵਿਕਸਿਤ ਦੇਸ਼ਾਂ ਨੂੰ ਭਾਰਤ ਨਾਲ ਵਪਾਰਕ ਗੱਲਬਾਤ ਤੋਂ ਦੂਰ ਕਰ ਦਿੱਤਾ ਸੀ। ਕੇਂਦ੍ਰਿਤ, ਭ੍ਰਿਸ਼ਟਾਚਾਰ-ਮੁਕਤ ਸ਼ਾਸਨ, ਦਲੇਰ ਸੁਧਾਰਾਂ ਅਤੇ ਵਿੱਤੀ ਅਨੁਸ਼ਾਸਨ ਰਾਹੀਂ, ਪ੍ਰਧਾਨ ਮੰਤਰੀ ਮੋਦੀ ਨੇ ਭਾਰਤੀ ਅਰਥਵਿਵਸਥਾ ਵਿੱਚ ਵਿਸ਼ਵਾਸ ਬਹਾਲ ਕੀਤਾ, ਵਪਾਰ ਅਤੇ ਨਿਵੇਸ਼ ਲਈ ਇੱਕ ਪਸੰਦੀਦਾ ਸਥਾਨ ਵਜੋਂ ਭਾਰਤ ਦੇ ਕੱਦ ਨੂੰ ਉੱਚਾ ਕੀਤਾ।

**ਗਰੀਬਾਂ ਦੇ ਭਲੇ ਲਈ ਸੁਧਾਰ**: ਭਾਰਤ ਲਈ ਸਾਲ 2025 ਦਾ ਉੱਚ ਪੱਧਰ 'ਤੇ ਅੰਤ ਹੋਇਆ, ਭਾਰਤ ਜਾਪਾਨ ਨੂੰ ਪਛਾੜ ਕੇ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣਿਆ ਜਦਕਿ ਜਰਮਨੀ ਨੂੰ ਪਛਾੜਣ ਲਈ ਮਜ਼ਬੂਤੀ ਨਾਲ ਰਾਹ 'ਤੇ ਅੱਗੇ ਵਧ ਰਿਹਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਯੂਪੀਏ ਯੁੱਗ ਦੇ ਉਲਟ, ਆਰਥਿਕ ਲਾਭ ਖ਼ਾਸ ਕਰਕੇ ਪੇਂਡੂ ਭਾਰਤ ਵਿੱਚ ਸਭ ਤੋਂ ਗਰੀਬ ਲੋਕਾਂ ਤੱਕ ਪਹੁੰਚੇ ਹਨ।

ਕਾਮਿਆਂ ਲਈ ਲਾਭ ਵਧਾਉਣ ਲਈ, ਮੋਦੀ ਸਰਕਾਰ ਨੇ ਇਤਿਹਾਸਕ ਕਿਰਤ ਸੁਧਾਰ ਕੀਤੇ ਹਨ, 29 ਖੰਡਿਤ ਕਾਨੂੰਨਾਂ ਨੂੰ ਚਾਰ ਆਧੁਨਿਕ ਕੋਡਾਂ ਵਿੱਚ ਇਕਮੁੱਠ ਕੀਤਾ ਹੈ। ਨਿਰਪੱਖ ਉਜਰਤਾਂ, ਸਮੇਂ ਸਿਰ ਭੁਗਤਾਨ, ਸਮਾਜਿਕ ਸੁਰੱਖਿਆ ਅਤੇ ਸੇਫ਼ਟੀ 'ਤੇ ਧਿਆਨ ਦਿੱਤਾ ਗਿਆ ਹੈ। ਇਹ ਕਾਰਜਬਲ ਵਿੱਚ ਮਹਿਲਾਵਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਨੂੰ ਵੀ ਯਕੀਨੀ ਬਣਾਉਣਗੇ।

ਹਰੇਕ ਭਾਰਤੀ ਨਾਗਰਿਕ ਨੂੰ ਜੀਐੱਸਟੀ ਸੁਧਾਰਾਂ ਦਾ ਲਾਭ ਹੋਇਆ ਹੈ, ਜਿਨ੍ਹਾਂ ਨੇ ਇੱਕ ਸਪੱਸ਼ਟ ਦੋ-ਪੱਧਰੀ ਢਾਂਚਾ ਬਣਾਇਆ ਹੈ। ਇਹ ਪਰਿਵਾਰਾਂ, ਐੱਮਐੱਸਐੱਮਈ, ਕਿਸਾਨਾਂ ਅਤੇ ਕਿਰਤ-ਅਧਾਰਿਤ ਖੇਤਰਾਂ 'ਤੇ ਬੋਝ ਨੂੰ ਘੱਟ ਕਰੇਗਾ।

**ਅੱਗੇ ਦਾ ਰਸਤਾ**: 2025 ਦਾ ਸਾਲ ਘਰੇਲੂ ਉੱਦਮ ਅਤੇ ਆਲਮੀ ਮੰਗ; ਨੀਤੀ ਸੁਧਾਰ ਅਤੇ ਡਿਜੀਟਲ ਸਸ਼ਕਤੀਕਰਣ; ਅਤੇ ਉੱਭਰ ਰਹੇ ਛੋਟੇ ਕਾਰੋਬਾਰਾਂ ਅਤੇ ਅੰਤਰਰਾਸ਼ਟਰੀ ਬਜ਼ਾਰਾਂ ਦਰਮਿਆਨ ਪੁਲ-ਨਿਰਮਾਣ ਦਾ ਸੀ।

ਅੱਗੇ ਹੋਰ ਵੀ ਜ਼ਿਆਦਾ ਉਤਸ਼ਾਹ ਹੈ। ਨੀਤੀ ਆਯੋਗ ਦੇ ਮੈਂਬਰ ਰਾਜੀਵ ਗੌਬਾ ਦੀ ਅਗਵਾਈ ਵਾਲਾ ਇੱਕ ਪੈਨਲ ਸੁਧਾਰਾਂ ਦੇ ਵਿਸ਼ਾਲ ਸਪੈਕਟਰਮ ਦਾ ਅਧਿਐਨ ਕਰ ਰਿਹਾ ਹੈ। ਇਹ ਪ੍ਰਧਾਨ ਮੰਤਰੀ ਮੋਦੀ ਦੀ ਸੁਧਾਰ ਐਕਸਪ੍ਰੈੱਸ ਨੂੰ ਹੋਰ ਤੇਜ਼ ਕਰੇਗਾ। ਜਿਵੇਂ-ਜਿਵੇਂ ਭਾਰਤ ਅੱਗੇ ਵਧ ਰਿਹਾ ਹੈ, ਇਸਦਾ ਆਤਮਵਿਸ਼ਵਾਸੀ ਅਤੇ ਆਤਮ-ਨਿਰਭਰ ਪ੍ਰਤੀਯੋਗੀ ਵਪਾਰ, ਨਵੀਨਤਾਕਾਰੀ ਉਦਯੋਗ ਅਤੇ ਇੱਕ ਲਚਕੀਲੀ ਅਰਥਵਿਵਸਥਾ ਵਿਕਸਿਤ ਭਾਰਤ ਬਣਾਉਣ ਦਾ ਇੱਕ ਸਪੱਸ਼ਟ ਦ੍ਰਿਸ਼ਟੀਕੋਣ ਹੈ। ਭਾਰਤ ਦੇ ਨਿਰਯਾਤਕਾਂ, ਨਿਰਮਾਤਾਵਾਂ, ਕਿਸਾਨਾਂ ਅਤੇ ਸਰਵਿਸ ਪ੍ਰੋਵਾਈਡਰਾਂ ਦੀ ਸਫਲਤਾ ਹੀ ਦੇਸ਼ ਦੀ ਸਫਲਤਾ ਹੈ।

ਭਾਰਤ ਸਿਰਫ਼ ਭਵਿੱਖ ਲਈ ਤਿਆਰੀ ਨਹੀਂ ਕਰ ਰਿਹਾ ਹੈ। ਇਹ ਇਸਨੂੰ ਨਵਾਂ ਰੂਪ ਦੇ ਰਿਹਾ ਹੈ। ਫ਼ੈਸਲਾਕੁੰਨ ਲੀਡਰਸ਼ਿਪ, ਦਲੇਰ ਸੁਧਾਰਾਂ ਅਤੇ ਸਪੱਸ਼ਟ ਆਲਮੀ ਯੋਜਨਾ ਨਾਲ ਦੇਸ਼ ਆਪਣੀਆਂ ਆਸਾਂ-ਉਮੀਦਾਂ ਨੂੰ ਅਮਲ ਵਿੱਚ ਲਿਆ ਰਿਹਾ ਹੈ। ਭਾਰਤ ਜਦੋਂ ਵਪਾਰ, ਨਿਰਮਾਣ, ਨਵੀਨਤਾ ਕਰਦਾ ਹੈ ਅਤੇ ਦੁਨੀਆ ਨਾਲ ਰਾਬਤਾ ਬਣਾਉਂਦਾ ਹੈ, ਤਾਂ ਇਹ ਮਜ਼ਬੂਤ, ਆਤਮ-ਨਿਰਭਰ ਅਤੇ ਭਰੋਸੇਮੰਦ ਦੇਸ਼ ਵਜੋਂ ਆਪਣੀਆਂ ਸ਼ਰਤਾਂ 'ਤੇ ਕਰਦਾ ਹੈ।

# ਆਲ ਇੰਡੀਆ ਰੇਡੀਓ ਅੰਮ੍ਰਿਤਸਰ ਵੱਲੋਂ ਸ੍ਰੀ ਦਰਬਾਰ ਸਾਹਿਬ ਤੋਂ ਦੋ ਘੰਟੇ ਗੁਰਬਾਣੀ ਦਾ ਸਿੱਧਾ ਪ੍ਰਸਾਰਣ ਸ਼ੁਰੂ

ਅੰਮ੍ਰਿਤਸਰ, 20 ਜਨਵਰੀ (ਚ.ਨ.ਸ): ਆਲ ਇੰਡੀਆ ਰੇਡੀਓ ਅੰਮ੍ਰਿਤਸਰ ਨੇ ਅੰਮ੍ਰਿਤ ਵੇਲੇ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਕੀਰਤਨ ਦੇ ਪ੍ਰਸਾਰਣ ਦਾ ਸਮਾਂ ਵਧਾ ਕੇ ਦੋ ਘੰਟੇ ਕਰ ਦਿੱਤਾ ਹੈ।ਪ੍ਰਸਾਰ ਭਾਰਤੀ ਵੱਲੋਂ 13 ਜਨਵਰੀ ਤੋਂ ਸ਼ੁਰੂ ਕੀਤੀ ਗਈ ਇਸ ਸੇਵਾ ਦਾ ਸਰੋਤਿਆਂ ਤੇ ਸੰਗਤ ਵੱਲੋਂ ਭਰਵਾਂ ਸਵਾਗਤ ਕੀਤਾ ਜਾ ਰਿਹਾ ਹੈ। ਸਰਹੱਦੀ ਇਲਾਕਿਆਂ ਤੇ ਪਾਕਿਸਤਾਨ ਤੱਕ ਪਹੁੰਚ ਪਹਿਲਾਂ ਇਹ ਪ੍ਰਸਾਰਣ ਸਵੇਰੇ 5 ਵਜੇ ਤੋਂ 6 ਵਜੇ ਤੱਕ ਹੁੰਦਾ ਸੀ, ਪਰ ਹੁਣ ਇਸ ਨੂੰ ਵਧਾ ਦਿੱਤਾ ਗਿਆ ਹੈ। ਇਹ ਸੇਵਾ ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ ਤੇ ਪਠਾਨਕੋਟ ਵਰਗੇ ਸਰਹੱਦੀ ਜ਼ਿਲ੍ਹਿਆਂ ਦੇ ਨਾਲ-ਨਾਲ ਪਾਕਿਸਤਾਨ ਵਿੱਚ ਬੈਠੇ ਸਰੋਤਿਆਂ ਲਈ ਵੀ ਉਪਲਬਧ ਹੋਵੇਗੀ। ਐਫਐਮ ਟ੍ਰਾਂਸਮਿਸ਼ਨ ਹੋਣ ਕਾਰਨ ਗੁਰਬਾਣੀ ਦੀ ਆਵਾਜ਼ ਹੁਣ ਬਿਨਾਂ ਕਿਸੇ ਰੁਕਾਵਟ ਤੇ ਸਾਫ਼ ਸੁਣਾਈ ਦੇਵੇਗੀ। ਸਾਬਕਾ ਇੰਜੀਨੀਅਰ ਹਰਜਾਪ ਸਿੰਘ ਔਜਲਾ, ਜੋ ਲੰਬੇ ਸਮੇਂ ਤੋਂ ਇਸ ਦੀ ਮੰਗ ਕਰ ਰਹੇ ਸਨ, ਨੇ ਕਿਹਾ ਕਿ ਐਫਐਮ ਸਿਗਨਲ ਪਹਾੜੀਆਂ ਤੇ ਉੱਚੀਆਂ ਇਮਾਰਤਾਂ ਦੇ ਬਾਵਜੂਦ ਬਿਹਤਰ ਕੁਆਲਿਟੀ ਦਿੰਦਾ ਹੈ।ਉਨ੍ਹਾਂ ਇਹ ਵੀ ਉਮੀਦ ਜਤਾਈ ਕਿ ਜਲਦੀ ਹੀ ਜਲੰਧਰ ਰੇਡੀਓ ਸਟੇਸ਼ਨ ਦੀ ਤਰਜ਼ 'ਤੇ ਸ਼ਾਮ ਦਾ ਕੀਰਤਨ (4:30 ਤੋਂ 5:30 ਵਜੇ) ਵੀ ਸ਼ੁਰੂ ਕੀਤਾ ਜਾਵੇਗਾ। ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਵੀ ਇਸ ਫੈਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬਹੁਤ ਸਾਰੇ ਸ਼ਰਧਾਲੂ ਟੀਵੀ ਦੀ ਬਜਾਏ ਰੇਡੀਓ 'ਤੇ ਕੀਰਤਨ ਸੁਣਨਾ ਜ਼ਿਆਦਾ ਪਸੰਦ ਕਰਦੇ ਹਨ।

# ਕਰਨਾਲ ਦਾ ਬਸਤਾਰਾ ਟੋਲ ਪਲਾਜ਼ਾ ਇੱਕ ਹਫ਼ਤੇ 'ਚ ਹੋ ਜਾਵੇਗਾ ਬੈਰੀਅਰ ਮੁਕਤ




ਕਰਨਾਲ, 20 ਜਨਵਰੀ (ਚ.ਨ.ਸ): ਕਰਨਾਲ ਦਿੱਲੀ-ਚੰਡੀਗੜ੍ਹ ਹਾਈਵੇਅ 'ਤੇ ਸਫ਼ਰ ਕਰਨ ਵਾਲੇ ਵਾਹਨ ਚਾਲਕਾਂ ਲਈ ਰਾਹਤ ਦੀ ਖ਼ਬਰ ਹੈ।ਕਰਨਾਲ ਸਥਿਤ ਬਸਤਾਰਾ ਟੋਲ ਪਲਾਜ਼ਾ ਇਸੇ ਮਹੀਨੇ ਤੋਂ ਪੂਰੀ ਤਰ੍ਹਾਂ ਬੈਰੀਅਰ-ਮੁਕਤ ਹੋਣ ਜਾ ਰਿਹਾ ਹੈ।ਇੱਥੇ ਮਲਟੀ-ਲੇਨ ਫ੍ਰੀ ਫਲੋ (MLFF) ਟੋਲਿੰਗ ਸਿਸਟਮ ਲਗਾਉਣ ਦੀ ਪ੍ਰਕਿਰਿਆ ਅੰਤਿਮ ਪੜਾਅ 'ਤੇ ਹੈ, ਜਿਸ ਨਾਲ ਹਾਈਵੇਅ 'ਤੇ ਲੱਗਣ ਵਾਲੇ ਲੰਬੇ ਜਾਮ ਤੋਂ ਮੁਕਤੀ ਮਿਲੇਗੀ। ਕਿਵੇਂ ਕੰਮ ਕਰੇਗੀ ਇਹ ਨਵੀਂ ਤਕਨੀਕ? ਅਧਿਕਾਰੀਆਂ ਅਨੁਸਾਰ ਇਸ ਨਵੇਂ ਸਿਸਟਮ ਵਿੱਚ ਹਾਈ-ਪਰਫਾਰਮੈਂਸ ਰੇਡੀਓ-ਫ੍ਰੀਕੁਐਂਸੀ ਆਈਡੈਂਟੀਫਿਕੇਸ਼ਨ (RFID) ਰੀਡਰ ਤੇ ਆਟੋਮੈਟਿਕ ਨੰਬਰ ਪਲੇਟ ਰੈਕੋਗਨੀਸ਼ਨ (ANPR) ਕੈਮਰੇ ਲਗਾਏ ਜਾ ਰਹੇ ਹਨ।ਇਹ ਤਕਨੀਕ ਵਾਹਨ ਦੇ ਚੱਲਦੇ ਸਮੇਂ ਹੀ ਫਾਸਟੈਗ (FASTag) ਤੇ ਵਾਹਨ ਰਜਿਸਟ੍ਰੇਸ਼ਨ ਨੰਬਰ ਰਾਹੀਂ ਆਪਣੇ-ਆਪ ਟੋਲ ਕੱਟ ਲਵੇਗੀ।ਵਾਹਨਾਂ ਨੂੰ ਹੁਣ ਬੂਥਾਂ 'ਤੇ ਰੁਕਣ ਦੀ ਲੋੜ ਨਹੀਂ ਪਵੇਗੀ। 26 ਜਨਵਰੀ ਤੋਂ ਸ਼ੁਰੂ ਹੋਣ ਦੀ ਉਮੀਦ ਟੋਲ ਮੈਨੇਜਰ ਮੁਕੇਸ਼ ਸ਼ਰਮਾ ਨੇ ਦੱਸਿਆ ਕਿ ਉਪਕਰਨ ਲਗਾਉਣ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਉਮੀਦ ਹੈ ਕਿ 26 ਜਨਵਰੀ ਤੱਕ ਇਹ ਸਿਸਟਮ ਚਾਲੂ ਹੋ ਜਾਵੇਗਾ, ਜਿਸ ਤੋਂ ਬਾਅਦ ਸਾਰੇ ਬੈਰੀਅਰ ਤੇ ਬੂਥ ਹਟਾ ਦਿੱਤੇ ਜਾਣਗੇ। NH-44 (ਪਾਣੀਪਤ-ਜਲੰਧਰ) 'ਤੇ ਸਥਿਤ ਇਹ ਪਲਾਜ਼ਾ ਦੇਸ਼ ਦਾ ਦੂਜਾ ਅਜਿਹਾ ਟੋਲ ਹੋਵੇਗਾ ਜਿੱਥੇ ਇਹ ਸੁਵਿਧਾ ਮਿਲੇਗੀ। ਇਸ ਤੋਂ ਪਹਿਲਾਂ ਗੁਜਰਾਤ ਦੇ ਚੋਰਿਆਸੀ ਪਲਾਜ਼ਾ 'ਤੇ ਇਹ ਸਿਸਟਮ ਲਗਾਇਆ ਗਿਆ ਸੀ। NHAI ਦੀ ਯੋਜਨਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਦੇਸ਼ ਭਰ ਦੇ ਲਗਭਗ 25 ਹੋਰ ਟੋਲ ਪਲਾਜ਼ਿਆਂ 'ਤੇ ਵੀ ਅਜਿਹਾ ਹੀ ਸਿਸਟਮ ਲਗਾਇਆ ਜਾਵੇ।

# ਸੀਬੀਐਸਈ ਸਕੂਲਾਂ 'ਚ ਹੁਣ ਨਿਯੁਕਤ ਕੀਤੇ ਜਾਣਗੇ ਦੋ ਕੌਂਸਲਰ

### ☛ ਵਿਦਿਆਰਥੀਆਂ ਦੀ ਮਾਨਸਿਕ ਸਿਹਤ 'ਤੇ ਦਿੱਤਾ ਜਾਵੇਗਾ ਜ਼ੋਰ

ਨਵੀਂ ਦਿੱਲੀ, 20 ਜਨਵਰੀ (ਚ.ਨ.ਸ): ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (CBSE) ਨੇ ਵਿਦਿਆਰਥੀਆਂ ਦੇ ਮਾਨਸਿਕ ਤੇ ਭਾਵਨਾਤਮਕ ਵਿਕਾਸ ਵੱਲ ਇੱਕ ਵੱਡਾ ਕਦਮ ਚੁੱਕਦੇ ਹੋਏ ਆਪਣੇ ਨਿਯਮਾਂ ਵਿੱਚ ਅਹਿਮ ਸੋਧ ਕੀਤੀ ਹੈ। ਨਵੇਂ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਅਗਲੇ ਅਕਾਦਮਿਕ ਸੈਸ਼ਨ ਤੋਂ ਹਰ ਇੱਕ ਸੀਬੀਐਸਈ ਮਾਨਤਾ ਪ੍ਰਾਪਤ ਸਕੂਲ ਵਿੱਚ ਇੱਕ ਦੀ ਬਜਾਏ ਦੋ ਪੇਸ਼ੇਵਰ ਕੌਂਸਲਰਾਂ ਦੀ ਨਿਯੁਕਤੀ ਲਾਜ਼ਮੀ ਹੋਵੇਗੀ। ਇਹ ਫੈਸਲਾ ਅਕਾਦਮਿਕ ਦਬਾਅ ਕਾਰਨ ਵਿਦਿਆਰਥੀਆਂ ਵਿੱਚ ਵੱਧ ਰਹੀਆਂ ਖੁਦਕੁਸ਼ੀਆਂ ਤੇ ਮਾਨਸਿਕ ਤਣਾਅ ਦੀਆਂ ਘਟਨਾਵਾਂ ਨੂੰ ਰੋਕਣ ਲਈ ਲਿਆ ਗਿਆ ਹੈ। ਦੋ ਵੱਖ-ਵੱਖ ਭੂਮਿਕਾਵਾਂ: ਬੋਰਡ ਨੇ ਸਪੱਸ਼ਟ ਕੀਤਾ ਹੈ ਕਿ ਹੁਣ ਤੱਕ ਸਕੂਲਾਂ ਵਿੱਚ ਕੇਵਲ ਇੱਕ ਹੀ ਕੌਂਸਲਰ ਸਾਰੇ ਕੰਮ ਦੇਖਦਾ ਸੀ, ਪਰ ਹੁਣ ਦੋ ਵੱਖ-ਵੱਖ ਸ਼੍ਰੇਣੀਆਂ ਬਣਾਈਆਂ ਗਈਆਂ ਹਨ, ਇਹ ਕੌਂਸਲਰ ਵਿਦਿਆਰਥੀਆਂ ਦੇ ਸਮਾਜਿਕ ਤੇ ਭਾਵਨਾਤਮਕ ਮੁੱਦਿਆਂ 'ਤੇ ਧਿਆਨ ਦੇਣਗੇ।ਇਨ੍ਹਾਂ ਦਾ ਮੁੱਖ ਕੰਮ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਤੇ ਪੜ੍ਹਾਈ ਦੇ ਵਿਸ਼ਿਆਂ ਬਾਰੇ ਸਹੀ ਸੇਧ ਦੇਣਾ ਹੋਵੇਗਾ।ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਨਿਯਮ: ਬੋਰਡ ਦੇ ਸਕੱਤਰ ਹਿਮਾਂਸ਼ੂ ਗੁਪਤਾ ਨੇ ਦੱਸਿਆ ਕਿ ਸਕੂਲਾਂ ਨੂੰ 1:500 ਦਾ ਅਨੁਪਾਤ ਬਰਕਰਾਰ ਰੱਖਣਾ ਹੋਵੇਗਾ, ਯਾਨੀ ਹਰ 500 ਵਿਦਿਆਰਥੀਆਂ ਪਿੱਛੇ ਇੱਕ ਕੌਂਸਲਰ ਹੋਣਾ ਜ਼ਰੂਰੀ ਹੈ। ਜਿਨ੍ਹਾਂ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਘੱਟ ਹੈ, ਉਹ ਦੂਜੇ ਸਕੂਲਾਂ ਨਾਲ ਮਿਲ ਕੇ ਇਹ ਸੇਵਾਵਾਂ ਸਾਂਝੀਆਂ ਕਰ ਸਕਦੇ ਹਨ। ਇਹ ਨਿਯਮ ਅਗਲੇ ਅਕਾਦਮਿਕ ਸਾਲ ਤੋਂ ਸਖ਼ਤੀ ਨਾਲ ਲਾਗੂ ਕੀਤੇ ਜਾਣਗੇ ਤੇ ਅਣਗਹਿਲੀ ਕਰਨ ਵਾਲੇ ਸਕੂਲਾਂ ਵਿਰੁੱਧ ਕਾਰਵਾਈ ਵੀ ਕੀਤੀ ਜਾ ਸਕਦੀ ਹੈ।




# ਬਟਾਲਾ ਸ਼ਹਿਰ 'ਚ ਵਿਕਾਸ ਕਾਰਜਾਂ ਦੀ ਰਫ਼ਤਾਰ ਜਾਰੀ, ਕਾਦੀਆਂ ਰੋਡ 'ਤੇ ਗਲੀ ਦਾ ਨਿਰਮਾਣ ਕਾਰਜ ਸ਼ੁਰੂ



ਬਟਾਲਾ, 20 ਜਨਵਰੀ (ਬਲਵਿੰਦਰ ਸਿੰਘ ਪੰਜਗਰਾਈਂ/ਡਾ. ਸਤਨਾਮ ਸਿੰਘ ਸੰਧੂ): ਬਟਾਲਾ ਸ਼ਹਿਰ ਵਿੱਚ ਲੋਕਹਿੱਤ ਨੂੰ ਮੁੱਖ ਰੱਖਦਿਆਂ ਵਿਕਾਸ ਕਾਰਜ ਨਿਰੰਤਰ ਜਾਰੀ ਹਨ, ਜਿਸ ਦੇ ਚੱਲਦਿਆਂ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਸ਼ੈਰੀ ਕਲਸੀ ਨੇ ਕਾਦੀਆਂ ਰੋਡ 'ਤੇ ਸ਼ਹਿਰ ਵਾਸੀਆਂ ਦੀ ਮੌਜੂਦਗੀ ਵਿੱਚ ਗਲੀ ਬਣਾਉਣ ਦਾ ਕੰਮ ਸ਼ੁਰੂ ਕਰਵਾਇਆ। ਵਿਧਾਇਕ ਸ਼ੈਰੀ ਕਲਸੀ ਨੇ ਗੱਲਬਾਤ ਦੌਰਾਨ ਕਿਹਾ ਕਿ ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਿੱਚ ਸੂਬੇ ਭਰ ਵਿੱਚ ਲੋਕਾਂ ਦੇ ਹਿੱਤ ਵਿੱਚ ਵੱਡੇ ਵਿਕਾਸ ਕੰਮ ਕਰਵਾਏ ਗਏ ਹਨ ਤੇ ਬਟਾਲੇ ਹਲਕੇ ਅੰਦਰ ਵੀ ਕਰੋੜਾਂ ਰੁਪਏ ਦੀ ਲਾਗਤ ਨਾਲ ਵੱਖ-ਵੱਖ ਵਿਕਾਸ ਕਾਰਜ ਕਰਵਾਏ ਗਏ ਹਨ।ਵਿਧਾਇਕ ਸ਼ੈਰੀ ਕਲਸੀ ਨੇ ਬਟਾਲਾ ਹਲਕੇ ਦੇ ਵਿਕਾਸ ਦੀ ਗੱਲ ਕਰਦਿਆਂ ਕਿਹਾ ਕਿ ਹਲਕੇ ਦਾ ਚਹੁੰਪੱਖੀ ਵਿਕਾਸ ਤੇ ਲੋਕਾਂ ਦੀਆਂ ਮੁੱਢਲੀਆਂ ਸਮੱਸਿਆਵਾਂ ਹੱਲ ਕਰਨ ਲਈ ਉਹ ਵਚਨਬੱਧ ਹਨ ਤੇ ਲੋਕ ਭਲਾਈ ਸਕੀਮਾਂ ਦਾ ਲਾਭ ਲੋਕਾਂ ਤੱਕ ਪੁੱਜਦਾ ਕਰਨ ਨੂੰ ਯਕੀਨੀ ਬਣਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਬਟਾਲਾ ਵਿੱਚ ਨਵੇਂ ਬਣੇ ਤਹਿਸੀਲ ਕੰਪਲੈਕਸ ਦਾ ਉਦਘਾਟਨ ਕਰਕੇ ਲੋਕਾਂ ਨੂੰ ਸਮਰਪਿਤ ਕੀਤਾ ਗਿਆ ਹੈ। ਬਟਾਲਾ ਹਲਕੇ ਸਮੇਤ ਕਰੀਬ 314 ਪਿੰਡਾਂ ਦੇ ਲੋਕ ਇੱਕ ਛੱਤ ਹੇਠ ਵੱਖ-ਵੱਖ ਸਰਕਾਰੀ ਸੇਵਾਵਾਂ ਦਾ ਲਾਭ ਹਾਸਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਤੁਸੀਂ ਮੈਨੂੰ ਸੇਵਾ ਕਰਨ ਦਾ ਮੌਕਾ ਦਿੱਤਾ, ਮੈਂ ਤੁਹਡੀ ਸੇਵਾ ਵਿੱਚ ਚੌਵੀ ਘੰਟੇ ਹਾਜ਼ਰ ਹਾਂ ਤੇ ਲੋਕਾਂ ਦੇ ਸਹਿਯੋਗ ਨਾਲ ਬਟਾਲਾ ਹਲਕੇ ਨੂੰ ਵਿਕਾਸ ਪੱਖੋਂ ਨਮੂਨੇ ਦਾ ਹਲਕਾ ਬਣਾਇਆ ਜਾ ਰਿਹਾ ਹੈ।

# 'ਡਿਜੀਟਲ ਅਰੈਸਟ' ਰਾਹੀਂ ਕੇਰਲਾ ਦੀ ਮਹਿਲਾ ਡਾਕਟਰ ਨਾਲ 10.5 ਲੱਖ ਦੀ ਠੱਗੀ, ਲੁਧਿਆਣਾ ਦਾ ਨੌਜਵਾਨ ਗ੍ਰਿਫ਼ਤਾਰ

ਕੰਨੂਰ (ਕੇਰਲਾ)/ਲੁਧਿਆਣਾ, 20 ਜਨਵਰੀ (ਚ.ਨ.ਸ): ਕੇਰਲਾ ਦੀ ਕੰਨੂਰ ਸਿਟੀ ਸਾਈਬਰ ਪੁਲਿਸ ਨੇ ਇੱਕ ਵੱਡੀ ਕਾਰਵਾਈ ਕਰਦੇ ਹੋਏ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਇੱਕ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਹੈ।ਮੁਲਜ਼ਮ 'ਤੇ ਕੇਰਲਾ ਦੀ ਇੱਕ ਮਹਿਲਾ ਡਾਕਟਰ ਨੂੰ 'ਡਿਜੀਟਲ ਅਰੈਸਟ' ਦੀ ਧਮਕੀ ਦੇ ਕੇ 10.5 ਲੱਖ ਰੁਪਏ ਠੱਗਣ ਦਾ ਦੋਸ਼ ਹੈ।ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ 28 ਸਾਲਾ ਜੀਵਨ ਰਾਮ ਵਜੋਂ ਹੋਈ ਹੈ, ਜੋ ਲੁਧਿਆਣਾ ਦੇ ਇੱਕ ਪਿੰਡ ਦਾ ਰਹਿਣ ਵਾਲਾ ਹੈ।



**ਕੀ ਹੈ ਪੂਰਾ ਮਾਮਲਾ?**

ਪੁਲਿਸ ਅਨੁਸਾਰ ਇਹ ਘਟਨਾ 30 ਨਵੰਬਰ, 2025 ਨੂੰ ਵਾਪਰੀ ਸੀ। ਠੱਗਾਂ ਨੇ ਮੁੰਬਈ ਦੇ ਸੀਬੀਆਈ (329) ਅਧਿਕਾਰੀ ਬਣ ਕੇ ਡਾਕਟਰ ਨੂੰ ਵਟਸਐਪ ਵੀਡੀਓ ਕਾਲ ਕੀਤੀ।ਉਨ੍ਹਾਂ ਨੇ ਡਾਕਟਰ ਨੂੰ ਡਰਾਇਆ ਕਿ ਉਨ੍ਹਾਂ ਦੇ ਨਾਮ 'ਤੇ ਮਨੀ ਲਾਂਡਰਿੰਗ (ਪੈਸਿਆਂ ਦੀ ਗੈਰ-ਕਾਨੂੰਨੀ ਹੇਰਾਫੇਰੀ) ਦਾ ਕੇਸ ਦਰਜ ਹੋਇਆ ਹੈ।ਡਾਕਟਰ ਨੂੰ ਘਬਰਾਹਟ ਵਿੱਚ ਪਾ ਕੇ ਉਨ੍ਹਾਂ ਨੇ ਮਾਮਲਾ ਸੁਲਝਾਉਣ ਦੇ ਬਦਲੇ ਪੈਸਿਆਂ ਦੀ ਮੰਗ ਕੀਤੀ।ਡਾਕਟਰ ਨੇ ਡਰ ਦੇ ਮਾਰੇ ਵੱਖ-ਵੱਖ ਖਾਤਿਆਂ ਵਿੱਚ ਕੁੱਲ 10.5 ਲੱਖ ਰੁਪਏ ਟ੍ਰਾਂਸਫਰ ਕਰ ਦਿੱਤੇ, ਜਿਸ ਨੂੰ ਜੀਵਨ ਰਾਮ ਨੇ ਬਾਅਦ ਵਿੱਚ ਚੈਕ ਰਾਹੀਂ ਕਢਵਾ ਲਿਆ।

**ਪੰਜ ਦਿਨਾਂ ਦੀ ਨਿਗਰਾਨੀ ਤੋਂ ਬਾਅਦ ਗ੍ਰਿਫ਼ਤਾਰੀ**

ਕੰਨੂਰ ਦੇ ਪੁਲਿਸ ਕਮਿਸ਼ਨਰ ਨਿਧਿਨਰਾਜ ਪੀ. ਦੇ ਨਿਰਦੇਸ਼ਾਂ 'ਤੇ ਇੱਕ ਵਿਸ਼ੇਸ਼ ਟੀਮ ਪੰਜਾਬ ਭੇਜੀ ਗਈ ਸੀ।ਪੁਲਿਸ ਨੇ ਦੱਸਿਆ ਕਿ ਮੁਲਜ਼ਮ ਲਗਾਤਾਰ ਆਪਣੇ ਟਿਕਾਣੇ ਬਦਲ ਰਿਹਾ ਸੀ, ਪਰ ਪੰਜ ਦਿਨਾਂ ਦੀ ਲਗਾਤਾਰ ਨਿਗਰਾਨੀ ਤੇ ਜਾਂਚ ਤੋਂ ਬਾਅਦ ਉਸ ਨੂੰ ਲੁਧਿਆਣਾ ਤੋਂ ਕਾਬੂ ਕਰ ਲਿਆ ਗਿਆ।ਪੁਲਿਸ ਹੁਣ ਇਸ ਗਿਰੋਹ ਦੇ ਹੋਰ ਮੈਂਬਰਾਂ ਦੀ ਭਾਲ ਕਰ ਰਹੀ ਹੈ ਤਾਂ ਜੋ ਠੱਗੀ ਦੇ ਇਸ ਨੈਟਵਰਕ ਦਾ ਪੂਰੀ ਤਰ੍ਹਾਂ ਪਰਦਾਫਾਸ਼ ਕੀਤਾ ਜਾ ਸਕੇ।

## 'ਇਤਿਹਾਸਕ ਪਲ'

# ਜੰਮੂ-ਕਸ਼ਮੀਰ ਦੀ ਧੀ ਸਿਮਰਨ ਬਾਲਾ ਗਣਤੰਤਰ ਦਿਵਸ ਪਰੇਡ 'ਚ ਪੁਰਸ਼ਾਂ ਦੀ ਸੀਆਰਪੀਐਫ ਟੁਕੜੀ ਦੀ ਕਰੇਗੀ ਅਗਵਾਈ

ਨਵੀਂ ਦਿੱਲੀ/ਰਾਜੌਰੀ, 20 ਜਨਵਰੀ (ਚ.ਨ.ਸ): ਇਸ ਸਾਲ 26 ਜਨਵਰੀ ਨੂੰ ਦਿੱਲੀ ਦੇ ਕਰਤੱਵ ਪੱਥ 'ਤੇ ਹੋਣ ਵਾਲੀ ਗਣਤੰਤਰ ਦਿਵਸ ਪਰੇਡ ਵਿੱਚ ਇੱਕ ਨਵਾਂ ਇਤਿਹਾਸ ਸਿਰਜਿਆ ਜਾਵੇਗਾ। ਜੰਮੂ-ਕਸ਼ਮੀਰ ਦੇ ਰਾਜੌਰੀ ਜ਼ਿਲ੍ਹੇ ਦੀ 26 ਸਾਲਾ ਸੀਆਰਪੀਐਫ (CRPF) ਸਹਾਇਕ ਕਮਾਂਡੈਂਟ ਸਿਮਰਨ ਬਾਲਾ 140 ਤੋਂ ਵੱਧ ਪੁਰਸ਼ ਜਵਾਨਾਂ ਦੀ ਟੁਕੜੀ ਦੀ ਅਗਵਾਈ ਕਰੇਗੀ। ਸਿਮਰਨ ਬਾਲਾ ਆਪਣੇ ਜ਼ਿਲ੍ਹੇ ਤੋਂ ਦੇਸ਼ ਦੀ ਸਭ ਤੋਂ ਵੱਡੀ ਅਰਧ ਸੈਨਿਕ ਫੋਰਸ ਵਿੱਚ ਅਫਸਰ ਰੈਂਕ ਵਿੱਚ ਸ਼ਾਮਲ ਹੋਣ ਵਾਲੀ ਪਹਿਲੀ ਮਹਿਲਾ ਹੈ।ਉਹ ਅਪ੍ਰੈਲ 2025 ਵਿੱਚ ਫੋਰਸ ਵਿੱਚ ਭਰਤੀ ਹੋਈ ਸੀ ਤੇ ਉਸਦੀ ਪਹਿਲੀ ਨਿਯੁਕਤੀ ਛੱਤੀਸਗੜ੍ਹ ਦੀ 'ਬਸਤਰੀਆ' ਬਟਾਲੀਅਨ ਵਿੱਚ ਨਕਸਲ ਵਿਰੋਧੀ ਅਪ੍ਰੇਸ਼ਨਾਂ ਲਈ ਹੋਈ ਸੀ। ਸਿਮਰਨ ਨੇ ਯੂਪੀਐਸਸੀ (UPSC) ਰਾਹੀਂ ਸੀਏਪੀਐਫ ਪ੍ਰੀਖਿਆ ਪਾਸ ਕੀਤੀ ਸੀ ਤੇ ਸਿਖਲਾਈ ਦੌਰਾਨ ਉਸਨੂੰ ਸਰਵੋਤਮ ਅਫਸਰ ਤੇ ਸਰਵੋਤਮ ਜਨਤਕ ਬੁਲਾਰੇ ਦੇ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਸੀ। ਭਾਵੇਂ ਪਹਿਲਾਂ ਵੀ ਮਹਿਲਾ ਅਧਿਕਾਰੀਆਂ ਨੇ ਪਰੇਡਾਂ ਦੀ ਅਗਵਾਈ ਕੀਤੀ ਹੈ, ਪਰ 140 ਤੋਂ ਵੱਧ ਪੁਰਸ਼ਾਂ ਦੀ ਟੁਕੜੀ ਦੀ ਕਮਾਨ ਸੰਭਾਲਣ ਵਾਲੀ ਉਹ ਪਹਿਲੀ ਮਹਿਲਾ ਅਧਿਕਾਰੀ ਬਣੇਗੀ।

# ਸਰਕਾਰ ਵੱਲੋਂ ਦਸ ਲੱਖ ਰੁਪਏ ਦੀ ਸਿਹਤ ਬੀਮਾ ਯੋਜਨਾ ਸ਼ੁਰੂ ਕਰਨਾ ਸ਼ਲਾਘਾਯੋਗ ਕਦਮ: ਰਾਮ ਸਿੰਘ



ਫਤਹਿਗੜ੍ਹ ਚੂੜੀਆਂ, 20 ਜਨਵਰੀ (ਰਾਜਨ ਸ਼ਰਮਾ): ਫਤਹਿਗੜ੍ਹ ਚੂੜੀਆਂ ਦੇ ਵਸਨੀਕ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਵਰਕਰ ਰਾਮ ਸਿੰਘ ਸਿਟੀ ਬਲਾਕ ਪ੍ਰਧਾਨ ਨੇ ਗੱਲਬਾਤ ਦੌਰਾਨ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 10 ਲੱਖ ਰੁਪਏ ਦੀ ਕੈਸ਼ਲੈਸ ਸਿਹਤ ਬੀਮਾ ਯੋਜਨਾ ਸ਼ੁਰੂ ਕੀਤੇ ਜਾਣ ਨਾਲ ਪੰਜਾਬ ਦੇ ਲੋਕਾਂ ਨੂੰ ਵੱਡਾ ਲਾਭ ਮਿਲੇਗਾ। ਇਸ ਯੋਜਨਾ ਤਹਿਤ ਹੁਣ ਹਰ ਪੰਜਾਬੀ ਪਰਿਵਾਰ ਨੂੰ ਮਹਿੰਗੇ ਇਲਾਜ ਦੀ ਚਿੰਤਾ ਤੋਂ ਮੁਕਤੀ ਮਿਲੇਗੀ।ਰਾਮ ਸਿੰਘ ਨੇ ਇਸ ਯੋਜਨਾ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਆਮ ਲੋਕਾਂ ਲਈ ਵਰਦਾਨ ਸਾਬਤ ਹੋਵੇਗੀ।ਉਨ੍ਹਾਂ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਬਿਮਾਰੀ ਕਿਸੇ ਵੀ ਘਰ ਦਾ ਸਾਰਾ ਬਜਟ ਹਿਲਾ ਕੇ ਰੱਖ ਸਕਦੀ ਹੈ। ਮਹਿੰਗੇ ਇਲਾਜ ਕਰਵਾਉਣਾ ਗਰੀਬ ਤੇ ਮੱਧ ਵਰਗ ਲਈ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਪਰ ਇਸ ਯੋਜਨਾ ਨਾਲ ਸਰਕਾਰੀ ਤੇ ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਵਿੱਚ ਬਿਨਾਂ ਨਗਦ ਰਕਮ ਦੇ ਇਲਾਜ ਦੀ ਸੁਵਿਧਾ ਮਿਲੇਗੀ, ਜਿਸ ਨਾਲ ਲੋਕਾਂ ਨੂੰ ਤੁਰੰਤ ਤੇ ਉਚ ਪੱਧਰੀ ਸਿਹਤ ਸੇਵਾਵਾਂ ਮਿਲ ਸਕਣਗੀਆਂ। ਰਾਮ ਸਿੰਘ ਨੇ ਕਿਹਾ ਕਿ ਇਸ ਨਾਲ ਹਜ਼ਾਰਾਂ ਪਰਿਵਾਰ ਕਰਜ਼ੇ ਦੇ ਬੋਝ ਤੋਂ ਬਚ ਸਕਣਗੇ।ਉਨ੍ਹਾਂ ਨੇ ਕਿਹਾ ਕਿ ਇਹ ਯੋਜਨਾ ਸੂਬੇ ਵਿੱਚ ਸਿਹਤ ਪ੍ਰਣਾਲੀ ਨੂੰ ਮਜ਼ਬੂਤ ਕਰੇਗੀ ਤੇ ਲੋਕਾਂ ਦਾ ਸਰਕਾਰ 'ਤੇ ਭਰੋਸਾ ਹੋਰ ਵਧੇਗਾ।ਅੰਤ ਵਿੱਚ ਉਨ੍ਹਾਂ ਨੇ ਪੰਜਾਬ ਸਰਕਾਰ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਹ ਫੈਸਲਾ ਸੱਚਮੁੱਚ ਲੋਕ-ਹਿਤ ਵਿੱਚ ਹੈ ਤੇ ਹਰ ਪੰਜਾਬੀ ਲਈ ਸਿਹਤ ਸੁਰੱਖਿਆ ਦੀ ਨਵੀਂ ਆਸ ਬਣ ਕੇ ਉਭਰੇਗਾ।

# ਵੇਰਕਾ ਮਿਲਕ ਤੇ ਕੈਟਲ ਫੀਡ ਆਊਟਸੋਰਸ ਮੁਲਾਜ਼ਮ ਯੂਨੀਅਨ ਵੱਲੋਂ ਮੰਗਾਂ ਸਬੰਧੀ ਚੇਅਰਮੈਨ ਸ਼ੇਰਗਿੱਲ ਨਾਲ ਮੀਟਿੰਗ



ਫਤਹਿਗੜ੍ਹ ਚੂੜੀਆਂ, 20 ਜਨਵਰੀ (ਰਾਜਨ ਸ਼ਰਮਾ): ਵੇਰਕਾ ਮਿਲਕ ਤੇ ਕੈਟਲ ਫੀਡ ਆਊਟਸੋਰਸ ਮੁਲਾਜ਼ਮ ਯੂਨੀਅਨ ਪੰਜਾਬ ਵੱਲੋਂ ਪਿਛਲੀ ਦਿਨੀਂ 19 ਜਨਵਰੀ ਨੂੰ ਹੈਡ ਆਫਿਸ ਦੇ ਘਿਰਾਓ ਦਾ ਸੱਦਾ ਦਿੱਤਾ ਗਿਆ ਸੀ ਪ੍ਰੰਤੂ ਹੈਡ ਆਫਿਸ ਦੀ ਮੈਨੇਜਮੈਂਟ ਵੱਲੋਂ ਮੰਗਾਂ ਪੂਰੀਆਂ ਕਰਨ ਦੀ ਬਜਾਏ ਵਰਕਰਾਂ ਨੂੰ ਧਮਕਾਇਆ ਤੇ ਡਰਾਉਣ ਦੀ ਨੀਤੀ ਨਾਲ ਹੈਡ ਆਫਿਸ ਆਉਣ 'ਤੇ ਕੋਰਟ ਵੱਲੋਂ ਰੋਕ ਲਗਾ ਦਿੱਤੀ। ਇਸ ਦੇ ਰੋਸ ਵਜੋਂ ਵੇਰਕਾ ਆਊਟਸੋਰਸ ਯੂਨੀਅਨ ਵੱਲੋਂ ਮਿਲਕਫੈਡ ਚੇਅਰਮੈਨ ਨਰਿੰਦਰ ਸਿੰਘ ਸ਼ੇਰਗਿੱਲ ਦੇ ਗ੍ਰਹਿ ਵੱਲ ਨੂੰ ਰੁਖ਼ ਕੀਤਾ। ਚੇਅਰਮੈਨ ਨਰਿੰਦਰ ਸਿੰਘ ਸ਼ੇਰਗਿੱਲ AMD ਸਾਹਿਬ, ਐਚ.ਆਰ ਜੀ ਐਮ ਪੰਜਾਬ ਡਿਪਾਰਟਮੈਂਟ ਵੱਲੋਂ ਵੇਰਕਾ ਮਿਲਕ ਤੇ ਕੈਟਲ ਫ਼ੀਡ ਪਲਾਂਟ ਆਊਟਸੋਰਸ ਯੂਨੀਅਨ ਪੰਜਾਬ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ ਤੇ ਯੂਨੀਅਨ ਦੇ ਆਗੂਆਂ ਵੱਲੋਂ ਲਟਕਦੀਆਂ ਮੰਗਾਂ ਨੂੰ ਲੈ ਕੇ ਕਾਫੀ ਸਮਾਂ ਵਿਚਾਰ ਚਰਚਾ ਕੀਤੀ ਗਈ ਤੇ ਕੁੱਝ ਮੰਗਾਂ ਨੂੰ ਚੇਅਰਮੈਨ ਨਰਿੰਦਰ ਸਿੰਘ ਸ਼ੇਰਗਿੱਲ ਨੇ ਮੌਕੇ 'ਤੇ ਮੈਨੇਜਮੈਂਟ ਵੱਲੋਂ ਹੱਲ ਕਰਵਾਇਆ ਤੇ ਮੁੱਖ ਮੰਗ ਮਿਲਕਫੈਡ ਰੂਲ 2023 ਆਊਟਸੋਰਸ ਵਰਕਰਾਂ 'ਤੇ ਲਾਗੂ ਕਰਨ ਲਈ 27-28 ਜਨਵਰੀ ਨੂੰ ਦੁਬਾਰੇ ਮੀਟਿੰਗ ਕਰ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ।ਸੂਬਾ ਪ੍ਰਧਾਨ ਪਵਨਦੀਪ ਸਿੰਘ ਵੱਲੋਂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਅਕਤੂਬਰ ਮਹੀਨੇ ਵਿੱਚ ਵਿੱਤ ਮੰਤਰੀ ਪੰਜਾਬ ਵੱਲੋਂ ਭਰੋਸਾ ਦਿੱਤਾ ਗਿਆ ਸੀ ਕਿ ਉਚ ਪੱਧਰੀ ਕਮੇਟੀ ਬਣਾ ਕੇ ਮੀਟਿੰਗ ਕਰਕੇ ਗੱਲਬਾਤ ਰਾਹੀਂ ਮੰਗਾਂ ਮਸਲੇ ਦਾ ਹੱਲ ਕੀਤਾ ਜਾਵੇਗਾ ਪ੍ਰੰਤੂ ਨਾ ਮੀਟਿੰਗ ਕੀਤੀ ਗਈ ਨਾ ਮਸਲੇ ਹੱਲ ਕਰਵਾਏ ਗਏ। ਉਨ੍ਹਾਂ ਦੱਸਿਆ ਕਿ ਅੱਜ ਚੇਅਰਮੈਨ ਮਿਲਕਫੈਡ ਵੱਲੋਂ 27-28 ਜਨਵਰੀ ਦੀ ਮੀਟਿੰਗ ਦੇ ਕੇ ਮੰਗਾਂ ਮਸਲੇ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ। ਜੇਕਰ ਮੀਟਿੰਗ ਕਰਕੇ ਗੱਲਬਾਤ ਰਾਹੀਂ ਮੰਗਾਂ ਮਸਲੇ ਹੱਲ ਨਾ ਕੀਤੇ ਤਾਂ ਸੰਘਰਸ਼ ਦਾ ਅਖਤਿਆਰ ਕੀਤਾ ਜਾਵੇਗਾ। ਇਸ ਮੌਕੇ 'ਤੇ ਜਸਵੀਰ ਸਿੰਘ, ਜਤਿੰਦਰ ਸਿੰਘ, ਕੁਲਮਨਵੀਰ ਸਿੰਘ, ਸੁਖਦੀਪ ਸਿੰਘ, ਅਮਨਦੀਪ ਸਿੰਘ, ਬਚਿੱਤਰ ਸਿੰਘ, ਰੁਪਿੰਦਰ ਸਿੰਘ, ਹਰਪ੍ਰੀਤ ਸਿੰਘ, ਜਗਜੀਤ ਸਿੰਘ, ਰਾਜਦੀਪ ਸਿੰਘ, ਅਵਤਾਰ ਸਿੰਘ, ਗੁਰਦੀਪ ਸਿੰਘ ਨੀਟਾ ਹਾਜ਼ਰ ਸਨ।

# ਪਿੰਡ ਚਾਹਲ ਕਲਾਂ ਵਿਖੇ ਕਰਵਾਏ ਬੱਚਿਆਂ ਦੇ ਦਸਤਾਰ ਮੁਕਾਬਲੇ 'ਤੇ ਜੇਤੂ ਬੱਚਿਆਂ ਨੂੰ ਕੀਤਾ ਸਨਮਾਨਿਤ



ਬਟਾਲਾ, 20 ਜਨਵਰੀ (ਬਲਵਿੰਦਰ ਸਿੰਘ ਪੰਜਗਰਾਈਂ): ਨਜ਼ਦੀਕੀ ਪਿੰਡ ਚਾਹਲ ਕਲਾਂ ਦੇ ਗੁਰਦੁਆਰਾ ਸ਼ਰਧਾ ਪੂਰਨ ਸਾਹਿਬ ਵਿਖੇ ਬੱਚਿਆਂ ਦੇ ਦਸਤਾਰ ਮੁਕਾਬਲੇ ਤੇ ਗੁਰਮਤਿ ਪ੍ਰੀਖਿਆ ਦੇ ਮੁਕਾਬਲੇ ਕਰਵਾਏ ਗਏ।ਜਾਣਕਾਰੀ ਸਾਂਝੀ ਕਰਦੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਗੁਰਿੰਦਰ ਪਾਲ ਸਿੰਘ ਗੋਰਾ ਨੇ ਦੱਸਿਆ ਕਿ ਇਹ ਉਪਰਾਲਾ ਐਨਆਰਆਈ ਵੀਰਾਂ ਦੇ ਤੇ ਗੁਰੂ ਸਾਹਿਬ ਦੇ ਵਜ਼ੀਰ ਭਾਈ ਨਾਨਕ ਸਿੰਘ ਦੇ ਵੱਡਮੁਲੇ ਸਹਿਯੋਗ ਨਾਲ ਕਰਵਾਇਆ ਗਿਆ ਹੈ।ਇਸ ਮੌਕੇ ਗੁਰਿੰਦਰ ਪਾਲ ਸਿੰਘ ਗੋਰਾ ਵੱਲੋਂ ਬੱਚਿਆਂ ਨੂੰ ਗੁਰੂਘਰ ਦੀ ਮਰਿਆਦਾ ਬਾਰੇ, ਸਿੱਖਾਂ ਦੇ ਪੰਜ ਤਖ਼ਤ ਸਾਹਿਬਾਨਾਂ ਦੇ ਨਾਮ, ਗੁਰੂ ਸਾਹਿਬ ਦੇ ਚਾਰ ਸਾਹਿਬਜ਼ਾਦਿਆਂ ਦੇ ਤੇ ਪੰਜ ਪਿਆਰੇ ਸਾਹਿਬਾਨਾਂ ਦੇ ਨਾਮ ਪੁੱਛੇ ਗਏ।ਜਿਸਦੇ ਬੱਚਿਆਂ ਨੇ ਬੜੀ ਸਰਲਤਾ ਤੇ ਸਹਿਜਤਾ ਨਾਲ ਜਵਾਬ ਦਿੱਤੇ।ਇਸ ਮੌਕੇ ਬੱਚਿਆਂ ਨੇ ਬੜੀਆਂ ਸੁੰਦਰ ਦਸਤਾਰਾਂ ਸਜਾ ਕੇ ਦਸਤਾਰ ਮੁਕਾਬਲੇ ਵਿੱਚ ਭਾਗ ਲਿਆ ਤੇ ਇਨਾਮ ਜਿੱਤੇ।ਜ਼ਿਕਰਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਗੁਰਿੰਦਰ ਪਾਲ ਸਿੰਘ ਗੋਰਾ ਨੇ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਗੁਰਮਤਿ ਕਲਾਸਾਂ ਲਗਵਾਉਂਦੇ ਹਨ ਤੇ ਫਿਰ ਦਸਤਾਰ ਮੁਕਾਬਲਿਆਂ ਤੇ ਗੁਰਮਤਿ ਪ੍ਰੀਖਿਆਵਾਂ ਰਾਹੀਂ ਬੱਚਿਆਂ ਦੇ ਬੌਧਿਕ ਵਿਕਾਸ ਨੂੰ ਉੱਚਾ ਚੁੱਕਣ ਵਿੱਚ ਵੱਡਾ ਯੋਗਦਾਨ ਪਾਉਂਦੇ ਰਹਿੰਦੇ ਹਨ।ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਗੁਰਿੰਦਰ ਪਾਲ ਸਿੰਘ ਗੋਰਾ ਤੋਂ ਇਲਾਵਾ ਗੁਰਦੁਆਰਾ ਅੱਚਲ ਸਾਹਿਬ ਦੇ ਹੈਡ ਗ੍ਰੰਥੀ ਭਾਈ ਨਾਨਕ ਸਿੰਘ, ਪ੍ਰਚਾਰਕ ਭਾਈ ਗੁਰਮੁਖ ਸਿੰਘ, ਪ੍ਰਚਾਰਕ ਭਾਈ ਬਲਬੀਰ ਸਿੰਘ ਸੇਖਵਾਂ ਤੇ ਨਗਰ ਦੀਆਂ ਮਾਣਮਤੀਆਂ ਸ਼ਖਸੀਅਤਾਂ ਵੱਲੋਂ ਉਚੇਚੇ ਤੌਰ 'ਤੇ ਪਹੁੰਚ ਕੇ ਜੇਤੂ ਬੱਚਿਆਂ ਨੂੰ ਇਨਾਮ ਵੰਡ ਕੇ ਉਨ੍ਹਾਂ ਨੂੰ ਸਨਮਾਨਤ ਵੀ ਕੀਤਾ ਤੇ ਗੁਰੂ ਸਾਹਿਬਾਨਾਂ ਦੇ ਆਸ਼ੀਰਵਾਦ ਰਾਹੀਂ ਉਨ੍ਹਾਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ।

# ਪ੍ਰੋਜੈਕਟ ਜੀਵਨ ਜੋਤ 2.0 ਤਹਿਤ ਬਾਲ ਭਿੱਖਿਆ 'ਚ ਲੱਗੇ ਦੋ ਬੱਚਿਆਂ ਨੂੰ ਬਲਾਚੌਰ ਤੋਂ ਕੀਤਾ ਰੈਸਕਿਊ



ਨਵਾਂ ਸ਼ਹਿਰ, 20 ਜਨਵਰੀ (ਸੁਖਦੇਵ ਸਿੰਘ ਉੜਾਪੜ): ਡਾਇਰੈਕਟਰ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਪ੍ਰਾਪਤ ਨਿਰਦੇਸ਼ਾਂ ਅਨੁਸਾਰ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ (ਆਈਏਐਸ) ਵੱਲੋਂ ਪ੍ਰਾਪਤ ਹਦਾਇਤਾਂ ਅਨੁਸਾਰ ਬਾਲ ਭਿੱਖਿਆ ਖ਼ਿਲਾਫ ਪ੍ਰੋਜੈਕਟ ਜੀਵਨ ਜੋਤ 2.0 ਨੂੰ ਸਖ਼ਤਾਈ ਨਾਲ ਲਾਗੂ ਕਰਦੇ ਹੋਏ ਅੱਜ ਜ਼ਿਲ੍ਹਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਵੱਲੋਂ ਜ਼ਿਲ੍ਹਾ ਨਵਾਂਸ਼ਹਿਰ ਦੇ ਬਲਾਕ ਬਲਾਚੌਰ ਵਿੱਚ ਸਬ-ਡਵੀਜ਼ਨਲ ਕਮੇਟੀ ਨਾਲ ਬੱਸ ਸਟੈਂਡ ਰੋਡ, ਭੱਦੀ ਰੋਡ, ਮੰਡਿਆਣੀ ਮੋੜ, ਬੁੱਲੇਵਾਲ ਮੋੜ, ਦਾਣਾ ਮੰਡੀ ਤੇ ਸਬਜ਼ੀ ਮੰਡੀ ਦੇ ਨਾਲ-ਨਾਲ ਕੰਗਨਾ ਪੁੱਲ 'ਤੇ ਬਾਲ ਭਿੱਖਿਆ ਖ਼ਿਲਾਫ ਚੈਕਿੰਗ ਕੀਤੀ ਗਈ।ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਵੱਲੋਂ ਦੱਸਿਆ ਗਿਆ ਕਿ ਬਲਾਚੌਰ ਵਿੱਚ ਅੱਜ ਚੈਕਿੰਗ ਟੀਮ ਨੂੰ ਦੋ ਬੱਚੇ (ਇੱਕ ਲੜਕਾ ਉਮਰ ਤਕਰੀਬਨ 6 ਸਾਲ ਤੇ ਇੱਕ ਲੜਕੀ ਉਮਰ ਤਕਰੀਬਨ 14 ਸਾਲ) ਨੂੰ ਰੈਸਕਿਊ ਕੀਤਾ ਗਿਆ ਜੋਕਿ ਆਪਣੀ ਮਾਂ ਨਾਲ ਭੀਖ ਮੰਗਦੇ ਤੇ ਗੁਬਾਰੇ ਵੇਚਦੀ ਵੀ ਪਾਏ ਗਏ।ਬੱਚਿਆਂ ਨੂੰ ਉਨ੍ਹਾਂ ਦੀ ਮਾਂ ਸਮੇਤ ਹੀ ਰੈਸਕਿਊ ਕੀਤਾ ਗਿਆ ਤੇ ਰੈਸਕਿਊ ਕਰਕੇ ਬਾਲ ਭਲਾਈ ਕਮੇਟੀ ਅੱਗੇ ਪੇਸ਼ ਕੀਤਾ ਗਿਆ।ਬੱਚਿਆਂ ਦੇ ਕਿਸੀ ਵੀ ਕਿਸਮ ਦੇ ਦਸਤਾਵੇਜ਼ ਨਾ ਪਾਏ ਜਾਣ 'ਤੇ ਫਿਲਹਾਲ ਬੱਚਿਆਂ ਨੂੰ ਸੁਰੱਖਿਅਤ ਸ਼ੈਲਟਰ ਦਿੱਤਾ ਗਿਆ ਹੈ ਤੇ ਸੋਸ਼ਲ ਇਨਵੈਸਟੀਗੇਸ਼ਨ ਉਪਰੰਤ ਅਗਲੇਰੀ ਕਾਰਵਾਈ ਕੀਤੀ ਜਾਵੇਗੀ ਤਾਂ ਜੋ ਬੱਚਿਆਂ ਦੀ ਸੁਰੱਖਿਆ ਨੂੰ ਸੁਨਿਸ਼ਚਿਤ ਕੀਤਾ ਜਾ ਸਕੇ।ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਦੀ ਟੀਮ ਵੱਲੋਂ ਆਮ ਜਨਤਾ ਨੂੰ ਦੱਸਿਆ ਗਿਆ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਭੀਖ ਨਾ ਮੰਗਵਾਉਣ ਤੇ ਮਜ਼ਦੂਰੀ ਨਾ ਕਰਵਾਉਣ ਤੇ ਜੇ ਕੋਈ ਬੱਚਾ ਬਾਲ ਭਿੱਖਿਆ ਕਰਦੇ ਹੋਏ ਪਾਇਆ ਜਾਂਦਾ ਹੈ ਤਾਂ ਬਾਲ ਸੁਰੱਖਿਆ ਯੂਨਿਟ ਨੂੰ ਚਾਈਲਡ ਹੈਲਪਲਾਈਨ ਨੰਬਰ 1098 'ਤੇ ਸੂਚਿਤ ਕੀਤਾ ਜਾਵੇ। ਚੈਕਿੰਗ ਟੀਮ ਵਿੱਚ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ, ਗੌਰਵ ਸ਼ਰਮਾ (ਸੀਪੀਓ), ਸੰਤੋਸ਼ ਡੀਈਓ, ਸੀਡੀਪੀਓ ਦਫਤਰ ਤੋਂ ਨੀਲਮ ਕੁਮਾਰੀ ਸੁਪਰਵਾਈਜ਼ਰ, ਸਿੱਖਿਆ ਵਿਭਾਗ ਤੋਂ ਪ੍ਰਿੰਸ ਕੁਮਾਰ ਈਟੀਟੀ ਟੀਚਰ, ਸਿਹਤ ਵਿਭਾਗ ਤੋਂ ਸਤੀਸ਼ ਕੁਮਾਰ, ਸਿੰਘ, ਪੁਲਿਸ ਵਿਭਾਗ ਤੋਂ ਕਰਮਜੀਤ ਕੌਰ ਮੌਜੂਦ ਸਨ।

# ਜ਼ਿਲ੍ਹਾ ਪ੍ਰੀਸ਼ਦ ਮੈਂਬਰ ਬਲਜੀਤ ਸਿੰਘ ਸੋਨੂੰ ਸੋਹਲ ਸਰਪੰਚ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨੌਜਵਾਨਾਂ ਨੂੰ ਜਾਗਰੂਕ ਕੀਤਾ



ਧਾਰੀਵਾਲ, 20 ਜਨਵਰੀ (ਅਸ਼ੋਕ ਕੁਮਾਰ): ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਵਿਸ਼ਾਲ ਮੁਹਿੰਮ ਦੇ ਦੂਸਰੇ ਪੜਾਅ ਤਹਿਤ ਜ਼ਿਲ੍ਹਾ ਗੁਰਦਾਸਪੁਰ ਵਿੱਚ ਜਾਗਰੂਕਤਾ ਗਤੀਵਿਧੀਆਂ ਲਗਾਤਾਰ ਜਾਰੀ ਹਨ।ਇਸ ਸਬੰਧੀ ਜ਼ਿਲ੍ਹਾ ਪ੍ਰੀਸ਼ਦ ਗੁਰਦਾਸਪੁਰ ਦੇ ਮਾਣਯੋਗ ਮੈਂਬਰ ਤੇ ਪਿੰਡ ਸੋਹਲ ਦੇ ਸਰਪੰਚ ਬਲਜੀਤ ਸਿੰਘ ਸੋਨੂੰ ਸੋਹਲ ਨੇ ਨੌਜਵਾਨਾਂ ਨੂੰ ਸੰਬੋਧਨ ਕਰਦੇ ਹੋਏ ਸਮਾਜ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਇਕਜੁੱਟ ਹੋਣ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਨਸ਼ਾ ਸਿਰਫ਼ ਇੱਕ ਵਿਅਕਤੀ ਦਾ ਨਹੀਂ, ਸਗੋਂ ਪੂਰੇ ਸਮਾਜ ਦੀ ਸਮੱਸਿਆ ਹੈ, ਜਿਸ ਨਾਲ ਪਰਿਵਾਰਾਂ ਦੀਆਂ ਜੜ੍ਹਾਂ ਹਿਲ ਰਹੀਆਂ ਹਨ।ਨੌਜਵਾਨ ਦੇਸ਼ ਦਾ ਭਵਿੱਖ ਹਨ ਤੇ ਜੇਕਰ ਨੌਜਵਾਨ ਵਰਗ ਨਸ਼ਿਆਂ ਦੀ ਲਪੇਟ ਵਿੱਚ ਆ ਗਿਆ ਤਾਂ ਸਮਾਜਿਕ ਤਰੱਕੀ ਸੰਭਵ ਨਹੀਂ ਰਹੇਗੀ।ਇਸ ਲਈ ਜ਼ਰੂਰੀ ਹੈ ਕਿ ਹਰ ਨੌਜਵਾਨ ਨਸ਼ਿਆਂ ਤੋਂ ਦੂਰ ਰਹਿ ਕੇ ਸਿਹਤਮੰਦ ਜੀਵਨਸ਼ੈਲੀ ਅਪਣਾਵੇ ਤੇ ਹੋਰਾਂ ਨੂੰ ਵੀ ਇਸ ਬੁਰਾਈ ਤੋਂ ਬਚਣ ਲਈ ਪ੍ਰੇਰਿਤ ਕਰੇ।ਬਲਜੀਤ ਸਿੰਘ ਸੋਨੂੰ ਸੋਹਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਮੁਹਿੰਮ ਸਿਰਫ਼ ਸਰਕਾਰੀ ਪੱਧਰ ਤੱਕ ਸੀਮਿਤ ਨਹੀਂ ਰਹਿਣੀ ਚਾਹੀਦੀ, ਸਗੋਂ ਇਸ ਵਿੱਚ ਪਿੰਡ ਪੱਧਰ 'ਤੇ ਲੋਕਾਂ, ਨੌਜਵਾਨ ਕਲੱਬਾਂ, ਸਮਾਜਿਕ ਤੇ ਧਾਰਮਿਕ ਸੰਸਥਾਵਾਂ ਦੀ ਸਰਗਰਮ ਭੂਮਿਕਾ ਬਹੁਤ ਜ਼ਰੂਰੀ ਹੈ। ਉਨ੍ਹਾਂ ਪ੍ਰਸ਼ਾਸਨ ਨਾਲ ਪੂਰਾ ਸਹਿਯੋਗ ਕਰਨ ਦੀ ਅਪੀਲ ਕਰਦੇ ਹੋਏ ਕਿਹਾ ਕਿ ਜੇਕਰ ਕਿਤੇ ਵੀ ਨਸ਼ੇ ਦੀ ਤਸਕਰੀ ਜਾਂ ਵਿਕਰੀ ਦੀ ਜਾਣਕਾਰੀ ਮਿਲੇ ਤਾਂ ਉਸਦੀ ਤੁਰੰਤ ਸੂਚਨਾ ਸਬੰਧਤ ਅਧਿਕਾਰੀਆਂ ਨੂੰ ਦਿੱਤੀ ਜਾਵੇ।ਇਸ ਮੌਕੇ 'ਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਬਲਜੀਤ ਸਿੰਘ ਸੋਨੂੰ ਸੋਹਲ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਕਾਦੀਆਂ ਦੇ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦੇ ਯਤਨਾਂ ਸਦਕਾ ਪਿੰਡਾਂ ਅੰਦਰ ਆਧੁਨਿਕ ਖੇਡ ਸਟੇਡੀਅਮ ਤਿਆਰ ਹੋ ਰਹੇ ਹਨ

# ਮੁੱਖ ਬਾਜ਼ਾਰਾਂ 'ਚੋਂ ਪੈਦਲ ਲੰਘਣਾ ਹੋਇਆ ਔਖਾ, ਪ੍ਰਸ਼ਾਸਨ ਸੁੱਤਾ ਕੁੰਭਕਰਨ ਦੀ ਨੀਂਦ




ਗੜ੍ਹਦੀਵਾਲ, 20 ਜਨਵਰੀ (ਗੌਰਵ): ਗੜ੍ਹਦੀਵਾਲ ਦੇ ਪ੍ਰਮੁੱਖ ਬਾਜ਼ਾਰਾਂ ਦੇ ਵਿੱਚ ਟ੍ਰੈਫਿਕ ਵਿਵਸਥਾ ਦਾ ਇੰਨਾ ਬੁਰਾ ਹਾਲ ਹੋਇਆ ਕਿ ਗੱਡੀ ਤਾਂ ਦੂਰ ਦੀ ਗੱਲ ਪਰ ਪੈਦਲ ਚੱਲਣਾ ਵੀ ਬਹੁਤ ਮੁਸ਼ਕਿਲ ਹੋਇਆ ਹੈ।ਹਰ ਪ੍ਰਮੁੱਖ ਬਾਜ਼ਾਰ ਦੇ ਵਿੱਚ ਦੁਕਾਨਦਾਰਾਂ ਨੇ ਨਾਜਾਇਜ਼ ਕਬਜ਼ਾ ਕਰਕੇ ਸਮਾਨ ਰੱਖ ਕੇ ਸਾਰੇ ਬਾਜ਼ਾਰ ਦੇ ਉਤੇ ਕਬਜ਼ਾ ਕੀਤਾ ਹੋਇਆ, ਜਿਸ ਦੇ ਚੱਲਦਿਆਂ ਲੋਕਾਂ ਦਾ ਪੈਦਲ ਬਾਜ਼ਾਰ ਵਿੱਚੋਂ ਲੰਘਣਾ ਵੀ ਬਹੁਤ ਔਖਾ ਹੋ ਗਿਆ ਹੈ। ਹਰ ਦੁਕਾਨਦਾਰ ਨੇ ਆਪਣੀ ਦੁਕਾਨ ਦੇ ਬਾਹਰ ਸਮਾਨ ਸਜਾਇਆ ਹੋਇਆ ਹੈ।ਦੁਕਾਨਦਾਰਾਂ ਵੱਲੋਂ ਕੀਤੇ ਨਾਜਾਇਜ਼ ਕਬਜ਼ਿਆਂ ਕਾਰਨ ਘੰਟਿਆਂ ਬੱਧੀ ਜਾਮ ਲੱਗਾ ਰਹਿੰਦਾ ਹੈ।ਜਿਸ ਨਾਲ ਸਾਰੀ ਸੜਕ ਘੇਰ ਹੋ ਜਾਂਦੀ ਹੈ ਤੇ ਲੋਕਾਂ ਦਾ ਲੰਘਣਾ ਔਖਾ ਹੁੰਦਾ ਹੈ।ਇਸ ਮੌਕੇ 'ਤੇ ਰਾਹਗੀਰਾਂ ਨੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਉਹ ਇਨ੍ਹਾਂ ਜਨਤਕ ਸੜਕਾਂ ਨੂੰ ਖਾਲੀ ਕਰਵਾਏ ਤਾਂ ਜੋ ਉਨ੍ਹਾਂ ਨੂੰ ਲੰਘਣ ਵਿੱਚ ਕੋਈ ਵੀ ਦਿੱਕਤ ਨਾ ਆਵੇ। ਇਸ ਮੌਕੇ 'ਤੇ ਕਾਰਜ ਸਾਧਕ ਅਫਸਰ ਨਾਲ ਗੱਲਬਾਤ ਕਰਨੀ ਚਾਹੀ ਤਾਂ ਉਨ੍ਹਾਂ ਨੇ ਫੋਨ ਹੀ ਨਹੀਂ ਚੁੱਕਿਆ।

# ਸਿੱਖਿਆ ਵਿਭਾਗ ਵੱਲੋਂ ਸੰਤੋਸ਼ ਮਹਿਰਾ ਸਨਮਾਨਿਤ



ਗੁਰਦਾਸਪੁਰ, 20 ਜਨਵਰੀ (ਜਗੀਰ ਸਿੰਘ ਮੰਡ/ਨਾਹਰ): ਪਿਛਲੇ ਦਿਨੀਂ ਸਕੂਲ ਸਿੱਖਿਆ ਵਿਭਾਗ ਪੰਜਾਬ, ਜ਼ਿਲ੍ਹਾ ਗੁਰਦਾਸਪੁਰ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਬਾਹਮਣੀ ਬਲਾਕ ਦੋਰਾਂਗਲਾ ਵਿਖੇ ਸਰਕਾਰੀ ਟੀਚਰ ਸੰਤੋਸ਼ ਮਹਿਰਾ ਨੂੰ ਸਿੱਖਿਆ ਵਿਭਾਗ ਵਿੱਚ ਵਧੀਆ ਸੇਵਾਵਾਂ ਦੇਣ ਬਦਲੇ ਜ਼ਿਲ੍ਹਾ ਸਿੱਖਿਆ ਅਫਸਰ ਗੁਰਦਾਸਪੁਰ ਵੱਲੋਂ ਉਨ੍ਹਾਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ 'ਤੇ ਸੰਤੋਸ਼ ਮਹਿਰਾ ਵੱਲੋਂ ਦੱਸਿਆ ਗਿਆ ਕਿ ਸਾਨੂੰ ਆਪਣੀ ਡਿਊਟੀ ਹਮੇਸ਼ਾ ਹੀ ਇਮਾਨਦਾਰੀ, ਲਗਨ ਤੇ ਮਿਹਨਤ ਨਾਲ ਨਿਭਾਉਣੀ ਚਾਹੀਦੀ ਹੈ।

# ਰੋਡ ਸੇਫਟੀ ਮਹੀਨੇ ਸਬੰਧੀ ਲਾਇਬ੍ਰੇਰੀ ਰੋਡ ਵਿਖੇ ਜਾਗਰੂਕਤਾ ਸੈਮੀਨਾਰ



ਗੁਰਦਾਸਪੁਰ, 20 ਜਨਵਰੀ (ਜਗੀਰ ਸਿੰਘ ਮੰਡ/ਨਾਹਰ): ਅੱਜ ਟ੍ਰੈਫਿਕ ਪੁਲਿਸ ਵੱਲੋਂ ਮਨਾਏ ਜਾ ਰਹੇ ਰੋਡ ਸੇਫਟੀ ਮਹੀਨੇ ਸਬੰਧੀ ਪੈਦਲ ਤੇ ਸਾਈਕਲ ਚਾਲਕਾਂ ਤੇ ਆਮ ਪਬਲਿਕ ਲਈ ਜਾਗਰੂਕਤਾ ਸੈਮੀਨਾਰ ਲਾਇਬ੍ਰੇਰੀ ਰੋਡ ਗਰਦਾਸਪੁਰ ਵਿਖੇ ਲਗਾਇਆ ਗਿਆ, ਜਿਸ ਵਿੱਚ ਸੜਕ 'ਤੇ ਪੈਦਲ ਚੱਲਦਿਆਂ ਹਾਦਸਿਆਂ ਤੋਂ ਬਚਣ ਲਈ ਦੱਸਿਆ ਗਿਆ।ਏ.ਐਸ.ਆਈ. ਅਮਨਦੀਪ ਸਿੰਘ ਨੇ ਦੱਸਿਆ ਕਿ ਸੜਕ ਪਾਰ ਕਰਨ ਸਬੰਧੀ ਟ੍ਰੈਫਿਕ ਨਿਯਮਾਂ ਬਾਰੇ ਜਾਣੂੰ ਕਰਵਾਇਆ ਗਿਆ।ਸੜਕ 'ਤੇ ਪੈਦਲ ਚੱਲਦਿਆਂ ਫੁੱਟਪਾਥ 'ਤੇ ਚੱਲੋ।ਇਹ ਨਾ ਹੋਣ ਦੀ ਸੂਰਤ ਵਿੱਚ ਸੜਕ ਨੂੰ ਛੱਡ ਕੇ ਧੁਰ ਸੱਜੇ ਪਾਸੇ ਚਲੋ ਤਾਂ ਜੋ ਆਉਂਦੀ ਟ੍ਰੈਫਿਕ ਤੁਹਾਨੂੰ ਦਿਖਾਈ ਦੇਵੇ ਤੇ ਪਿਛੇ ਆਉਂਦੀ ਟ੍ਰੈਫਿਕ ਦੀ ਆਵਾਜ਼ ਵੀ ਸੁਣ ਸਕੇ। ਰਾਤ ਨੂੰ ਸੜਕਾਂ 'ਤੇ ਚੱਲਦੇ ਸਮੇਂ ਹਮੇਸ਼ਾ ਚਿੱਟੇ ਕੱਪੜੇ ਪਾਓ ਜਾਂ ਕੋਈ ਚਿੱਟਾ ਰੁਮਾਲ ਆਦੀ ਕੋਲ ਹੱਥ ਵਿੱਚ ਰੱਖੋ ਜਾਂ ਟਾਰਚ ਹੱਥ ਵਿੱਚ ਰੱਖੋ।ਸੜਕਾਂ 'ਤੇ ਝੁੰਡ ਬਣਾ ਕੇ ਨਾ ਚਲੋ। ਸੜਕਾਂ ਨੂੰ ਪਾਰ ਕਰਨ ਵੇਲੇ ਬਣੇ ਰਾਹਾਂ ਤੋਂ ਹੀ ਪਾਰ ਕਰੋ, ਕਦੇ ਵੀ ਸੜਕ ਦੌੜ ਕੇ ਪਾਰ ਨਾ ਕਰੋ। ਸੜਕਾਂ 'ਤੇ ਅਣਗਹਿਲੀ ਨਾਲ ਨਾ ਚੱਲੋ। ਟ੍ਰੈਫਿਕ ਨਿਯਮਾਂ, ਇਸ਼ਾਰਿਆਂ ਤੇ ਚਿੰਨ੍ਹਾਂ ਨਿਸ਼ਾਨੀਆਂ ਦੀ ਪਾਲਣਾ ਕਰੋ।ਇਹ ਤੁਹਾਡੇ ਸਾਰਿਆਂ ਲਈ ਸੁਰੱਖਿਅਤ ਸਫਰ ਸਹਾਈ ਹੋਣਗੇ, ਨਸ਼ੇ ਦੇ ਮਾੜੇ ਪ੍ਰਭਾਵਾਂ ਤੋਂ ਜਾਣੂੰ ਕਰਵਾਇਆ ਗਿਆ।ਟੂ-ਵੀਲ੍ਹਰ 'ਤੇ ਚੱਲਦੇ ਸਮੇਂ ਹਮੇਸ਼ਾ ਹੈਲਮਟ ਦੀ ਵਰਤੋਂ ਕਰੋ ਤੇ ਹੈਲਪ ਲਾਈਨ ਨੰਬਰ 112 10 ਤੇ 30 1930 ਬਾਰੇ ਜਾਗਰੂਕ ਕੀਤਾ ਗਿਆ। ਸੈਮੀਨਾਰ ਵਿੱਚ ਪਵਨ ਕੁਮਾਰ, ਇਵਿਨਾਸ਼ ਕੁਮਾਰ ਤੇ ਰਜਿੰਦਰ ਸਿੰਘ ਵਿਲੀਅਮ ਨੇ ਹਿੱਸਾ ਲਿਆ।

# ਸੜਕ ਸੁਰੱਖਿਆ ਸਪਤਾਹ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਨੇ ਚਲਾਈ ਵਿਆਪਕ ਜਾਗਰੂਕਤਾ ਮੁਹਿੰਮ



ਹੁਸ਼ਿਆਰਪੁਰ, 20 ਜਨਵਰੀ (ਦੀਪਕ ਅਗਨੀਹੋਤਰੀ): ਸੜਕ ਸੁਰੱਖਿਆ ਸਪਤਾਹ ਤਹਿਤ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸੜਕ ਦੁਰਘਟਨਾਵਾਂ ਦੀ ਰੋਕਥਾਮ ਤੇ ਆਮ ਨਾਗਰਿਕਾਂ ਨੂੰ ਸੁਰੱਖਿਅਤ ਆਵਾਜਾਈ ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਨਾਲ ਵਿਆਪਕ ਮੁਹਿੰਮ ਚਲਾਈ ਜਾ ਰਹੀ ਹੈ।ਇਸ ਮੁਹਿੰਮ ਦੀ ਅਗਵਾਈ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਤੇ ਐਸ.ਐਸ.ਪੀ. ਸੰਦੀਪ ਕੁਮਾਰ ਮਲਿਕ ਵੱਲੋਂ ਕੀਤੀ ਜਾ ਰਹੀ ਹੈ।ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੱਖ-ਵੱਖ ਵਿਭਾਗਾਂ ਦੇ ਤਾਲਮੇਲ ਨਾਲ ਆਮ ਲੋਕਾਂ ਤੱਕ ਸੜਕ ਸੁਰੱਖਿਆ ਨਾਲ ਜੁੜੀਆਂ ਜ਼ਰੂਰੀ ਸੁਵਿਧਾਵਾਂ ਤੇ ਜਾਣਕਾਰੀ ਪਹੁੰਚਾਉਣ ਦਾ ਲਗਾਤਾਰ ਯਤਨ ਕੀਤਾ ਜਾ ਰਿਹਾ ਹੈ।ਮੁਹਿੰਮ ਤਹਿਤ ਹੈਲਮਟ ਤੇ ਸੀਟ ਬੈਲਟ ਦੀ ਵਰਤੋਂ, ਓਵਰਸਪੀਡਿੰਗ ਤੋਂ ਬਚਾਅ, ਨਸ਼ੇ ਵਿੱਚ ਵਾਹਨ ਨਾ ਚਲਾਉਣ ਤੇ ਟ੍ਰੈਫਿਕ ਨਿਯਮਾਂ ਦੇ ਪਾਲਣ ਨੂੰ ਲੈ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।ਸਕੂਲਾਂ, ਕਾਲਜਾਂ ਤੇ ਜਨਤਕ ਥਾਵਾਂ 'ਤੇ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤੇ ਜਾ ਰਹੇ ਹਨ ਤਾਂ ਜੋ ਹਰ ਵਰਗ ਤੱਕ ਸੜਕ ਸੁਰੱਖਿਆ ਦਾ ਸੰਦੇਸ਼ ਪਹੁੰਚੇ।ਆਰ.ਟੀ.ਓ. ਅਮਨਦੀਪ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਡਿਸਟ੍ਰਿਕਟ ਰੋਡ ਸੇਫਟੀ ਵਰਕਸ ਤਹਿਤ ਲੋਕ ਨਿਰਮਾਣ ਵਿਭਾਗ ਦੇ ਐਕਸੀਅਨ ਵੱਲੋਂ ਜ਼ਿਲ੍ਹੇ ਦੀਆਂ ਪ੍ਰਮੁੱਖ ਸੜਕਾਂ 'ਤੇ ਸੁਧਾਰ ਕੰਮ ਕੀਤੇ ਜਾ ਰਹੇ ਹਨ।ਇਨ੍ਹਾਂ ਕੰਮਾਂ ਵਿੱਚ ਸੜਕ ਚਿੰਨ੍ਹਾਂ ਦੀ ਸਥਾਪਨਾ, ਸਪੀਡ ਬਰੇਕਰ, ਰਿਫਲੈਕਟਰ, ਸਾਈਨ ਬੋਰਡ ਤੇ ਬਲੈਕ ਸਪੌਟਸ ਦੀ ਪਹਿਚਾਣ ਕਰਕੇ ਉਨ੍ਹਾਂ ਨੂੰ ਸੁਰੱਖਿਅਤ ਬਣਾਇਆ ਜਾ ਰਿਹਾ ਹੈ, ਜਿਸ ਨਾਲ ਯਾਤਰੀਆਂ ਨੂੰ ਸੁਰੱਖਿਅਤ ਤੇ ਆਸਾਨ ਯਾਤਰਾ ਯਕੀਨੀ ਹੋ ਸਕੇ। ਆਸ਼ਿਕਾ ਜੈਨ ਨੇ ਕਿਹਾ ਕਿ ਸੜਕ ਸੁਰੱਖਿਆ ਕੇਵਲ ਪ੍ਰਸ਼ਾਸਨ ਦੀ ਨਹੀਂ, ਬਲਕਿ ਸਮਾਜ ਦੇ ਹਰੇਕ ਨਾਗਰਿਕ ਦੀ ਸਮੂਹਿਕ ਜ਼ਿੰਮੇਵਾਰੀ ਹੈ।

# ਨਾਂਦੇੜ 'ਚ 24 ਤੇ 25 ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਸਮਾਗਮ ਮਨਾਇਆ ਜਾਵੇਗਾ



ਲਾਤੂਰ, 20 ਜਨਵਰੀ (ਚ.ਨ.ਸ): ਨਾਂਦੇੜ 'ਚ 24 ਤੇ 25 ਜਨਵਰੀ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਸਮਾਗਮ ਮਨਾਇਆ ਜਾ ਰਿਹਾ ਹੈ, ਜਿਸ ਲਈ 10 ਲੱਖ ਤੋਂ ਵੱਧ ਸ਼ਰਧਾਲੂਆਂ ਵਾਸਤੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਡਵੀਜ਼ਨਲ ਕਮਿਸ਼ਨਰ ਜਿਤੇਂਦਰ ਪਾਪਲਕਰ ਨੇ ਅੱਜ ਦੱਸਿਆ ਕਿ ਪ੍ਰੋਗਰਾਮ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਵਿਆਪਕ ਯੋਜਨਾ ਬਣਾਈ ਗਈ ਹੈ ਅਤੇ ਵੱਖ ਵੱਖ ਕਮੇਟੀਆਂ ਵੀ ਕਾਇਮ ਕੀਤੀਆਂ ਗਈਆਂ ਹਨ। ਸ਼ਰਧਾਲੂਆਂ ਲਈ ਅੱਠ ਥਾਵਾਂ 'ਤੇ ਅਤੁਟ ਲੰਗਰ ਵਰਤੇਗਾ। ਸਿਹਤ ਕੈਂਪਾਂ ਦੇ ਨਾਲ ਨਾਲ ਸ਼ਰਧਾਲੂਆਂ ਦੀ ਰਿਹਾਇਸ਼ ਦੇ ਢੁੱਕਵੇਂ ਪ੍ਰਬੰਧ ਕੀਤੇ ਗਏ ਹਨ। ਸਰਕਾਰੀ ਯੋਜਨਾਵਾਂ ਦਰਸਾਉਣ ਤੇ ਉਦਮੀਆਂ ਦੀਆਂ ਵਸਤਾਂ ਦੇ ਸਟਾਲ ਵੀ ਲਗਾਏ ਜਾਣਗੇ। ਸਮਾਗਮ 'ਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ , ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਅਤੇ ਹੋਰ ਸੂਬਿਆਂ ਦੇ ਮੁੱਖ ਮੰਤਰੀਆਂ ਦੇ ਵੀ ਹਾਜ਼ਰੀ ਭਰਨ ਦੀ ਉਮੀਦ ਹੈ।

# ਸੰਤ ਅਤਰ ਸਿੰਘ ਦੇ ਬਰਸੀ ਸਮਾਗਮ 29 ਤੋਂ

## ☛31 ਨੂੰ ਸੰਤ ਕਿਸ਼ਨ ਸਿੰਘ ਯਾਦਗਾਰੀ ਖੇਡ ਮੈਦਾਨ 'ਚ ਧਾਰਮਿਕ ਦੀਵਾਨ ਸਜਾਏ ਜਾਣਗੇ



ਮਸਤੂਆਣਾ ਸਾਹਿਬ, 20 ਜਨਵਰੀ (ਚ.ਨ.ਸ): ਸੰਤ ਅਤਰ ਸਿੰਘ ਮਸਤੂਆਣਾ ਸਾਹਿਬ ਵਾਲਿਆਂ ਦੀ 99ਵੀਂ ਬਰਸੀ ਨੂੰ ਸਮਰਪਿਤ ਸਾਲਾਨਾ ਜੋੜ ਮੇਲਾ ਅਤੇ ਗੁਰਮਤਿ ਸਮਾਗਮ ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ (ਸੰਗਰੂਰ) ਵਿੱਚ 29 ਜਨਵਰੀ ਤੋਂ 2 ਫਰਵਰੀ ਤੱਕ ਕਰਵਾਏ ਜਾ ਰਹੇ ਹਨ । ਇਹ ਸਮਾਗਮ ਸੰਤ ਅਤਰ ਸਿੰਘ ਗੁਰਸਾਗਰ ਮਸਤੂਆਣਾ ਟਰੱਸਟ, ਅਕਾਲ ਕਾਲਜ ਕੌਂਸਲ ਅਤੇ ਸੰਤ ਸੇਵਕ ਜਥਾ ਤੇ ਬਿਹੰਗਮ ਸੰਪਰਦਾਇ ਮਸਤੂਆਣਾ ਸਾਹਿਬ ਦੇ ਪ੍ਰਬੰਧਕਾਂ ਦੀ ਨਿਗਰਾਨੀ ਹੇਠ ਸੰਗਤ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਹਨ। ਅਕਾਲ ਕਾਲਜ ਕੌਂਸਲ ਦੇ ਪ੍ਰਧਾਨ ਬਾਬਾ ਕਾਕਾ ਸਿੰਘ ਅਤੇ ਸਕੱਤਰ ਜਸਵੰਤ ਸਿੰਘ ਖਹਿਰਾ ਨੇ ਦੱਸਿਆ ਕਿ 29 ਜਨਵਰੀ ਨੂੰ ਅਖੰਡ ਪਾਠਾਂ ਦੀ ਲੜੀ ਆਰੰਭ ਕੀਤੀ ਜਾਵੇਗੀ ਅਤੇ 30 ਜਨਵਰੀ ਨੂੰ ਢਾਡੀ ਮੁਕਾਬਲੇ ਅਤੇ ਰਾਤ ਨੂੰ ਦੀਵਾਨ ਸਜਾਏ ਜਾਣਗੇ। ਇਸ ਮੌਕੇ ਗਿਆਨੀ ਜਗਤਾਰ ਸਿੰਘ ਦਮਦਮਾ ਸਾਹਿਬ ਵਾਲੇ, ਬਾਬਾ ਕਸ਼ਮੀਰਾ ਸਿੰਘ ਅਲਹੌਰਾਂ ਵਾਲੇ, ਬਾਬਾ ਜਗਰੂਪ ਸਿੰਘ ਕੱਟੂ ਵਾਲੇ, ਬਾਬਾ ਜਸਵਿੰਦਰ ਸਿੰਘ ਫਰਵਾਹੀ ਵਾਲੇ, ਭਾਈ ਭੁਪਿੰਦਰ ਸਿੰਘ ਰਾਗੀ ਗੁਰੂ ਕਾਸ਼ੀ ਵਾਲੇ ਪੁੱਜਣਗੇ। 31 ਜਨਵਰੀ ਨੂੰ ਸੰਤ ਕਿਸ਼ਨ ਸਿੰਘ ਯਾਦਗਾਰੀ ਖੇਡ ਮੈਦਾਨ ਵਿੱਚ ਧਾਰਮਿਕ ਦੀਵਾਨ ਸਜਾਏ ਜਾਣਗੇ। ਇਸ ਮੌਕੇ ਵੱਖ-ਵੱਖ ਰਾਜਨੀਤਕ ਆਗੂਆਂ ਤੋਂ ਇਲਾਵਾ ਕਥਾਵਾਚਕ ਗਿਆਨੀ ਮਾਨ ਸਿੰਘ, ਕਥਾਵਾਚਕ ਡਾ. ਮਨਪ੍ਰੀਤ ਸਿੰਘ ਦਿੱਲੀ ਵਾਲੇ, ਹਜ਼ੂਰੀ ਰਾਗੀ ਭਾਈ ਸੰਦੀਪ ਸਿੰਘ ਅੰਮ੍ਰਿਤਸਰ ਵਾਲੇ, ਭਾਈ ਈਸ਼ਰ ਸਿੰਘ ਹੈਦਰਾਬਾਦ ਵਾਲੇ, ਸੰਤ ਦਲੇਰ ਸਿੰਘ ਖੇੜੀ ਵਾਲੇ, ਬੀਬੀ ਬੇਅੰਤ ਕੌਰ ਦਾ ਢਾਡੀ ਜਥਾ ਪੁੱਜੇਗਾ। 31 ਦੀ ਰਾਤ ਨੂੰ ਕੀਰਤਨ ਦਰਬਾਰ ਹੋਵੇਗਾ। ਇਸੇ ਤਰ੍ਹਾਂ ਪਹਿਲੀ ਫਰਵਰੀ ਨੂੰ ਸਵੇਰੇ ਅੰਮ੍ਰਿਤ ਵੇਲੇ 1.30 ਵਜੇ ਭੋਗ ਪਾਏ ਜਾਣਗੇ। ਇਸ ਤੋਂ ਇਲਾਵਾ ਗਿਆਨੀ ਕੁਲਵੰਤ ਸਿੰਘ ਲੁਧਿਆਣੇ ਵਾਲੇ, ਢਾਡੀ ਭਾਈ ਮਨਦੀਪ ਸਿੰਘ ਪੋਹੀੜ ਸੰਗਤ ਨੂੰ ਨਿਹਾਲ ਕਰਨਗੇ।

# ਥਾਈਲੈਂਡ ਤੋਂ ਆਈ ਕੁੜੀ ਡੇਢ ਕਿੱਲੋ ਨਸ਼ੀਲੇ ਪਦਾਰਥ ਸਮੇਤ ਗ੍ਰਿਫ਼ਤਾਰ

ਅੰਮ੍ਰਿਤਸਰ, 20 ਜਨਵਰੀ (ਚ.ਨ.ਸ): ਥਾਈਲੈਂਡ ਤੋਂ ਫਲਾਈਟ 'ਤੇ ਨਸ਼ੀਲੇ ਪਦਾਰਥਾਂ ਦੀ ਖੇਪ ਲੈ ਕੇ ਆਈ ਲੜਕੀ ਨੂੰ ਐਂਨਸੀਬੀ ਅਤੇ ਏਐਂਨਟੀਐੱਫ ਟੀਮਾਂ ਨੇ ਸੋਮਵਾਰ ਸ਼ਾਮ ਨੂੰ ਗ੍ਰਿਫ਼ਤਾਰ ਕਰ ਲਿਆ। ਤਲਾਸ਼ੀ ਦੌਰਾਨ ਉਸ ਦੇ ਕਬਜ਼ੇ ਵਿਚੋਂ ਡੇਢ ਕਿਲੋਗ੍ਰਾਮ ਤੋਂ ਵੱਧ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ। ਜਾਂਚ ਏਜੰਸੀਆਂ ਨੂੰ ਸ਼ੱਕ ਹੈ ਕਿ ਇਹ ਨਸ਼ੀਲਾ ਪਦਾਰਥ ਕੋਕੀਨ ਜਾਂ ਹੈਰੋਇਨ ਹੋ ਸਕਦਾ ਹੈ। ਥਾਈਲੈਂਡ ਤੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਇਹ ਪਹਿਲਾ ਮਾਮਲਾ ਹੈ। ਲੜਕੀ ਵਿਰੁੱਧ ਐਂਨਡੀਪੀਐੱਸ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ। ਨਾਰਕੋਟਿਕਸ ਕੰਟਰੋਲ ਬਿਊਰੋ ਦੇ ਅਧਿਕਾਰੀਆਂ ਨੇ ਗ੍ਰਿਫ਼ਤਾਰ ਲੜਕੀ ਦੀ ਪਛਾਣ ਆਰਤੀ ਕੌਰ ਵਜੋਂ ਕੀਤੀ ਹੈ, ਜੋ ਕਿ ਮੁਕਤਸਰ ਸਾਹਿਬ ਦੇ ਮਲੋਟ ਰੋਡ 'ਤੇ ਸਥਿਤ ਕੀਰਤ ਨਗਰ ਦੇ ਰਹਿਣ ਵਾਲੇ ਰੇਸ਼ਮ ਸਿੰਘ ਦੀ ਧੀ ਹੈ । ਐਂਨਸੀਬੀ ਅਤੇ ਐਂਟੀ-ਨਾਰਕੋਟਿਕਸ ਟਾਸਕ ਫੋਰਸ ਦੇ ਸਾਂਝੇ ਆਪ੍ਰੇਸ਼ਨ ਵਿਚ ਸੂਚਨਾ ਮਿਲੀ ਸੀ ਕਿ ਆਰਤੀ ਕੌਰ ਆਪਣੇ ਆਕਾ ਦੇ ਕਹਿਣ 'ਤੇ 10 ਜਨਵਰੀ ਨੂੰ ਸ਼੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਥਾਈਲੈਂਡ ਲਈ ਰਵਾਨਾ ਹੋਈ ਸੀ । ਇਹ ਵੀ ਦੱਸਿਆ ਗਿਆ ਸੀ ਕਿ ਆਰਤੀ ਸੋਮਵਾਰ ਨੂੰ ਨਸ਼ੀਲੇ ਪਦਾਰਥਾਂ ਦੀ ਵੱਡੀ ਖੇਪ ਲੈ ਕੇ ਵਾਪਸ ਆਵੇਗੀ। ਇਸ ਤੋਂ ਬਾਅਦ ਦੋਵਾਂ ਏਜੰਸੀਆਂ ਨੇ ਹਵਾਈ ਅੱਡੇ 'ਤੇ ਛਾਪਾ ਮਾਰਿਆ। ਆਰਤੀ ਨੂੰ ਉਤਰਦੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਤਲਾਸ਼ੀ ਦੌਰਾਨ ਉਸ ਦੇ ਕਬਜ਼ੇ ਵਿੱਚੋਂ ਡੇਢ ਕਿਲੋਗ੍ਰਾਮ ਤੋਂ ਵੱਧ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਆਰਤੀ ਦੇ ਆਕਾ ਦੇ ਅਮਰੀਕਾ ਅਤੇ ਕੈਨੇਡਾ ਸਮੇਤ ਅੱਧਾ ਦਰਜਨ ਦੇਸ਼ਾਂ ਨਾਲ ਸਬੰਧ ਹਨ। ਇਹ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦਾ ਵਪਾਰ ਪਾਕਿਸਤਾਨ ਅਤੇ ਹੋਰ ਦੇਸ਼ਾਂ ਰਾਹੀਂ ਕੀਤਾ ਜਾ ਰਿਹਾ ਹੈ, ਫਿਰ ਭਾਰਤ ਵਿਚ। ਦੱਸਿਆ ਜਾ ਰਿਹਾ ਹੈ ਕਿ ਆਉਣ ਵਾਲੇ ਹਫ਼ਤੇ ਵਿਚ ਨਸ਼ੀਲੇ ਪਦਾਰਥਾਂ ਦੀ ਇਕ ਵੱਡੀ ਖੇਪ ਬਰਾਮਦ ਕੀਤੀ ਜਾਵੇਗੀ, ਜਿਸ ਵਿੱਚ ਇਸ ਗਿਰੋਹ ਦੇ ਅੱਧਾ ਦਰਜਨ ਮੈਂਬਰਾਂ ਦੀ ਗ੍ਰਿਫ਼ਤਾਰੀ ਹੋਵੇਗੀ।



# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰ ਲੋੜਵੰਦ ਲਈ ਅੱਗੇ ਹੋ ਕੇ ਕਾਰਜ ਕਰ ਰਹੀ ਹੈ: ਭਾਈ ਰਵਿੰਦਰ ਸਿੰਘ ਖ਼ਾਲਸਾ

## ☛ਹਲਕੇ ਦੇ 14 ਲਾਭਪਾਤਰੀਆਂ ਨੂੰ 85 ਹਜ਼ਾਰ ਰੁਪਏ ਦੇ ਚੈੱਕ ਵੰਡੇ



ਅਮਲੋਹ, 20 ਜਨਵਰੀ (ਜਸਵੰਤ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਮੇਸ਼ਾ ਲੋੜਵੰਦਾਂ ਲਈ ਹੀ ਅੱਗੇ ਹੋ ਕੇ ਕਾਰਜ ਨਹੀਂ ਕਰਦੀ ਸਗੋਂ ਥਾਂ-ਥਾਂ ਤੇ ਲੰਗਰਾਂ ਦੀ ਸੇਵਾ ਅਤੇ ਮੈਡੀਕਲ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਵਿੰਦਰ ਸਿੰਘ ਖਾਲਸਾ ਨੇ ਪਾਰਟੀ ਦਫ਼ਤਰ ਅਮਲੋਹ ਵਿਖੇ ਹਲਕੇ ਦੇ 14 ਲੋੜਵੰਦ ਲਾਭਪਾਤਰੀਆਂ ਨੂੰ 85 ਹਜ਼ਾਰ ਦੇ ਸਹਾਇਤਾ ਚੈੱਕ ਤਕਸੀਮ ਕਰਨ ਸਮੇਂ ਕੀਤਾ। ਉਨ੍ਹਾਂ ਕਿਹਾ ਕਿ ਇਹ ਚੈੱਕ ਬਿਨਾਂ ਕਿਸੇ ਭੇਦਭਾਵ ਅਤੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕਿ ਲੋੜਵੰਦਾਂ ਨੂੰ ਦਿੱਤੇ ਗਏ। ਉਨ੍ਹਾਂ ਕਿਹਾ ਕਿ ਅੱਜ ਪੰਥ ਵਿਰੋਧੀ ਤਾਕਤਾਂ ਵੱਲੋਂ ਕੂੜ ਪ੍ਰਚਾਰ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਭੰਡਣ ਦਾ ਕੰਮ ਕੀਤਾ ਜਾ ਰਿਹਾ ਹੈ, ਜਿਸ ਤੋਂ ਸੰਗਤਾਂ ਨੂੰ ਸੁਚੇਤ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਜਿਥੇ ਸ਼੍ਰੋਮਣੀ ਕਮੇਟੀ ਦੀਆਂ ਵਿੱਦਿਅਕ ਸੰਸਥਾਵਾਂ ਸੁਚਾਰੂ ਢੰਗ ਨਾਲ ਚੱਲ ਰਹੀਆਂ ਹਨ, ਉਥੇ ਹਸਪਤਾਲ ਅਤੇ ਮੈਡੀਕਲ ਕਾਲਜ ਵੀ ਆਪਣੀਆਂ ਸੇਵਾਵਾਂ ਦੇ ਰਹੇ ਹਨ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਘਰਾਂ ਲਈ ਦਰੀਆਂ, ਚੰਦੋਏ ਸਾਹਿਬ ਅਤੇ ਬਰਤਨਾਂ ਦੀ ਸੇਵਾ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਵੀ ਪਿੰਡਾਂ ਅਤੇ ਸ਼ਹਿਰਾਂ ਵਿਚ ਧਾਰਮਿਕ ਕਰਵਾਏ ਜਾ ਰਹੇ ਹਨ। ਉਨ੍ਹਾਂ ਸੰਗਤਾਂ ਨੂੰ ਚੰਗੇ ਕਾਰਜਾਂ ਲਈ ਸ਼੍ਰੋਮਣੀ ਕਮੇਟੀ ਨੂੰ ਸਹਿਯੋਗ ਦੀ ਅਪੀਲ ਵੀ ਕੀਤੀ। ਇਸ ਮੌਕੇ ਸੀਨੀਅਰ ਆਗੂ ਕੈਪਟਨ ਜਸਵੰਤ ਸਿੰਘ ਬਾਜਵਾ, ਜਥੇਦਾਰ ਹਰਬੰਸ ਸਿੰਘ ਬਡਾਲੀ, ਸਾਬਕਾ ਚੇਅਰਮੈਨ ਬਰਿੰਦਰ ਸਿੰਘ ਬੱਬਲ, ਹਰਵਿੰਦਰ ਸਿੰਘ ਬਿੰਦਾ ਮਾਜਰੀ ਅਤੇ ਗੁਰਬਖ਼ਸ਼ ਸਿੰਘ ਬੈਣਾ ਆਦਿ ਮੌਜੂਦ ਸਨ ਜਦੋਂ ਕਿ ਲਾਭਪਾਤਰੀਆਂ ਵਿਚ ਸੁਖਪ੍ਰੀਤ ਕੌਰ, ਰਾਮ ਮੂਰਤੀ, ਬੌਬੀ ਸ਼ਰਮਾ, ਕੁਲਵਿੰਦਰ ਕੌਰ, ਗੁਰਦਿਆਲ ਸਿੰਘ, ਗੁਰਜੀਤ ਕੌਰ, ਜਗਤਾਰ ਸਿੰਘ, ਨਿਰਭੈ ਸਿੰਘ, ਗੁਰਦੀਪ ਸਿੰਘ, ਰਾਜਦੀਪ ਕੌਰ ਤੇ ਮਨਜੀਤ ਕੌਰ ਸ਼ਾਮਲ ਸਨ।

# ਡੀਈਓ ਸੈਕੰਡਰੀ ਵੱਲੋਂ ਗਣਤੰਤਰ ਦਿਵਸ ਦੀਆਂ ਤਿਆਰੀਆਂ ਸਬੰਧੀ ਵੱਖ-ਵੱਖ ਸਕੂਲਾਂ ਦਾ ਜਾਇਜ਼ਾ



ਫ਼ਿਰੋਜ਼ਪੁਰ, 20 ਜਨਵਰੀ (ਤਿਵਾੜੀ): ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 26 ਜਨਵਰੀ ਨੂੰ ਗਣਤੰਤਰ ਦਿਵਸ ਦਾ ਸਮਾਗਮ ਰਾਸ਼ਟਰੀ ਏਕਤਾ, ਅਖੰਡਤਾ ਅਤੇ ਦੇਸ਼ ਭਗਤੀ ਦੀ ਭਾਵਨਾ ਨਾਲ ਜ਼ਿਲ੍ਹਾ ਪ੍ਰਸ਼ਾਸਨ ਫ਼ਿਰੋਜ਼ਪੁਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮਨਾਇਆ ਜਾ ਰਿਹਾ ਹੈ, ਜਿਸ ਨੂੰ ਸਫ਼ਲ ਬਣਾਉਣ ਲਈ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ ਤੇ ਗੈਰ-ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਗਤੀਵਿਧੀਆਂ ਦੀਆਂ ਤਿਆਰੀਆਂ ਪੂਰੇ ਉਤਸ਼ਾਹ ਅਤੇ ਜੋਸ਼ ਨਾਲ ਜਾਰੀ ਹਨ। ਇਨ੍ਹਾਂ ਤਿਆਰੀਆਂ ਦੀ ਅਗਵਾਈ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਮੁਨੀਲਾ ਅਰੋੜਾ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ ਸਿੱਖਿਆ) ਸੁਨੀਤਾ ਰਾਣੀ ਵੱਲੋਂ ਕੀਤੀ ਜਾ ਰਹੀ ਹੈ, ਜਦਕਿ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਡਾ. ਸਤਿੰਦਰ ਸਿੰਘ ਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਕੋਮਲ ਅਰੋੜਾ ਵੱਲੋਂ ਵੀ ਤਿਆਰੀਆਂ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ । ਗਣਤੰਤਰ ਦਿਵਸ ਦੇ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦੇ ਗੀਤ, ਰਾਸ਼ਟਰੀ ਏਕਤਾ 'ਤੇ ਆਧਾਰਿਤ ਪ੍ਰਭਾਵਸ਼ਾਲੀ ਕੋਰੀਓਗ੍ਰਾਫੀ, ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦਾ ਗਿੱਧਾ ਅਤੇ ਭੰਗੜਾ ਪੇਸ਼ ਕੀਤਾ ਜਾਵੇਗਾ, ਜੋ ਨੌਜਵਾਨ ਪੀੜ੍ਹੀ ਵਿੱਚ ਦੇਸ਼ ਪ੍ਰਤੀ ਮਾਣ, ਗੌਰਵ ਅਤੇ ਜ਼ਿੰਮੇਵਾਰੀ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰੇਗਾ । ਇਸ ਮੌਕੇ ਡੀਈਓ ਮੁਨੀਲਾ ਅਰੋੜਾ ਨੇ ਦੱਸਿਆ ਕਿ ਗਣਤੰਤਰ ਦਿਵਸ ਸਮਾਗਮ ਦੌਰਾਨ ਐਨ.ਸੀ.ਸੀ. ਦੇ ਵਿਦਿਆਰਥੀਆਂ ਵੱਲੋਂ ਪੁਲਿਸ ਬੈਂਡ ਦੇ ਨਾਲ-ਨਾਲ ਸਕੂਲ ਬੈਂਡ ਦੀਆਂ ਟੀਮਾਂ, ਭਾਰਤ ਸਕਾਊਟਸ ਤੇ ਗਾਈਡਸ ਤੇ ਦੇਸ਼ ਭਗਤੀ ਤੇ ਸੱਭਿਆਚਾਰ ਨਾਲ ਸਬੰਧਤ ਵਿਸ਼ੇਸ਼ ਕੋਰੀਓਗ੍ਰਾਫੀ ਪੇਸ਼ ਕੀਤੀ ਜਾਵੇਗੀ ਤੇ ਉਨ੍ਹਾਂ ਜ਼ਿਲ੍ਹੇ ਦੇ ਸਾਰੇ ਸਕੂਲਾਂ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਉਹ ਗਣਤੰਤਰ ਦਿਵਸ ਦੇ ਜ਼ਿਲ੍ਹਾ ਪੱਧਰੀ ਸਮਾਗਮ ਵਿੱਚ ਪੂਰੇ ਅਨੁਸ਼ਾਸਨ, ਉਤਸ਼ਾਹ ਤੇ ਜੋਸ਼ ਨਾਲ ਭਾਗ ਲੈ ਕੇ ਇਸ ਰਾਸ਼ਟਰੀ ਤਿਉਹਾਰ ਨੂੰ ਯਾਦਗਾਰ ਬਣਾਉਣ। ਉਨ੍ਹਾਂ ਕਿਹਾ ਕਿ ਗਣਤੰਤਰ ਦਿਵਸ ਸਮਾਗਮ ਲਈ ਪਹਿਲੀ ਰਿਹਰਸਲ 21 ਜਨਵਰੀ ਨੂੰ ਤੇ 24 ਜਨਵਰੀ ਨੂੰ ਫੁੱਲ ਡਰੈੱਸ ਰਿਹਰਸਲ ਕੈਂਟ ਬੋਰਡ ਗਰਾਊਂਡ ਫ਼ਿਰੋਜ਼ਪੁਰ ਵਿਖੇ ਕਰਵਾਈ ਜਾਵੇਗੀ।

# ਫਰਨੀਚਰ ਕਾਰੋਬਾਰੀ ਦੇ ਘਰੋਂ ਨੌਕਰਾਣੀ 50 ਤੋਲੇ ਸੋਨੇ ਦੇ ਗਹਿਣੇ ਚੋਰੀ ਕਰਕੇ ਫਰਾਰ

ਲੁਧਿਆਣਾ, 20 ਜਨਵਰੀ (ਚ.ਨ.ਸ): ਇਥੇ ਸਰਾਭਾ ਨਗਰ ਵਿਚ ਫਰਨੀਚਰ ਕਾਰੋਬਾਰੀ ਦੇ ਘਰੋਂ ਨੌਕਰਾਣੀ 50 ਤੋਲੇ ਸੋਨੇ ਦੇ ਗਹਿਣੇ ਚੋਰੀ ਕਰ ਕੇ ਫਰਾਰ ਹੋ ਗਏ। ਵਾਰਦਾਤ ਵੇਲੇ ਘਰ ਦੇ ਮਾਲਕ ਬਾਹਰ ਗਏ ਹੋਏ ਸਨ। ਨੌਕਰਾਣੀ ਨੇ ਘਰ ਵਿਚ ਮੌਜੂਦ ਡਰਾਈਵਰ ਨੂੰ ਨਸ਼ੀਲੀ ਦਵਾਈ ਦੇ ਕੇ ਬੇਹੋਸ਼ ਕਰ ਦਿੱਤਾ ਅਤੇ ਖੁਦ ਅਲਮਾਰੀ ਤੋੜ ਕੇ 50 ਤੋਲੇ ਸੋਨੇ ਦੇ ਗਹਿਣੇ ਲੈ ਕੇ ਫਰਾਰ ਹੋ ਗਈ। ਜਾਣਕਾਰੀ ਅਨੁਸਾਰ ਜਦੋਂ ਫਰਨੀਚਰ ਕਾਰੋਬਾਰੀ ਰਵਨੀਤ ਸਿੰਘ ਦਾ ਪਰਿਵਾਰ ਦੇਰ ਰਾਤ ਘਰ ਵਾਪਸ ਆਇਆ ਸੀ ਤਾਂ ਘਰ ਦਾ ਦਰਵਾਜ਼ਾ ਖੁੱਲ੍ਹਾ ਪਿਆ ਸੀ। ਕਮਰੇ ਅੰਦਰ ਅਲਮਾਰੀ ਟੁੱਟੀ ਹੋਈ ਸੀ। ਥਾਣਾ ਡਵੀਜ਼ਨ ਨੰ. 5 ਦੀ ਪੁਲਿਸ ਨੇ ਰਵਨੀਤ ਸਿੰਘ ਦੇ ਬਿਆਨਾਂ 'ਤੇ ਨੌਕਰਾਣੀ ਵਿਰੁੱਧ ਕੇਸ ਦਰਜ ਕਰ ਲਿਆ ਹੈ। ਏ ਐਸ ਆਈ ਸੁਖਦੀਪ ਸਿੰਘ ਨੇ ਕਿਹਾ ਕਿ ਸੀ.ਸੀ.ਟੀ.ਵੀ. ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਮੁਲਜ਼ਮ ਜਲਦੀ ਹੀ ਗ੍ਰਿਫਤਾਰ ਕਰ ਲਈ ਜਾਵੇਗੀ।

**15 ਦਿਨ ਪਹਿਲਾਂ ਹੀ ਰੱਖੀ ਸੀ ਨੌਕਰਾਣੀ**

ਰਵਨੀਤ ਸਿੰਘ ਦੇ ਘਰ ਵਿਚ ਇਕ ਨੇਪਾਲੀ ਔਰਤ ਪਹਿਲਾਂ ਕੰਮ ਕਰਦੀ ਸੀ। ਉਸਨੇ 15 ਸਾਲ ਲਗਾਤਾਰ ਕਾਰੋਬਾਰੀ ਦੇ ਘਰ ਕੰਮ ਕੀਤਾ। ਹੁਣ 15 ਦਿਨ ਪਹਿਲਾਂ ਹੀ ਉਸਨੇ ਨੇਪਾਲੀ ਔਰਤ ਪਾਰਵਤੀ ਨੂੰ ਉਨ੍ਹਾਂ ਦੇ ਘਰ ਵਿਚ ਨੌਕਰੀ 'ਤੇ ਰਖਵਾਇਆ ਸੀ। ਪਾਰਵਤੀ ਨੇ 15 ਦਿਨ ਕੰਮ ਦੌਰਾਨ ਪੂਰੇ ਘਰ ਦੀ ਜਾਂਚ ਕੀਤੀ ਅਤੇ ਦੇਖਿਆ ਕਿ ਗਹਿਣੇ ਕਿਥੇ ਪਏ ਹੁੰਦੇ ਹਨ। ਉਹ ਚੋਰੀ ਕਰਨ ਲਈ ਮੌਕਾ ਲੱਭ ਰਹੀ ਸੀ। ਸ਼ਨਿੱਚਰਵਾਰ ਰਾਤ ਨੂੰ ਜਦੋਂ ਉਸਨੂੰ ਮੌਕਾ ਮਿਲਿਆ ਤਾਂ ਵਾਰਦਾਤ ਨੂੰ ਅੰਜ਼ਾਮ ਦੇ ਦਿੱਤਾ।

# ਬਾਬਾ ਵਡਭਾਗ ਸਿੰਘ ਜੀ ਤੇ ਬਾਬਾ ਬਾਲਕ ਨਾਥ ਜੀ ਝੰਡੇਚੱਕ ਮੰਦਰ ਨੇ ਰਾਹਤ ਸਮੱਗਰੀ ਵੰਡੀ



ਦੀਨਾਨਗਰ, 20 ਜਨਵਰੀ (ਡਾ ਰਮੇਸ਼ ਸਰੰਗਲ): ਬਾਬਾ ਵਡਭਾਗ ਸਿੰਘ ਜੀ ਅਤੇ ਬਾਬਾ ਬਾਲਕ ਨਾਥ ਜੀ ਝੰਡੇਚੱਕ ਮੰਦਰ ਦੇ ਮੁਖੀ ਬਾਬਾ ਬਲਕਾਰ ਸਿੰਘ ਜੀ ਵੱਲੋਂ ਕਰੀਬ 500 ਜ਼ਰੂਰਤਮੰਦ ਪਰਿਵਾਰਾਂ ਨੂੰ ਠੰਡ ਦੇ ਮੌਸਮ ਨੂੰ ਦੇਖਦੇ ਹੋਏ ਰਾਹਤ ਸਮੱਗਰੀ ਵੰਡੀ ਗਈ। ਜਿਸ ਵਿੱਚ ਲੇਡੀ ਸੂਟ, ਸ਼ਾਲ, ਲੋਈਆਂ, ਬੈੱਡ ਸੀਟਾਂ ਅਤੇ ਜੈਂਟਸ ਸੂਟ ਆਦਿ ਸ਼ਾਮਿਲ ਸਨ। ਇਸ ਮੌਕੇ 'ਤੇ ਜਾਣਕਾਰੀ ਦਿੰਦੇ ਹੋਏ ਬਾਬਾ ਬਲਕਾਰ ਸਿੰਘ ਜੀ ਨੇ ਦੱਸਿਆ ਕਿ ਹਰ ਸਾਲ ਸਰਦੀਆਂ ਦੇ ਮੌਸਮ ਚ ਜ਼ਰੂਰਤਮੰਦ ਲੋਕਾਂ ਨੂੰ ਰਾਹਤ ਸਮੱਗਰੀ ਦਿੱਤੀ ਜਾਂਦੀ ਹੈ ਤੇ ਮੰਦਰ ਵੱਲੋਂ ਬੇਸਹਾਰਾ ਲੜਕੀਆਂ ਦੇ ਵਿਆਹ ਵੀ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਕੋਈ ਵੀ ਲੋੜਵੰਦ ਜਦੋਂ ਮੰਦਰ ਆਉਂਦਾ ਹੈ ਤਾਂ ਉਸਦੀ ਪੂਰੀ ਮਦਦ ਕੀਤੀ ਜਾਂਦੀ ਹੈ।

# ਪੀਐਮ ਪੋਸ਼ਣ ਸਕੀਮ ਤਹਿਤ ਕਲੱਸਟਰ ਪੱਧਰੀ ਕੁਕਿੰਗ ਮੁਕਾਬਲੇ ਕਰਵਾਏ

ਲੋਹੀਆਂ ਖਾਸ, 20 ਜਨਵਰੀ (ਸਬਪ੍ਰੀਤ ਸਿੰਘ): ਅੱਜ ਮਿਤੀ 20 ਜਨਵਰੀ 2026 ਨੂੰ ਕਲਸਟਰ ਲੋਹੀਆਂ ਖਾਸ ਅਧੀਨ ਆਉਂਦੇ ਸਾਰੇ ਹੀ ਪ੍ਰਾਇਮਰੀ ਸਕੂਲਾਂ ਦੇ ਪੀ ਐਮ ਪੋਸ਼ਣ ਸਕੀਮ ਤਹਿਤ ਚੱਲ ਰਹੇ ਮਿੱਡ-ਡੇ-ਮੀਲ ਪ੍ਰੋਜੈਕਟ ਤਹਿਤ ਮਹਿਕਮੇ ਦੀਆਂ ਹਦਾਇਤਾਂ ਅਨੁਸਾਰ ਤੇ ਬੀਪੀਈਓ ਰਮੇਸ਼ਵਰ ਚੰਦਰ ਦੀ ਯੋਗ ਅਗਵਾਈ ਹੇਠ ਅਤੇ ਸੀ ਐਚ ਟੀ ਭੁਪਿੰਦਰ ਸਿੰਘ ਦੀ ਦੇਖ ਰੇਖ ਹੇਠ ਕਲਸਟਰ ਪੱਧਰੀ ਕੁਕਿੰਗ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਮਿੱਡ ਡੇ ਮੀਲ ਦੇ ਰੋਜ਼ਾਨਾ ਮੀਨੂੰ ਅਨੁਸਾਰ ਸਾਰੇ ਸਕੂਲਾਂ ਦੀਆਂ ਕੁੱਕ ਭੈਣਾਂ ਖਾਣਾ ਤਿਆਰ ਕਰਕੇ ਕਲਸਟਰ ਸਕੂਲ ਸ.ਪ੍ਰਾ.ਸਕੂਲ ਲੋਹੀਆਂ ਖਾਸ ਲੜਕੇ ਵਿਖੇ ਪਹੁੰਚੇ। ਜਿੱਥੇ ਜਜਮੈਂਟ ਦੀ ਡਿਊਟੀ ਐਚ ਟੀ ਮਨਦੀਪ ਕੌਰ , ਐਚ ਟੀ ਪਵਨਦੀਪ ਕੌਰ , ਮਨਪ੍ਰੀਤ ਕੌਰ, ਮੁਸਕਾਨ, ਪੂਨਮ ਸ਼ਰਮਾ ਨੇ ਬਾਖੂਬੀ ਨਿਭਾਈ। ਇਸ ਮੌਕੇ ਪਹਿਲਾ ਸਥਾਨ ਸ.ਪ੍ਰਾ.ਸਕੂਲ ਨਵਾਂ ਪਿੰਡ ਦੋਨੇਵਾਲ, ਦੂਜਾ ਸਥਾਨ ਸ.ਪ੍ਰਾ. ਸਕੂਲ ਮੰਗੂਵਾਲ, ਤੀਸਰਾ ਸਥਾਨ ਸ.ਪ੍ਰਾ.ਸਕੂਲ ਯੱਕੋਪੁਰ ਖੁਰਦ ਨੇ ਹਾਸਿਲ ਕੀਤਾ। ਪੁਜੀਸ਼ਨਾਂ ਹਾਸਿਲ ਕਰਨ ਵਾਲੀਆਂ ਕੁੱਕ ਭੈਣਾ ਨੂੰ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ ਅਤੇ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੀਆਂ ਸਾਰੀਆਂ ਹੀ ਕੁੱਕ ਭੈਣਾਂ ਨੂੰ ਮੈਡਲ ਭੇਟ ਕੀਤੇ ਗਏ। ਇਸ ਮੌਕੇ ਸੰਬੋਧਨ ਕਰਦਿਆਂ ਸੀ ਐਚ ਟੀ ਭੁਪਿੰਦਰ ਸਿੰਘ ਨੇ ਸਕੂਲਾਂ ਵਿੱਚ ਕੰਮ ਕਰਦੀਆਂ ਕੁੱਕ ਭੈਣਾਂ ਦੁਆਰਾ ਕੀਤੇ ਜਾ ਰਹੇ ਕੰਮ ਦੀ ਖੂਬ ਸਰਾਹਣਾ ਕੀਤੀ ਅਤੇ ਇਸੇ ਢੰਗ ਨਾਲ ਸਾਫ ਸੁਥਰਾ ਅਤੇ ਪੌਸ਼ਟਿਕ ਖਾਣਾ ਬਣਾਉਂਦੇ ਰਹਿਣ ਲਈ ਪ੍ਰੇਰਣਾ ਦਿੱਤੀ। ਇਸ ਮੌਕੇ ਸੀ ਐਚ ਟੀ ਭੁਪਿੰਦਰ ਸਿੰਘ, ਮਾ. ਪਰਮਿੰਦਰ ਸਿੰਘ, ਸੁਰਿੰਦਰ ਕੁਮਾਰ, ਅਵਿਨਾਸ਼, ਸ਼ਿਮਲਜੀਤ ਕੌਰ, ਕਮਲਜੀਤ ਕੌਰ, ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।



# ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਵਸ ਨੂੰ ਸਮਰਪਿਤ 24 ਨੂੰ ਨਗਰ ਕੀਰਤਨ ਸਜਾਇਆ ਜਾਵੇਗਾ: ਐਡ. ਸੁਖਰਾਜ ਥਾਪਰ

## ☛ਸਮੂਹ ਸੰਗਤਾਂ ਨੂੰ ਨਗਰ ਕੀਰਤਨ 'ਚ ਸ਼ਾਮਲ ਹੋ ਕੇ ਮਹਾਰਾਜ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨ ਦੀ ਕੀਤੀ ਅਪੀਲ



ਦੀਨਾਨਗਰ, 20 ਜਨਵਰੀ (ਡਾ. ਰਮੇਸ਼ ਸਰੰਗਲ): ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਜਨਮ ਦਿਵਸ ਮਨਾਉਣ ਸਬੰਧੀ 24 ਜਨਵਰੀ ਨੂੰ ਨਗਰ ਕੀਰਤਨ ਸਜਾਉਣ ਸਬੰਧੀ ਸ਼੍ਰੀ ਗੁਰੂ ਰਵਿਦਾਸ ਜਨਮ ਦਿਵਸ ਕਮੇਟੀ ਦੀਨਾਨਗਰ ਦੀ ਇਕ ਮੀਟਿੰਗ ਸੰਤ ਸਵਾਮੀ ਗੁਰਦੀਪ ਗਿਰੀ ਮਹਾਰਾਜ ਜੀ ਦੀ ਰਹਿਨੁਮਾਈ ਹੇਠ ਹੋਈ। ਇਸ ਮੀਟਿੰਗ ਵਿੱਚ ਸੰਗਤਾਂ ਵੱਲੋਂ ਨਗਰ ਕੀਰਤਨ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ ਅਤੇ ਅਹਿਮ ਫੈਸਲੇ ਲਏ ਗਏ ਤਾਂ ਜੋ ਨਗਰ ਕੀਰਤਨ ਸੁਚੱਜੇ ਅਤੇ ਵਧੀਆ ਢੰਗ ਨਾਲ ਕੱਢਿਆ ਜਾ ਸਕੇ। ਇਹ ਨਗਰ ਕੀਰਤਨ 24 ਜਨਵਰੀ ਨੂੰ ਸਵੇਰੇ 11 ਵਜੇ ਬਿਜਲੀ ਘਰ ਤਾਰਾਗੜ੍ਹ ਮੋੜ ਤੋਂ ਸ਼ੁਰੂ ਹੋ ਕੇ ਸੰਤ ਸਵਾਮੀ ਗੁਰਦੀਪ ਗਿਰੀ ਜੀ ਮਹਾਰਾਜ ਜੀ ਦੀ ਰਹਿਨੁਮਾਈ ਹੇਠ ਸ਼ਾਮ 3 ਵਜੇ ਦਾਣਾ ਮੰਡੀ ਅਵਾਂਖਾ ਵਿਖੇ ਸੰਪੰਨ ਹੋਵੇਗਾ । ਇਸ ਉਪਰੰਤ ਸੰਤ ਸਵਾਮੀ ਗੁਰਦੀਪ ਗਿਰੀ ਮਹਾਰਾਜ ਜੀ ਆਪਣੇ ਪ੍ਰਵਚਨਾਂ ਦੁਆਰਾ ਅਮ੍ਰਿਤ ਵਰਖਾ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ 'ਤੇ ਸ੍ਰੀ ਗੁਰੂ ਰਵੀਦਾਸ ਉਤਸਵ ਕਮੇਟੀ ਦੀਨਾਨਗਰ ਨੇ ਸਮੂਹ ਸ਼ਹਿਰ ਵਾਸੀਆਂ, ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਪਾਰਟੀਆਂ ਨੂੰ ਬੇਨਤੀ ਕੀਤੀ ਹੈ ਕਿ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਸਹਿਯੋਗ ਕਰੋ। ਮੀਟਿੰਗ ਵਿਚ ਸੰਤ ਸਵਾਮੀ ਗੁਰਦੀਪ ਗਿਰੀ ਮਹਾਰਾਜ ਜੀ, ਐਡਵੋਕੇਟ ਸੁਖਰਾਜ ਥਾਪਰ, ਡਾ. ਇੰਦਰਜੀਤ ਰਾਣਾ, ਰਿਖੀ ਕੁਮਾਰ ਰਵਿਦਾਸੀਆ, ਹੈਪੀ ਰਵਿਦਾਸੀਆ, ਸ਼੍ਰੀ ਬਿਸ਼ਨ ਦਾਸ ਜੀ, ਮਾਸਟਰ ਪਲਵਿੰਦ, ਅੰਕੁ ਰਵਿਦਾਸੀਆ, ਸੁਸ਼ੀਲ ਕੁਮਾਰ, ਰਾਕੇਸ਼ ਕੁਮਾਰ, ਪ੍ਰਬੋਧ ਚੰਦ, ਬੋਧ ਰਾਜ, ਮਾਸਟਰ ਰਵੀ ਕੁਮਾਰ ਤੇ ਹੋਰ ਨੁਮਾਇੰਦੇ ਹਾਜ਼ਰ ਸਨ।

# ਯੂਥ ਕਾਂਗਰਸ ਦੀ ਚੋਣ ਸਬੰਧੀ ਕਾਂਗਰਸ ਭਵਨ ਫਿਰੋਜ਼ਪੁਰ ਛਾਉਣੀ ਵਿਖੇ ਆਬਜ਼ਰਵਰ ਆਜ਼ਾਦ ਬਹਾਦਰ ਸਿੰਘ ਦੀ ਅਗਵਾਈ 'ਚ ਪ੍ਰੈਸ ਕਾਨਫ਼ਰੰਸ

ਫਿਰੋਜ਼ਪੁਰ, 20 ਜਨਵਰੀ (ਤਿਵਾੜੀ): ਕਾਂਗਰਸ ਵੱਲੋਂ ਨਿਯੁਕਤ ਅਬਜ਼ਰਵਰ ਆਜ਼ਾਦ ਬਹਾਦਰ ਸਿੰਘ ਦੀ ਯੋਗ ਅਗਵਾਈ ਹੇਠ ਯੂਥ ਕਾਂਗਰਸ ਦੇ ਅਹੁਦੇਦਾਰਾਂ ਦੀ ਚੋਣ ਸਬੰਧੀ ਅੱਜ ਕਾਂਗਰਸ ਭਵਨ ਫਿਰੋਜ਼ਪੁਰ ਛਾਉਣੀ ਵਿਖੇ ਪ੍ਰੈਸ ਕਾਨਫਰੰਸ ਕੀਤੀ ਗਈ । ਪ੍ਰੈਸ ਕਾਨਫਰੰਸ ਦੌਰਾਨ ਜ਼ਿਲ੍ਹਾ ਫਿਰੋਜ਼ਪੁਰ ਕਾਂਗਰਸ ਦੇ ,ਯੂਥ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਯਾਕੂਬ ਭੱਟੀ, ਹਲਕਾ ਇੰਚਾਰਜ ਆਸ਼ੂ ਬੰਗੜ ਨੇ ਦੱਸਿਆ ਕਿ ਇਹ ਪ੍ਰੈਸ ਕਾਨਫਰੰਸ ਪੰਜਾਬ ਭਰ 'ਚ ਚੱਲ ਰਹੀ ਯੂਥ ਕਾਂਗਰਸ ਚੋਣ ਪ੍ਰਕਿਰਿਆ ਸਬੰਧੀ ਕੀਤੀ ਗਈ ਸੀ, ਜਿਸ ਦਾ ਮੁੱਖ ਉਦੇਸ਼ ਪਾਰਟੀ ਵਰਕਰਾਂ ਅਤੇ ਸੰਭਾਵੀ ਉਮੀਦਵਾਰਾਂ ਨੂੰ ਪੂਰੀ ਚੋਣ ਪ੍ਰਕਿਰਿਆ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਸੀ। ਇਸ ਮੌਕੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅਬਜ਼ਰਵਰ ਆਜ਼ਾਦ ਬਹਾਦਰ ਸਿੰਘ ਨੇ ਕਿਹਾ ਕਿ ਕਾਂਗਰਸ ਨੇਤਾ ਰਾਹੁਲ ਗਾਂਧੀ ਦਾ ਸੁਪਨਾ ਹੈ ਕਿ ਕਾਂਗਰਸ ਸੰਗਠਨ ਅੰਦਰ ਸਾਫ਼-ਸੁਥਰੇ ਕਿਰਦਾਰ, ਈਮਾਨਦਾਰੀ ਅਤੇ ਲੋਕਤੰਤਰੀ ਢੰਗ ਨਾਲ ਚੁਣੀ ਗਈ ਲੀਡਰਸ਼ਿਪ ਵਾਲੇ ਲੋਕ ਹੋਣ। ਇਸ ਦ੍ਰਿਸ਼ਟੀਕੋਣ ਨੂੰ ਧਿਆਨ 'ਚ ਰੱਖਦੇ ਹੋਏ, ਪੰਜਾਬ ਭਰ 'ਚ ਯੂਥ ਕਾਂਗਰਸ ਦੀ ਚੋਣ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ, ਜਿਸ ਦਾ ਰਸਮੀ ਐਲਾਨ ਪਾਰਟੀ ਹਾਈਕਮਾਨ ਵਲੋਂ 15 ਜਨਵਰੀ ਨੂੰ ਸੂਬਾ ਦਫ਼ਤਰ ਵਿਖੇ ਕੀਤਾ ਗਿਆ ਸੀ । ਇਸੇ ਦੀ ਨਿਰੰਤਰਤਾ 'ਚ, ਉਹ ਅੱਜ ਕਾਂਗਰਸ ਭਵਨ ਫਿਰੋਜ਼ਪੁਰ ਛਾਉਣੀ ਪਹੁੰਚੇ। ਉਨ੍ਹਾਂ ਕਿਹਾ ਕਿ ਯੂਥ ਕਾਂਗਰਸ ਦੀਆਂ ਚੋਣਾਂ ਪੂਰੀ ਤਰ੍ਹਾਂ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਈਆਂ ਜਾਣਗੀਆਂ। ਯੂਥ ਕਾਂਗਰਸ 'ਚ ਕਿਸੇ ਵੀ ਅਹੁਦੇ ਲਈ ਦਿਲਚਸਪੀ ਰੱਖਣ ਵਾਲੇ ਉਮੀਦਵਾਰਾਂ ਨੂੰ ਸਾਰੇ ਲੋੜੀਂਦੇ ਦਸਤਾਵੇਜ਼ ਇਕੋ ਆਨਲਾਈਨ ਪੋਰਟਲ ਰਾਹੀਂ ਜਮ੍ਹਾ ਕਰਾਉਣੇ ਪੈਣਗੇ । 18 ਤੋਂ 35 ਸਾਲ ਦੀ ਉਮਰ ਦਾ ਕੋਈ ਵੀ ਯੋਗ ਵਿਅਕਤੀ ਹਿੱਸਾ ਲੈ ਸਕਦਾ ਹੈ । ਉਮੀਦਵਾਰਾਂ ਦੇ ਨਾਂ 28 ਜਨਵਰੀ ਤੱਕ ਪੋਰਟਲ 'ਤੇ ਪ੍ਰਦਰਸ਼ਿਤ ਕੀਤੇ ਜਾਣਗੇ, ਜਿਸ ਤੋਂ ਬਾਅਦ ਚੋਣ ਪ੍ਰਕਿਰਿਆ ਅਤੇ ਮੈਂਬਰਸ਼ਿਪ ਪ੍ਰਕਿਰਿਆ ਇੱਕੋ ਸਮੇਂ ਸ਼ੁਰੂ ਹੋ ਜਾਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਜਿਸ ਉਮੀਦਵਾਰ ਨੂੰ ਵੱਧ ਤੋਂ ਵੱਧ ਮੈਂਬਰਾਂ ਦੀ ਸਹਿਮਤੀ ਅਤੇ ਸਮਰਥਨ ਪ੍ਰਾਪਤ ਹੋਵੇਗਾ, ਉਹ ਸਬੰਧਤ ਅਹੁਦੇ ਲਈ ਚੁਣਿਆ ਜਾਵੇਗਾ।ਇਸ ਮੌਕੇ ਉਨ੍ਹਾਂ ਦੇ ਨਾਲ ਜਗਸੀਰ ਸਿੰਘ ਖੋਸਾ ਸਾਬਕਾ ਚੇਅਰਮੈਨ ਮੰਡੀ ਬੋਰਡ, ਜ਼ਿਲ੍ਹਾ ਮੀਤ ਪ੍ਰਧਾਨ ਰਵਿੰਦਰ ਸਿੰਘ ਤੂਤ, ਯੂਥ ਆਗੂ ਤੇਜਬੀਰ ਸਿੰਘ, ਬਲਾਕ ਪ੍ਰਧਾਨ ਗੁਰਬਚਨ ਸਿੰਘ ਕਾਲਾ ਟਿੱਬਾ, ਸੁਖਵਿੰਦਰ ਸਿੰਘ ਸ਼ੀਸ਼ਾ ਸੰਧੂ ਜ਼ਿਲ੍ਹਾ ਜਰਨਲ ਸਕੱਤਰ, ਕਰਨਵੀਰ ਸਿੰਘ ਬਰਾੜ ਯੂਥ ਪ੍ਰਧਾਨ ਫਿਰੋਜ਼ਪੁਰ ਦਿਹਾਤੀ, ਮਨਪ੍ਰੀਤ ਸਿੰਘ ਔਲਖ, ਸਾਬਕਾ ਸਰਪੰਚ ਦਵਿੰਦਰ ਸਿੰਘ ਸੰਧੂ, ਲਵ ਪ੍ਰੀਤ ਸਿੰਘ ਗਿੱਲ, ਰਾਕੇਸ਼ ਕੁਮਾਰ, ਰੁਪਿੰਦਰ ਸਿੰਘ, ਯੂਥ ਆਗੂ ਗਗਨ ਗਾਮੇ ਵਾਲਾ, ਪੀ ਏ ਤਰਨ ਬੁੱਟਰ ਤੋਂ ਇਲਾਵਾ ਨਿੱਜੀ ਸਕੱਤਰ ਕਮਲ ਗਿੱਲ ਸੋਨੂੰ ਵੀ ਹਾਜ਼ਰ ਸਨ।

# ਦੇਸ਼ ਭਗਤ ਯੂਨੀਵਰਸਿਟੀ ਵਿਖੇ ਵਿਦਿਆਰਥੀਆਂ ਨੂੰ ਵਿਹਾਰਕ ਅਨੁਭਵ ਪ੍ਰਦਾਨ ਕਰਨ ਲਈ ਉਦਯੋਗ-ਮੁਖੀ ਵਰਕਸ਼ਾਪ ਕਰਵਾਈ



ਮੰਡੀ ਗੋਬਿੰਦਗੜ੍ਹ, 20 ਜਨਵਰੀ (ਅੰਮ੍ਰਿਤਪਾਲ ਸਿੰਘ/ਸੂਦ): ਪਲੇਸਬੋ ਕਲੱਬ, ਸਕੂਲ ਆਫ਼ ਫਾਰਮੇਸੀ, ਸਰਦਾਰ ਲਾਲ ਸਿੰਘ ਮੈਮੋਰੀਅਲ ਕਾਲਜ ਆਫ਼ ਫਾਰਮੇਸੀ ਅਤੇ ਮਾਤਾ ਜਰਨੈਲ ਕੌਰ ਕਾਲਜ ਆਫ਼ ਫਾਰਮੇਸੀ ਵੱਲੋਂ ਇਨੋਵੇਸ਼ਨ ਕੌਂਸਲ (IIC), ਇੰਟਰਨਲ ਕੁਆਲਿਟੀ ਅਸ਼ੋਰੈਂਸ ਸੈੱਲ (IQAC), ਦੇਸ਼ ਭਗਤ ਯੂਨੀਵਰਸਿਟੀ ਤੇ ਫਾਰਮੀਨੈਕਸ ਪ੍ਰਾਈਵੇਟ ਲਿਮਟਿਡ, ਬੱਦੀ (ਸੋਲਨ, ਹਿਮਾਚਲ ਪ੍ਰਦੇਸ਼) ਦੇ ਸਹਿਯੋਗ ਨਾਲ ਇੱਕ ਉਦਯੋਗ-ਮੁਖੀ ਵਰਕਸ਼ਾਪ ਕਾਰਵਾਈ। ਇਸ ਪ੍ਰੋਗਰਾਮ ਦਾ ਉਦੇਸ਼ ਫਾਰਮੇਸੀ ਦੇ ਵਿਦਿਆਰਥੀਆਂ ਨੂੰ ਵਿਹਾਰਕ ਅਨੁਭਵ ਅਤੇ ਫਾਰਮਾਸਿਊਟੀਕਲ ਉਦਯੋਗ ਦੇ ਕਾਰਜਾਂ ਦੀ ਯਥਾਰਥਵਾਦੀ ਸਮਝ ਪ੍ਰਦਾਨ ਕਰਨਾ ਸੀ, ਜਿਸ ਨਾਲ ਅਕਾਦਮਿਕ ਸਿੱਖਿਆ ਅਤੇ ਉਦਯੋਗ ਦੀਆਂ ਉਮੀਦਾਂ ਵਿਚਕਾਰ ਪਾੜੇ ਨੂੰ ਪੂਰਾ ਕੀਤਾ ਜਾ ਸਕੇ। ਇਸ ਵਰਕਸ਼ਾਪ ਦੌਰਾਨ ਦੋ ਤਕਨੀਕੀ ਸੈਸ਼ਨ ਕਰਵਾਏ ਗਏ। ਸਵੇਰ ਦਾ ਸੈਸ਼ਨ 'ਫਾਰਮਾਸਿਊਟੀਕਲ ਇੰਡਸਟਰੀ ਦਾ ਰੋਡਮੈਪ-ਕਲਾਸਰੂਮ ਤੋਂ ਸ਼ਾਪ ਫਲੋਰ ਤੱਕ' ਉਦਯੋਗ ਦੀਆਂ ਉਮੀਦਾਂ, ਹੁਨਰ ਦੇ ਪਾੜੇ, ਕਰੀਅਰ ਮਾਰਗਾਂ ਅਤੇ ਪੇਸ਼ੇਵਰ ਅਨੁਸ਼ਾਸਨ 'ਤੇ ਕੇਂਦ੍ਰਿਤ ਸੀ। ਦੁਪਹਿਰ ਦਾ ਸੈਸ਼ਨ 'ਫਾਰਮਾਸਿਊਟੀਕਲ ਇੰਡਸਟਰੀ ਵਿੱਚ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ - ਕੌਣ ਕੀ ਕਰਦਾ ਹੈ ਅਤੇ ਕਿਉਂ ਤਾਲਮੇਲ ਗੁਣਵੱਤਾ ਦਾ ਫੈਸਲਾ ਕਰਦਾ ਹੈ' QA, QC, ਉਤਪਾਦਨ, RA, IPQA ਤੇ ਵੇਅਰਹਾਊਸ ਵਰਗੇ ਮੁੱਖ ਵਿਭਾਗਾਂ ਵਿੱਚ ਸੂਝ-ਬੂਝ ਪੇਸ਼ ਕੀਤੀ, ਅੰਤਰ-ਵਿਭਾਗੀ ਤਾਲਮੇਲ ਅਤੇ ਗੁਣਵੱਤਾ ਪਾਲਣਾ 'ਤੇ ਜ਼ੋਰ ਦਿੱਤਾ ਗਿਆ। ਇਸ ਦੌਰਾਨ ਰਿਸੋਰਸ ਪਰਸਨ ਵਿਪਿਨ ਸ਼ਰਮਾ ਤੇ ਪੂਜਾ ਸ਼ਰਮਾ ਨੇ ਕੀਮਤੀ ਉਦਯੋਗ ਸੂਝ, ਅਸਲ-ਜੀਵਨ ਦੇ ਕੇਸ ਅਧਿਐਨ ਤੇ ਵਿਹਾਰਕ ਅਨੁਭਵ ਸਾਂਝੇ ਕੀਤੇ, ਜਿਸ ਨਾਲ ਸੈਸ਼ਨਾਂ ਨੂੰ ਇੰਟਰੈਕਟਿਵ ਤੇ ਪ੍ਰਭਾਵਸ਼ਾਲੀ ਬਣਾਇਆ ਗਿਆ।

# ਪ੍ਰਾਚੀਨ ਸ੍ਰੀ ਰਾਮ ਮੰਦਰ ਵਿਖੇ ਸ੍ਰੀ ਸੁੰਦਰਕਾਂਡ ਪਾਠ ਹੋਇਆ



ਮੰਡੀ ਗੋਬਿੰਦਗੜ੍ਹ, 20 ਜਨਵਰੀ (ਸੂਦ): ਸ਼੍ਰੀ ਸੁੰਦਰ ਕਾਂਡ ਦਾ ਪਵਿੱਤਰ ਪਾਠ ਧਾਰਮਿਕ ਸੰਗਠਨ ਸ਼੍ਰੀ ਸੁੰਦਰਕਾਂਡ ਸੇਵਾ ਮੰਡਲ ਦੁਆਰਾ ਸੁਰੇਸ਼ ਸਿੰਗਲਾ ਬਬਲੀ ਦੀ ਪ੍ਰਧਾਨਗੀ ਹੇਠ ਸਨਾਤਨ ਧਰਮ ਮਹਾਵੀਰ ਮੰਦਿਰ ਚੈਰੀਟੇਬਲ ਟਰੱਸਟ ਸ਼੍ਰੀ ਰਾਮ ਮੰਦਰ, ਜੀਟੀ ਰੋਡ, ਲੋਹਾ ਨਗਰੀ ਵਿਖੇ ਕੀਤਾ ਗਿਆ। ਇਸ ਮੌਕੇ ਮੰਦਰ ਦੇ ਪੁਜਾਰੀ ਆਚਾਰੀਆ ਪੰਡਿਤ ਸੱਤਿਆ ਪ੍ਰਕਾਸ਼ ਤੇ ਮੁੱਖ ਮੇਜ਼ਬਾਨ ਰਾਜੂ ਪਾਂਡੇ ਨੇ ਸ਼੍ਰੀ ਹਨੂੰਮਾਨ ਅਤੇ ਸ਼੍ਰੀ ਰਾਮਾਇਣ ਦੀ ਪੂਜਾ ਕੀਤੀ। ਇਸ ਮੌਕੇ ਸੰਕੀਰਤਨ ਕਰਦੇ ਹੋਏ, ਮੰਡਲ ਦੇ ਸਰਪ੍ਰਸਤ ਓਮ ਸੈਨ ਤੇ ਰਾਜੂ ਪਾਂਡੇ ਨੇ ਸ਼੍ਰੀ ਹਨੂੰਮਾਨ ਚਾਲੀਸਾ ਤੋਂ ਬਾਅਦ ਪਵਿੱਤਰ ਸ਼੍ਰੀ ਸੁੰਦਰਕਾਂਡ ਪਾਠ ਸ਼ੁਰੂ ਕੀਤਾ। ਜਿਸ ਵਿੱਚ ਭਗਵਾਨ ਦੇ ਭਗਤ ਵਿਸ਼ੇਸ਼ ਭਜਨ ਰਾਮ ਨਾਮ ਕੇ ਹੀਰੇ ਮੋਤੀ, ਮੇਰਾ ਆਪਕੀ ਕਿਰਪਾ ਸੇ ਸਬ ਕਾਮ ਹੋ ਰਹਾ ਹੈ ਅਤੇ ਮੇਰੀ ਨਈਆ ਰਾਮ ਸਹਾਰੇ ਨਾਲ ਖੁਸ਼ੀ ਨਾਲ ਭਰ ਗਏ। ਆਰਤੀ ਅਰਦਾਸ ਤੋਂ ਬਾਅਦ, ਮੌਜੂਦ ਲੋਕਾਂ ਵਿੱਚ ਫਲ ਤੇ ਲੱਡੂ ਵੰਡੇ ਗਏ। ਇਸ ਮੌਕੇ ਰਜਿੰਦਰ ਕਪਲਿਸ਼, ਓਮ ਸੈਨ, ਰਾਜੂ ਪਾਂਡੇ, ਡਾ: ਕ੍ਰਿਸ਼ਨ ਭਾਰਦਵਾਜ, ਸਿਮਰਨਜੀਤ ਸਿੰਘ ਵਿੱਕੀ, ਸੰਜੇ ਗਰਗ, ਮਾਲਤੀ ਦੇਵੀ, ਮੋਨਿਕਾ ਭਾਟੀਆ, ਅਨੀਤਾ ਦੇਵੀ, ਮੋਤੀ ਦੇਵੀ, ਗਾਇਤਰੀ ਦੇਵੀ, ਸੁਨੀਤਾ ਦੇਵੀ ਸਮੇਤ ਆਸ-ਪਾਸ ਦੇ ਇਲਾਕੇ ਤੋਂ ਭਗਵਾਨ ਦੇ ਭਗਤਾਂ ਨੇ ਸ਼ਿਰਕਤ ਕੀਤੀ।

# ਸਰਵਾਈਕਲ ਕੈਂਸਰ ਸਬੰਧੀ ਜਾਗਰੂਕ ਕੀਤਾ

ਹੁਸ਼ਿਆਰਪੁਰ, 20 ਜਨਵਰੀ (ਪਰਮਿੰਦਰ ਘੁੰਮਣ): ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ ਨੇ ਸਰਵਾਈਕਲ ਕੈਂਸਰ ਦੀ ਜਲਦੀ ਪਛਾਣ, ਸਮੇਂ ਸਿਰ ਜਾਂਚ ਤੇ ਰੋਕਥਾਮ ਦੇਖਭਾਲ ਦੀ ਮਹੱਤਤਾ ਬਾਰੇ ਚਾਨਣਾ ਪਾਇਆ । ਐਸੋਸੀਏਟ ਡਾਇਰੈਕਟਰ-ਓਬਸਟੈਟ੍ਰਿਕਸ ਐਂਡ ਗਾਇਨੀਕੋਲੋਜੀ, ਡਾ. ਰਿਤੂ ਗਰਗ ਨੇ ਕਿਹਾ, ਸਰਵਾਈਕਲ ਕੈਂਸਰ, ਖ਼ਾਸਕਰ ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਵਿੱਚ, ਸਭ ਤੋਂ ਵੱਧ ਰੋਕਣਯੋਗ ਕੈਂਸਰ ਹੋਣ ਦੇ ਬਾਵਜੂਦ, ਹਰ ਸਾਲ ਹਜ਼ਾਰਾਂ ਔਰਤਾਂ ਦੀ ਜਾਨ ਗੁਆਉਣ ਦਾ ਕਾਰਨ ਹੈ। ਵਿਸ਼ਵ ਪੱਧਰ 'ਤੇ, ਸਰਵਾਈਕਲ ਕੈਂਸਰ ਔਰਤਾਂ ਨੂੰ ਪ੍ਰਭਾਵਤ ਕਰਨ ਵਾਲੇ ਸਭ ਤੋਂ ਆਮ ਕੈਂਸਰਾਂ ਵਿੱਚੋਂ ਇੱਕ ਹੈ। ਭਾਰਤ ਵਿੱਚ, ਇਹ ਛਾਤੀ ਦੇ ਕੈਂਸਰ ਤੋਂ ਬਾਅਦ ਔਰਤਾਂ ਵਿੱਚ ਦੂਜਾ ਸਭ ਤੋਂ ਆਮ ਕੈਂਸਰ ਹੈ। ਉੱਚ ਮੌਤ ਦਰ ਦੇ ਕਾਰਨਾਂ ਬਾਰੇ ਦੱਸਦਿਆਂ ਡਾ. ਰਿਤੂ ਗਰਗ ਨੇ ਕਿਹਾ ਕਿ ਸਰਵਾਈਕਲ ਕੈਂਸਰ ਦਾ ਸਭ ਤੋਂ ਵੱਡਾ ਖ਼ਤਰਾ ਇਹ ਹੈ ਕਿ ਇਸ ਦੇ ਸ਼ੁਰੂਆਤੀ ਪੜਾਅ ਅਕਸਰ ਲੱਛਣ-ਮੁਕਤ ਹੁੰਦੇ ਹਨ, ਜਿਸ ਕਾਰਨ ਬਹੁਤ ਸਾਰੀਆਂ ਔਰਤਾਂ ਬਿਮਾਰੀ ਦੇ ਅੱਗੇ ਵਧਣ ਤੱਕ ਪਤਾ ਨਹੀਂ ਲਗਦੀਆਂ ਹਨ। ਦੇਰੀ ਨਾਲ ਤਸ਼ਖੀਸ, ਸਕ੍ਰੀਨਿੰਗ ਸਹੂਲਤਾਂ ਤੱਕ ਸੀਮਤ ਪਹੁੰਚ, ਐਚਪੀਵੀ ਟੀਕਾਕਰਨ ਬਾਰੇ ਜਾਗਰੂਕਤਾ ਦੀ ਘਾਟ ਤੇ ਸਮੇਂ ਸਿਰ ਡਾਕਟਰੀ ਦੇਖਭਾਲ ਦੀ ਮੰਗ ਕਰਨ ਵਿੱਚ ਸਮਾਜਿਕ ਝਿਜਕ ਮੁੱਖ ਯੋਗਦਾਨ ਪਾਉਣ ਵਾਲੇ ਕਾਰਕ ਹਨ।

# ਵੂਮੈਨ ਵਿੰਗਸ ਕਲੱਬ ਨੇ ਵਿਦਿਆਰਥਣਾਂ ਨੂੰ ਤਕਸੀਮ ਕੀਤੇ ਬਲੇਜ਼ਰ



ਮੁਕੇਰੀਆਂ, 20 ਜਨਵਰੀ (ਧਰਮ ਚੰਦ): ਇਲਾਕੇ ਵਿਚ ਪਿਛਲੇ ਲੰਮੇ ਸਮੇਂ ਤੋਂ ਸਮਾਜ ਸੇਵੀ ਕੰਮਾਂ ਵਿੱਚ ਮੋਹਰੀ ਹੋਕੇ ਕਲੱਬ ਪ੍ਰਧਾਨ ਚੰਚਲ ਨਾਰੰਗ ਦੀ ਅਗਵਾਈ ਵਿੱਚ ਲੋਕ ਸੇਵਾ ਦੇ ਕਰਨ ਵਾਲੀ ਮੁਕੇਰੀਆਂ ਦੀ ਵੂਮੈਨ ਵਿੰਗਸ ਕਲੱਬ ਵੱਲੋਂ ਆਰੀਆ ਗਰਲਜ਼ ਸੀਨੀਅਰ ਸਕੈਂਡਰੀ ਸਕੂਲ ਦੀਆਂ ਵਿਦਿਆਰਥਣਾ ਨੂੰ ਬਲੇਜ਼ਰ ਤਕਸੀਮ ਕੀਤੇ ।ਇਸ ਮੌਕੇ ਕਲੱਬ ਦੇ ਬੁਲਾਰਿਆਂ ਵੱਲੋਂ ਇਕੱਤਰ ਵਿਦਿਆਰਥਣਾਂ ਨੂੰ ਮਿਹਨਤ ਅਤੇ ਲਗਨ ਨਾਲ ਪੜਾਈ ਕਰ ਚੰਗੇ ਨੰਬਰ ਪ੍ਰਾਪਤ ਕਰਕੇ ਆਪਣੇ ਮਾਤਾ ਪਿਤਾ, ਤੇ ਸਕੂਲ ਦਾ ਨਾਂ ਰੋਸ਼ਨ ਕਰਦੇ ਹੋਏ ਆਪਣੇ ਭਵਿੱਖ ਦੇ ਸੁਪਨੇ ਪੂਰੇ ਕਰਨ ਦੀ ਗੱਲ ਆਖਦਿਆਂ ਚੰਗੇ ਨਾਗਰਿਕ ਬਣਦੇ ਹੋਏ ਆਪਣੇ ਮਾਤਾ ਪਿਤਾ ਦੀ ਸੇਵਾ, ਪੰਜਾਬ ਤੇ ਆਪਣੇ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।ਸਕੂਲ ਪ੍ਰਿੰਸੀਪਲ ਰੇਨੂਕਾ ਸੈਣੀ ਵੱਲੋਂ ਵੂਮੈਨ ਵਿੰਗਸ ਕਲੱਬ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਉਪਰਾਲਿਆਂ ਦੀ ਸ਼ਲਾਘਾ ਕਰਦੇ ਹੋਏ ਧੰਨਬਾਦ ਕੀਤਾ। ਇਸ ਮੌਕੇ ਸਕੱਤਰ ਡਿੰਪਲ ਸਲਾਰਿਆ, ਅਡਵਾਈਜ਼ਰ ਮੁਸਕਾਨ ਸ਼ਰਮਾ, ਰੇਨੂੰ ਅੱਗਰਵਾਲ ਪੂਜਾ ਓਹਰੀ, ਅਨੀਤਾ ਜੈਨ, ਅੰਕਿਤਾ ਛਿੱਬਰ, ਪੂਜਾ ਖੰਨਾ, ਪੱਲਵੀ ਮਹਾਜਨ, ਰੇਨੂੰ ਵਨੀਤ ਅੱਗਰਵਾਲ, ਸਮੂਹ ਅਧਿਆਪਕ ਤੇ ਵਿਦਿਆਰਥੀ ਹਾਜ਼ਰ ਰਹੇ।

# ਗੋਬਿੰਦਗੜ੍ਹ ਪਬਲਿਕ ਸਕੂਲ ਦੀਆਂ ਵਿਦਿਆਰਥਣਾਂ ਨੇ ਰਾਜ ਤੇ ਰਾਸ਼ਟਰੀ ਪੱਧਰ 'ਤੇ ਜਿੱਤੇ ਗੋਲਡ ਮੈਡਲ



ਮੰਡੀ ਗੋਬਿੰਦਗੜ੍ਹ, 20 ਜਨਵਰੀ (ਸੂਦ): ਗੋਬਿੰਦਗੜ੍ਹ ਪਬਲਿਕ ਸਕੂਲ ਲਈ ਬਹੁਤ ਮਾਣ ਅਤੇ ਖੁਸ਼ੀ ਦੀ ਗੱਲ ਹੈ ਕਿ ਸਕੂਲ ਦੀਆਂ ਹੋਣਹਾਰ ਵਿਦਿਆਰਥਣਾਂ ਨੇ ਰਾਜ ਅਤੇ ਰਾਸ਼ਟਰੀ ਪੱਧਰ ਦੇ ਖੇਡ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਸਕੂਲ ਦੀ ਵਿਦਿਆਰਥਣ ਸਹਿਜ ਕੌਰ ਨੇ ਅੰਮ੍ਰਿਤਸਰ ਵਿਖੇ ਹੋਏ ਓਪਨ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਆਪਣੀ ਕਾਬਲੀਅਤ, ਅਨੁਸ਼ਾਸਨ ਅਤੇ ਲਗਨ ਦਾ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸਖ਼ਤ ਮੁਕਾਬਲੇ ਦੌਰਾਨ ਪਹਿਲਾ ਸਥਾਨ ਹਾਸਲ ਕੀਤਾ। ਉਸ ਦੀ ਇਹ ਸਫ਼ਲਤਾ ਲਗਾਤਾਰ ਅਭਿਆਸ ਅਤੇ ਅਧਿਆਪਕਾਂ ਦੀ ਮਿਹਨਤ ਭਰੀ ਰਹਿਨੁਮਾਈ ਦਾ ਨਤੀਜਾ ਹੈ। ਇਸੇ ਤਰ੍ਹਾਂ ਸਕੂਲ ਦੀ ਹੋਣਹਾਰ ਵਿਦਿਆਰਥਣ ਸਾਨਵੀ ਦੱਤਾ ਨੇ ਚੰਡੀਗੜ੍ਹ ਵਿਖੇ ਹੋਏ ਓਪਨ ਸਟੇਟ ਚੈਂਪੀਅਨਸ਼ਿਪ ਸਕੇਟਿੰਗ) ਵਿੱਚ ਭਾਗ ਲੈ ਕੇ ਆਪਣੀ ਖੇਡ ਕੁਸ਼ਲਤਾ ਦਾ ਲੋਹਾ ਮੰਨਵਾਇਆ। ਉਸ ਨੇ ਆਪਣੇ ਸ਼ਾਨਦਾਰ ਸੰਤੁਲਨ, ਤੇਜ਼ੀ ਅਤੇ ਤਕਨੀਕ ਨਾਲ ਸਾਰੇ ਪ੍ਰਤੀਯੋਗੀਆਂ ਨੂੰ ਪਿੱਛੇ ਛੱਡਦਿਆਂ ਪਹਿਲਾ ਸਥਾਨ ਹਾਸਲ ਕੀਤਾ। ਸਕੂਲ ਪ੍ਰਿੰਸੀਪਲ ਡਾ. ਨੀਰੂ ਅਰੋੜਾ ਨੇ ਦੋਵਾਂ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਕਾਮਯਾਬੀ ਉਨ੍ਹਾਂ ਦੀ ਅਥਾਹ ਮਿਹਨਤ, ਅਨੁਸ਼ਾਸਨ ਅਤੇ ਅਧਿਆਪਕਾਂ ਦੀ ਸਹੀ ਰਹਿਨੁਮਾਈ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਸਕੂਲ ਸਦਾ ਹੀ ਵਿਦਿਆਰਥੀਆਂ ਦੀ ਸਰਵਪੱਖੀ ਵਿਕਾਸ 'ਤੇ ਜ਼ੋਰ ਦਿੰਦਾ ਆ ਰਿਹਾ ਹੈ ਅਤੇ ਖੇਡਾਂ ਇਸ ਦਾ ਮਹੱਤਵਪੂਰਨ ਅੰਗ ਹਨ। ਉਨ੍ਹਾਂ ਇਹ ਵੀ ਕਿਹਾ ਕਿ ਅਜਿਹੀਆਂ ਉਪਲਬਧੀਆਂ ਹੋਰ ਵਿਦਿਆਰਥੀਆਂ ਲਈ ਪ੍ਰੇਰਣਾ ਬਣਦੀਆਂ ਹਨ ਤੇ ਉਨ੍ਹਾਂ ਨੂੰ ਵੀ ਆਪਣੀ ਰੁਚੀ ਅਨੁਸਾਰ ਖੇਡਾਂ ਅਤੇ ਪਾਠਕ੍ਰਮਕ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕਰਦੀਆਂ ਹਨ। ਸਕੂਲ ਪ੍ਰਬੰਧਨ, ਅਧਿਆਪਕ ਵਰਗ ਅਤੇ ਮਾਪਿਆਂ ਨੇ ਵੀ ਦੋਵਾਂ ਵਿਦਿਆਰਥਣਾਂ ਨੂੰ ਇਸ ਸ਼ਾਨਦਾਰ ਸਫਲਤਾ ਲਈ ਮੁਬਾਰਕਬਾਦ ਦਿੱਤੀ ਤੇ ਉਨ੍ਹਾਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕੀਤੀ।

# ਭਾਜਪਾ ਵੱਲੋਂ ਸਵਦੇਸ਼ੀ ਲਈ ਮਿਸਾਲੀ ਦੌੜ

ਲੁਧਿਆਣਾ, 20 ਜਨਵਰੀ (ਰਵਿੰਦਰ ਸਿੰਘ ਨਿੱਝਰ/ ਜਤਿੰਦਰਪਾਲ ਸਿੰਘ ਛਾਬੜਾ): ਭਾਜਪਾ ਦੇ ਅਹੁਦੇਦਾਰਾਂ ਤੇ ਵਰਕਰਾਂ ਵੱਲੋਂ ਸਵਦੇਸ਼ੀ ਲਈ ਮਿਸਾਲੀ ਦੌੜ ਕਰਵਾਈ ਗਈ।ਗੁਰੂ ਸਾਹਿਬ ਅੱਗੇ ਅਰਦਾਸ ਕਰਨ ਤੋਂ ਬਾਅਦ, ਸਵਦੇਸ਼ੀ ਜਾਗਰਣ ਮੰਚ ਦੇ ਸਹਿ-ਸੰਯੋਜਕਾਂ ਸਤੀਸ਼ ਕੁਮਾਰ ਤੇ ਗੁਰਦੀਪ ਸਿੰਘ ਗੋਸ਼ਾ ਨੇ ਸਵਦੇਸ਼ੀ ਲਈ ਮਿਸਾਲੀ ਦੌੜ ਦਾ ਆਯੋਜਨ ਕੀਤਾ। ਮੰਚ ਨੇ ਗੋਸ਼ਾ ਦੀ ਅਗਵਾਈ ਹੇਠ, ਲੁਧਿਆਣਾ ਦੇ ਸਥਾਨਕ ਭਗਤ ਸ਼੍ਰੀ ਚੇਤ ਰਾਮ ਗੁਰਦੁਆਰਾ ਸਾਹਿਬ ਵਿਖੇ ਸਵਦੇਸ਼ੀ ਲਈ ਦੌੜ ਕਰਵਾਈ। "ਪੰਜਾਬ ਵਿੱਚ ਸਵਦੇਸ਼ੀ ਅਪਣਾਓ ਤੇ ਦੇਸ਼ ਬਚਾਓ" ਦੇ ਬੈਨਰ ਹੇਠ ਮੰਚ ਦੇ ਰਾਸ਼ਟਰੀ ਸਹਿ-ਸੰਯੋਜਕ ਸਤੀਸ਼ ਕੁਮਾਰ ਵਿਸ਼ੇਸ਼ ਮਹਿਮਾਨ ਸਨ। ਸਤੀਸ਼ ਨੇ ਕਿਹਾ ਕਿ "ਸਵਦੇਸ਼ੀ" ਸ਼ਬਦ ਦਾ ਆਮ ਤੌਰ 'ਤੇ ਅਰਥ ਹੈ "ਸਥਾਨਕ" ਜਾਂ "ਆਪਣੇ ਦੇਸ਼ ਤੋਂ"। ਇਸ ਲੇਖ ਵਿੱਚ, "ਸਵਦੇਸ਼ੀ" ਲਈ ਇੱਕ ਢੁਕਵਾਂ ਸਮਾਨਾਰਥੀ "ਘਰੇਲੂ" ਜਾਂ "ਘਰੇਲੂ" ਹੋਵੇਗਾ। ਇਸ ਦਾ ਉਦੇਸ਼ ਭਾਰਤ ਨੂੰ ਸਵੈ-ਨਿਰਭਰਤਾ ਵੱਲ ਲਿਜਾਣਾ ਅਤੇ ਭਾਰਤੀ ਉਤਪਾਦਾਂ, ਸਥਾਨਕ ਕਾਰੀਗਰਾਂ, ਦਸਤਕਾਰੀ ਅਤੇ ਖੇਤੀਬਾੜੀ-ਅਧਾਰਤ ਉਤਪਾਦਾਂ ਨੂੰ ਉਤਸ਼ਾਹਿਤ ਕਰਨਾ ਹੈ। ਇਸ ਮੌਕੇ ਗੋਸ਼ਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਵਦੇਸ਼ੀ ਅੰਦੋਲਨ ਦਾ ਉਦੇਸ਼ ਵਿਦੇਸ਼ੀ ਵਸਤੂਆਂ, ਖਾਸ ਕਰਕੇ ਬ੍ਰਿਟਿਸ਼-ਨਿਰਮਿਤ ਕੱਪੜੇ ਤੇ ਨਮਕ ਦਾ ਬਾਈਕਾਟ ਕਰਨਾ ਤੇ ਘਰੇਲੂ ਉਤਪਾਦਾਂ ਦੀ ਵਰਤੋਂ ਕਰਨਾ ਸੀ। ਸਵਦੇਸ਼ੀ ਉਦਯੋਗਾਂ, ਸਿੱਖਿਆ, ਸਾਹਿਤ, ਕਲਾ ਤੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ, ਭਾਰਤੀਆਂ ਵਿੱਚ ਏਕਤਾ, ਮਾਣ ਅਤੇ ਸਵੈ-ਨਿਰਭਰਤਾ ਦੀ ਭਾਵਨਾ ਨੂੰ ਉਤਸ਼ਾਹਿਤ ਕਰਨਾ ਸਾਡੇ ਟੀਚੇ ਹਨ। ਅੰਗਰੇਜ਼ਾਂ ਵੇਲੇ ਸ਼ੁਰੂ ਕੀਤੀ ਗਈ ਸਵਦੇਸ਼ੀ ਲਹਿਰ ਦੇ ਤਿੰਨ ਨਤੀਜੇ ਸਵਦੇਸ਼ੀ ਉਦਯੋਗਾਂ ਨੂੰ ਉਤਸ਼ਾਹਿਤ ਕਰਨਾ, ਰਾਸ਼ਟਰਵਾਦੀ ਭਾਵਨਾ ਦਾ ਉਭਾਰ ਅਤੇ ਵਿਦਿਅਕ ਸੁਧਾਰ ਸਨ। ਇਸ ਮੌਕੇ ਵਿਨੈ ਕੁਮਾਰ ਪ੍ਰਚਾਰਕ, ਮੋਹਿਤ ਬਹਿਲ (ਉੱਤਰੀ ਖੇਤਰ), ਡਾ: ਸੁਭਾਸ਼ ਕੁਮਾਰ, ਜਤਿੰਦਰਪਾਲ, ਗੁਰਦੇਵ ਸ਼ਰਮਾ, ਦੇਵੀ, ਰੁਚੀ ਗੁਲਾਟੀ, ਵਿਸ਼ਾਲ ਗੁਲਾਟੀ (ਕੌਂਸਲਰ), ਇੰਦਰ ਅਗਰਵਾਲ (ਕੌਂਸਲਰ), ਦਵਿੰਦਰ ਜੱਗੀ (ਕੌਂਸਲਰ), ਸਰਬਜੀਤ ਕਾਕਾ, ਕੀਮਤੀ ਰਾਵਲ ਓਬਤੀ ਅਗਰਵਾਲ, ਕਿਮਤੀ ਰਾਵਲ ਓਬਤਾ ਗੌੜ ਆਦਿ ਹਾਜ਼ਰ ਸਨ। ਕੌਰ, ਚੰਦਰਭਾਨ ਚੌਹਾਨ, ਰਿਤੇਸ਼ ਜੈਸਵਾਲ, ਅਮਿਤ ਗੋਇਲ, ਅਰੋੜਾ, ਬਿਅੰਤ ਸਿੰਘ, ਹਰਵਿੰਦਰ ਨਾਮਦਾਰੀ, ਮੀਕਾ ਲਖਨਪਾਲ, ਗੁਰਮੁੱਖ ਸਿੰਘ ਨਾਮਧਾਰੀ, ਦਿਲਬਾਗ ਸਿੰਘ, ਚਿਰਾਗ ਅਰੋੜਾ, ਰਾਜਨ ਵਿਆਸ, ਐਡਵੋਕੇਟ ਗੌਰਵ ਅਰੋੜਾ, ਤਜਿੰਦਰ ਸੋਨੂੰ, ਗੁਰਵਿੰਦਰ ਸਿੰਘ ਸੇਠੀ, ਨਰੇਸ਼ ਸਿੰਘ ਬਹਿਬਲ ਸਿੰਘ ਵਿਹਲੜ, ਲਹਿੰਬਰ ਸਿੰਘ ਵਿਹਲੜ, ਡਾ. ਪੰਧੇਰ, ਨਿਰਭੈ ਸਿੰਘ, ਭੋਲੂ (ਮਾਡਲ ਟਾਊਨ), ਅਮਿਤ ਓਬਰਾਏ, ਚੰਦਰਜੀਤ ਸਿੰਘ, ਰਾਕੇਸ਼ ਖੰਨਾ, ਰਾਜਨ ਕੋਹਲੀ ਅਤੇ ਸੈਂਕੜੇ ਹੋਰਾਂ ਨੇ ਮਾਰਚ ਵਿੱਚ ਸ਼ਮੂਲੀਅਤ ਕੀਤੀ।




# ਐਸ.ਸੀ. ਵਿੰਗ ਪ੍ਰਧਾਨ ਮਾਹਲਾ ਵੱਲੋਂ ਮੁੰਡੀਆਂ ਨਾਲ ਮੁਲਾਕਾਤ

ਸਾਹਨੇਵਾਲ, 20 ਜਨਵਰੀ (ਕੁਲਦੀਪ ਕੋਹਾੜਾ): ਐਸ ਸੀ ਵਿੰਗ ਹਲਕਾ ਸਾਹਨੇਵਾਲ ਦੇ ਪ੍ਰਧਾਨ ਅਤੇ ਬਲਾਕ ਸੰਮਤੀ ਮੈਂਬਰ ਦਰਸ਼ਨ ਸਿੰਘ ਮਾਹਲਾ ਦੇ ਵੱਲੋਂ ਪੰਜਾਬ ਦੇ ਕੈਬਨਿਟ ਮੰਤਰੀ ਸਰਦਾਰ ਹਰਦੀਪ ਸਿੰਘ ਮੁੰਡੀਆ ਨਾਲ ਮੁਲਾਕਾਤ ਕੀਤੀ ਗਈ। ਮੁਲਾਕਾਤ ਕਰਨ ਉਪਰੰਤ ਦਰਸ਼ਨ ਸਿੰਘ ਮਾਹਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹਲਕਾ ਸਾਹਨੇਵਾਲ ਅੰਦਰ ਵੱਡੇ ਪੱਧਰ ਤੇ ਵਿਕਾਸ ਕਾਰਜਾਂ ਦੇ ਕੰਮ ਚੱਲ ਰਹੇ ਹਨ ਪਰ ਕੰਮਾਂ ਵਿੱਚ ਹੋਰ ਤੇਜ਼ੀ ਲਿਆਉਣ ਦੇ ਲਈ ਅੱਜ ਮੰਤਰੀ ਹਰਦੀਪ ਸਿੰਘ ਮੁੰਡੀਆ ਨਾਲ ਜਿੱਥੇ ਮੁਲਾਕਾਤ ਕੀਤੀ ਗਈ ਉੱਥੇ ਹੀ ਹੋਰ ਹੋਣ ਵਾਲੇ ਵਿਕਾਸ ਕਾਰਜਾਂ ਦੇ ਕੰਮਾਂ ਸਬੰਧੀ ਵਿਚਾਰਾ ਕੀਤੀਆਂ ਗਈਆਂ। ਉਹਨਾਂ ਕਿਹਾ ਕਿ ਵਿਕਾਸ ਕਾਰਜਾਂ ਦੇ ਕੰਮਾਂ ਤੋਂ ਪੰਜਾਬ ਦੇ ਲੋਕ ਪੂਰੀ ਤਰਾਂ ਖੁਸ਼ ਹਨ ਅਤੇ ਕੰਮ ਵੱਡੇ ਪੱਧਰ ਤੇ ਚੱਲ ਰਹੇ ਹਨ। ਮੰਤਰੀ ਨੇ ਭਰੋਸਾ ਦਿੱਤਾ ਕਿ ਜੋ ਕੰਮ ਚੱਲ ਰਹੇ ਹਨ ਉਨਾਂ ਵਿੱਚ ਜਿੱਥੇ ਤੇਜ਼ੀ ਲਿਆਂਦੀ ਜਾਵੇਗੀ ਉੱਥੇ ਹੀ ਬਾਕੀ ਰਹਿੰਦੇ ਕੰਮਾਂ ਨੂੰ ਜਲਦ ਪਾਸ ਕੀਤਾ ਜਾਵੇਗਾ।



# ਬੈਰਾਗੀ ਡਿਵੈਲਪਮੈਂਟ ਬੋਰਡ ਦੇ ਮੈਂਬਰ ਬਣਨ 'ਤੇ ਐਡ. ਬੂਟਾ ਸਿੰਘ ਨੂੰ ਵਧਾਈਆਂ



ਲੁਧਿਆਣਾ, 20 ਜਨਵਰੀ (ਰਵਿੰਦਰ ਸਿੰਘ ਨਿੱਝਰ): ਐਡ. ਬੂਟਾ ਸਿੰਘ ਬੈਰਾਗੀ ਨੂੰ ਪੰਜਾਬ ਸਰਕਾਰ ਵੱਲੋਂ ਪੰਜਾਬ ਸਟੇਟ ਬੈਰਾਗੀ ਡਿਵੈਲਪਮੈਂਟ ਬੋਰਡ ਦੇ ਮੈਂਬਰ ਨਿਯੁਕਤ ਕੀਤਾ ਗਿਆ ਹੈ।ਉਨਾਂ ਦੀ ਇਸ ਨਿਯੁਕਤੀ ਤੇ ਦੇਸ਼ ਵਿਦੇਸ਼ ਵਿੱਚ ਵੱਸਦੇ ਪੰਜਾਬੀਆਂ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ ਅਤੇ ਉਨਾਂ ਨੂੰ ਸੰਸਾਰ ਭਰ ਵਿੱਚ ਵੱਖ-ਵੱਖ ਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਵੱਲੋਂ ਵਧਾਈਆਂ ਦੇ ਫੋਨਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ।ਆਸਟਰੇਲੀਆ ਵੱਸਦੇ ਅਸ਼ਵਨੀ ਬਾਵਾ ਪ੍ਰਧਾਨ ਬਾਬਾ ਬੰਦਾ ਸਿੰਘ ਬਹਾਦਰ ਫਾਊਂਡੇਸ਼ਨ ਆਸਟ੍ਰੇਲੀਆ, ਪ੍ਰਿੰਸੀਪਲ ਬਲਦੇਵ ਬਾਵਾ, ਕੈਨੇਡਾ ਦੇ ਸ਼ਹਿਰ ਅਲਬਰਟਾ ਦੇ ਦੋ ਵਾਰ ਵਿਧਾਇਕ ਰਹਿ ਚੁੱਕੇ ਪੀਟਰ ਸੰਧੂ, ਕੁਲ ਹਿੰਦ ਬੈਰਾਗੀ ਮਹਾ ਮੰਡਲ ਦੇ ਮੁਖੀ ਕ੍ਰਿਸ਼ਨ ਕੁਮਾਰ ਬਾਵਾ, ਗੋਲਡੀ ਫਿਰੋਜ਼ਪੁਰ , ਰਵਿੰਦਰ ਰਵੀ ਆਸਟ੍ਰੇਲੀਆ, ਪ੍ਰੋ. ਜੀਵਨ ਦਾਸ ਬਾਵਾ ਅਤੇ ਹੋਰ ਅਨੇਕਾਂ ਸ਼ਖਸਾ ਨੇ ਬੂਟਾ ਸਿੰਘ ਨੂੰ ਮੁਬਾਰਕਾਂ ਦਿੱਤੀਆਂ ਹਨ। ਅਸ਼ਵਨੀ ਬਾਵਾ ਨੇ ਬੂਟਾ ਸਿੰਘ ਦੀ ਇਸ ਨਿਯੁਕਤੀ ਤੇ ਪੰਜਾਬ ਸਰਕਾਰ ਦਾ ਵੀ ਤਹਿ ਦਿਲੋਂ ਧੰਨਵਾਦ ਕੀਤਾ ਹੈ। ਉਹਨਾਂ ਕਿਹਾ ਕਿ ਉਹਨਾਂ ਨੂੰ ਪੂਰੀ ਆਸ ਹੈ ਕਿ ਬੂਟਾ ਸਿੰਘ ਹੁਣ ਬੈਰਾਗੀ ਭਾਈਚਾਰੇ ਦੀਆਂ ਸਮੱਸਿਆਵਾਂ ਹੱਲ ਕਰਵਾਉਣ ਲਈ ਪੰਜਾਬ ਸਰਕਾਰ ਦਾ ਹਿੱਸਾ ਹੁੰਦੇ ਹੋਏ ਪੂਰਾ ਜ਼ੋਰ ਲਗਾਉਣਗੇ।

# ਹਲਕਾ ਦੱਖਣੀ ਵਿਖੇ ਇੰਡੀਅਨ ਓਵਰਸੀਜ਼ ਕਾਂਗਰਸ ਯੂ.ਐੱਸ.ਏ. ਦੇ ਪ੍ਰਧਾਨ ਗਿੱਲ ਦਾ ਭਰਵਾਂ ਸਵਾਗਤ

ਲੁਧਿਆਣਾ, 20 ਜਨਵਰੀ (ਰਵਿੰਦਰ ਸਿੰਘ ਨਿੱਝਰ): ਵਿਧਾਨ ਸਭਾ ਹਲਕਾ ਦੱਖਣੀ ਵਿਖੇ ਮਨਜੀਤ ਕੌਰ ਸਰੋਏ ਵੱਲੋਂ ਵਰਕਰ ਮੀਟਿੰਗ ਕਰਵਾਈ ਗਈ ਜਿਸ ਦੀ ਪ੍ਰਧਾਨਗੀ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਕੋਆਰਡੀਨੇਟਰ ਕੁੱਲ ਹਿੰਦ ਕਾਂਗਰਸ (ਓ.ਬੀ.ਸੀ) ਇੰਚਾਰਜ ਹਿਮਾਚਲ ਪ੍ਰਦੇਸ਼ ਨੇ ਕੀਤੀ ਜਦਕਿ ਮੀਟਿੰਗ ਵਿੱਚ ਇੰਡੀਅਨ ਓਵਰਸੀਜ ਕਾਂਗਰਸ ਯੂ.ਐੱਸ.ਏ ਪੰਜਾਬ ਚੈਪਟਰ ਦੇ ਪ੍ਰਧਾਨ ਗੁਰਮੀਤ ਸਿੰਘ ਗਿੱਲ ਉਚੇਚੇ ਤੌਰ 'ਤੇ ਪਹੁੰਚੇ।ਇਸ ਸਮੇਂ ਗਿੱਲ ਦਾ ਕਾਂਗਰਸੀ ਵਰਕਰਾਂ ਨੇ ਭਰਵਾਂ ਸਵਾਗਤ ਕੀਤਾ। ਇਸ ਸਮੇਂ ਡਾ. ਪਰਮਜੀਤ ਸਿੰਘ, ਗੁਰਨਾਮ ਸਿੰਘ ਕਲੇਰ ਜਨਰਲ ਸਕੱਤਰ ਪ੍ਰਦੇਸ਼ ਕਾਂਗਰਸ (ਓ.ਬੀ.ਸੀ), ਰਾਕੇਸ਼ ਗੋਇਲ, ਕਰਨੈਲ ਸਿੰਘ ਗਿੱਲ ਡਾਇਰੈਕਟਰ ਮਾਰਕਫੈਡ ਪੰਜਾਬ, ਮਹਿਲਾ ਕਾਂਗਰਸ ਪ੍ਰਧਾਨ ਸੁਰਿੰਦਰ ਕੌਰ, ਤੇਜਵੰਤ ਸਿੰਘ ਸਿੱਧੂ, ਬਲਜੀਤ ਗੋਗਨਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਇਸ ਸਮੇਂ ਬੋਲਦੇ ਬਾਵਾ ਤੇ ਗਿੱਲ ਨੇ ਕਿਹਾ ਕਿ ਕਾਂਗਰਸ ਇੱਕਮੁੱਠ ਅਤੇ ਇਕਜੁੱਟ ਹੈ।ਵਿਰੋਧੀ ਪਾਰਟੀਆਂ ਦੇ ਲੋਕ ਗਿਣੀ ਮਿਥੀ ਸਾਜਿਸ਼ ਅਧੀਨ ਵਖਰੇਵੇਂ ਦੇ ਬਿਆਨ ਦੇ ਰਹੇ ਹਨ।ਉਹਨਾਂ ਕਿਹਾ ਕਿ ਸਾਡਾ ਨੇਤਾ ਰਾਹੁਲ ਗਾਂਧੀ ਹੈ ਜਿਸ ਦਾ ਕੋਈ ਵੀ ਫੈਸਲਾ ਹਰ ਵਰਕਰ ਤੇ ਨੇਤਾ ਨੂੰ ਮੰਨਣਯੋਗ ਹੈ।ਉਹਨਾਂ ਕਿਹਾ ਕਿ ਮਨਰੇਗਾ ਖਤਮ ਕਰਕੇ ਭਾਜਪਾ ਸਰਕਾਰ ਨੇ ਲੋਕਹਿੱਤ ਸਕੀਮ ਦਾ ਨਾਮ ਹੀ ਨਹੀਂ ਬਦਲਿਆ ਸਗੋਂ ਇਹ ਭਾਰਤ ਦੀ ਸਰਕਾਰ ਨੇ ਕਿਰਤੀਆਂ ਤੋਂ ਰੋਟੀ ਦਾ ਹੱਕ ਖੋਹਿਆ ਹੈ ਜੋ ਕਿ ਡਾ. ਮਨਮੋਹਨ ਸਿੰਘ ਦੀ ਸਰਕਾਰ ਸਮੇਂ ਰਾਸ਼ਟਰਪਿਤਾ ਮਹਾਤਮਾ ਗਾਂਧੀ ਦੀ ਭਾਵਨਾ ਤੇ ਕਿਰਤੀਆਂ ਪ੍ਰਤੀ ਸੋਚ ਨੂੰ ਅਮਲੀ ਰੂਪ ਦੇਣ ਵਾਲੀ ਸਕੀਮ ਸੀ ਪਰ ਭਾਜਪਾ ਨੇ ਕਿਰਤੀਆਂ ਦਾ ਹੱਕ ਖੋਹ ਕੇ ਅਨਿਆਏ ਹੀ ਨਹੀਂ ਕੀਤਾ ਸਗੋਂ ਇਹ ਫੈਸਲਾ ਗਰੀਬ ਦੇ ਮੂੰਹ ਵਿੱਚੋਂ ਰੋਟੀ ਖੋਣ ਦੇ ਬਰਾਬਰ ਹੈ ਜਿਸ ਦਾ ਲੋਕ ਸਮੇਂ ਸਿਰ ਜਵਾਬ ਦੇਣਗੇ।



ਬਾਵਾ ਨੇ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਸੰਵਿਧਾਨ ਅੰਦਰ ਸਰਕਾਰ ਦਾ ਪਹਿਲਾ ਫਰਜ਼ ਲੋਕਾਂ ਦੀ ਜਾਨ ਮਾਲ ਦੀ ਰੱਖਿਆ ਕਰਨਾ ਵੀ ਪੂਰਾ ਨਹੀਂ ਕਰ ਸਕੀ। ਇਸ ਤੋਂ ਹੋਰ ਕੀ ਆਸ ਰੱਖੀ ਜਾ ਸਕਦੀ ਹੈ।ਇਸ ਸਮੇਂ ਤ੍ਰਿਲੋਚਨ ਸ਼ਿੰਦਾ, ਸਰਬਜੀਤ ਸ਼ਿੰਦਾ, ਤ੍ਰਿਲੋਕ ਸਿੰਘ, ਮਹਿੰਦਰ ਸਿੰਘ, ਨੀਤੂ ਯਾਦਵ, ਸੁਰਜੀਤ ਸਿੰਘ ਕੈਂਥ, ਐੱਸ. ਕੇ ਖੰਨਾ, ਜਗਦੀਸ਼ ਸਿੰਘ, ਦਾਨ ਸਿੰਘ, ਚਰਨ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਡਾਂਗੋਂ ਵਿਖੇ 27ਵੇਂ ਸਮਾਗਮ ਦੇ ਪਹਿਲੇ ਦਿਨ ਸੰਤਾਂ-ਮਹਾਂਪੁਰਸ਼ਾਂ ਨੇ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ

ਪੱਖੋਵਾਲ, 20 ਜਨਵਰੀ (ਰਵਿੰਦਰ ਸਿੰਘ ਨਿੱਝਰ): ਸ੍ਰੀ ਨਾਨਕਸਰ ਦਰਬਾਰ ਡਾਂਗੋ ਵਿਖੇ ਮੁੱਖ ਸੇਵਾਦਾਰ ਸੰਤ ਬਾਬਾ ਸਰਬਜੋਤ ਸਿੰਘ ਜੀ ਡਾਂਗੋ ਵਾਲਿਆਂ ਦੀ ਦੇਖਰੇਖ ਹੇਠ ਸਮੁੱਚੀਆਂ ਸੰਗਤਾਂ ਦੇ ਸਹਿਯੋਗ ਸਦਕਾ ਕਰਵਾਏ ਜਾ ਰਹੇ 27ਵੇਂ ਸਲਾਨਾ ਸਮਾਗਮ ਦੌਰਾਨ ਪਹਿਲੇ ਦਿਨ ਦੇ ਕੀਰਤਨ ਸਮਾਗਮ ਕਰਵਾਏ ਗਏ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੇ ਬਾਬਾ ਮੀਹਾ ਸਿੰਘ ਜੀ ਸਿਆੜ ਵਾਲਿਆਂ ਦੇ ਜਨਮ ਦਿਵਸ ਨੂੰ ਸਮਰਪਿਤ ਅੱਜ ਦੇ ਕੀਰਤਨ ਦਰਬਾਰ ਵਿੱਚ ਭਾਈ ਬਲਪ੍ਰੀਤ ਸਿੰਘ ਡਾਂਗੋ, ਬਾਬਾ ਰਣਜੀਤ ਸਿੰਘ ਛਪਾਰ, ਸੰਤ ਬਾਬਾ ਅਮਰਜੀਤ ਸਿੰਘ ਬਨਬੌਰੇ ਵਾਲੇ, ਸੰਤ ਫ਼ਕੀਰ ਸਿੰਘ ਖੰਨੇ ਵਾਲੇ, ਬਾਬਾ ਰਵਿੰਦਰ ਸਿੰਘ ਜੋਨੀ ਆਦਿ ਨੇ ਵੱਡੀ ਗਿਣਤੀ ਵਿੱਚ ਜੁੜੀਆਂ ਸੰਗਤਾਂ ਨੂੰ ਕਥਾ ਕੀਰਤਨ ਦੁਆਰਾ ਨਿਹਾਲ ਕਰਦਿਆਂ ਕਿਹਾ ਕਿ ਉਸ ਅਕਾਲ ਪੁਰਖ ਵਾਹਿਗੁਰੂ ਦੀ ਕਿਰਪਾ ਸਦਕਾ ਮਿਲੇ ਇਸ ਮਨੁੱਖੇ ਜੀਵਨ ਦੇ ਵਿੱਚ ਰਾਮ ਨਾਮ ਜਪਣ ਦਾ ਮਹੱਤਵ ਸਮਝਾਉਂਦੇ ਹੋਏ ਕਿਹਾ ਕਿ ਚੰਗੇ ਕਰਮ ਕਰਦੇ ਹੋਏ ਨਿਤਨੇਮ ਕਰਨਾ ਸਾਡੀ ਡਿਊਟੀ ਹੈ। ਜਿਸਦਾ ਫਲ ਉਸ ਵਾਹਿਗੁਰੂ ਨੇ ਆਪੇ ਹੀ ਦੇ ਦੇਣਾ।



ਉਨ੍ਹਾਂ ਕਿਹਾ ਕਿ ਜਿਹੜੇ ਬਾਬਾ ਮੀਹਾਂ ਸਿੰਘ ਜੀ ਵਰਗੇ ਮਹਾਂਪੁਰਖਾਂ ਦੇ ਦਿਹਾੜੇ ਅਸੀਂ ਮਨਾ ਰਹੇ ਹਾਂ, ਓਨ੍ਹਾਂ ਦਾ ਨਾਮ ਲੈਣ ਨਾਲ ਹੀ ਰਸਨਾ ਪਵਿੱਤਰ ਹੋ ਜਾਂਦੀ ਹੈ। ਐਸੇ ਸਾਧੂਆਂ ਨੇ ਆਪ ਨਾਮ ਦਾ ਰਸ ਲੈਕੇ ਦੂਸਰਿਆਂ ਨੂੰ ਵੀ ਜਪਣ ਲਾ ਦਿੱਤਾ। ਉਨ੍ਹਾਂ ਕਿਹਾ ਕਿ ਜਿਸ ਤਰਾਂ ਸੂਈ ਧਾਗੇ ਦਾ ਕੰਮ ਜੋੜਨਾ ਹੈ ਉਸੇ ਤਰਾਂ ਸਾਧੂ ਵੀ ਟੁੱਟੀਆਂ ਰੂਹਾਂ ਨੂੰ ਰੱਬ ਨਾਲ ਜੋੜਨ ਦਾ ਕੰਮ ਕਰਦੇ ਹਨ ਤੇ ਬਾਬਾ ਮੀਹਾਂ ਸਿੰਘ ਜੀ ਦੀ ਯਾਦ ਵਿੱਚ ਅੱਜ ਬਾਬਾ ਸਰਬਜੋਤ ਸਿੰਘ ਜੀ ਵਾਲਿਆਂ ਵੱਲੋਂ ਕਰਵਾਏ ਜਾ ਰਹੇ ਇਹ ਸਮਾਗਮ ਵੀ ਸੰਗਤਾਂ ਨੂੰ ਗੁਰੂ ਦੇ ਨਾਲ ਜੋੜਨ ਦਾ ਕੰਮ ਕਰ ਰਹੇ ਹਨ। ਇਸ ਮੌਕੇ ਉਨ੍ਹਾਂ ਕਿਹਾ ਕਿ ਗੁਰੂ ਵਾਲੇ ਬਣ ਕੇ ਜਿੱਥੇ ਸੇਵਾ ਅਤੇ ਸਿਮਰਨ ਕਰਨਾ ਜਰੂਰੀ ਹੈ ਉੱਥੇ ਵੱਧ ਤੋਂ ਵੱਧ ਲੋੜਵੰਦਾਂ ਦੀਂ ਮਦਦ ਕਰਦੇ ਹੋਏ ਪੰਥ ਦੀ ਚੜ੍ਹਦੀ ਕਲਾ ਲਈ ਵੀ ਉਪਰਾਲੇ ਕਰਨੇ ਚਾਹੀਦੇ ਹਨ। ਸਮਾਗਮ ਦੌਰਾਨ ਬਾਬਾ ਡਾਂਗੋ ਵਾਲਿਆਂ ਵੱਲੋਂ ਆਏ ਹੋਏ ਸਾਰੇ ਹੀ ਸੰਤਾਂ ਮਹਾਂਪੁਰਖਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕਰਦੇ ਹੋਏ ਸਨਮਾਨ ਵੀ ਕੀਤਾ ਗਿਆ। ਨਾਨਕਸਰ ਮੀਡੀਆ ਰਾਹੀਂ ਇਨਾਂ ਸਮਾਗਮਾਂ ਦਾ ਲਾਈਵ ਟੈਲੀਕਾਸਟ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਤੱਕ ਪਹੁੰਚਾਉਣ ਵਾਲੇ ਭਾਈ ਗੁਰਪ੍ਰੀਤ ਸਿੰਘ ਨੇ ਸਟੇਜ ਸਕੱਤਰ ਦੀ ਭੂਮਿਕਾ ਵੀ ਬਖੂਬੀ ਨਿਭਾਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਵਿੰਦਰ ਸਿੰਘ ਸੱਗੂ, ਜਗਜੀਤ ਸਿੰਘ ਅਰੋੜਾ, ਅਮਰਿੰਦਰ ਸਿੰਘ ਕਨੇਡਾ, ਪ੍ਰਦੀਪ ਸ਼ਰਮਾ ਇੰਗਲੈਂਡ, ਕ੍ਰਿਪਾਲ ਸਿੰਘ ਡਾਂਗੋਂ, ਬਾਬਾ ਬੂਟਾ ਸਿੰਘ ਬਜ਼ੁਰਗ, ਸੁਖਪਾਲ ਸਿੰਘ ਪੱਖੋਵਾਲ, ਦਵਿੰਦਰ ਸਿੰਘ ਰਾਮਗੜ੍ਹ, ਪਰਮਿੰਦਰ ਲੀਲ ਆਦਿ ਸਮੇਤ ਵੱਡੀ ਗਿਣਤੀ ਵਿੱਚ ਹੋਰ ਸੰਗਤਾਂ ਹਾਜ਼ਰ ਸਨ।

# ਰਾਹੋਂ ਪੁਲਿਸ ਵੱਲੋਂ ਨੌਜਵਾਨ ਹੈਰੋਇਨ ਦਾ ਸੇਵਨ ਕਰਦਾ ਕਾਬੂ

ਰਾਹੋਂ, 20 ਜਨਵਰੀ (ਸੰਜੀਵ ਕੁਮਾਰ ਬੋਬੀ): ਰਾਹੋਂ ਪੁਲਿਸ ਵਲੋਂ ਬੀਤੀ ਕੱਲ ਹੈਰੋਇਨ ਦਾ ਸੇਵਨ ਕਰਦਾ ਨੌਜਵਾਨ ਰੰਗੇ ਹੱਥੀਂ ਕਾਬੂ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ, ਐਸ.ਐਚ.ਓ. ਚੌਧਰੀ ਵਰਿੰਦਰ ਕੁਮਾਰ ਨੇ ਆਖਿਆ ਕਿ ਪੁਲਿਸ ਪਾਰਟੀ ਜਦੋਂ ਗਸ਼ਤ ਦੌਰਾਨ ਰਾਹੋਂ ਤੋਂ ਨਵਾਂਸ਼ਹਿਰ ਰੋਡ ਤੇ ਸ਼ੇਕਰਾਂ ਨਹਿਰ ਪੁਲ ਤੋਂ ਪਿੰਡ ਸ਼ੇਕਰਾ ਵੱਲ ਜਾ ਰਹੀ ਸੀ ਤੇ ਉੱਥੇ ਸੜਕ ਦੇ ਸੱਜੇ ਪਾਸੇ ਝਾੜੀਆਂ ਚ' ਬੈਠਾ ਨੌਜਵਾਨ ਹੈਰੋਇਨ ਦਾ ਸੇਵਨ ਕਰਦਾ ਦਿਖਾਈ ਦਿੱਤਾ, ਉਸ ਨੂੰ ਫੜਨ ਉਪਰੰਤ ਉਸ ਕੋਲੋਂ ਸਿਲਵਰ ਪੇਪਰ, ਲਾਈਟਰ, ਮਰੋੜਿਆ ਹੋਇਆ 10 ਰੁਪਏ ਦਾ ਨੋਟ, ਖਾਲੀ ਪਾਣੀ ਦੀ ਬੋਤਲ ਆਦਿ ਬਰਾਮਦ ਹੋਈ, ਪੁਲਿਸ ਪਾਰਟੀ ਵਲੋਂ ਉਸ ਨੂੰ ਮੌਕੇ ਤੇ ਕਾਬੂ ਕਰਕੇ ਅਗਲੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ, ਥਾਣਾ ਮੁਖੀ ਨੇ ਆਖਿਆ ਕਿ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ ਤੇ ਦੋਸ਼ੀ ਦੀ ਪਹਿਚਾਣ ਵਿਕਰਮਜੀਤ ਉਰਫ਼ ਵਿੱਕੀ ਪੁੱਤਰ ਜਗਦੀਸ਼ ਰਾਮ ਵਾਸੀ ਮੁਹੱਲਾ ਆਰਨਹਾਲੀ, ਥਾਣਾ ਰਾਹੋਂ ਵਜੋਂ ਹੋਈ ਹੈ, ਦੋਸ਼ੀ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਹੋਰ ਪੁੱਛ-ਗਿੱਛ ਲਈ ਰਿਮਾਂਡ ਹਾਸਿਲ ਕੀਤਾ ਜਾਵੇਗਾ,ਇਸ ਮੌਕੇ ਐਸ.ਐਚ.ਓ ਵਰਿੰਦਰ ਕੁਮਾਰ ਨਾਲ ਹੋਰ ਪੁਲਿਸ ਮੁਲਾਜ਼ਮ ਹਾਜ਼ਰ ਸਨ।



# ਐਡ. ਸੌਰਭ ਨੇ ਭਾਜਪਾ ਦੇ ਨਵੇਂ ਪ੍ਰਧਾਨ ਨੂੰ ਦਿੱਤੀ ਵਧਾਈ



ਲੁਧਿਆਣਾ, 20 ਜਨਵਰੀ (ਰਵਿੰਦਰ ਸਿੰਘ ਨਿੱਝਰ): ਭਾਜਪਾ ਨੇਤਾ ਐਡਵੋਕੇਟ ਸੌਰਭ ਕਪੂਰ ਨੇ ਭਾਰਤੀ ਜਨਤਾ ਪਾਰਟੀ ਦੇ ਨਵੇਂ ਚੁਣੇ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਨਾਲ ਦਿੱਲੀ ਮਿਲ ਕੇ ਨਵੀਂ ਜਿੰਮੇਵਾਰੀ ਦੀ ਵਧਾਈ ਤੇ ਸ਼ੁਭਕਾਮਨਾਵਾਂ ਦਿੱਤੀ। ਭਾਜਪਾ ਆਗੂ ਸੌਰਭ ਕਪੂਰ ਨੇ ਕਿਹਾ ਕਿ ਨਿਤਿਨ ਨਬੀਨ ਜੀ ਦਾ ਸੰਗਠਨ ਅਨੁਭਵ ਤੇ ਜ਼ਮੀਨੀ ਪਕੜ ਪਾਰਟੀ ਨੂੰ ਨਵੀਂ ਤਾਕਤ ਤੇ ਦਿਸ਼ਾ ਮਿਲੇਗੀ। ਉਨ੍ਹਾਂ ਦੇ ਬਣਨ ਨਾਲ ਖਾਸ ਕਰਕੇ ਨੌਜਵਾਨ ਵਰਗ ਵਿੱਚ ਬਹੁਤ ਜੋਸ਼ ਮਿਲਿਆ ਹੈ।

# ਲੁਧਿਆਣਾ ਪੁਲਿਸ ਵੱਲੋਂ 118 ਤੋਂ ਵੱਧ ਕਾਬੂ ਮੁਲਜ਼ਮਾਂ ਕੋਲੋਂ 13 ਪਿਸਤੌਲਾਂ ਬਰਾਮਦ

ਸਾਹਨੇਵਾਲ, 20 ਜਨਵਰੀ (ਕੁਲਦੀਪ ਸਿੰਘ ਕੁਹਾੜਾ): ਪੰਜਾਬ ਵਿੱਚ ਲੁੱਟ ਮਾਰ ਤੇ ਕਤਲਾਂ ਦੀਆਂ ਦਿਨ ਪ੍ਰਤੀ ਦਿਨ ਵੱਧ ਰਹੀਆਂ ਵਾਰਦਾਤਾਂ ਨੂੰ ਨੱਥ ਪਾਉਣ ਵਾਸਤੇ ਮਾਣਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੇ ਡਾਇਰੈਕਟਰ ਜਨਰਲ ਆਫ਼ ਪੁਲਿਸ, ਪੰਜਾਬ, ਗੌਰਵ ਯਾਦਵ, ਆਈਪੀਐਸ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੀਤੀ ਗਈ। ਪੁਲਿਸ ਕਮਿਸ਼ਨਰ ਲੁਧਿਆਣਾ ਦੀ ਅਗਵਾਈ ਹੇਠ ਅੱਜ ਸੰਗਠਿਤ ਅਪਰਾਧ ਦੇ ਖ਼ਿਲਾਫ਼ ਆਪਣੀ ਲਗਾਤਾਰ ਤੇ ਦ੍ਰਿੜ੍ਹ ਮੁਹਿੰਮ ਦੇ ਤਹਿਤ, ਲੁਧਿਆਣਾ ਪੁਲਿਸ ਨੇ ਸਵੇਰੇ ਤੜਕੇ ਇੱਕ ਸੁਚੱਜੀ ਯੋਜਨਾ ਅਧੀਨ ਵੱਡੇ ਪੱਧਰ ਦੀ ਕਾਰਵਾਈ ਕਰਦਿਆਂ ਸ਼ਹਿਰ ਤੇ ਆਸ-ਪਾਸ ਸਰਗਰਮ ਸੰਗਠਿਤ ਅਪਰਾਧਕ ਨੈੱਟਵਰਕਾਂ ਨੂੰ ਤੋੜਨ ਲਈ ਛਾਪੇਮਾਰੀ ਕੀਤੀ। ਇਹ ਕਾਰਵਾਈ ਪੂਰੀ ਤਰ੍ਹਾਂ ਸਹਿ-ਸੰਯੋਜਿਤ ਅਤੇ ਯੋਜਨਾਬੱਧ ਸੀ, ਜਿਸ ਦਾ ਉਦੇਸ਼ ਅਪਰਾਧਕ ਗਿਰੋਹਾਂ ਦੇ ਜਾਲ ਨੂੰ ਤੋੜਨਾ, ਜਨ ਸੁਰੱਖਿਆ ਨੂੰ ਯਕੀਨੀ ਬਣਾਉਣਾ ਤੇ ਰਾਜ ਵਿੱਚ ਸ਼ਾਂਤੀ ਤੇ ਸਥਿਰਤਾ ਕਾਇਮ ਰੱਖਣਾ ਸੀ। ਇਸ ਕਾਰਵਾਈ ਦੇ ਤਹਿਤ, ਲੁਧਿਆਣਾ ਕਮਿਸ਼ਨਰੇਟ ਦੇ ਸਾਰੇ ਯੂਨਿਟਾਂ ਤੋਂ ਬਣੀਆਂ 100 ਤੋਂ ਵੱਧ ਪੁਲਿਸ ਟੀਮਾਂ ਨੇ ਇੱਕੋ ਸਮੇਂ 255 ਪਛਾਣ ਕੀਤੇ ਗੈਂਗਸਟਰਾਂ, ਉਨ੍ਹਾਂ ਦੇ ਸਾਥੀਆਂ ਤੇ ਉਨ੍ਹਾਂ ਨੂੰ ਪਨਾਹ ਜਾਂ ਲੋਜਿਸਟਿਕ ਸਹਾਇਤਾ ਪ੍ਰਦਾਨ ਕਰਨ ਵਾਲੇ ਵਿਅਕਤੀਆਂ ਦੇ ਠਿਕਾਣਿਆਂ 'ਤੇ ਨਿਸ਼ਾਨਾਬੱਧ ਛਾਪੇ ਮਾਰੇ। ਇਹ ਕਾਰਵਾਈ ਪੂਰੀ ਤਰ੍ਹਾਂ ਖੁਫੀਆ ਜਾਣਕਾਰੀ 'ਤੇ ਆਧਾਰਿਤ ਸੀ ਤੇ ਇਸ ਦਾ ਮੁੱਖ ਮਕਸਦ ਸੰਗਠਿਤ ਅਪਰਾਧਕ ਗਿਰੋਹਾਂ ਦੀ ਕਾਰਜਸ਼ੀਲ ਢਾਂਚੇ ਨੂੰ ਤੋੜਨਾ ਸੀ। ਲੁਧਿਆਣਾ ਦੇ ਪੁਲਿਸ ਕਮਿਸ਼ਨਰ ਸਵਪਨ ਸ਼ਰਮਾ, ਆਈਪੀਐਸ, ਨੇ ਜਾਣਕਾਰੀ ਦਿੰਦੇ ਦੱਸਿਆ ਕਿ ਇਸ ਸਾਂਝੀ ਕਾਰਵਾਈ ਦੌਰਾਨ 233 ਤੋਂ ਵੱਧ ਹਾਰਡਕੋਰ ਅਪਰਾਧੀ, ਉਨ੍ਹਾਂ ਦੇ ਸਾਥੀ ਤੇ ਰਿਸ਼ਤੇਦਾਰਾਂ ਨੂੰ ਘੇਰਿਆ ਗਿਆ। ਇਨ੍ਹਾਂ ਵਿੱਚੋਂ 118 ਤੋਂ ਵੱਧ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਦਕਿ ਬਾਕੀਆਂ ਨਾਲ ਪੁੱਛਗਿੱਛ ਕਰਕੇ ਉਨ੍ਹਾਂ ਦੀਆਂ ਗਤੀਵਿਧੀਆਂ ਦੀ ਜਾਂਚ ਅਤੇ ਤਸਦੀਕ ਕੀਤੀ ਗਈ।



# 4 ਪਰਚਿਆਂ ਵਾਲੇ ਆਕਾਸ਼ਦੀਪ ਦੇ ਘਰ ਦਾ ਸਿਰਫ਼ ਗੇਟ ਤੋੜ ਕੇ ਪਰਤੀਆਂ ਜਗਰਾਉਂ ਪ੍ਰਸ਼ਾਸਨ ਦੀਆਂ ਟੀਮਾਂ

ਜਗਰਾਓਂ, 20 ਜਨਵਰੀ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ): ਜਗਰਾਉਂ ਦੇ ਰਾਣੀ ਵਾਲਾ ਖੂਹ ਇਲਾਕੇ ਵਿੱਚ ਅੱਜ ਨਗਰ ਕੌਂਸਲ ਤੇ ਪੁਲਿਸ ਪ੍ਰਸ਼ਾਸਨ ਵੱਲੋਂ ਕੀਤੀ ਗਈ ਕਾਰਵਾਈ "ਖੋਦਿਆ ਪਹਾੜ ਤੇ ਨਿਕਲਿਆ ਚੂਹਾ" ਵਾਲੀ ਕਹਾਵਤ ਨੂੰ ਸੱਚ ਕਰਦੀ ਨਜ਼ਰ ਆਈ। ਪ੍ਰਸ਼ਾਸਨ ਵੱਲੋਂ ਮੀਡੀਆ ਤੋਂ ਲੁਕਾ ਕੇ ਕੀਤੀ ਗਈ ਇਸ ਕਾਰਵਾਈ ਦੌਰਾਨ ਅਧਿਕਾਰੀਆਂ ਦੇ ਆਪਾ-ਵਿਰੋਧੀ ਬਿਆਨਾਂ ਨੇ ਸਾਬਤ ਕਰ ਦਿੱਤਾ ਕਿ ਪ੍ਰਸ਼ਾਸਨਿਕ ਤਾਲਮੇਲ ਦਾ ਕਿੰਨਾ ਬੁਰਾ ਹਾਲ ਹੈ। ਮੌਕੇ 'ਤੇ ਭਾਰੀ ਫੋਰਸ ਅਤੇ ਜੇ.ਸੀ.ਬੀ. ਹੋਣ ਦੇ ਬਾਵਜੂਦ ਸਿਰਫ ਇੱਕ ਗੇਟ ਦਾ ਪਿੱਲਰ ਤੋੜ ਕੇ ਵਾਪਸੀ ਕਰਨਾ ਪ੍ਰਸ਼ਾਸਨ ਦੀ ਕਾਰਗੁਜ਼ਾਰੀ 'ਤੇ ਕਈ ਸਵਾਲ ਖੜ੍ਹੇ ਕਰ ਗਿਆ।ਮੌਕੇ 'ਤੇ ਪਹੁੰਚੇ ਨਗਰ ਕੌਂਸਲ ਦੇ ਕਾਰਜ ਸਾਧਕ ਅਧਿਕਾਰੀ (ਈ.ਓ.) ਮੋਹਿਤ ਸ਼ਰਮਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦਾਅਵਾ ਕੀਤਾ ਕਿ ਇਹ ਕਾਰਵਾਈ ਅਚਾਨਕ ਨਹੀਂ ਕੀਤੀ ਗਈ। ਈ.ਓ. ਮੋਹਿਤ ਸ਼ਰਮਾ ਨੇ ਕਿਹਾ, "ਜਿਸ ਘਰ 'ਤੇ ਅੱਜ ਕਾਰਵਾਈ ਹੋ ਰਹੀ ਹੈ, ਉਸ ਦੇ ਮਾਲਕਾਂ 'ਤੇ ਐਨ.ਡੀ.ਪੀ.ਐਸ. (ਨਸ਼ੇ) ਦੇ ਪਰਚੇ ਦਰਜ ਹਨ। ਅਸੀਂ ਪਿਛਲੇ 9 ਮਹੀਨਿਆਂ ਤੋਂ ਉਹਨਾਂ ਨੂੰ ਪ੍ਰਾਪਰਟੀ ਦੇ ਦਸਤਾਵੇਜ਼ ਅਤੇ ਨਕਸ਼ਾ ਦਿਖਾਉਣ ਲਈ ਨੋਟਿਸ ਭੇਜ ਰਹੇ ਸੀ, ਪਰ ਉਹਨਾਂ ਕੋਈ ਜਵਾਬ ਨਹੀਂ ਦਿੱਤਾ। ਕੁਝ ਦਿਨ ਪਹਿਲਾਂ ਨੋਟਿਸ ਵੀ ਚਿਪਕਾਇਆ ਗਿਆ ਸੀ। ਅੱਜ ਦੀ ਇਹ ਕਾਰਵਾਈ ਨਸ਼ਾ ਤਸਕਰੀ ਅਤੇ ਨਾਜਾਇਜ਼ ਉਸਾਰੀ-ਦੋਹਾਂ ਮੁੱਦਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੁਲਿਸ ਅਤੇ ਕੌਂਸਲ ਦੀ 'ਸਾਂਝੀ ਮੁਹਿੰਮ' ਵਜੋਂ ਅਮਲ ਵਿੱਚ ਲਿਆਂਦੀ ਗਈ ਹੈ।"



ਥਾਣਾ ਮੁਖੀ ਦਾ ਵੱਡਾ ਖੁਲਾਸਾ:, ਥਾਣਾ ਸਿਟੀ ਦੇ ਮੁਖੀ ਇੰਸਪੈਕਟਰ ਪਰਮਿੰਦਰ ਸਿੰਘ ਨੇ ਈ.ਓ. ਦੇ "ਸਾਂਝੀ ਕਾਰਵਾਈ" ਵਾਲੇ ਬਿਆਨ ਤੋਂ ਬਿਲਕੁਲ ਵੱਖਰਾ ਪੱਖ ਪੇਸ਼ ਕੀਤਾ। ਉਹਨਾਂ ਨੇ ਮੁਲਜ਼ਮ ਦਾ ਕੱਚਾ-ਚਿੱਠਾ ਤਾਂ ਖੋਲ੍ਹਿਆ ਪਰ ਕਾਰਵਾਈ ਤੋਂ ਪੁਲਿਸ ਦਾ ਪੱਲਾ ਝਾੜ ਲਿਆ। ਇੰਸਪੈਕਟਰ ਪਰਮਿੰਦਰ ਸਿੰਘ ਨੇ ਸਪੱਸ਼ਟ ਕਰਦਿਆਂ ਕਿਹਾ, "ਨਗਰ ਕੌਂਸਲ ਦੇ ਅਧਿਕਾਰੀਆਂ ਦੇ ਕਹਿਣ 'ਤੇ ਅਸੀਂ ਸਬੰਧਤ ਵਿਅਕਤੀ ਦਾ ਕ੍ਰਿਮੀਨਲ ਅਪਰਾਧਿਕ ਪਿਛੋਕੜ ਚੈੱਕ ਕੀਤਾ ਸੀ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਉਕਤ ਵਿਅਕਤੀ ਦਾ ਨਾਮ ਆਕਾਸ਼ਦੀਪ ਹੈ ਅਤੇ ਉਸ ਦੇ ਖਿਲਾਫ ਪਹਿਲਾਂ ਹੀ ਚਾਰ ਵੱਖ-ਵੱਖ ਮੁਕਦਮੇ ਦਰਜ ਹਨ। ਭਾਵੇਂ ਉਸਦਾ ਰਿਕਾਰਡ ਅਪਰਾਧਿਕ ਹੈ, ਪਰ ਮੈਂ ਸਾਫ ਕਰਨਾ ਚਾਹੁੰਦਾ ਹਾਂ ਕਿ ਅੱਜ ਘਰ ਢਾਹੁਣ ਦੀ ਇਹ ਕਾਰਵਾਈ ਪੁਲਿਸ ਪ੍ਰਸ਼ਾਸਨ ਦੀ ਨਹੀਂ, ਸਗੋਂ ਸਿਰਫ ਨਗਰ ਕੌਂਸਲ ਦੀ ਹੈ। ਨਗਰ ਕੌਂਸਲ ਨੇ ਸਾਡੇ ਤੋਂ ਸਹਿਯੋਗ ਮੰਗਿਆ ਸੀ, ਇਸ ਲਈ ਅਸੀਂ ਅਤੇ ਸਾਡੀ ਫੋਰਸ ਇੱਥੇ ਸਿਰਫ ਕਾਨੂੰਨ ਵਿਵਸਥਾ ਬਣਾਈ ਰੱਖਣ ਅਤੇ ਟੀਮ ਨੂੰ ਸੁਰੱਖਿਆ ਦੇਣ ਲਈ ਪਹੁੰਚੇ ਹਾਂ।"

ਪ੍ਰਸ਼ਾਸਨ ਦੀ ਇਸ ਕਾਰਵਾਈ ਨੇ ਇਲਾਕਾ ਨਿਵਾਸੀਆਂ ਵਿੱਚ ਰੋਸ ਭਰ ਦਿੱਤਾ। ਲੋਕਾਂ ਨੇ ਦੱਸਿਆ ਕਿ ਜਿਸ ਘਰ 'ਤੇ ਪੀਲਾ ਪੰਜਾ ਚਲਾਇਆ ਜਾ ਰਿਹਾ ਹੈ, ਉਹ 30-35 ਸਾਲ ਪੁਰਾਣਾ ਹੈ ਅਤੇ ਪਰਿਵਾਰ ਨੇ ਮਿਹਨਤ-ਮਜ਼ਦੂਰੀ ਕਰਕੇ ਬਣਾਇਆ ਸੀ। ਸਥਾਨਕ ਲੋਕਾਂ ਨੇ ਦਲੀਲ ਦਿੱਤੀ ਕਿ "ਜਿਸ ਆਕਾਸ਼ਦੀਪ ਜਾਂ ਨੌਜਵਾਨ 'ਤੇ ਪੁਲਿਸ ਪਰਚਿਆਂ ਦੀ ਗੱਲ ਕਰ ਰਹੀ ਹੈ, ਉਹ ਤਾਂ ਪਿਛਲੇ ਤਿੰਨ ਸਾਲਾਂ ਤੋਂ ਇਸ ਘਰ ਵਿੱਚ ਰਹਿ ਹੀ ਨਹੀਂ ਰਿਹਾ। ਜੇਕਰ ਕੋਈ ਦੋਸ਼ੀ ਹੈ ਤਾਂ ਉਸ ਨੂੰ ਸਜ਼ਾ ਮਿਲੇ, ਪਰ ਬਜ਼ੁਰਗ ਮਾਪਿਆਂ ਅਤੇ ਪਰਿਵਾਰ ਦੇ ਸਿਰ ਤੋਂ ਛੱਤ ਖੋਹਣੀ ਕਿੱਥੋਂ ਦਾ ਇਨਸਾਫ ਹੈ ਅਖੀਰ ਵਿੱਚ ਇਹ ਸਾਰੀ ਕਾਰਵਾਈ ਇੱਕ 'ਡਰਾਮੇ' ਤੋਂ ਵੱਧ ਕੁਝ ਨਜ਼ਰ ਨਹੀਂ ਆਈ। ਦੋਵਾਂ ਵਿਭਾਗਾਂ ਦੀਆਂ ਟੀਮਾਂ ਨੇ ਘਰ ਦੇ ਮੁੱਖ ਗੇਟ ਦਾ ਸਿਰਫ ਇੱਕ ਪਾਸਾ ਢਾਹਿਆ ਅਤੇ ਬਾਕੀ ਸਭ ਕੁਝ ਉਵੇਂ ਹੀ ਛੱਡ ਕੇ ਵਾਪਿਸ ਪਰਤ ਗਈਆਂ। ਸਵਾਲ ਇਹ ਹੈ ਕਿ ਜੇਕਰ ਆਕਾਸ਼ਦੀਪ 'ਤੇ 4 ਮੁਕਦਮੇ ਸਨ ਅਤੇ ਉਸਾਰੀ ਨਾਜਾਇਜ਼ ਸੀ ਜਿਵੇਂ ਕਿ ਈ.ਓ. ਨੇ ਕਿਹਾ ਤਾਂ ਕਾਰਵਾਈ ਅਧੂਰੀ ਕਿਉਂ ਛੱਡੀ ਗਈ ਅਤੇ ਜੇਕਰ ਸਿਰਫ ਗੇਟ ਹੀ ਤੋੜਨਾ ਸੀ ਤਾਂ ਇੰਨਾ ਲਾਮ-ਲਸ਼ਕਰ ਇਕੱਠਾ ਕਰਕੇ ਦਹਿਸ਼ਤ ਦਾ ਮਾਹੌਲ ਕਿਉਂ ਸਿਰਜਿਆ ਗਿਆ? ਅੱਜ ਦੀ ਘਟਨਾ ਪ੍ਰਸ਼ਾਸਨ ਦੀ ਨੀਅਤ ਅਤੇ ਕੰਮ ਕਰਨ ਦੇ ਢੰਗ ਨੂੰ ਪੂਰੀ ਤਰ੍ਹਾਂ ਨੰਗਾ ਕਰਦੀ ਹੈ।


SMFG Grihashakti
Nayi Asha. Naya Vishwas.

## ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮਟਿਡ

ਕਾਰਪੋਰੇਟ ਦਫਤਰ : 503 ਅਤੇ 504, 5ਵੀਂ ਮੰਜ਼ਿਲ, ਜੀ-ਬਲਾਕ, ਇਸਪਾਇਰ ਬੀਕੇਸੀ, ਬੀਕੇਸੀ ਮੁੱਖ ਸੜਕ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ), ਮੁੰਬਈ-400051
ਰਜਿ. ਦਫਤਰ : ਕਾਮਰਜ਼ੋਨ ਆਈਟੀ ਪਾਰਕ ਟਾਵਰ ਬੀ, ਪਹਿਲੀ ਮੰਜ਼ਿਲ ਨੰ. 111, ਮਾਊਂਟ ਪੂਨਾਮੱਲੀ ਰੋਡ, ਪਰੂਰ, ਚੇਨਈ 600116, ਤਾਮਿਲਨਾਡੂ

### ਮੰਗ ਸੂਚਨਾ

ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (''ਕਾਨੂੰਨ'') ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 (''ਨਿਯਮਾਂਵਲੀ'') ਦੀਆਂ ਵਿਵਸਥਾਵਾਂ ਦੇ ਅਧੀਨ

ਨਿਮਨ ਹਸਤਾਖਰੀ ਨੇ ਕਾਨੂੰਨ ਦੇ ਅਧੀਨ ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮਟਿਡ (ਸਾਬਕਾ ਤੌਰ 'ਤੇ ਫੁਲਰਟਨ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.) ਦੇ ਅਧਿਕਾਰਤ ਅਧਿਕਾਰੀ ਵਜੋਂ ਅਤੇ ਨਿਯਮ 3 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 (12) ਦੇ ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਕਾਨੂੰਨ ਦੀ ਧਾਰਾ 13 (2) ਅਧੀਨ ਮੰਗ ਸੂਚਨਾ (ਵਾਂ) ਜਾਰੀ ਕੀਤੀ ਸੀ, ਜਿਸ ਦੇ ਤਹਿਤ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੰਬੰਧਤ ਸੂਚਨਾ (ਵਾਂ) ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ ਨਿਮਨਲਿਖਤ ਕਰਜ਼ਦਾਰ (†) ਨੂੰ ਸੱਦਾ ਦਿੱਤਾ ਸੀ।ਨਿਮਨ ਹਸਤਾਖਰੀ ਕੋਲ ਇਹ ਮੰਨ ਲੈਣ ਦੇ ਕਾਰਨ ਹਨ ਕਿ ਕਰਜ਼ਦਾਰ (†) ਮੰਗ ਸੂਚਨਾ (ਵਾਂ) ਦੀ ਤਾਮੀਲ ਤੋਂ ਟਲ ਰਿਹਾ ਹੈ/ਰਹੇ ਹਨ, ਇਸ ਲਈ ਨਿਯਮਾਂ ਅਨੁਸਾਰ ਚਸਪਾ ਅਤੇ ਪ੍ਰਕਾਸ਼ਨ ਦੁਆਰਾ ਇਸ ਸੂਚਨਾ ਦੀ ਤਾਮੀਲ ਕਰਵਾਈ ਜਾ ਰਹੀ ਹੈ।ਮੰਗ ਸੂਚਨਾ (ਵਾਂ) ਦੇ ਵੇਰਵੇ ਨਿਮਨ ਦਰਸਾਏ ਗਏ ਹਨ :-

| ਲ. ਨੰ. | ਕਰਜ਼ ਖਾਤਾ ਨੰਬਰ ਅਤੇ ਕਰਜ਼ਦਾਰ/ਸਹਿ-ਕਰਜ਼ਦਾਰ, ਸੰਪੱਤੀ ਧਾਰਕਾਂ ਦਾ ਨਾਮ, ਜੋ ਵੀ ਮਾਮਲਾ ਹੋਵੇ | ਸੁਰੱਖਿਅਤ ਅਸਾਸੇ | ਧਾਰਾ 13 (2) ਦੇ ਅਧੀਨ ਮੰਗ ਸੂਚਨਾ ਦੀ ਮਿਤੀ ਅਤੇ ਕੁੱਲ ਬਕਾਇਆ |
|---|---|---|---|
| 1 | LAN : 610139211354137<br>1. ਅਜੇ ਕੁਮਾਰ<br>2. ਮੀਨਾ ਬਾਲਾ<br>ਪਤਾ : ਸਪੁੱਤਰ ਸੀਤਾ ਰਾਮ, ਪਲਾਟ ਨੰ 14, ਨਿਊ ਅਮਨ ਨਗਰ ਐਕਸਟੈਂਸ਼ਨ, ਪਿਛੇ ਗ੍ਰੀਨਲੈਂਡ ਸਕੂਲ, ਲੁਧਿਆਣਾ 141008 | 150 ਵਰਗ ਗਜ਼ ਮਾਪ ਦੇ ਮਕਾਨ ਵਾਲੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਜੋ ਕਿ ਖਸਰਾ ਨੰਬਰ-477-478-480-479-6579/5151/485/2-466-470-471-472-473-475-476-484-481-482-483-469, ਖਾਤਾ ਨੰਬਰ-2581/2988 ਤੋਂ 2584/2991, ਪੰਨਾ ਨੰਬਰ-1509-1532-1557, ਸਾਲ 2011-12 ਲਈ ਜਮ੍ਹਾਂਬੰਦੀ ਅਨੁਸਾਰ, ਮਕਾਨ ਨੰਬਰ-167, ਤਰਫ਼ ਪੀਰੂਬੰਦਾ, ਤਹਿਸੀਲ ਅਤੇ ਜ਼ਿਲ੍ਹਾ-ਲੁਧਿਆਣਾ ਵਿਖੇ ਸਥਿਤ, ਵਿਕਰੀ ਡੀਡ ਵਸੀਕਾ ਨੰਬਰ-2022-23/106/1/17486 ਮਿਤੀ 13-3-2023 ਅਨੁਸਾਰ ਸ਼੍ਰੀਮਤੀ ਮੀਨਾ ਬਾਲਾ ਪਤਨੀ ਅਜੈ ਕੁਮਾਰ ਦੇ ਨਾਮ 'ਤੇ ਦਰਜ। ਇਸ ਤਰ੍ਹਾਂ ਹੱਦਬੰਦੀ:-ਪੂਰਬ-ਗਲੀ, ਪੱਛਮ-ਇੰਦਰਜੀਤ, ਉੱਤਰ-ਰੋਡ, ਦੱਖਣ-ਸਤੀਸ਼ ਰਾਣੀ | 15.12.2025<br>ਰੁ.25,28,749.43<br>(ਰੁਪਏ ਪੱਚੀ ਲੱਖ ਅਠਾਈ ਹਜ਼ਾਰ ਸੱਤ ਸੌ ਉਣੰਜਾ ਅਤੇ ਤਰਤਾਲੀ ਪੈਸੇ ਕੇਵਲ)<br>09.12.2025 ਨੂੰ ਐਨਪੀਏ ਦੀ ਮਿਤੀ : 06.12.2025 |
| 2 | LAN : 615339511934209<br>1. ਗੁਰਪ੍ਰੀਤ ਸਿੰਘ<br>2. ਜਗਦੀਪ ਸਿੰਘ<br>3. ਕੁਲਵੰਤ ਕੌਰ<br>4. ਮਹਿੰਦਰ ਕੌਰ<br>ਪਤਾ : ਜਗਦੀਪ ਸਿੰਘ, ਮਕਾਨ ਨੰ. 18, ਵਾਰਡ ਨੰ. 04, ਸੇਂਟ ਨੰ. 2, ਰੇਲਵੇ ਫਾਟਕ ਨੇੜੇ, ਚਾਹਲ ਰੋਡ, ਫਰੈਂਡਜ਼ ਕਲੋਨੀ, ਫਰੀਦਕੋਟ-151203। | 98 ਵਰਗ ਗਜ਼ ਦੀ ਇਸ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਜੋ ਕਿ ਕੁੱਲ 3 ਕਨਾਲ 9 ਮਰਲੇ ਦਾ 98/2087 ਹਿੱਸਾ ਹੈ, ਜੋ ਕਿ ਸਾਲ 2019-20 ਲਈ ਖਸਰਾ ਨੰਬਰ-12660/2180/3-9, ਖੇਵਟ ਨੰਬਰ-859, ਖਤੌਨੀ ਨੰਬਰ-1582, ਜਮ ?ਹਾਂਬੰਦੀ ਵਿੱਚ ਸ਼ਾਮਲ ਹੈ, ਜੋ ਕਿ ਅਘਵਰ ਚਿੱਲਾ, ਫਰੀਦਕੋਟ-3, ਗਲੀ ਨੰਬਰ-2, ਫਰੈਂਡਜ਼ ਕਲੋਨੀ (ਨਾਥ ਵਾਲੀ ਬਸਤੀ), ਤਲਵੰਡੀ ਰੋਡ ਅਤੇ ਚੇਹਲ ਰੋਡ ਦੇ ਵਿਚਕਾਰ, ਫਰੀਦਕੋਟ ਵਿਖੇ ਸਥਿਤ, ਟਰਾਂਸਫਰ ਡੀਡ ਵਸੀਕਾ ਨੰਬਰ-2024-25/42/1/2576 ਮਿਤੀ 11-10-2024 ਅਨੁਸਾਰ ਜਗਦੀਪ ਸਿੰਘ ਪੁੱਤਰ ਦੁਰਲਭ ਸਿੰਘ ਦੇ ਨਾਮ 'ਤੇ ਦਰਜ ਹੈ। ਹੱਦਬੰਦੀ ਹੇਠ ਲਿਖੇ ਅਨੁਸਾਰ ਹੈ:- ਪੂਰਬ-ਚਰਨਜੀਤ ਸਿੰਘ, ਪੱਛਮ-ਛਿੰਦਰ ਕੌਰ, ਉੱਤਰ-ਗਲੀ, ਦੱਖਣ-ਸਤਨਾਮ ਸਿੰਘ। | 15.12.2025<br>ਰੁ.14,36,244.81<br>(ਰੁਪਏ ਚੌਦਾਂ ਲੱਖ ਛੱਤੀ ਹਜ਼ਾਰ ਦੋ ਸੌ ਚੁਤਾਲੀ ਅਤੇ ਇਕਿਆਸੀ ਪੈਸੇ ਕੇਵਲ)<br>09.12.2025 ਨੂੰ ਐਨਪੀਏ ਦੀ ਮਿਤੀ : 06.12.2025 |
| 3 | LAN : 610139211856483<br>1. ਹਰਜਿੰਦਰ ਸਿੰਘ<br>2. ਊਸ਼ਾ ਰਾਣੀ<br>ਪਤਾ : ਮਾਰਫਤ ਦਲਵਾਰਾ ਸਿੰਘ, ਮਕਾਨ ਨੰ. 53, ਸਿਟੀ ਹੋਮਜ਼, ਧਾਂਦਰਾ ਰੋਡ, ਨੇੜੇ ਪਾਈਨ ਸਿਟੀ, ਲੁਧਿਆਣਾ-141116। | 60 ਵਰਗ ਗਜ਼ ਮਾਪ ਦੇ ਮਕਾਨ ਨੰਬਰ-50 ਵਾਲੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਜੋ ਕਿ ਖਸਰਾ ਨੰਬਰ-5//51/2, 5//50/1, 5//51, 5//52, 5//53/1, ਖਾਤਾ ਨੰਬਰ-251/251, ਸਾਲ 2012-13 ਲਈ ਜਮ੍ਹ ?ਬੰਦੀ, ਮਕਾਨ ਨੰਬਰ-275, ਪਿੰਡ-ਮਹਿਮੂਦਪੁਰਾ, ਪਾਈਨ ਸਿਟੀ ਦੇ ਨੇੜੇ ਆਬਾਦੀ ਸਿਟੀ ਹੋਮਜ਼, ਤਹਿਸੀਲ ਅਤੇ ਜ਼ਿਲ੍ਹਾ-ਲੁਧਿਆਣਾ ਵਿੱਚ ਸਥਿਤ, ਵਿਕਰੀ ਡੀਡ ਵਸੀਕਾ ਨੰਬਰ-2024-25/103/1/10589 ਮਿਤੀ 14-11-2024 ਅਨੁਸਾਰ ਊਸ਼ਾ ਰਾਣੀ ਪਤਨੀ ਹਰਜਿੰਦਰ ਸਿੰਘ ਦੇ ਨਾਮ 'ਤੇ ਦਰਜ ਹੈ। ਹੇਠ ਲਿਖੇ ਅਨੁਸਾਰ ਹੱਦਬੰਦੀ:-ਪੂਰਬ-ਰਾਮੇਸ਼ਵਰ, ਪੱਛਮ-ਦਵਿੰਦਰ ਸਿੰਘ, ਉੱਤਰ-ਗਲੀ, ਦੱਖਣ-ਗੁਆਂਢੀ। | 15.12.2025<br>ਰੁ.13,00,641.48<br>(ਰੁਪਏ ਤੇਰਾਂ ਲੱਖ ਛੇ ਸੌ ਇਕਤਾਲੀ ਅਤੇ ਅਠਤਾਲੀ ਪੈਸੇ ਕੇਵਲ)<br>09.12.2025 ਨੂੰ ਐਨਪੀਏ ਦੀ ਮਿਤੀ : 06.12.2025 |
| 4 | LAN : 610238011822605<br>1. ਹਰਮਨਪ੍ਰੀਤ ਸਿੰਘ<br>2. ਸਿਮਰਨ ਕੌਰ<br>ਪਤਾ ਮਕਾਨ ਨੰਬਰ 2621/1, ਪੁਰਾਣਾ ਸ਼ਨੀ ਮੰਦਰ ਨੇੜੇ, ਚਹਿਲ ਰੋਡ, ਪਟਿਆਲਾ-147001। | 77-5/18 ਵਰਗ ਗਜ਼ ਮਾਪ ਦੇ ਮਕਾਨ ਨੰ-917/2 ਵਾਲੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਜੋ ਕਿ ਭਿੰਡੀਆਂ ਵਾਲੀ ਗਲੀ, ਪਟਿਆਲਾ ਵਿਖੇ ਸਥਿਤ ਹੈ, ਵਿਕਰੀ ਡੀਡ ਵਸੀਕਾ ਨੰ-2024-25/11/1/10678 ਮਿਤੀ 4-9-2024 ਅਨੁਸਾਰ ਸਿਮਰਨ ਕੌਰ ਪਤਨੀ ਗੁਰਮੀਤ ਸਿੰਘ ਦੇ ਨਾਮ 'ਤੇ ਦਰਜ ਹੈ। ਇਸ ਤਰ੍ਹਾਂ ਹੱਦਬੰਦੀ:-ਪੂਰਬ-ਗਲੀ, ਪੱਛਮ-ਮਕਾਨ ਵੇਦ ਪ੍ਰਕਾਸ਼, ਉੱਤਰ-ਨਿਰਮਾਣ ਘਰ, ਦੱਖਣ-ਘਰ ਚੰਦੂ ਲਾਲ। | 15.12.2025<br>ਰੁ.29,61,517.37<br>(ਰੁਪਏ ਉਣੱਤੀ ਲੱਖ ਇਕਾਹਠ ਹਜ਼ਾਰ ਪੰਜ ਸੌ ਸਤਾਰਾਂ ਅਤੇ ਸੈਂਤੀ ਪੈਸੇ ਕੇਵਲ)<br>09.12.2025 ਨੂੰ ਐਨਪੀਏ ਦੀ ਮਿਤੀ : 06.12.2025 |
| 5 | LAN : 615338011825613<br>1. ਜਗਸੀਰ ਸਿੰਘ<br>2. ਕਰਮਜੀਤ ਕੌਰ<br>3. ਨਿਰਮਲ ਸਿੰਘ<br>ਪਤਾ ਮਾਰਫਤ ਅੰਗਰੇਜ ਸਿੰਘ, ਪਿੰਡ ਮਾਹਲਾ ਕਲਾਂ, ਡਾਕਖਾਨਾ ਮਾਹਲਾ ਕਲਾਂ, ਮੋਗਾ, ਪੰਜਾਬ-142038 | 1 ਕਨਾਲ 1 ਮਰਲੇ ਜੋ ਕਿ ਕੁੱਲ 7 ਕਨਾਲ 11 ਮਰਲੇ ਦੇ 21/151 ਹਿੱਸੇ ਵਾਲੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਜੋ ਕਿ ਖਸਰਾ ਨੰਬਰ-136//24 (7-11), ਖੇਵਟ ਨੰਬਰ-643 ਸਾਲ 2017-18 ਲਈ ਜਮ੍ਹਾਂਬੰਦੀ ਵਿੱਚ ਸ਼ਾਮਲ, ਮਾਹਲਾ ਕਲਾਂ, ਤਹਿਸੀਲ-ਬਾਘਾਪੁਰਾਣਾ, ਜ਼ਿਲ੍ਹਾ-ਮੋਗਾ ਵਿਖੇ ਸਥਿਤ ਹੈ, ਵਿਕਰੀ ਡੀਡ ਵਸੀਕਾ ਨੰਬਰ-2023-24/135/1/1394 ਮਿਤੀ 22-12-2023 ਅਨੁਸਾਰ ਕਰਮਜੀਤ ਕੌਰ ਪਤਨੀ ਅੰਗਰੇਜ ਸਿੰਘ ਦੇ ਨਾਮ 'ਤੇ ਦਰਜ ਹੈ। | 15.12.2025<br>ਰੁ.14,52,480.46<br>(ਰੁਪਏ ਚੌਦਾਂ ਲੱਖ ਬਵੰਜਾ ਹਜ਼ਾਰ ਚਾਰ ਸੌ ਅੱਸੀ ਅਤੇ ਛਿਆਲੀ ਪੈਸੇ ਕੇਵਲ)<br>09.12.2025 ਨੂੰ ਐਨਪੀਏ ਦੀ ਮਿਤੀ : 06.12.2025 |
| 6 | LAN : 610239211813691<br>1. ਕਿਰਨ ਦੇਵੀ<br>2. ਮਹਾਵੀਰ ਸਪੁੱਤਰ ਗੁਲਾਬ ਜੀ<br>ਪਤਾ : ਮਕਾਨ ਨੰ: 902/4, ਟੋਪ ਖਾਨਾ ਮੋੜ, ਪੁਰਾਣੀ ਘਾਸ ਮੰਡੀ, ਪਟਿਆਲਾ, ਪੰਜਾਬ-147001। | ਮਕਾਨ ਨੰਬਰ-49/5, 38-2/9 ਵਰਗ ਗਜ਼ ਮਾਪ ਵਾਲੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਜੋ ਕਿ ਮੋਰਾ ਵਾਲੀ ਗਲੀ, ਪਟਿਆਲਾ ਵਿਖੇ ਸਥਿਤ, ਵਿਕਰੀ ਡੀਡ ਵਸੀਕਾ ਨੰਬਰ-2024-25/11/1/10852 ਮਿਤੀ 6-9-2024 ਅਨੁਸਾਰ ਕਿਰਨ ਦੇਵੀ ਸਪੁੱਤਰੀ ਮਹਾਂਵੀਰ ਦੇ ਨਾਮ 'ਤੇ ਦਰਜ ਹੈ। ਇਸ ਤਰ੍ਹਾਂ ਹੱਦਬੰਦੀ ਹੈ: - ਪੂਰਬ-ਗਲੀ, -ਗਲੀ, ਗੋਲਡੀ ਦਾ ਉੱਤਰ-ਮਕਾਨ, ਦੱਖਣ-ਅਮਰਜੀਤ ਸਿੰਘ ਦਾ ਮਕਾਨ। | 15.12.2025<br>ਰੁ.18,70,192.94<br>(ਰੁਪਏ ਅਠਾਰਾਂ ਲੱਖ ਸੱਤਰ ਹਜ਼ਾਰ ਇੱਕ ਸੌ ਬਾਨਵੇਂ ਅਤੇ ਚੁਰਾਨਵੇਂ ਪੈਸੇ ਕੇਵਲ)<br>09.12.2025 ਨੂੰ ਐਨਪੀਏ ਦੀ ਮਿਤੀ : 06.12.2025 |
| 7 | LAN : 615339511301960<br>1. ਲਵਪ੍ਰੀਤ ਸਿੰਘ<br>2. ਸਰਬਜੀਤ ਕੌਰ<br>ਪਤਾ : ਮਾਰਫਤ ਬਲਵੀਰ ਸਿੰਘ, ਵਾਰਡ ਨੰ. 31, ਮਕਾਨ ਨੰ. 613, ਪੱਟੀ ਉਸੰਗ, ਮੋਗਾ, ਪੰਜਾਬ-142001। | 4 ਮਰਲੇ 1 ਸਰਸਾਈ ਜੋ ਕਿ ਕੁੱਲ 7 ਕਨਾਲ ਦੇ 74/2520 ਹਿੱਸੇ ਵਾਲੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਜੋ ਕਿ ਸਾਲ 2017-18 ਲਈ ਜਮ ?ਹਾਂਬੰਦੀ ਵਿੱਚ ਸ਼ਾਮਲ, ਖਸਰਾ ਨੰਬਰ-145/2//12(7-0), ਖੇਵਟ ਨੰਬਰ-1411, ਖਤੌਨੀ ਨੰਬਰ-1625, ਮੋਗਾ ਮਹਿਲਾ ਸਿੰਘ-ਲੀ, ਤਹਿਸੀਲ ਅਤੇ ਜ਼ਿਲ੍ਹਾ-ਮੋਗਾ ਵਿਖੇ ਸਥਿਤ ਵਿਕਰੀ ਡੀਡ ਵਸੀਕਾ ਨੰਬਰ-2022-23/2/1/976 ਮਿਤੀ 10-6-2022 ਅਨੁਸਾਰ ਸਰਬਜੀਤ ਕੌਰ ਪਤਨੀ ਬਲਵੀਰ ਸਿੰਘ ਦੇ ਨਾਮ 'ਤੇ ਦਰਜ ਹੈ। ਇਸ ਤਰ੍ਹਾਂ ਹੱਦਬੰਦੀ: - ਪੂਰਬ-ਸੁਸ਼ੀਲਾ, ਪੱਛਮ-ਜਸਵੀਰ ਸਿੰਘ, ਉੱਤਰ-ਸੁਰੇਸ਼ ਕੁਮਾਰ, ਦੱਖਣ-ਗਲੀ। | 15.12.2025<br>ਰੁ.14,53,999.95<br>(ਰੁਪਏ ਚੌਦਾਂ ਲੱਖ ਤਰਵੰਜਾ ਹਜ਼ਾਰ ਨੌ ਸੌ ਨੜਿਨਵੇਂ ਅਤੇ ਪਚਾਨਵੇਂ ਪੈਸੇ ਕੇਵਲ)<br>09.12.2025 ਨੂੰ ਐਨਪੀਏ ਦੀ ਮਿਤੀ : 06.12.2025 |
| 8 | LAN : 615338311233411<br>1. ਨਰਿੰਦਰ ਕੌਰ ਗਿੱਲ<br>2. ਲਵਦੀਪ ਸਿੰਘ<br>ਪਤਾ :ਮਾਰਫਤ ਗੋਰਾ ਸਿੰਘ, 8.P.-2068, ਗਲੀ ਨੰਬਰ 3, ਗੁਰੂ ਤੇਗ ਬਹਾਦਰ ਨਗਰ, ਫਰੀਦਕੋਟ, ਪੰਜਾਬ-151203 | 50.33 ਵਰਗ ਗਜ਼ ਜੋ ਕਿ ਕੁੱਲ 14 ਕਨਾਲ 0 ਮਰਲੇ ਦੇ 50.33/8440 ਹਿੱਸੇ ਵਾਲੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਜੋ ਕਿ ਸਾਲ 2014-15 ਲਈ ਜਮ ?ਹਾਂਬੰਦੀ ਵਿੱਚ ਸ਼ਾਮਲ ਖਸਰਾ ਨੰਬਰ-7584/14-0, ਖੇਵਟ ਨੰਬਰ-527/1005 ਅਤੇ ਜਾਇਦਾਦ ਦਾ ਮਾਪ 100.67 ਵਰਗ ਗਜ਼ ਜੋ ਕਿ ਕੁੱਲ 14 ਕਨਾਲ 0 ਮਰਲੇ ਦਾ 100.67/8440 ਹਿੱਸਾ ਹੈ, ਜੋ ਕਿ ਸਾਲ 2014-15 ਲਈ ਜਮ ?ਹਾਂਬੰਦੀ ਵਿੱਚ ਸ਼ਾਮਲ, ਖਸਰਾ ਨੰਬਰ-7584/14-0, ਖੇਵਟ ਨੰਬਰ-527/1005, ਫਰੀਦਕੋਟ-3, ਅਘਵਰ ਚਿੱਲਾ (ਗਲੀ ਨੰਬਰ-3, ਗੁਰੂ ਤੇਗ ਬਹਾਦਰ ਨਗਰ), ਫਰੀਦਕੋਟ ਵਿਖੇ ਸਥਿਤ ਹੈ, ਵਸੀਕਾ ਨੰਬਰ-2019-20/42/1/1571 ਮਿਤੀ 8-8-2019 ਅਤੇ ਵਸੀਕਾ ਨੰ-2019-20/42/1/1572 ਮਿਤੀ 8-8-2019 ਦੇ ਤਬਾਦਲੇ ਦੇ ਡੀਡਾਂ ਅਨੁਸਾਰ ਲਵਦੀਪ ਸਿੰਘ ਪੁੱਤਰ ਗੋਰਾ ਸਿੰਘ ਅਤੇ ਨਰਿੰਦਰ ਕੌਰ ਪਤਨੀ ਸਵਰਗੀ ਗੋਰਾ ਸਿੰਘ ਦੇ ਨਾਮ 'ਤੇ ਦਰਜ। ਹੇਠ ਲਿਖੇ ਅਨੁਸਾਰ ਹੱਦਬੰਦੀ:- ਪੂਰਬ-ਗਲੀ, ਪੱਛਮ-ਮੁਕੰਦ ਸਿੰਘ ਮੱਲ੍ਹੀ ਹੁਣ ਰਮੇਸ਼ ਸ਼ਰਮਾ, ਉੱਤਰ-ਦਰਸ਼ਨ ਕੌਰ ਹੁਣ ਜੰਗ ਸਿੰਘ, ਦੱਖਣ-ਅਜੀਤ ਸਿੰਘ ਹੁਣ ਚਰਨਜੀਤ ਸਿੰਘ। | 15.12.2025<br>ਰੁ.23,34,217.75<br>(ਰੁਪਏ ਤੇਈ ਲੱਖ ਚੌਂਤੀ ਹਜ਼ਾਰ ਦੋ ਸੌ ਸਤਾਰਾਂ ਅਤੇ ਪਚੱਤਰ ਪੈਸੇ ਕੇਵਲ)<br>09.12.2025 ਨੂੰ ਐਨਪੀਏ ਦੀ ਮਿਤੀ : 06.12.2025 |
| 9 | LAN : 609839211141065<br>1. ਰਾਮਸਖਾ ਪਾਸਵਾਨ<br>2. ਗੁੰਜਨ ਕੁਮਾਰੀ<br>ਸਪੁੱਤਰ ਮੋਫਿਲ ਪਾਸਵਾਨ,<br>ਪਤਾ : ਮਕਾਨ ਨੰ. 25, ਰੈਲੀ, ਸੈਕਟਰ 12 ਏ, ਪੰਚਕੂਲਾ-134112 | ਰਾਮਸਖਾ ਪਾਸਵਾਨ ਸਪੁੱਤਰ ਮੋਫਿਲ ਪਾਸਵਾਨ ਦੇ ਨਾਮ 'ਤੇ ਦਰਜ ਵਿਕਰੀ ਡੀਡ ਵਸੀਕਾ ਨੰਬਰ 2022-23/14/1/2128 ਮਿਤੀ 09.08.2022 ਦੇ ਅਨੁਸਾਰ ਪਿੰਡ ਘੋਲੂਮਾਜਰਾ ਤਹਿਸੀਲ-ਡੇਰਾਬੱਸੀ, ਜ਼ਿਲ੍ਹਾ-ਐਸਏਐਸ ਨਗਰ ਵਿਖੇ ਸਥਿਤ ਸਾਲ 2017-18 ਦੇ ਲਈ ਜਮ੍ਹਾਂਬੰਦੀ ਅਨੁਸਾਰ ਪਲਾਟ ਨੰ. 108, ਸ੍ਰੀ ਗਣੇਸ਼ ਨਗਰ, ਘੋਲੂਮਾਜਰਾ ਦਾ ਰਕਬਾ 46 ਬਿਘਾ 0 ਬਿਸਵਾ ਦਾ 41-1/2/18400 ਹਿੱਸਾ (ਆਕਾਰ 20 ਫੁੱਟX47 ਫੁੱਟ) = 104.44 ਵਰਗ ਗਜ਼ ਦੇ ਖੇਵਟ ਨੰ-70/49/1, ਖਤੌਨੀ ਨੰ-118-119, ਖਸਰਾ ਨੰ-752(4-0), 1106/753(2-0), 755(3-16), 756(4-0), 757(4-0), 758(4-0), 759(4-0), 760(3-16), 761(3-16), 763(2-16), 1164/764(4-14), 765(4-4) 1163/764(0-18) ਕਿੱਤੇ-13 ਵਿਚ ਸ਼ਾਮਲ 0 ਬਿਘਾ 2 ਬਿਸਵੇ 1-1/2 ਬਿਸਵਾਸੀ ਮਾਪ ਵਾਲੀ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। | 15.12.2025<br>ਰੁ.9,86,896.11<br>(ਰੁਪਏ ਨੌ ਲੱਖ ਛਿਆਸੀ ਹਜ਼ਾਰ ਅੱਠ ਸੌ ਛਿਆਨਵੇਂ ਅਤੇ ਗਿਆਰਾਂ ਪੈਸੇ ਕੇਵਲ)<br>09.12.2025 ਨੂੰ ਐਨਪੀਏ ਦੀ ਮਿਤੀ : 06.12.2025 |
| 10 | LAN : 610139511636734<br>1. ਸਿਕੰਦਰ ਸਿੰਘ<br>2. ਬਲਜਿੰਦਰ ਕੌਰ<br>ਪਤਾ : ਸਪੁੱਤਰ ਭਾਗ ਸਿੰਘ, ਗੁੱਜਰਵਾਲ ਬੇਟ, ਚੌਂਤਾ, ਪੰਜਾਬ-141126, ਲੁਧਿਆਣਾ, | 1 ਕਨਾਲ 7 ਮਰਲੇ ਮਾਪ ਵਾਲੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਜੋ ਕਿ ਖਾਤਾ ਨੰਬਰ-33/34, ਖਸਰਾ ਨੰਬਰ-1//18/2, 22, 23, 7//2, 3/1, ਰਕਬਾ 17 ਕਨਾਲ 6 ਮਰਲੇ ਵਿਚੋਂ 27/346 ਹਿੱਸਾ ਹੈ, ਜੋ ਕਿ ਸਾਲ 2018-19 ਲਈ ਜਮ੍ਹਾਂਬੰਦੀ ਅਨੁਸਾਰ, ਮਕਾਨ ਨੰ.-20, ਗੁੱਜਰਵਾਲ ਬੇਟ, ਤਹਿਸੀਲ-ਕੂਮਕਲਾਂ, ਜ਼ਿਲ੍ਹਾ-ਲੁਧਿਆਣਾ ਵਿਖੇ ਸਥਿਤ ਹੈ, ਟਰਾਂਸਫਰ ਡੀਡ ਵਸੀਕਾ ਨੰਬਰ-2023-24/100/1/507 ਮਿਤੀ 6-9-2023 ਅਨੁਸਾਰ ਬਲਜਿੰਦਰ ਕੌਰ 0 ਸੁਖਪ੍ਰੀਤ ਕੌਰ ਪਤਨੀ ਸਿਕੰਦਰ ਸਿੰਘ ਦੇ ਨਾਮ 'ਤੇ ਦਰਜ ਹੈ। ਹੱਦਬੰਦੀ ਹੇਠ ਲਿਖੇ ਅਨੁਸਾਰ ਹੈ:-ਪੂਰਬ-ਗਲੀ, ਪੱਛਮ-ਮਨਜੀਤ ਸਿੰਘ, ਉੱਤਰ-ਸਕੂਲ, ਦੱਖਣ-ਮਾਲਕ ਖੁਦ। | 15.12.2025<br>ਰੁ.13,07,695/-<br>(ਰੁਪਏ ਤੇਰਾਂ ਲੱਖ ਸੱਤ ਹਜ਼ਾਰ ਛੇ ਸੌ ਪਚਾਨਵੇਂ ਕੇਵਲ)<br>09.12.2025 ਨੂੰ ਐਨਪੀਏ ਦੀ ਮਿਤੀ : 06.12.2025 |
| 11 | LAN : 609839211217108<br>1. ਸੁਮਿਤ ਪਾਲ<br>2. ਨੇਹਾ ਰਾਣੀ<br>ਪਤਾ : ਸਪੁੱਤਰ ਜੋਗਿੰਦਰ ਪਾਲ, ਫਲੈਟ ਨੰਬਰ 502, ਬਲਾਕ ਜੇ-2 ਵੀਆਈਪੀ ਰੋਡ, ਮਾਇਆ ਗਾਰਡਨ-3, ਜ਼ੀਰਕਪੁਰ, ਐਸ.ਐਸ. ਨਗਰ (ਮੋਹਾਲੀ)-140603। | ਪਲਾਟ ਨੰ-58 ਦੀ ਪਹਿਲੀ ਮੰਜ਼ਿਲ ਵਾਲੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਜੋ ਕਿ 0 ਬਿਘਾ-0 ਬਿਸਵਾ-19-2/3 ਬਿਸਵਾਸੀ ਮਾਪ ਦੀ ਹੈ, ਖੇਵਟ/ਖਤੌਨੀ ਨੰ-98/100, ਖਸਰਾ ਨੰ-126(3-10), 127(3-13), 128(3-13), 129(3-10), ਕਿੱਤੇ-4, ਰਕਬਾ 14 ਬਿਘਾ 0 ਬਿਸਵਾ ਦਾ 59/16800 ਹਿੱਸਾ, ਸਾਲ 2016-17 ਲਈ ਜਮਾਂਬੰਦੀ, ਹੱਦਬਸਤ ਨੰ-42, ਕ੍ਰਿਸ਼ਨਾ ਐਨਕਲੇਵ, ਪਿੰਡ-ਰਾਮਗੜ੍ਹ ਭੁੱਡਾ (ਐਮ.ਸੀ. ਜ਼ੀਰਕਪੁਰ), ਸਬ-ਤਹਿਸੀਲ ਜ਼ਿਰਕਪੁਰ, ਜ਼ਿਲ੍ਹਾ-ਐਸ ਏ ਐਸ ਨਗਰ, ਮੋਹਾਲੀ ਵਿਖੇ ਸਥਿਤ ਡੀਡ ਵਸੀਕਾ ਨੰਬਰ-2022-23/13/1/8111 ਮਿਤੀ 21-10-2022 ਅਨੁਸਾਰ ਸੁਮਿਤਪਾਲ ਪੁੱਤਰ ਜੋਗਿੰਦਰਪਾਲ ਦੇ ਨਾਮ ਤੇ ਦਰਜ ਹੈ। | 15.12.2025<br>ਰੁ.21,05,515/-<br>(ਰੁਪਏ ਇੱਕੀ ਲੱਖ ਪੰਜ ਹਜ਼ਾਰ ਪੰਜ ਸੌ ਪੰਦਰਾਂ ਕੇਵਲ)<br>09.12.2025 ਨੂੰ ਐਨਪੀਏ ਦੀ ਮਿਤੀ : 06.12.2025 |
| 12 | LAN : 617539511860860<br>1. ਤਰਸੇਮ ਸਿੰਘ<br>2. ਮਨਜੀਤ ਕੌਰ<br>ਪਤਾ : ਸਪੁੱਤਰ ਛੋਟਾ ਸਿੰਘ, ਬਿਗਰਵਾਲ ਰੋਡ, ਸੁਨਾਮ, ਸੰਗਰੂਰ-148028 | 0 ਕਨਾਲ 7.51 ਮਰਲੇ (227 ਵਰਗ ਗਜ਼) ਦੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਜੋ ਕਿ ਖੇਵਟ ਨੰ-177/153, ਖਤੌਨੀ ਨੰ-238, ਮੁਸਤਿਲ ਅਤੇ ਕਿੱਲਾ ਨੰ-288//18/1 (0-8)= 0 ਕਨਾਲ 8 ਮਰਲੇ ਦਾ 7.51/8 ਹਿੱਸਾ ਬਕਦਰ 0 ਕਨਾਲ 7.51 ਮਰਲੇ ਜੋ ਕਿ ਸਾਲ 2009-10 ਲਈ ਜਮਾਂਬੰਦੀ ਅਨੁਸਾਰ, ਸੁਨਾਮ-ਏ (ਬਿਗੜਵਾਲਾ ਰੋਡ, ਸੁਨਾਮ ਊਧਮ ਸਿੰਘ ਵਾਲਾ), ਤਹਿਸੀਲ-ਸੁਨਾਮ ਊਧਮ ਸਿੰਘ ਵਾਲਾ, ਜ਼ਿਲ੍ਹਾ-ਸੰਗਰੂਰ ਵਿਖੇ ਸਥਿਤ ਤਬਾਦਲਾ ਡੀਡ ਵਸੀਕਾ ਨੰਬਰ-2018-19/123/98 ਮਿਤੀ-20-6-2018 ਅਨੁਸਾਰ ਤਰਸੇਮ ਸਿੰਘ ਸਪੁੱਤਰ ਛੋਟਾ ਸਿੰਘ ਦੇ ਨਾਮ ਤੇ ਦਰਜ ਹੈ ਹੇਠ ਲਿਖੇ ਅਨੁਸਾਰ ਹੱਦਬੰਦੀ:- ਪੂਰਬ-ਗਲੀ+ਮਨਜੀਤ ਕੌਰ, ਪੱਛਮ-ਖਾਲੀ ਪਲਾਟ, ਉੱਤਰ-ਖਾਲੀ ਪਲਾਟ, ਦੱਖਣ-ਮਨਜੀਤ ਕੌਰ। | 15.12.2025<br>ਰੁ.2307664.63<br>(ਰੁਪਏ ਤੇਈ ਲੱਖ ਸੱਤ ਹਜ਼ਾਰ ਛੇ ਸੌ ਚੌਂਹਠ ਅਤੇ ਤਰੇਹਠ ਪੈਸੇ ਕੇਵਲ)<br>09.12.2025 ਨੂੰ ਐਨਪੀਏ ਦੀ ਮਿਤੀ : 06.12.2025 |
| 13 | LAN : 610139211708953<br>1. ਉਮੇਸ਼ ਕੁਮਾਰ<br>2. ਪ੍ਰਿਅੰਕਾ ਦੇਵੀ<br>ਪਤਾ : ਮਾਰਫਤ ਵਿਜੇ ਕੁਮਾਰ, ਪਤਾ ਬੀ 8.no-2029-17057, ਸੇਂਟ ਨੰਬਰ 02, ਨਿਊ ਆਜ਼ਾਦ ਨਗਰ, ਗਿਆਸਪੁਰਾ ਰੋਡ, ਲੋਹਾਰਾ, ਲੁਧਿਆਣਾ-141003। | 42 ਵਰਗ ਗਜ਼ ਦੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਜਿਸ ਵਿੱਚ ਖੇਵਟ/ਖਤੌਨੀ ਨੰਬਰ-327/361, 328/362, ਖਸਰਾ ਨੰਬਰ-835/3, 836/2, 837/2, 838/2, ਜਮ ?ਹਾਂਬੰਦੀ ਸਾਲ 2009-10 ਲਈ, ਮਕਾਨ ਨੰ-260, ਪਿੰਡ-ਲੋਹਾਰਾ, ਆਬਾਦੀ ਨਿਊ ਸੁੰਦਰ ਨਗਰ, ਲੋਹਾਰਾ ਕਲੋਨੀ, ਤਹਿਸੀਲ ਅਤੇ ਜ਼ਿਲ੍ਹਾ-ਲੁਧਿਆਣਾ ਵਿਖੇ ਸਥਿਤ, ਵਿਕਰੀ ਡੀਡ ਵਸੀਕਾ ਨੰਬਰ-2024-25/103/1/2842 ਮਿਤੀ 28-5-2024 ਅਨੁਸਾਰ ਪ੍ਰਿਯੰਕਾ ਦੇਵੀ ਪਤਨੀ ਉਮੇਸ਼ ਕੁਮਾਰ ਦੇ ਨਾਮ 'ਤੇ ਦਰਜ ਹੈ। ਹੇਠ ਲਿਖੇ ਅਨੁਸਾਰ ਹੱਦਬੰਦੀ:- ਪੂਰਬ-ਗਲੀ, ਪੱਛਮ-ਗੁਆਂਢ, ਉੱਤਰ-ਨੀਲਮ, ਦੱਖਣ-ਖਾਲੀ ਪਲਾਟ। | 15.12.2025<br>ਰੁ.13,09,549.96<br>(ਰੁਪਏ ਤੇਰਾਂ ਲੱਖ ਨੌ ਹਜ਼ਾਰ ਪੰਜ ਸੌ ਉਣੰਜਾ ਅਤੇ ਛਿਆਨਵੇਂ ਪੈਸੇ ਕੇਵਲ)<br>09.12.2025 ਨੂੰ ਐਨਪੀਏ ਦੀ ਮਿਤੀ : 06.12.2025 |
| 14 | LAN : 615338011488144 & 615338311488543<br>1. ਬਲਵੀਰ ਸਿੰਘ 2. ਬਲਵਿੰਦਰ ਕੌਰ<br>3. ਗੁਰਪ੍ਰੀਤ ਸਿੰਘ<br>ਪਤਾ : ਸਪੁੱਤਰ ਗੁਰਦੇਵ ਸਿੰਘ, ਮਕਾਨ ਨੰ. 610, ਸ਼ਹੀਦ ਭਗਤ ਸਿੰਘ ਨਗਰ, ਕੱਚਾ ਦੁਸਾਂਝ ਰੋਡ, ਮੋਗਾ, ਪੰਜਾਬ-142001। | 5 ਮਰਲੇ 7 ਸਰਸਾਈ ਜੋ ਕਿ ਕੁੱਲ 11 ਕਨਾਲ 2 ਮਰਲੇ ਦੇ 34/1998 ਹਿੱਸੇ ਵਾਲੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਜੋ ਕਿ ਖਸਰਾ ਨੰਬਰ-46//4/2(0-9), 6/1(2-13), 7(8-0), ਖੇਵਟ ਨੰਬਰ-1401, ਖਤੌਨੀ ਨੰਬਰ-1617(3 ਮਰਲੇ 7 ਸਰਸਾਈ) ਅਤੇ ਕੁੱਲ 7 ਕਨਾਲ 19 ਮਰਲੇ ਦਾ 18/1431 ਹਿੱਸਾ ਹੈ, ਜੋ ਕਿ ਖਸਰਾ ਨੰਬਰ-46//5/2(7-19), ਖੇਵਟ ਨੰਬਰ-1420, ਖਤੌਨੀ ਨੰਬਰ-1636, ਸਾਲ 2007-08 ਲਈ ਜਮ ?ਹਾਂਬੰਦੀ ਵਿੱਚ ਸ਼ਾਮਲ, , Hb ਨੰ.-23, ਮੋਗਾ ਮਹਿਲਾ ਸਿੰਘ-11, ਤਹਿਸੀਲ ਅਤੇ ਜ਼ਿਲ੍ਹਾ-ਮੋਗਾ ਵਿਖੇ ਸਥਿਤ, ਵਿਕਰੀ ਡੀਡ ਵਸੀਕਾ ਨੰਬਰ-4947 ਮਿਤੀ 10-10-2013 ਅਨੁਸਾਰ ਬਲਵੀਰ ਸਿੰਘ ਪੁੱਤਰ ਗੁਰਦੇਵ ਸਿੰਘ ਦੇ ਨਾਮ 'ਤੇ ਦਰਜ ਹੈ। ਹੇਠ ਲਿਖੇ ਅਨੁਸਾਰ ਹੱਦਬੰਦੀ:-ਪੂਰਬ-ਹੋਰ ਮਾਲਕ, ਪੱਛਮ-ਰਸਤਾ, ਉੱਤਰ-ਰਸਤਾ, ਦੱਖਣ-ਸਤਵਿੰਦਰ ਕੌਰ। | 15.12.2025<br>ਰੁ.32,61,508.76<br>(ਰੁਪਏ ਬੱਤੀ ਲੱਖ ਇਕਾਹਠ ਹਜ਼ਾਰ ਪੰਜ ਸੌ ਅੱਠ ਅਤੇ ਛਿਹੱਤਰ ਪੈਸੇ ਕੇਵਲ)<br>09.12.2025 ਨੂੰ ਐਨਪੀਏ ਦੀ ਮਿਤੀ : 06.12.2025 |
| 15 | LAN : 617538011520808 & 617538311521006<br>1. ਸਿਕੰਦਰ ਕੁਮਾਰ<br>2. ਸੋਨੀਆ ਧਰਮਪਾਲ<br>ਪਤਾ : ਸਪੁੱਤਰ ਕਾਲਾ ਰਾਮ, ਜੈਮਲ ਸਿੰਘ ਕਾਲੋਨੀ, ਦੁਲੱਡੀ ਗੇਟ, ਨਾਭਾ, ਪਟਿਆਲਾ, ਪੰਜਾਬ-147201। | 0 ਕਨਾਲ 3 ਮਰਲਾ ਭਾਵ 90 ਵਰਗ ਗਜ਼ ਮਾਪ ਵਾਲੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਜੋ ਕਿ ਖੇਵਟ ਨੰਬਰ-443, ਖਤੌਨੀ ਨੰਬਰ-533, ਖਸਰਾ ਨੰਬਰ-495/2 (17-19), ਕੁੱਲ ਕਿੱਤਾ-1, ਕੁੱਲ ਰਕਬਾ 17 ਕਨਾਲ 19 ਮਰਲਾ ਦਾ 3/359 ਹਿੱਸਾ, ਸਾਲ 2015-16 ਲਈ ਜਮ ?ਹਾਂਬੰਦੀ, ਜੈਮਲ ਸਿੰਘ ਕਲੋਨੀ, ਤਹਿਸੀਲ-ਨਾਭਾ, ਜ਼ਿਲ੍ਹਾ-ਪਟਿਆਲਾ ਵਿਖੇ ਸਥਿਤ, ਵਿਕਰੀ ਡੀਡ ਵਸੀਕਾ ਨੰਬਰ-2020-21/77/1/2928 ਮਿਤੀ 7-1-2021 ਅਨੁਸਾਰ ਸ਼੍ਰੀਮਤੀ ਸੋਨੀਆ ਪਤਨੀ ਸਿਕੰਦਰ ਕੁਮਾਰ ਦੇ ਨਾਮ 'ਤੇ ਦਰਜ ਹੈ। ਹੇਠ ਲਿਖੇ ਅਨੁਸਾਰ ਹੱਦਬੰਦੀ:- ਦੱਖਣ-ਗਲੀ, ਉੱਤਰ-ਪੂਰਬ-ਊਸ਼ਾ ਮਾਤਾ ਸਕੂਲ, ਦੱਖਣ-ਪੂਰਬ-ਚਰਨ ਸਿੰਘ, ਉੱਤਰ-ਪੱਛਮ-ਸੁਹਾਨਾ ਸਿੰਘ। | 15.12.2025<br>ਰੁ.10,75,298/-<br>(ਰੁਪਏ ਦਸ ਲੱਖ ਪਚੱਤਰ ਹਜ਼ਾਰ ਦੋ ਸੌ ਅਠਾਨਵੇਂ ਕੇਵਲ)<br>09.12.2025 ਨੂੰ ਐਨਪੀਏ ਦੀ ਮਿਤੀ : 06.12.2025 |

ਕਰਜ਼ਦਾਰ (†) ਨੂੰ ਇਸ ਦੁਆਰਾ ਸਲਾਹ ਦਿੱਤੀ ਜਾਂਦੀ ਹੈ ਕਿ ਮੰਗ ਸੂਚਨਾ (ਵਾਂ) ਦਾ ਪਾਲਣ ਕਰਨ ਅਤੇ ਭੁਗਤਾਨ ਦੀ ਪੂਰਤੀ ਦੀ ਮਿਤੀ ਤੱਕ ਲਾਗੂ ਵਿਆਜ, ਵਾਧੂ ਵਿਆਜ, ਬਾਊਂਸ ਖਰਚੇ, ਲਾਗਤਾਂ ਅਤੇ ਫੀਸਾਂ ਸਮੇਤ ਇਸ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਇਥੇ ਦਰਸਾਈ ਅਤੇ ਉਕਤ ਮੰਗ ਰਕਮ ਨੂੰ ਅਦਾ ਕਰ ਦੇਣ। ਕਰਜ਼ਦਾਰ (†) ਨੋਟ ਕਰਨ ਕਿ ਐਸਐਮਐਚਐਫਸੀ ਇੱਕ ਸੁਰੱਖਿਅਤ ਕਰਜ਼ਦਾਤਾ ਹੈ ਅਤੇ ਕਰਜ਼ਦਾਰ (†) ਵੱਲੋਂ ਪ੍ਰਾਪਤ ਕੀਤੀ ਗਈ ਕਰਜ਼ ਸੁਵਿਧਾ ਕਰਜ਼ਦਾਰ (†) ਵੱਲੋਂ ਗਿਰਵੀ ਸੁਰੱਖਿਅਤ ਸੰਪੱਤੀ (ਆਂ) ਵਜੋਂ ਅਚੱਲ ਸੰਪੱਤੀ/ਸੰਪੱਤੀਆਂ ਦੇ ਅਧੀਨ ਇਕ ਸੁਰੱਖਿਅਤ ਕਰਜ਼ਾ ਹੈ। ਕਰਜ਼ਦਾਰ (†) ਵੱਲੋਂ ਨਿਰਧਾਰਤ ਸਮੇਂ ਦੇ ਅੰਦਰ ਮੁਕੰਮਲ ਰੂਪ ਵਿਚ ਆਪਣੀਆਂ ਦੇਣਦਾਰੀਆਂ ਨਿਪਟਾਉਣ ਤੋਂ ਅਸਫਲ ਰਹਿਣ ਦੀ ਸੂਰਤ ਵਿਚ ਐਸਐਮਐਚਐਫਸੀ ਕੋਲ ਕਾਨੂੰਨ ਦੇ ਅਧੀਨ ਉਪਲਬਧ ਸੰਪੱਤੀ ਦੀ ਵਿਕਰੀ ਜਾਂ ਕਾਨੂੰਨ ਅਤੇ ਇਸਦੇ ਅਧੀਨ ਨਿਯਮਾਂ ਦੇ ਤਹਿਤ ਉਪਲਬਧ ਕਿਸੇ ਵੀ ਹੋਰ ਉਪਚਾਰ ਦੇ ਮਾਧਿਅਮ ਦੁਆਰਾ ਜੋ ਕਿ ਤਬਾਦਲੇ ਤੱਕ ਸੀਮਿਤ ਨਹੀਂ, ਸਮੇਤ ਸੁਰੱਖਿਅਤ ਸੰਪੱਤੀ (ਆਂ) ਦਾ ਕਬਜ਼ਾ ਲੈਣ ਲਈ ਕਾਨੂੰਨ ਦੀ ਧਾਰਾ 13 (4) ਅਧੀਨ ਸਾਰੇ ਅਧਿਕਾਰਾਂ ਦੀ ਵਰਤੋਂ ਅਤੇ ਭੁਗਤਾਨ ਦੀ ਪੂਰਤੀ ਦਾ ਅਧਿਕਾਰ ਹੋਵੇਗਾ। ਐਸਐਮਐਚਐਫਸੀ ਕੋਲ ਵਿਕਰੀ ਜਾਂ ਤਬਾਦਲੇ ਦੇ ਅਧਿਕਾਰ ਨੂੰ ਵਰਤੋਂ ਵਿਚ ਲਿਆਉਣ ਤੋਂ ਪਹਿਲਾਂ ਸੁਰੱਖਿਅਤ ਸੰਪੱਤੀ (ਆਂ) ਨੂੰ ਜ਼ੋਬਤ ਅਤੇ/ਜਾਂ ਤਾਲਾਬੰਦ ਕਰਨ ਦਾ ਵੀ ਅਧਿਕਾਰ ਹਾਸਲ ਹੈ। ਸੁਰੱਖਿਅਤ ਸੰਪੱਤੀ (ਆਂ) ਦੀ ਵਿਕਰੀ ਦੇ ਉਪਰੰਤ, ਐਸਐਮਐਚਐਫਸੀ ਕੋਲ ਬਕਾਇਆ ਰਕਮ ਦੀ ਵਸੂਲੀ ਲਈ ਵੱਖਰੀ ਕਾਨੂੰਨੀ ਪ੍ਰਕਿਰਿਆ ਸ਼ੁਰੂ ਕਰਨ ਦਾ ਵੀ ਅਧਿਕਾਰ ਮੌਜੂਦ ਹੈ, ਜੇਕਰ ਐਸਐਮਐਚਐਫਸੀ ਵੱਲ ਅਦਾਇਗੀਯੋਗ ਬਕਾਇਆਂ ਨੂੰ ਪੂਰਾ ਕਰਨ ਲਈ ਗਿਰਵੀ ਸੰਪੱਤੀਆਂ ਦੀ ਲਾਗਤ ਨਾਕਾਫੀ ਹੋਵੇ। ਇਹ ਉਪਚਾਰ ਕਿਸੇ ਵੀ ਹੋਰ ਕਾਨੂੰਨ ਦੇ ਅਧੀਨ ਐਸਐਮਐਚਐਫਸੀ ਨੂੰ ਉਪਲਬਧ ਸਾਰੇ ਹੋਰ ਉਪਲਬਧ ਉਪਚਾਰਾਂ ਤੋਂ ਵੱਖਰਾ ਅਤੇ ਸੁਤੰਤਰ ਹੈ।

ਕਰਜ਼ਦਾਰ (†) ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 (8) ਅਤੇ ਅੱਗੇ ਕਾਨੂੰਨ ਦੀ ਧਾਰਾ 13 (13) ਵੱਲ ਵੀ ਦੁਆਇਆ ਜਾਂਦਾ ਹੈ, ਜਿਥੇ ਕਿ ਕਰਜ਼ਦਾਰ (†) 'ਤੇ ਐਸਐਮਐਚਐਫਸੀ ਦੀ ਅਗਾਊਂ ਲਿਖਤੀ ਪ੍ਰਵਾਨਗੀ ਪ੍ਰਾਪਤ ਕੀਤੇ ਬਿਨਾਂ ਸੁਰੱਖਿਅਤ ਸੰਪੱਤੀ (ਆਂ) ਵਿਚੋਂ ਕਿਸੇ ਦੀ ਵੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ (ਵਪਾਰ ਦੇ ਸਧਾਰਨ ਢੰਗ ਨਾਲੋਂ ਹੋਰ) ਦੁਆਰਾ ਤਬਾਦਲੇ ਜਾਂ ਸੁਰੱਖਿਅਤ ਸੰਪੱਤੀ (ਆਂ) ਦੇ ਨਿਪਟਾਰੇ ਜਾਂ ਸੌਦੇਬਾਜ਼ੀ ਤੋਂ ਮਨਾਹੀ/ਰੋਕ ਲਗਾਈ ਜਾਂਦੀ ਹੈ ਅਤੇ ਉਕਤ ਦਾ ਗੈਰ-ਅਨੁਪਾਲਣ ਦਰਸਾਏ ਕਾਨੂੰਨ ਦੀ ਧਾਰਾ 29 ਦੇ ਅਧੀਨ ਇੱਕ ਸਜ਼ਾਯੋਗ ਅਪਰਾਧ ਹੈ। ਮੰਗ ਸੂਚਨਾ ਦਾ ਉਤਾਰਾ ਨਿਮਨ ਹਸਤਾਖਰੀ ਕੋਲ ਉਪਲਬਧ ਹੈ ਅਤੇ ਕਰਜ਼ਦਾਰ (†) ਜੇਕਰ ਚਾਹੁੰਣ ਤਾਂ ਇਸ ਨੂੰ ਆਮ ਦਫ਼ਤਰੀ ਘੰਟਿਆਂ ਦੌਰਾਨ ਕਿਸੇ ਵੀ ਕੰਮ ਵਾਲੇ ਦਿਨ ਨੂੰ ਨਿਮਨ ਹਸਤਾਖਰੀ ਤੋਂ ਇਕੱਤਰ ਕਰ ਸਕਦੇ ਹਨ।

ਸਥਾਨ : ਲੁਧਿਆਣਾ, ਫਰੀਦਕੋਟ, ਪਟਿਆਲਾ, ਮੋਗਾ, ਸੰਗਰੂਰ, ਪੰਜਾਬ
ਮਿਤੀ : 15.12.2025

ਸਹੀ/- ਅਧਿਕਾਰਤ ਅਧਿਕਾਰੀ,
ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮਟਿਡ

# ਰਾਜ ਸਭਾ ਦੇ ਡਿਪਟੀ ਚੇਅਰਮੈਨ ਸ਼੍ਰੀ ਹਰੀਵੰਸ਼ ਨੇ ਲਖਨਊ ਵਿੱਚ 86ਵੀਂ ਆਲ ਇੰਡੀਆ ਪ੍ਰੀਜ਼ਾਈਡਿੰਗ ਅਫ਼ਸਰ ਕਾਨਫ਼ਰੰਸ ਵਿੱਚ ਏ.ਆਈ. ਦੀ ਪ੍ਰਭਾਵਸ਼ਾਲੀ ਵਰਤੋਂ ਲਈ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਵਿਚਕਾਰ ਤਾਲਮੇਲ 'ਤੇ ਜ਼ੋਰ

ਨਵੀਂ ਦਿੱਲੀ, 20 ਜਨਵਰੀ, (ਅੰਮ੍ਰਿਤਪਾਲ ਸਿੰਘ) : ਰਾਜ ਸਭਾ ਦੇ ਮਾਣਯੋਗ ਡਿਪਟੀ ਚੇਅਰਮੈਨ, ਸ਼੍ਰੀ ਹਰੀਵੰਸ਼ ਨੇ ਮੰਗਲਵਾਰ ਨੂੰ ਲਖਨਊ ਵਿੱਚ 86ਵੀਂ ਆਲ ਇੰਡੀਆ ਪ੍ਰੀਜ਼ਾਈਡਿੰਗ ਅਫਸਰ ਕਾਨਫਰੰਸ (AIPOC) ਦੇ ਪੂਰਨ ਸੈਸ਼ਨ ਨੂੰ ਸੰਬੋਧਨ ਕੀਤਾ। ਵੱਖ-ਵੱਖ ਰਾਜਾਂ ਦੇ ਪ੍ਰੀਜ਼ਾਈਡਿੰਗ ਅਫਸਰਾਂ ਨੂੰ ਸੰਬੋਧਨ ਕਰਦੇ ਹੋਏ, ਉਨ੍ਹਾਂ ਨੇ ਵਿਧਾਨ ਸਭਾਵਾਂ ਦੀ ਕੁਸ਼ਲਤਾ ਵਧਾਉਣ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਦੀ ਭੂਮਿਕਾ ਤੇ ਜ਼ੋਰ ਦਿੱਤਾ, ਅਤੇ ਇਸ ਤਕਨਾਲੋਜੀ ਨੂੰ ਢੁਕਵਾਂ ਅਤੇ ਭਰੋਸੇਮੰਦ ਬਣਾਉਣ ਲਈ ਲੋੜੀਂਦੇ ਵੱਖ-ਵੱਖ ਕਦਮਾਂ ਦੀ ਰੂਪਰੇਖਾ ਵੀ ਦਿੱਤੀ। ਸੰਸਦ ਵਿੱਚ ਏਆਈ ਦੇ ਵਿਹਾਰਕ ਉਪਯੋਗਾਂ ਅਤੇ ਇਸਨੂੰ ਲਾਗੂ ਕਰਨ ਦੇ ਵੱਖ-ਵੱਖ ਤਰੀਕਿਆਂ ਦੀ ਰੂਪਰੇਖਾ ਦਿੰਦੇ ਹੋਏ, ਉਨ੍ਹਾਂ ਨੇ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਵਿਚਕਾਰ ਵਧੇਰੇ ਤਾਲਮੇਲ ਦੀ ਜ਼ਰੂਰਤ ਤੇ ਜ਼ੋਰ ਦਿੱਤਾ, ਤਾਂ ਜੋ ਵਿਧਾਨ ਸਭਾਵਾਂ ਦੇ ਸੰਸਥਾਗਤ ਗਿਆਨ ਦੀ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਦੋਵਾਂ ਦੁਆਰਾ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਕੀਤੀ ਜਾ ਸਕੇ। ਨੀਤੀ ਨਾਲ ਸਬੰਧਤ ਜਾਣਕਾਰੀ ਦੀ ਪਹੁੰਚ ਅਤੇ ਇਕਸੁਰਤਾਪੂਰਨ ਤਾਲਮੇਲ ਦੇ ਦ੍ਰਿਸ਼ਟੀਕੋਣ 'ਤੇ ਜ਼ੋਰ ਦਿੰਦੇ ਹੋਏ, ਉਨ੍ਹਾਂ ਕਿਹਾ, 'ਵਿਧਾਨ ਸਭਾਵਾਂ ਸਾਰੇ ਅਧਿਕਾਰਤ ਨੀਤੀ ਦਸਤਾਵੇਜ਼ਾਂ ਦੇ ਰਖਵਾਲੇ ਹਨ, ਜਿਸ ਵਿੱਚ ਬਿੱਲਾਂ, ਬਜਟਾਂ ਆਦਿ 'ਤੇ ਵੱਖ-ਵੱਖ ਬਹਿਸਾਂ ਸ਼ਾਮਲ ਹਨ। ਇੱਕ ਵਾਰ ਪੇਸ਼ ਕੀਤੇ ਜਾਣ ਤੋਂ ਬਾਅਦ, ਇਹ ਦਸਤਾਵੇਜ਼ ਸਦਨ ਦਾ ਇੱਕ ਅਨਿੱਖੜਵਾਂ ਅੰਗ ਬਣ ਜਾਂਦੇ ਹਨ। ਇਹ ਜਾਣਕਾਰੀ ਅਕਸਰ ਵੱਖ-ਵੱਖ ਮੰਤਰਾਲਿਆਂ ਵਿੱਚ ਵੱਖਰੇ ਤੌਰ 'ਤੇ ਉਪਲੱਬਧ ਹੁੰਦੀ ਹੈ। ਸੰਸਦ ਅਤੇ ਰਾਜ ਵਿਧਾਨ ਸਭਾਵਾਂ ਇੱਕ ਪਲੇਟਫਾਰਮ ਵਿਕਸਤ ਕਰਨ ਲਈ ਏਆਈ ਦੀ ਵਰਤੋਂ ਕਰ ਸਕਦੀਆਂ ਹਨ ਜੋ ਇਸ ਜਾਣਕਾਰੀ ਨੂੰ ਸਾਰਿਆਂ ਲਈ ਪਹੁੰਚਯੋਗ ਬਣਾਉਂਦਾ ਹੈ। ਇਹ ਇਸ ਸੰਸਥਾ ਨੂੰ ਗਿਆਨ ਕੇਂਦਰ ਵਜੋਂ ਉਤਸ਼ਾਹਿਤ ਕਰੇਗਾ।' ਉਨ੍ਹਾਂ ਨੇ ਇੱਕ ਡੇਟਾ ਝੀਲ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ ਜੋ ਵਿਧਾਨਕ ਬਹਿਸਾਂ ਦੀ ਖਾਸ ਭਾਸ਼ਾ ਅਤੇ ਸ਼ਬਦਾਵਲੀ ਦੀ ਵਰਤੋਂ ਕਰ ਸਕੇ, ਅਤੇ ਦੇਸ਼ ਭਰ ਵਿੱਚ ਉਪਲੱਬਧ ਦਸਤਾਵੇਜ਼ਾਂ ਨੂੰ ਭਾਰਤੀ ਸੰਦਰਭ ਲਈ ਸਭ ਤੋਂ ਢੁਕਵੀਂ ਤਕਨਾਲੋਜੀ ਬਣਾਉਣ ਲਈ।




ਸ਼੍ਰੀ ਹਰਿਵੰਸ਼ ਨੇ ਇੱਕ ਹਾਈਬ੍ਰਿਡ ਪ੍ਰਣਾਲੀ ਦੀ ਮੰਗ ਕੀਤੀ ਜੋ AI ਦੀ ਸਿਖਲਾਈ ਅਤੇ ਇਸਦੇ ਆਉਟਪੁੱਟ ਦੀ ਪ੍ਰਕਿਰਤੀ ਦੀ ਮਨੁੱਖੀ ਨਿਗਰਾਨੀ ਦੀ ਆਗਿਆ ਦੇਵੇਗੀ। ਉਨ੍ਹਾਂ ਜ਼ੋਰ ਦੇ ਕੇ ਕਿਹਾ, ਜੋ ਚੀਜ਼ AI ਨੂੰ ਸੰਸਦੀ ਵਰਤੋਂ ਲਈ ਢੁਕਵਾਂ ਬਣਾਉਂਦੀ ਹੈ ਉਹ ਸਿਰਫ਼ ਇਸਦੀ ਐਲਗੋਰਿਦਮਿਕ ਸਮਰੱਥਾਵਾਂ ਨਹੀਂ ਹਨ। ਇਹ ਉਹ ਗਿਆਨ ਹੈ ਜਿਸਨੂੰ ਇਸ ਤਕਨਾਲੋਜੀ 'ਤੇ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ, ਜੋ ਕਿ ਸੰਕਲਿਤ ਸੰਸਦੀ ਡੇਟਾ ਦੁਆਰਾ ਪ੍ਰੇਰਿਤ ਹੈ। ਹੁਨਰ ਪ੍ਰਾਪਤ ਕੀਤੇ ਜਾਂਦੇ ਹਨ ਅਤੇ ਟ੍ਰਾਂਸਫਰ ਕੀਤੇ ਜਾਂਦੇ ਹਨ। ਇਸ ਲਈ, ਸੰਸਦੀ AI ਲਈ ਸਿਖਲਾਈ ਸੰਸਦ ਦੇ ਅੰਦਰ ਹੋਣੀ ਚਾਹੀਦੀ ਹੈ ਅਤੇ ਇਸਨੂੰ ਸਮਝਦਾਰੀ ਨਾਲ ਜਾਂ ਆਊਟਸੋਰਸ ਕੀਤਾ ਜਾ ਸਕਦਾ ਹੈ। ਹਾਲਾਂਕਿ, ਗਿਆਨ ਸੰਦਰਭ-ਵਿਸ਼ੇਸ਼ ਹੈ ਅਤੇ ਕਿਸੇ ਵੀ ਸੰਸਥਾ ਦੇ ਅੰਦਰ ਡੂੰਘਾਈ ਨਾਲ ਸ਼ਾਮਲ ਹੈ। ਸੰਸਦੀ ਗਿਆਨ ਵਿਲੱਖਣ ਹੈ। ਇਹ ਦਹਾਕਿਆਂ ਤੋਂ ਬਹਿਸਾਂ, ਫੈਸਲਿਆਂ, ਪਰੰਪਰਾਵਾਂ ਅਤੇ ਸੰਵਿਧਾਨਕ ਅਭਿਆਸਾਂ ਰਾਹੀਂ ਵਿਕਸਤ ਹੋਇਆ ਹੈ।' ਆਪਣੇ ਸੰਬੋਧਨ ਵਿੱਚ, ਉਨ੍ਹਾਂ ਇਹ ਵੀ ਦੱਸਿਆ ਕਿ ਬਹੁ-ਭਾਸ਼ਾਈ ਸੇਵਾਵਾਂ ਪ੍ਰਦਾਨ ਕਰਨ ਲਈ ਸੰਸਦ ਵਿੱਚ AI-ਸਮਰੱਥ ਟ੍ਰਾਂਸਕ੍ਰਿਪਸ਼ਨ ਅਤੇ ਸਮਕਾਲੀ ਵਿਆਖਿਆ ਦੀ ਜਾਂਚ ਕਿਵੇਂ ਕੀਤੀ ਜਾ ਰਹੀ ਹੈ। ਵਰਤਮਾਨ ਵਿੱਚ, ਸੰਸਦ ਮੈਂਬਰ ਸਦਨ ਦੇ ਏਜੰਡੇ ਅਤੇ ਹੋਰ ਪ੍ਰਸ਼ਾਸਕੀ ਦਸਤਾਵੇਜ਼ਾਂ ਨੂੰ ਆਪਣੀ ਪਸੰਦ ਦੀ ਭਾਸ਼ਾ ਵਿੱਚ ਪ੍ਰਾਪਤ ਕਰ ਸਕਦੇ ਹਨ। ਇਸਨੂੰ AI ਰਾਹੀਂ ਲਾਗੂ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਡਿਪਟੀ ਚੇਅਰਮੈਨ ਨੇ ਦੱਸਿਆ ਕਿ ਕਿਵੇਂ ਨਿਯਮਤ ਪ੍ਰਸ਼ਾਸਕੀ ਕੰਮ, ਜਿਵੇਂ ਕਿ ਪ੍ਰਸ਼ਨ ਕਾਲ ਲਈ ਪ੍ਰਸ਼ਨਾਂ ਦੀ ਸਵੀਕਾਰਯੋਗਤਾ ਦੀ ਜਾਂਚ ਕਰਨਾ ਅਤੇ ਉਦਾਹਰਣਾਂ ਅਤੇ ਨਿਰਣਿਆਂ ਦੀ ਖੋਜ ਕਰਨਾ, 19 ਰਾਹੀਂ ਕੀਤੇ ਜਾ ਸਕਦੇ ਹਨ। ਉਨ੍ਹਾਂ ਨੇ ਅਧਿਕਾਰੀਆਂ/ਕਰਮਚਾਰੀਆਂ ਅਤੇ ਕਾਨੂੰਨਸਾਜ਼ਾਂ ਲਈ ਜਾਗਰੂਕਤਾ ਅਤੇ ਓਰੀਐਂਟੇਸ਼ਨ ਸੈਸ਼ਨਾਂ ਨੂੰ ਵਧਾਉਣ ਦਾ ਵੀ ਸੱਦਾ ਦਿੱਤਾ ਤਾਂ ਜੋ ਉਹ ਆਪਣੀਆਂ ਆਪਣੀਆਂ ਭੂਮਿਕਾਵਾਂ ਨੂੰ ਕੁਸ਼ਲਤਾ ਨਾਲ ਨਿਭਾ ਸਕਣ।

ਡਿਜੀਟਲ ਸਾਧਨਾਂ ਦੀ ਵਰਤੋਂ ਤੋਂ ਇਲਾਵਾ, ਕਾਨਫਰੰਸ ਵਿੱਚ ਕਾਨੂੰਨਸਾਜ਼ਾਂ ਦੀ ਜਵਾਬਦੇਹੀ ਨੂੰ ਮਜ਼ਬੂਤ ਕਰਨ ਅਤੇ ਸਮਰੱਥਾ ਨਿਰਮਾਣ ਨਾਲ ਸਬੰਧਤ ਵਿਸ਼ਿਆਂ ਤੇ ਵੀ ਚਰਚਾ ਕੀਤੀ ਗਈ। ਇਹ ਕਾਨਫਰੰਸ AI ਜਨਵਰੀ ਨੂੰ ਮਾਨਯੋਗ ਰਾਜਪਾਲ, ਸ਼੍ਰੀਮਤੀ ਆਨੰਦੀਬੇਨ ਪਟੇਲ ਅਤੇ ਲੋਕ ਸਭਾ ਦੇ ਸਪੀਕਰ, ਸ਼੍ਰੀ ਓਮ ਬਿਰਲਾ ਦੀ ਮੌਜੂਦਗੀ ਵਿੱਚ ਸ਼ੁਰੂ ਹੋਈ।

# ਗਣਤੰਤਰ ਦਿਵਸ ਜ਼ਿਲ੍ਹਾ ਪੱਧਰੀ ਸਮਾਗਮ ਦੀਆਂ ਤਿਆਰੀਆਂ ਨੂੰ ਲੈ ਕੇ ਪ੍ਰਸ਼ਾਸਨ ਸਰਗਰਮ



ਲੁਧਿਆਣਾ, 20 ਜਨਵਰੀ (ਵਿਸ਼ਾਲ ਸ਼ਰਮਾ): ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਗਣਤੰਤਰ ਦਿਵਸ ਮੌਕੇ ਕਰਵਾਏ ਜਾਣ ਵਾਲੇ ਜ਼ਿਲ੍ਹਾ ਪੱਧਰੀ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ) ਦੇ ਖੇਡ ਮੈਦਾਨ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਇਕ ਮਹੱਤਵਪੂਰਨ ਸਮੀਖਿਆ ਮੀਟਿੰਗ ਕੀਤੀ। ਮੀਟਿੰਗ ਦੌਰਾਨ ਉਨ੍ਹਾਂ ਸਮਾਗਮ ਨੂੰ ਮਾਨਮੱਤੇ ਅਤੇ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਹਿਮਾਂਸ਼ੂ ਜੈਨ ਨੇ ਦੱਸਿਆ ਕਿ 26 ਜਨਵਰੀ ਨੂੰ ਪੀ.ਏ.ਯੂ ਦੇ ਖੇਡ ਮੈਦਾਨ ਵਿਖੇ ਆਯੋਜਿਤ ਕੀਤੇ ਜਾਣ ਵਾਲੇ ਸਮਾਗਮ ਦੌਰਾਨ ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਅਤੇ ਰਾਸ਼ਟਰੀ ਤਿਰੰਗੇ ਨੂੰ ਲਹਿਰਾਉਣ ਦੀ ਰਸਮ ਅਦਾ ਕਰਨਗੇ। ਇਸ ਮੌਕੇ ਪੰਜਾਬ ਸਰਕਾਰ ਦੇ ਵੱਖ-ਵੱਖ ਫਲੈਗਸ਼ਿਪ ਪ੍ਰੋਗਰਾਮਾਂ ਅਤੇ ਭਲਾਈ ਯੋਜਨਾਵਾਂ ਨੂੰ ਦਰਸਾਉਂਦੀਆਂ ਝਾਕੀਆਂ ਤਿਆਰ ਕੀਤੀਆਂ ਜਾਣਗੀਆਂ, ਜਿਸ ਲਈ ਸਬੰਧਤ ਵਿਭਾਗ ਲੋੜੀਂਦੀ ਤਿਆਰੀ ਨੂੰ ਯਕੀਨੀ ਬਣਾਉਣ। ਉਨ੍ਹਾਂ ਦੱਸਿਆ ਕਿ ਸਮਾਗਮ ਸਥਾਨ ਉੱਤੇ 23 ਜਨਵਰੀ ਨੂੰ ਫੁੱਲ ਡਰੈੱਸ ਰਿਹਰਸਲ ਹੋਵੇਗੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਗਣਤੰਤਰ ਦਿਵਸ ਇਕ ਰਾਸ਼ਟਰੀ ਤਿਉਹਾਰ ਹੈ, ਜਿਸ ਨੂੰ ਪੂਰੇ ਅਨੁਸ਼ਾਸਨ, ਦੇਸ਼ ਭਗਤੀ ਦੀ ਭਾਵਨਾ ਅਤੇ ਉੱਚ ਮਿਆਰਾਂ ਨਾਲ ਮਨਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਸਾਰੇ ਵਿਭਾਗਾਂ ਨੂੰ ਇਕ-ਦੂਜੇ ਨਾਲ ਤਾਲਮੇਲ ਕਰਕੇ ਕੰਮ ਕਰਨ ਅਤੇ ਸੌਂਪੀਆਂ ਗਈਆਂ ਜ਼ਿੰਮੇਵਾਰੀਆਂ ਨੂੰ ਸਮੇਂ ਸਿਰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਮੀਟਿੰਗ ਵਿੱਚ ਸੁਰੱਖਿਆ ਪ੍ਰਬੰਧਾਂ, ਪਰੇਡ ਰਿਹਰਸਲ, ਸੱਭਿਆਚਾਰਕ ਪ੍ਰੋਗਰਾਮ, ਸਟੇਜ ਪ੍ਰਬੰਧ, ਸੱਦੇ ਗਏ ਮਹਿਮਾਨਾਂ ਲਈ ਸਹੂਲਤਾਂ, ਟ੍ਰੈਫਿਕ ਪ੍ਰਬੰਧਨ, ਸਫ਼ਾਈ, ਸਿਹਤ ਸੇਵਾਵਾਂ, ਨਿਰਵਿਘਨ ਬਿਜਲੀ ਸਪਲਾਈ ਅਤੇ ਐਮਰਜੈਂਸੀ ਪ੍ਰਬੰਧਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਗਈ। ਡਿਪਟੀ ਕਮਿਸ਼ਨਰ ਨੇ ਪੁਲਿਸ ਵਿਭਾਗ ਨੂੰ ਸੁਰੱਖਿਆ ਪ੍ਰਬੰਧਾਂ ਨੂੰ ਸਖ਼ਤ ਰੱਖਣ ਦੇ ਨਿਰਦੇਸ਼ ਦਿੱਤੇ, ਜਦੋਂ ਕਿ ਸਿਹਤ ਵਿਭਾਗ ਨੂੰ ਐਂਬੂਲੈਂਸਾਂ ਅਤੇ ਮੈਡੀਕਲ ਸਟਾਫ ਦੇ ਢੁਕਵੇਂ ਪ੍ਰਬੰਧ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ। ਉਨ੍ਹਾਂ ਨਗਰ ਨਿਗਮ ਅਤੇ ਹੋਰ ਸਬੰਧਤ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਉਹ ਸਮਾਗਮ ਵਾਲੀ ਥਾਂ ਅਤੇ ਆਲੇ ਦੁਆਲੇ 'ਤੇ ਸਾਫ਼-ਸਫ਼ਾਈ, ਸਜਾਵਟ, ਨਿਰਵਿਘਨ ਬਿਜਲੀ ਅਤੇ ਪਾਣੀ ਦੀ ਸਪਲਾਈ ਅਤੇ ਬੈਠਣ ਦੇ ਢੁਕਵੇਂ ਪ੍ਰਬੰਧਾਂ ਨੂੰ ਯਕੀਨੀ ਬਣਾਉਣ। ਸੱਭਿਆਚਾਰਕ ਪ੍ਰੋਗਰਾਮਾਂ ਨੂੰ ਆਕਰਸ਼ਕ ਅਤੇ ਦੇਸ਼ ਭਗਤੀ ਨਾਲ ਭਰਪੂਰ ਬਣਾਉਣ 'ਤੇ ਵੀ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਗਣਤੰਤਰ ਦਿਵਸ ਸਮਾਰੋਹ ਜ਼ਿਲ੍ਹਾ ਪ੍ਰਸ਼ਾਸਨ ਦੀ ਤਸਵੀਰ ਨੂੰ ਦਰਸਾਉਂਦਾ ਹੈ, ਇਸ ਲਈ ਕਿਸੇ ਵੀ ਪੱਧਰ 'ਤੇ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਵਿਧਾਇਕ ਬੱਗਾ ਵੱਲੋਂ 'ਬੁੱਢੇ ਦਰਿਆ' ਦੀ ਰਿਟੇਨਿੰਗ ਵਾਲ ਦੇ ਨਿਰਮਾਣ ਕਾਰਜਾਂ ਦਾ ਉਦਘਾਟਨ



ਲੁਧਿਆਣਾ, 20 ਜਨਵਰੀ (ਵਿਸ਼ਾਲ ਸ਼ਰਮਾ): ਬਰਸਾਤੀ ਮੌਸਮ ਦੌਰਾਨ ਗਲੀਆਂ ਵਿੱਚ ਪਾਣੀ ਭਰਨ ਦੀ ਸਮੱਸਿਆ ਦੇ ਨਿਪਟਾਰੇ ਲਈ ਵਿਧਾਇਕ ਚੌਧਰੀ ਮਦਨ ਲਾਲ ਬੱਗਾ ਵੱਲੋਂ ਵਾਰਡ ਨੰਬਰ 88 ਵਿਖੇ ਬੁੱਢੇ ਦਰਿਆ ਦੀ ਰਿਟੇਨਿੰਗ ਵਾਲ ਦੇ ਨਿਰਮਾਣ ਕਾਰਜ਼ਾਂ ਦਾ ਉਦਘਾਟਨ ਕੀਤਾ ਗਿਆ। ਵਿਧਾਇਕ ਬੱਗਾ ਨੇ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਜੈਨ ਨਗਰ, ਸ਼ਿਵਪੁਰੀ ਪੁਲ਼ੀ ਤੋਂ ਬਸੰਤ ਨਗਰ ਤੱਕ ਬੁੱਢੇ ਦਰਿਆ ਦੇ ਕਿਨਾਰੇ ਰਿਟੇਨਿੰਗ ਵਾਲ ਦਾ ਨਿਰਮਾਣ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੋਵੇਂ ਪ੍ਰੋਜੈਕਟਾਂ 'ਤੇ ਕ੍ਰਮਵਾਰ 95 ਲੱਖ ਅਤੇ 99 ਲੱਖ ਰੁਪਏ ਖਰਚ ਕੀਤੇ ਜਾਣੇ ਹਨ। ਵਿਧਾਇਕ ਬੱਗਾ ਨੇ ਦੱਸਿਆ ਕਿ ਬਰਸਾਤ ਦੇ ਮੌਸਮ ਦੌਰਾਨ, ਜੈਨ ਨਗਰ, ਬਸੰਤ ਨਗਰ, ਗਾਂਧੀ ਨਗਰ ਅਤੇ ਹੋਰ ਬੁੱਢੇ ਦਰਿਆ ਨੇੜਲੇ ਵਸਨੀਕਾਂ ਵੱਲੋਂ ਇਹ ਸ਼ਿਕਾਇਤ ਕੀਤੀ ਜਾਂਦੀ ਰਹੀ ਹੈ ਕਿ ਦਰਿਆ ਦਾ ਪਾਣੀ ਓਵਰਫਲੋ ਹੋ ਕੇ ਗਲੀਆਂ ਅਤੇ ਘਰਾਂ ਅੰਦਰ ਦਾਖ਼ਲ ਹੋ ਜਾਂਦਾ ਹੈ। ਵਿਧਾਇਕ ਬੱਗਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਹਲਕਾ ਲੁਧਿਆਣਾ ਉੱਤਰੀ ਲਈ ਗਰਾਂਟਾਂ ਦੇ ਗੱਫੇ ਜਾਰੀ ਕੀਤੇ ਜਾ ਰਹੇ ਹਨ, ਜਿਸਦੇ ਤਹਿਤ ਕਰੋੜਾਂ ਰੁਪਏ ਦੇ ਵਿਕਾਸ ਪ੍ਰੋਜੈਕਟ ਮੁਕੰਮਲ ਹੋਣ ਕੰਢੇ ਹਨ ਅਤੇ ਮਿਆਰੀ ਬੁਨਿਆਦੀ ਢਾਂਚਾ ਵਿਕਸਤ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਹੈ।ਇਸ ਮੌਕੇ ਕੌਂਸਲਰ ਨੀਰਜ ਅਹੂਜਾ, ਕੌਂਸਲਰ ਅਮਨ ਬੱਗਾ, ਸਬੰਧਤ ਅਧਿਕਾਰੀ ਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਵੀ ਮੌਜੂਦ ਸਨ।

# ਏ.ਡੀ.ਸੀ. ਵੱਲੋਂ ਸ਼ਹੀਦ ਸੈਨਿਕਾਂ ਦੇ ਪਰਿਵਾਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਪਹਿਲ ਦੇ ਆਧਾਰ 'ਤੇ ਕਰਨ ਦੇ ਆਦੇਸ਼

ਲੁਧਿਆਣਾ, 20 ਜਨਵਰੀ (ਵਿਸ਼ਾਲ ਸ਼ਰਮਾ): ਜ਼ਿਲ੍ਹਾ ਸੈਨਿਕ ਬੋਰਡ, ਲੁਧਿਆਣਾ ਦੀ ਤਿਮਾਹੀ ਮੀਟਿੰਗ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀ ਰਾਕੇਸ਼ ਕੁਮਾਰ ਦੀ ਪ੍ਰਧਾਨਗੀ ਹੇਠ ਬੱਚਤ ਭਵਨ ਲੁਧਿਆਣਾ ਵਿਖੇ ਹੋਈ, ਜਿੱਥੇ ਜ਼ਿਲ੍ਹਾ ਸੈਨਿਕ ਬੋਰਡ ਦੇ ਮੈਂਬਰ ਅਤੇ ਵੱਖ-ਵੱਖ ਵਿਭਾਗਾਂ ਦੇ ਮੁਖੀ ਸ਼ਾਮਲ ਹੋਏ। ਗਰੁੱਪ ਕੈਪਟਨ ਦਵਿੰਦਰ ਸਿੰਘ ਢਿੱਲੋਂ (ਰਿਟਾ:), ਸਕੱਤਰ, ਜ਼ਿਲ੍ਹਾ ਸੈਨਿਕ ਬੋਰਡ-ਕਮ-ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ, ਲੁਧਿਆਣਾ ਵੱਲੋਂ ਸਮੂਹ ਸ਼ਹੀਦ ਸੈਨਿਕਾਂ ਨੂੰ ਸ਼ਰਧਾਂਜਲੀ ਦੇਣ ਉਪਰੰਤ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ, ਲੁਧਿਆਣਾ ਦੀ ਕਾਰਗੁਜ਼ਾਰੀ ਰਿਪੋਰਟ ਪੇਸ਼ ਕੀਤੀ ਗਈ। ਵਧੀਕ ਡਿਪਟੀ ਕਮਿਸ਼ਨਰ ਸ੍ਰੀ ਰਾਕੇਸ਼ ਕੁਮਾਰ ਨੇ ਜ਼ਿਲ੍ਹੇ ਦੇ ਸਮੂਹ ਸ਼ਹੀਦ ਸੈਨਿਕਾਂ ਦੇ ਪਰਿਵਾਰਾਂ, ਸਾਬਕਾ ਸੈਨਿਕਾਂ, ਵਿਧਵਾਵਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਿਲਾਂ ਸੁਣਨ ਉਪਰੰਤ ਪਹਿਲ ਦੇ ਆਧਾਰ 'ਤੇ ਹੱਲ ਕਰਨ ਦਾ ਭਰੋਸਾ ਦਵਾਇਆ। ਉਹਨਾਂ ਕਿਹਾ ਕਿ ਸੈਨਿਕ ਆਪਣੀ ਪੂਰੀ ਨੌਕਰੀ ਦੌਰਾਨ ਜਿੱਥੇ ਦੇਸ਼ ਦੀ ਆਨ-ਬਾਨ ਅਤੇ ਸ਼ਾਨ ਲਈ ਹਰ ਖ਼ਤਰਾ ਮੁੱਲ ਲੈਂਦੇ ਹਨ ਉੱਥੇ ਹੀ ਸੇਵਾ ਮੁਕਤੀ ਤੋਂ ਬਾਅਦ ਵੀ ਕਿਸੇ ਨਾ ਕਿਸੇ ਤਰੀਕੇ ਦੇਸ਼ ਸੇਵਾ ਅਤੇ ਲੋਕ ਸੇਵਾ ਵਿੱਚ ਯੋਗਦਾਨ ਪਾਉਂਦੇ ਰਹਿੰਦੇ ਹਨ। ਸਾਬਕਾ ਸੈਨਿਕਾਂ ਦੀਆਂ ਸੇਵਾਵਾਂ ਦਾ ਮੁੱਲ ਕਦੇ ਵੀ ਨਹੀਂ ਮੋੜਿਆ ਜਾ ਸਕਦਾ। ਮੀਟਿੰਗ ਦੌਰਾਨ ਝੰਡਾ ਦਿਵਸ ਫੰਡ ਦੀ ਇਕੱਤਰਤਾ, ਸ਼ਿਕਾਇਤਾਂ ਦਾ ਨਿਵਾਰਨ, ਟਿਊਬਵੈੱਲ ਕੁਨੈਕਸ਼ਨ ਦੇਣ ਨਾਲ ਸਬੰਧਤ ਸਾਬਕਾ ਸੈਨਿਕਾਂ ਜਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਆਉਣ ਵਾਲੀਆਂ ਮੁਸ਼ਕਿਲਾਂ, ਸਾਬਕਾ ਸੈਨਿਕਾਂ ਦੇ ਕੁਦਰਤੀ ਵਾਰਸ ਸਰਟੀਫਿਕੇਟ ਜਾਰੀ ਕਰਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਆਦਿ ਸਬੰਧੀ ਵਿਸਥਾਰ ਸਹਿਤ ਵਿਚਾਰ-ਚਰਚਾ ਕੀਤੀ ਗਈ।

ਇਸ ਮੌਕੇ ਲੈਫ਼ਟੀਨੈਂਟ ਕਰਨਲ ਏ.ਕੇ. ਡਾਗੁਰ ਵੈਟਰਨ ਸਹਾਇਤਾ ਕੇਂਦਰ ਲੁਧਿਆਣਾ, ਜ਼ਿਲ੍ਹਾ ਸੈਨਿਕ ਬੋਰਡ ਦੇ ਮੈਂਬਰ ਸਾਹਿਬਾਨ, ਸਾਬਕਾ ਸੈਨਿਕ ਅਤੇ ਸਮੂਹ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਦਾ ਸਟਾਫ ਹਾਜ਼ਰ ਸੀ।

# 5 ਦਿਨਾਂ ਦੀ ਬੈਂਕਿੰਗ ਪ੍ਰਣਾਲੀ ਨੂੰ ਲੈ ਕੇ ਬੈਂਕ ਕਰਮਚਾਰੀਆਂ ਵੱਲੋਂ ਅਨੋਖਾ ਪ੍ਰਦਰਸ਼ਨ



ਮੁੱਲਾਂਪੁਰ ਦਾਖਾ, 20 ਜਨਵਰੀ (ਦਵਿੰਦਰ ਸਿੰਘ ਲੰਮੇਂ) : ਸਥਾਨਕ ਸ਼ਹਿਰ ਦੇ ਸਰਕਾਰੀ ਬੈਂਕਾਂ ਦੇ ਕਰਮਚਾਰੀਆਂ ਵੱਲੋਂ 5 ਦਿਨਾਂ ਦੀ ਬੈਂਕਿੰਗ ਪ੍ਰਣਾਲੀ ਲਾਗੂ ਕਰਨ ਦੀ ਮੰਗ ਨੂੰ ਲੈ ਕੇ ਇੱਕ ਅਨੋਖੇ ਤਰੀਕੇ ਨਾਲ ਰੋਸ ਪ੍ਰਦਰਸ਼ਨ ਕੀਤਾ ਗਿਆ। ਬੈਂਕ ਕਰਮਚਾਰੀਆਂ ਵੱਲੋਂ ਆਪਣੇ ਕੱਪੜਿਆਂ 'ਤੇ ਖਾਸ ਲੋਗੋ ਲਗਾ ਕੇ ਆਪਣੀ ਮੰਗ ਦਰਜ ਕਰਵਾਈ, ਜਿਸ 'ਤੇ ਅੰਗਰੇਜੀ ਭਾਸ਼ਾ ਵਿੱਚ We Demand Government Approval for Implementation of 5 Days Banking as Agreed and Recommended by IBA"ਂ ਲਿਖਿਆ ਸੀ। ਬੈਂਕ ਕਰਮਚਾਰੀਆਂ ਦਾ ਕਹਿਣਾ ਹੈ ਕਿ ਇੰਡੀਅਨ ਬੈਂਕਸ ਐਸੋਸੀਏਸ਼ਨ ਵੱਲੋਂ 5 ਦਿਨਾਂ ਦੀ ਬੈਂਕਿੰਗ ਦੀ ਸਿਫਾਰਸ਼ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ ਅਤੇ ਇਸ 'ਤੇ ਸਹਿਮਤੀ ਵੀ ਬਣ ਚੁੱਕੀ ਹੈ, ਪਰ ਅਜੇ ਤੱਕ ਕੇਂਦਰ ਸਰਕਾਰ ਵੱਲੋਂ ਮਨਜ਼ੂਰੀ ਨਹੀਂ ਮਿਲੀ। ਜਿਸ ਕਾਰਨ ਕਰਮਚਾਰੀਆਂ ਵਿੱਚ ਰੋਸ ਪਾਇਆ ਜਾ ਰਿਹਾ ਹੈ। ਬੈਂਕ ਮੈਨੇਜਰ ਪਵਨ ਗੁਪਤਾ ਨੇ ਦੱਸਿਆ ਕਿ 5 ਦਿਨਾਂ ਦੀ ਬੈਂਕਿੰਗ ਲਾਗੂ ਹੋਣ ਨਾਲ ਕਰਮਚਾਰੀਆਂ ਨੂੰ ਬਿਹਤਰ ਕੰਮ-ਜੀਵਨ ਸੰਤੁਲਨ ਮਿਲੇਗਾ ਅਤੇ ਨਾਲ ਹੀ ਬੈਂਕਿੰਗ ਸੇਵਾਵਾਂ ਦੀ ਗੁਣਵੱਤਾ ਵਿੱਚ ਵੀ ਸੁਧਾਰ ਆਵੇਗਾ।

ਇਸ ਮੌਕੇ ਪ੍ਰਬੰਧਕ ਚਮਕੌਰ ਸਿੰਘ, ਉਪ-ਪ੍ਰਬੰਧਕ ਹਿਮਾਨੀ ਸ਼ਰਮਾ, ਪੁਨੀਤ ਕੁਮਾਰ, ਰੂਪਇੰਦਰ ਕੌਰ, ਮਨਦੀਪ ਕੌਰ, ਹੈੱਡ ਕੈਸ਼ੀਅਰ ਸਤਪਾਲ ਅਤੇ ਅਵਤਾਰ ਸਿੰਘ ਹਾਜ਼ਰ ਸਨ।

## ਵਿਆਹ ਬਾਹਰੇ ਰਿਸ਼ਤੇ

# ਟੁੱਟਦਾ ਪਰਿਵਾਰ ਅਤੇ ਭਰੋਸੇ ਤੋਂ ਖਾਲੀ ਪਲਦਾ ਬਚਪਨ

ਭਾਗ ਦੂਜਾ

ਰੁਪਿੰਦਰ ਕੌਰ ਰੂਪ




ਅੱਜ ਦਾ ਸਮਾਜ ਆਪਣੇ ਆਪ ਨੂੰ ਆਧੁਨਿਕ, ਖੁੱਲ੍ਹੇ ਵਿਚਾਰਾਂ ਵਾਲਾ ਅਤੇ ਆਜ਼ਾਦੀ ਦਾ ਹਮਾਇਤੀ ਕਹਿਣਾ ਪਸੰਦ ਕਰਦਾ ਹੈ, ਪਰ ਇਸ ਆਜ਼ਾਦੀ ਦੀ ਦੌੜ ਵਿੱਚ ਅਸੀਂ ਕਈ ਵਾਰ ਇਹ ਭੁੱਲ ਜਾਂਦੇ ਹਾਂ ਕਿ ਹਰ "ਨਿੱਜੀ ਫ਼ੈਸਲੇ" ਦੀ ਕੋਈ ਨਾ ਕੋਈ ਸਮਾਜਕ ਕੀਮਤ ਜ਼ਰੂਰ ਹੁੰਦੀ ਹੈ। ਵਿਆਹ ਤੋਂ ਬਾਹਰੇ ਰਿਸ਼ਤੇ ਵੀ ਅਜਿਹਾ ਹੀ ਇੱਕ ਮਸਲਾ ਹਨ, ਜਿਨ੍ਹਾਂ ਨੂੰ ਅਕਸਰ ਕਿਸੇ ਦੇ ਨਿੱਜੀ ਜੀਵਨ ਦਾ ਮਸਲਾ ਕਹਿ ਕੇ ਟਾਲ ਦਿੱਤਾ ਜਾਂਦਾ ਹੈ, ਪਰ ਹਕੀਕਤ ਇਹ ਹੈ ਕਿ ਇਨ੍ਹਾਂ ਰਿਸ਼ਤਿਆਂ ਦੀ ਸਭ ਤੋਂ ਵੱਡੀ ਸਜ਼ਾ ਬੱਚਿਆਂ ਅਤੇ ਔਰਤਾਂ ਨੂੰ ਭੁਗਤਣੀ ਪੈਂਦੀ ਹੈ।

ਪਰਿਵਾਰ ਬੱਚੇ ਦੀ ਪਹਿਲੀ ਦੁਨੀਆਂ ਹੁੰਦਾ ਹੈ, ਜਿੱਥੇ ਉਹ ਭਰੋਸਾ, ਸੁਰੱਖਿਆ ਅਤੇ ਪਿਆਰ ਸਿੱਖਦਾ ਤੇ ਮਹਿਸੂਸ ਕਰਦਾ ਹੈ, ਜਦੋਂ ਇਸ ਦੁਨੀਆਂ ਵਿੱਚ ਝੂਠ, ਧੋਖਾ ਅਤੇ ਬੇ-ਭਰੋਸਾ ਘਰ ਕਰ ਜਾਂਦਾ ਹੈ, ਤਾਂ ਬੱਚੇ ਦਾ ਮਨ ਵੀ ਅਸਥਿਰ ਹੋ ਜਾਂਦਾ ਹੈ। ਉਹ ਮਾਂ-ਪਿਓ ਦੇ ਰਿਸ਼ਤੇ ਵਿੱਚ ਆ ਰਹੀ ਦੂਰੀ ਨੂੰ ਸਮਝ ਤਾਂ ਨਹੀਂ ਸਕਦਾ, ਪਰ ਉਸਦਾ ਅਸਰ ਉਸਦੇ ਮਨ 'ਤੇ ਡੂੰਘੀ ਸੱਟ ਮਾਰਦਾ ਹੈ। ਅਕਸਰ ਇਹ ਬੱਚੇ ਆਪਣੇ ਆਪ ਨੂੰ ਹੀ ਇਸ ਟੁੱਟ-ਭੁੱਟ ਦਾ ਕਾਰਨ ਸਮਝਣ ਲੱਗ ਪੈਂਦੇ ਹਨ—ਜੋ ਮਨੋਵਿਗਿਆਨਕ ਤੌਰ 'ਤੇ ਬਹੁਤ ਖ਼ਤਰਨਾਕ ਹੈ।

ਵਿਆਹ ਬਾਹਰੇ ਰਿਸ਼ਤਿਆਂ ਨਾਲ ਸਿਰਫ਼ ਬਚਪਨ ਹੀ ਨਹੀਂ, ਵਿਆਹੁਤਾ ਔਰਤ ਦੀ ਜ਼ਿੰਦਗੀ ਵੀ ਚੁੱਪਚਾਪ ਨਰਕ ਬਣ ਜਾਂਦੀ ਹੈ। ਘਰਵਾਲੀ, ਜੋ ਰਿਸ਼ਤੇ ਨੂੰ ਨਿਭਾਉਣ ਲਈ ਸਮਾਜਕ ਦਬਾਅ ਹੇਠ ਚੁੱਪ ਰਹਿੰਦੀ ਹੈ, ਅੰਦਰੋਂ-ਅੰਦਰ ਟੁੱਟਦੀ ਰਹਿੰਦੀ ਹੈ। ਉਸਦਾ ਹਰ ਸਵਾਲ ਸ਼ੱਕ ਮੰਨ ਲਿਆ ਜਾਂਦਾ ਹੈ, ਹਰ ਚੁੱਪੀ ਉਸਦੀ ਕਮਜ਼ੋਰੀ ਬਣ ਜਾਂਦੀ ਹੈ। ਆਰਥਿਕ ਨਿਰਭਰਤਾ, ਬੱਚਿਆਂ ਦਾ ਭਵਿੱਖ ਅਤੇ ਸਮਾਜਕ ਬਦਨਾਮੀ ਦਾ ਡਰ ਉਸਨੂੰ ਗਲਤ ਹਾਲਾਤਾਂ ਵਿੱਚ ਵੀ ਟਿਕੇ ਰਹਿਣ ਲਈ ਮਜਬੂਰ ਕਰ ਦਿੰਦਾ ਹੈ।

ਇਸ ਸਥਿਤੀ ਦਾ ਇੱਕ ਹੋਰ ਗੰਭੀਰ ਪੱਖ ਹੈ—ਮੁੰਡੇ ਦਾ ਆਪਣੇ ਜੀਵਨ ਸਾਥੀ 'ਤੇ ਸ਼ੱਕ ਕਰਨ ਲੱਗਣਾ। ਜਿਹੜਾ ਮੁੰਡਾ ਆਪਣੇ ਬਚਪਨ ਵਿੱਚ ਬੇ-ਭਰੋਸੇ, ਧੋਖੇ ਜਾਂ ਟੁੱਟੇ ਰਿਸ਼ਤਿਆਂ ਦਾ ਗਵਾਹ ਬਣਿਆ ਹੁੰਦਾ ਹੈ,( ਫਿਰ ਇਹ ਰਿਸ਼ਤਾ ਮਾਂ ਵੱਲੋਂ ਹੋਵੇ ਜਾਂ ਪਿਓ ਵੱਲੋਂ) ਉਹ ਅੱਗੇ ਚੱਲ ਕੇ ਆਪਣੇ ਵਿਆਹੁਤਾ ਜੀਵਨ ਵਿੱਚ ਵੀ ਉਹੀ ਡਰ ਲੈ ਕੇ ਆਉਂਦਾ ਹੈ। ਉਸਦਾ ਸ਼ੱਕ ਅਕਸਰ ਬਿਨਾਂ ਕਾਰਨ ਹੁੰਦਾ ਹੈ—ਹਰ ਫ਼ੋਨ ਕਾਲ, ਦੇਰ ਨਾਲ ਆਉਣ, ਕਿਸੇ ਵੀ ਦੂਜੇ ਬੰਦੇ ਨਾਲ ਗੱਲ ਕਰਨ 'ਤੇ ਹਰੇਕ ਮੁਸਕਾਨ ਨੂੰ ਉਹ ਸ਼ੱਕ ਨਾਲ ਵੇਖਦਾ ਹੈ। ਇਹ ਸ਼ੱਕ ਪਿਆਰ ਨਹੀਂ; ਅਸੁਰੱਖਿਆ ਹੈ, ਪਰ ਸਮਾਜ ਅਜੇ ਵੀ ਇਸਨੂੰ "ਮਰਦ ਦੀ ਫਿਕਰ" ਕਹਿ ਕੇ ਜਾਇਜ਼ ਠਹਿਰਾਉਂਦਾ ਹੈ।

ਇਸ ਦਾ ਸਭ ਤੋਂ ਵੱਡਾ ਨੁਕਸਾਨ ਘਰਵਾਲੀ ਨੂੰ ਹੁੰਦਾ ਹੈ। ਉਸਦੀ ਸਾਰੀ ਜ਼ਿੰਦਗੀ ਪੁੱਛ-ਗਿੱਛ ਤੇ ਸਫ਼ਾਈਆਂ ਦੇ ਗੇੜ 'ਚ ਫਸ ਜਾਂਦੀ ਹੈ। ਉਹ ਹੌਲੀ-ਹੌਲੀ ਆਪਣੀ ਆਤਮਕ ਆਜ਼ਾਦੀ, ਆਤਮ-ਸਨਮਾਨ ਅਤੇ ਆਵਾਜ਼ ਗੁਆ ਬੈਠਦੀ ਹੈ। ਇਹ ਮਾਨਸਿਕ ਹਿੰਸਾ ਅਕਸਰ ਦਿਸਦੀ ਨਹੀਂ, ਪਰ ਇਸਦੇ ਨਿਸ਼ਾਨ ਬਹੁਤ ਡੂੰਘੇ ਹੁੰਦੇ ਹਨ ਇਸ ਸਾਰੇ ਮਾਹੌਲ ਵਿੱਚ ਪਲਦੇ ਬੱਚੇ ਲਈ ਰਿਸ਼ਤਿਆਂ ਦੀ ਪਰਿਭਾਸ਼ਾ ਹੀ ਗਲਤ ਬਣ ਜਾਂਦੀ ਹੈ। ਉਹ ਜਾਂ ਤਾਂ ਵਿਆਹ ਤੋਂ ਡਰਦਾ ਹੈ ਜਾਂ ਫਿਰ ਉਹੀ ਰਵੱਈਏ ਅਪਣਾਉਂਦਾ ਹੈ, ਜੋ ਉਸਨੇ ਘਰ ਵਿੱਚ ਵੇਖੇ ਹੁੰਦੇ ਹਨ। ਇਸ ਤਰ੍ਹਾਂ ਬੇ-ਭਰੋਸੇ, ਸ਼ੱਕ ਅਤੇ ਟੁੱਟੇ ਰਿਸ਼ਤਿਆਂ ਦਾ ਇੱਕ ਕੁ-ਚੱਕਰ ਪੀੜ੍ਹੀ ਦਰ ਪੀੜ੍ਹੀ ਚੱਲ ਪੈਂਦਾ ਹੈ।

ਸਮਾਜ ਨੂੰ ਹੁਣ ਇਹ ਸਵੀਕਾਰ ਕਰਨਾ ਪਵੇਗਾ ਕਿ ਵਿਆਹ ਬਾਹਰੇ ਰਿਸ਼ਤੇ ਸਿਰਫ਼ ਨੈਤਿਕ ਮੁੱਦਾ ਨਹੀਂ, ਸਗੋਂ ਇੱਕ ਗੰਭੀਰ ਸਮਾਜਕ ਸੰਕਟ ਹਨ। ਆਜ਼ਾਦੀ ਜਦੋਂ ਜ਼ਿੰਮੇਵਾਰੀ ਤੋਂ ਵੱਖ ਹੋ ਜਾਵੇ, ਤਾਂ ਉਹ ਮਾਸੂਮ ਬੱਚਿਆਂ ਅਤੇ ਬੇ-ਆਵਾਜ਼ ਔਰਤਾਂ ਲਈ ਸਜ਼ਾ ਬਣ ਜਾਂਦੀ ਹੈ।

ਜੇ ਰਿਸ਼ਤਾ ਨਹੀਂ ਨਿਭ ਸਕਦਾ ਤਾਂ ਸੱਚ ਅਤੇ ਸਨਮਾਨ ਨਾਲ ਰਾਹ ਵੱਖ ਕਰਨੇ ਚਾਹੀਦੇ ਹਨ।ਝੂਠ, ਦੋਹਰੀ ਜ਼ਿੰਦਗੀ ਅਤੇ ਧੋਖੇ ਦੀ ਕੀਮਤ ਬੱਚਿਆਂ ਦੀ ਮਨੋਵਿਗਿਆਨਕ ਤਬਾਹੀ ਅਤੇ ਔਰਤ-ਮਰਦ ਦੀ ਦੁਰਦਸ਼ਾ ਦੇ ਰੂਪ ਵਿੱਚ ਨਹੀਂ ਚੁਕਾਈ ਜਾ ਸਕਦੀ।

ਕਿਉਂਕਿ ਸਭ ਤੋਂ ਵੱਡਾ ਅਪਰਾਧ ਵਿਆਹ ਦਾ ਟੁੱਟਣਾ ਨਹੀਂ , ਸਗੋਂ ਜੀਵਨ ਸਾਥੀ ਦਾ ਟੁੱਟਿਆ ਹੋਇਆ ਭਰੋਸਾ ਤੇ ਬੱਚਿਆਂ ਦਾ ਜ਼ਖ਼ਮੀ ਬਚਪਨ ਹੁੰਦਾ ਹੈ , ਜਿਸ ਦਾ ਬੁਰਾ ਅਸਰ ਅੱਗੇ ਚੱਲ ਕੇ ਬੱਚਿਆਂ ਦੇ ਵਿਆਹੁਤਾ ਜੀਵਨ 'ਤੇ ਵੀ ਪੈਂਦਾ ਹੈ। ਇਸ ਲਈ ਇਸ ਸਭ ਨੂੰ ਸਮਾਜ ਵਿੱਚ ਵਧਣ ਦੇਣਾ ਹੀ ਵੱਡਾ ਗੁਨਾਹ ਹੈ।


## ਪੰਜਾਬ ਨੈਸ਼ਨਲ ਬੈਂਕ
..ਭਰੋਸੇ ਦਾ ਪ੍ਰਤੀਕ

ਸਰਕਲ ਦਫਤਰ ਫਾਜ਼ਿਲਕਾ

ਸੁਰੱਖਿਅਤ ਸੰਪੱਤੀਆਂ ਦੀ ਈ-ਨਿਲਾਮੀ ਵਿਕਰੀ 06.02.2026 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 04.00 ਵਜੇ ਤੱਕ

ਈ-ਨਿਲਾਮੀ ਵਿਕਰੀ ਸੂਚਨਾ

**ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਵਿਕਰੀ ਸੂਚਨਾ**

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।
ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ (†) ਅਤੇ ਜ਼ਾਮਨ (†) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀ, ਜਿਸ ਦਾ ਉਸਾਰੂ/ਭੌਤਿਕ/ਸੰਕੇਤਕ ਕਬਜ਼ਾ ਬੈਂਕ/ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਸੀ, ਦੀ ਵਿਕਰੀ ਸਬੰਧਤ ਕਰਜ਼ਦਾਰ (†) ਅਤੇ ਜ਼ਾਮਨ (†) ਤੋਂ ਬੈਂਕ/ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ ਨਿਮਨ ਦਰਸਾਈ ਰਕਮ ਦੀ ਵਸੂਲੀ ਦੇ ਲਈ ਵਿਕਰੀ ਦੀ ਮਿਤੀ ਨੂੰ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ" 'ਤੇ ਵੇਚੀ ਜਾਵੇਗੀ। ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਸਬੰਧਤ ਸੰਪੱਤੀਆਂ ਦੇ ਅਧੀਨ ਨਿਮਨ ਸਾਰਣੀ ਵਿਚ ਦਰਸਾਏ ਅਨੁਸਾਰ ਹੋਵੇਗੀ।

| ਲ ਨੰ. / ਆਈ. ਪੀ. ਦੀ ਲੜੀ / ਸੰਪੱਤੀ ਆਈਡੀ | ਸ਼ਾਖਾ ਦਾ ਨਾਮ / ਖਾਤੇ ਦਾ ਨਾਮ / ਪ੍ਰੋਪ/ਨਿਰਦੇਸ਼ਕ/ਭਾਈਵਾਲ/ ਜ਼ਾਮਨ/ਕਰਤਾ/ਗਿਰਵੀਕਾਰ/ਕਾਨੂੰਨੀ ਵਾਰਸ | ਸੰਪੱਤੀ/ਆਂ ਦੇ ਵੇਰਵੇ | ਧਾਰਾ 13 (2) ਅਧੀਨ ਸੂਚਨਾ ਦੀ ਮਿਤੀ / ਮੰਗ ਰਕਮ / ਧਾਰਾ 13 (4) ਅਧੀਨ ਕਬਜ਼ ਦੀ ਮਿਤੀ | ਰਾਖਵੀਂ ਕੀਮਤ / ਬਿਆਨਾ ਰਕਮ ਜਮ੍ਹਾਂ / ਬੋਲੀ ਵਾਧਾ ਰਕਮ | ਕਬਜ਼ੇ ਦੀ ਕਿਸਮ |
|---|---|---|---|---|---|
| 1. 2026/01 PUNBLV357108696 | 168410-ਭਾਨਾ / ਗੁਰਪ੍ਰੀਤ ਸਿੰਘ ਸਪੁੱਤਰ ਕਾਰਜ ਸਿੰਘ | ਖਾਲੀ ਪਲਾਟ ਜ਼ਮੀਨ ਦਾ ਸਾਰਾ ਹਿੱਸਾ ਅਤੇ ਪਾਰਸਲ (16'6"X66'0") 04 ਮਰਲੇ (121 ਵਰਗ ਗਜ਼) 11 ਕਨਾਲ 11 ਮਰਲੇ ਦਾ 121/6988 ਹਿੱਸਾ ਹੈ ਜੋ ਖਸਰਾ ਨੰਬਰ 125/ /13/2/3-11, 18/8-0, ਖੇਵਟ ਨੰਬਰ 151, ਖਟੌਨੀ ਨੰਬਰ 242, ਅਗਵਾਰ ਥਾਰਾ, ਨਾਨਕ ਨਗਰੀ, ਸਿੱਖਾਂਵਾਲਾ ਰੋਡ, ਕੋਟਕਪੂਰਾ (ਪੰਜਾਬ) ਵਿਖੇ ਸਥਿਤ ਹੈ। ਸ਼੍ਰੀ ਗੁਰਪ੍ਰੀਤ ਸਿੰਘ ਪੁੱਤਰ ਸ਼੍ਰੀ ਕਾਰਜ ਸਿੰਘ ਮਲਕੀਅਤ ਹੈ। ਆਰਟੀਡੀ ਨੰ. 2021-22/41/1/1797 ਮਿਤੀ 13.12.2021। ਸੀਮਾ: ਪੂਰਬ-ਰਾਹ, ਪੱਛਮ-ਖਾਲੀ ਪਲਾਟ, ਉੱਤਰ-ਪਿੰਡ ਪਰਮਜੀਤ ਕੌਰ, ਦੱਖਣ-ਪਿੰਡ ਮਾਇਆ ਦੇਵੀ। | 09-06-2023 / Rs. 10,73,267.46 as on 31.05.2023 Intt. and Charges / 01-09-2023 | Rs. 1,95,000/- / Rs. 19,500/- / Rs. 10,000/- | ਭੌਤਿਕ ਕਬਜ਼ਾ |
| 2. 2026/02 PUNBEQC49064320 | ਮਲੋਟ ਮੇਨ-033700 / 1. ਮਿਸ ਨਰਿਦਰ ਕੌਰ ਸੁਪਤਨੀ ਤਜਿੰਦਰ ਸਿੰਘ, 2. ਸ਼੍ਰੀ ਤਜਿੰਦਰ ਸਿੰਘ ਸਪੁੱਤਰ ਹਰਚਰਨ ਸਿੰਘ, 3. ਸ਼੍ਰੀ ਬਲਵਿੰਦਰ ਸਿੰਘ ਤਿਆਗੀ ਸਪੁੱਤਰ ਮੇਹਰ ਸਿੰਘ। | ਦੋ ਮੰਜ਼ਲੀ ਰਿਹਾਇਸ਼ੀ ਮਕਾਨ ਦਾ ਸਾਰੇ ਭਾਗ ਅਤੇ ਹਿੱਸੇ (12' x 50') ਲਗਭਗ 600 ਵਰਗ ਫੁੱਟ 2.5 ਮਰਲਾ 1½ 5 ਮਰਲੇ ਦਾ ਹਿੱਸਾ ਜਿਸ ਵਿੱਚ ਖਸਰਾ ਨੰਬਰ 344/1/165/2(0-2), 344/1/166(0-1), 344/1/167/1(0-2), ਖੇਵਟ ਨੰਬਰ 517, ਖਟੌਨੀ ਨੰਬਰ 914, ਗਲੀ ਨੰਬਰ 8, ਚੰਦਰ ਮਾਡਲ ਸਕੂਲ ਦੇ ਨੇੜੇ, ਵਾਰਡ ਨੰ. 12, ਐਸ.ਏ.ਐਸ. ਨਗਰ ਮਲੋਟ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ (ਪੀ.ਬੀ.) ਸ਼੍ਰੀਮਤੀ ਨਰਿਦਰ ਕੌਰ ਪਤਨੀ ਤਜਿੰਦਰ ਸਿੰਘ ਦੀ ਮਲਕੀਅਤ ਹੈ, ਜਿਸਦੀ ਮਾਲਕੀ ਆਰਟੀਡੀ ਨੰਬਰ 4598 ਮਿਤੀ 01.03.2006 ਦੁਆਰਾ ਕੀਤੀ ਗਈ ਹੈ। ਹੇਠ ਲਿਖੇ ਅਨੁਸਾਰ ਸੀਮਾਬੱਧ: ਪੂਰਬ: 12'0" ਸਟਰੀਟ, ਪੱਛਮ: 12'0" ਕੰਡਕਟਰ, ਉੱਤਰ: 50'0" ਉਦੇ ਨਾਥ ਪਾਂਡੇ, ਦੱਖਣ: 50'0" ਰਾਜੇਸ਼ ਕੁਮਾਰ। | 01.11.2022 / Rs. 9,24,393.10 as on 31.10.2022 Plus Intt. and Charges thereon / 04.03.2023 | Rs. 9,20,000/- / Rs. 92,000/- / Rs. 10,000/- | ਸੰਕੇਤਕ ਕਬਜ਼ਾ |
| 3. 2026/03 PUNBLV351988254 | ਭਾਨਾ-168410 / ਨਿਸ਼ਾਨ ਸਿੰਘ ਸਪੁੱਤਰ ਜਸਬੀਰ ਸਿੰਘ | ਡਬਲ ਸਟੋਰੀ ਰਿਹਾਇਸ਼ੀ ਘਰ ਦਾ ਸਾਰਾ ਹਿੱਸਾ ਅਤੇ ਪਾਰਸਲ (14'6" x 56') ਲਗਭਗ 90.8 ਵਰਗ ਗਜ਼ ਅਰਥਾਤ (ਏ) 2.34 ਮਰਲੇ (70.8 ਵਰਗ ਗਜ਼) 70.80/15034 ਹਿੱਸੇ 24 ਮਰਲੇ 15034 ਕਨਾਲ ਜਿਸ ਵਿੱਚ ਖਸਰਾ ਨੰ: 87//22/2/5-4, 23/2/5-7, 25/2/6-3, 88//21/1/6-19, 22/1/1-4, ਖੇਵਟ ਨੰ. 73, ਖਤੌਨੀ ਨੰ. 77 ਜਮਾਂਬੰਦੀ ਸਾਲ 2019-2020 ਅਨੁਸਾਰ ਅਤੇ (ਅ) 0.66 ਮਰਲੇ (20 ਵਰਗ ਗਜ਼) 5 ਕਨਾਲ 01 ਮਰਲੇ ਦੇ 20/3055 ਹਿੱਸੇ ਵਜੋਂ ਖਸਰਾ ਨੰ. 87//24/2/5-1, ਖੇਵਟ ਨੰ. 120, ਖਤੌਨੀ ਨੰ. 155 ਜਮ੍ਹਾਂਬੰਦੀ ਸਾਲ 2019-20 ਅਨੁਸਾਰ ਸਿੱਖਾਂ ਵਾਲਾ ਰੋਡ, ਨੇੜੇ ਬਿਰਧ ਆਸ਼ਰਮ (ਬੁਢਾਪਾ ਘਰ), ਗੁਰੂਨਾਨਕ ਐਨਕਲੇਵ, ਕੋਟਕਪੂਰਾ, ਜ਼ਿਲ੍ਹਾ. ਫਰੀਦਕੋਟ (ਪੰਜਾਬ) ਸ਼੍ਰੀ ਨਿਸ਼ਾਨ ਸਿੰਘ ਸਪੁੱਤਰ ਜਸਬੀਰ ਸਿੰਘ ਦੇ ਨਾਂ 'ਤੇ ਉਪਲਬਧ ਬੈਂਕ ਰਿਕਾਰਡ ਅਨੁਸਾਰ ਆਰ.ਟੀ.ਡੀ. ਨੰਬਰ 2021-22/41/1/1788 ਮਿਤੀ 13.12.2021 ਦੇ ਇੰਤਕਾਲ ਨੰ. 5965 ਅਤੇ 3343. ਹੱਦਬੰਦੀ:- ਉੱਤਰ ਵੱਲ:-ਗਲੀ, ਦੱਖਣ ਵੱਲ:-ਪਾਹੀ, ਪੂਰਬ ਵੱਲ:-ਪਲਾਟ ਨੰਬਰ 38, ਪੱਛਮ ਵੱਲ-ਪੀ/ਓ ਮਨਪ੍ਰੀਤ ਕੌਰ। | 02-03-2024 / Rs. 11,36,144/- as on 31.01.2024 Intt. and Charges / 13-05-2024 | Rs. 4,95,000/- / Rs. 49,500/- / Rs. 10,000/- | ਸੰਕੇਤਕ ਕਬਜ਼ਾ |
| 4. 2026/04 PUNB65U28180270 | 075900-ਲੱਧੂਕਾ ਮੰਡੀ / ਮੈਸ. ਵਰਵਾਲ ਟ੍ਰੇਡਿੰਗ ਕੰਪਨੀ ਪਰਮਜੀਤ ਸਿੰਘ ਸਪੁੱਤਰ ਮੰਗਲ ਸਿੰਘ, ਊਸ਼ਾ ਰਾਣੀ ਸੁਪਤਨੀ ਪਰਮਜੀਤ ਸਿੰਘ। | 10 ਮਰਲੇ ਮਾਪ ਵਾਲੀ ਰਿਹਾਇਸ਼ੀ ਸੰਪੱਤੀ (1) ਰੈਕਟ ਨੰ. 15, ਕਿਲਾ ਨੰ. 16/2 ਮਿਨ (4-0), ਖੇਵਟ ਨੰ. 70, ਖਤੌਨੀ ਨੰ. 96 ਵਿਚ ਸ਼ਾਮਲ 04 ਕਨਾਲ ਮਾਪ ਵਾਲੇ ਕੁੱਲ ਰਕਬੇ ਦੇ 1/9 ਹਿੱਸੇ ਵਜੋਂ 8 ਮਰਲੇ 08 ਸਰਸਾਹੀ ਅਤੇ (2) ਸ਼੍ਰੀਮਤੀ ਊਸ਼ਾ ਰਾਣੀ ਸੁਪਤਨੀ ਸ਼੍ਰੀ ਪਰਮਜੀਤ ਸਿੰਘ ਦੀ ਮਾਲਕੀ ਹੇਠ ਉਪਲਬਧ ਬੈਂਕ ਰਿਕਾਰਡ ਦੇ ਅਨੁਸਾਰ ਆਰਟੀਡੀ ਨੰ 1523 ਮਿਤੀ 18.07.2017 ਦੇ ਅਧੀਨ ਪਿੰਡ ਲੱਖੇ ਕੇ ਉਤਾੜ, ਤਹਿਸੀਲ ਅਤੇ ਜ਼ਿਲ੍ਹਾ ਫਾਜ਼ਿਲਕਾ (ਪੰਜਾਬ) ਵਿਖੇ ਸਥਿਤ ਸਾਲ 2017-2018 ਦੇ ਲਈ ਜਮ੍ਹਾਂਬੰਦੀ ਅਧੀਨ ਰੈਕਟ ਨੰ. 15, ਕਿਲਾ ਨੰ. 16/2 ਮਿਨ (2-0), ਖੇਵਟ ਨੰ. 70, ਖਤੌਨੀ ਨੰ. 99 ਵਿਚ ਸ਼ਾਮਲ 02 ਕਨਾਲ ਮਾਪ ਵਾਲੇ ਕੁੱਲ ਰਕਬੇ ਦੇ 10/360 ਹਿੱਸੇ ਵਜੋਂ 01 ਮਰਲਾ 01 ਸਰਸਾਹੀ ਮਾਪ ਵਾਲੀ ਸੰਪੱਤੀ। ਹੱਦਬੰਦੀ : ਪੂਰਬ ਵੱਲੋਂ : ਦੇਸ ਸਿੰਘ ਦੀ ਸੰਪੱਤੀ, ਪੱਛਮ ਵੱਲੋਂ : ਜੰਗੀਰ ਸਿੰਘ ਅਤੇ ਅਮਰ ਸਿੰਘ ਦਾ ਮਕਾਨ, ਉਤਰ ਵੱਲੋਂ : ਦਰਸ਼ਨ ਸਿੰਘ ਦੀ ਸੰਪੱਤੀ, ਦੱਖਣ : ਗਲੀ। | 04.04.2022 / Rs. 14,05,731.64 as on 31.03.2022 + Intt. and Charges / 01.07.2022 | Rs. 16,91,000/- / Rs. 1,69,100/- / Rs. 10,000/- | ਸੰਕੇਤਕ ਕਬਜ਼ਾ |
| 5. 2026/05 PUNB77K10324577 | (ਕੋਟਕਪੂਰਾ, ਮੇਨ-027300) / ਰਮੇਸ਼ ਕੁਮਾਰ ਸਪੁੱਤਰ ਬਾਬੂ ਰਾਮ ਅਨੀਤਾ ਕੁਮਾਰ ਕਪਿਲਾ ਸੁਪਤਨੀ ਰਮੇਸ਼ ਕੁਮਾਰ, ਆਨੀਆ ਕਪਿਲਾ ਸਪੁੱਤਰੀ ਰਮੇਸ਼ ਕੁਮਾਰ ਕਪਿਲਾ, ਰਾਜਨ ਪੱਬੀ ਸਪੁੱਤਰ ਮਦਨ ਕਿਸ਼ੋਰ ਪੱਬੀ। | 04 ਮਰਲੇ (120 ਵਰਗ ਗਜ਼) ਵਾਲੇ ਰਿਹਾਇਸ਼ੀ ਘਰ ਦੇ ਬਰਾਬਰ ਗਿਰਵੀਨਾਮੇ ਦੇ ਸਾਰੇ ਹਿੱਸੇ ਅਤੇ ਪਾਰਸਲ ਜੋ ਕਿ 83 ਕਨਾਲ-14 ਮਰਲੇ ਮੁਰੱਬਾ ਨੰਬਰ 257, ਕਿਲਾ ਨੰਬਰ 7/2/0-15, ਮੁਰੱਬਾ ਨੰਬਰ 313 ਕਿਲਾ ਨੰਬਰ 1/8-0,10/4-11, ਮੁਰੱਬਾ ਨੰਬਰ 314 ਕਿਲਾ ਨੰਬਰ 5/8-0 ਅਤੇ ਖਸਰਾ ਨੰਬਰ 2374/10-18, 2378 ਮਿੰਨ/9-6, 2385 ਮਿੰਨ/8-13, 2394/1-13,2387/8-0, ਮੁਰੱਬਾ ਨੰਬਰ 1257 ਕਿਲਾ ਨੰਬਰ 7/3/1/0-15, 7/1/2-8,7/3/2/0-15, 7/3/3/0-17, 7/5/2-10, 3/1/1-5, 3/2/0-15, ਮੁਰੱਬਾ ਨੰਬਰ 314 ਕਿਲਾ ਨੰਬਰ 6/6-4, ਮੁਰੱਬਾ ਨੰਬਰ 257 ਕਿਲਾ ਨੰਬਰ 3/3/1/2/0-9, 8/2/0-5, 3/3/1/1/2/0-18, 3/2/2/1-1, 3/3/1/1/2/0-18 ਖੇਵਟ ਨੰਬਰ 254। ਸਬ ਰਜਿਸਟਰਾਰ ਦਫ਼ਤਰ ਕੋਟਕਪੂਰਾ ਵਿੱਚ ਅਨੀਤਾ ਕਪਿਲਾ ਪਤਨੀ ਰਮੇਸ਼ ਕੁਮਾਰ ਦੇ ਨਾਮ 'ਤੇ ਰਜਿਸਟਰਡ ਜਾਇਦਾਦ ਸੇਲ ਡੀਡ ਨੰਬਰ 2769 ਮਿਤੀ 06.01.2015 ਨੂੰ। ਪਲਾਟ ਨੰਬਰ 8 ਰਾਮ ਲਛਮਣ ਐਨਕਲੇਵ ਸਿੱਖਾਂ ਵਾਲਾ ਰੋਡ, ਗਲੀ ਨੰਬਰ 3, ਆਦਰਸ਼ ਨਗਰ, ਬੈਕ ਸਾਈਡ ਟੈਂਡਰੀ ਅਗਵਾਰ ਬਾਜ਼ਾਰ, ਕੋਟਕਪੂਰਾ, ਜ਼ਿਲ੍ਹਾ-ਫਰੀਦਕੋਟ ਪੰਜਾਬ ਵਿੱਚ ਸਥਿਤ ਹੈ। ਉੱਤਰ-ਪੈਸੇਜ 16', ਦੱਖਣੀ-ਜ਼ੀਰੋ ਬਿੰਦੂ ਅਤੇ ਸੱਜਾ ਕੋਣ ਵਾਲਾ ਪਾਸਾ 16', ਪੂਰਬ-ਸਵੈ ਸਾਈਡ 56', ਪੱਛਮ-ਪਰਵੀਨ ਕੁਮਾਰੀ ਸਾਈਡ 85' ਖੁਲਾਸਾ:-ਸੇਲ ਡੀਡ ਦੇ ਅਨੁਸਾਰ, ਬਿਨੈਕਾਰ/ਕਰਜ਼ਾ ਲੈਣ ਵਾਲਾ 120 ਵਰਗ ਗਜ਼ ਦਾ ਮਾਲਕ ਹੈ, ਪਰ ਨਵੀਨਤਮ ਮਾਲੀਆ ਰਿਕਾਰਡ ਜਮ੍ਹਾਂਬੰਦੀ ਸਾਲ 2019-20 ਦੇ ਅਨੁਸਾਰ, ਬਿਨੈਕਾਰ/ਕਰਜ਼ਦਾਰ ਨੂੰ 114 ਵਰਗ ਗਜ਼ ਦਾ ਮਾਲਕ ਦਿਖਾਇਆ ਗਿਆ ਹੈ। | 09.06.2021 / Rs. 15,71,710.98 as on 22.04.2021+ Intt. and Charges / 18.12.2021 | Rs. 18,50,000/- / Rs. 1,85,000/- / Rs. 10,000/- | ਸੰਕੇਤਕ ਕਬਜ਼ਾ |

ਇਹ ਵਿਕਰੀ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਵਿੱਚ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਅਤੇ ਹੇਠ ਲਿਖੀਆਂ ਹੋਰ ਸ਼ਰਤਾਂ ਦੇ ਅਧੀਨ ਹੋਵੇਗੀ:
1. ਸੰਪੱਤੀਆਂ 'ਜਿਵੇਂ ਹੈ ਜਿਥੇ ਹੈ ਆਧਾਰ' ਅਤੇ 'ਜਿਵੇਂ ਹੈ ਜੋ ਹੈ ਆਧਾਰ' ਅਤੇ "ਜੋ ਵੀ ਉਥੇ ਹੈ ਆਧਾਰ" 'ਤੇ ਵੇਚੀਆਂ ਜਾ ਰਹੀਆਂ ਹਨ।
2. ਉਕਤ ਦਰਸਾਈ ਸੂਚੀ ਵਿਚ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਰਵੋਤਮ ਜਾਣਕਾਰੀ ਲਈ ਦਰਸਾਏ ਗਏ ਹਨ, ਪ੍ਰੰਤੂ ਅਧਿਕਾਰਤ ਅਧਿਕਾਰੀ ਇਸ ਐਲਾਨਨਾਮੇ ਵਿਚ ਕਿਸੇ ਵੀ ਤਰੁੱਟੀ, ਗਲਤ ਬਿਆਨੀ ਜਾਂ ਕਟੌਤੀ ਲਈ ਜੁਆਬਦੇਹ ਨਹੀਂ ਹੋਵੇਗਾ।
3. ਵਿਕਰੀ ਵੈੱਬਸਾਈਟ 'ਤੇ ਪ੍ਰਦਾਨ ਕੀਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ ਹੇਠ ਹਸਤਾਖਰਕਰਤਾ ਦੁਆਰਾ ਕੀਤੀ ਜਾਵੇਗੀ https://baanknet.com ਲਈ 06.02.2026 ਨੂੰ ਸਵੇਰੇ 11:00 ਵਜੇ ਤੋਂ ਸ਼ਾਮ 04:00 ਵਜੇ ਤੱਕ।
4. ਪਹਿਲੀ ਬੋਲੀ ਰਿਜ਼ਰਵ ਕੀਮਤ ਤੋਂ ਵੱਧ ਰਕਮ 'ਤੇ ਸ਼ੁਰੂ ਹੋਣੀ ਚਾਹੀਦੀ ਹੈ।
5. ਸਾਰੇ ਕਾਨੂੰਨੀ ਬਕਾਏ/ਅਟੈਂਡੈਂਟ ਚਾਰਜ/ਰਜਿਸਟ੍ਰੇਸ਼ਨ ਚਾਰਜ, ਸਟੈਂਪ ਡਿਊਟੀ, ਜੀਐਸਟੀ, ਟੈਕਸ ਆਦਿ ਸਮੇਤ ਹੋਰ ਬਕਾਏ ਖਰੀਦਦਾਰ ਦੁਆਰਾ ਸਹਿਣ ਕੀਤੇ ਜਾਣਗੇ।
6. ਫਾਰਮ 16ਬੀ 'ਤੇ ਟੀਡੀਐਸ ਦਾ ਟੀਡੀਐਸ ਸਰਟੀਫਿਕੇਟ ਬਾਅਦ ਵਿੱਚ ਬੈਂਕ ਨੂੰ ਜਮ੍ਹਾ ਕਰਨਾ ਹੋਵੇਗਾ। ਜਿੱਥੇ ਜਾਇਦਾਦ ਦੀ ਵਿਕਰੀ ਕੀਮਤ 50.00 ਲੱਖ ਰੁਪਏ ਅਤੇ ਇਸ ਤੋਂ ਵੱਧ ਹੈ, ਨਿਲਾਮੀ ਖਰੀਦਦਾਰ ਨੂੰ ਆਮਦਨ ਕਰ ਐਕਟ ਦੀ ਧਾਰਾ 194 ਆਈਏ ਦੇ ਅਨੁਸਾਰ ਆਮਦਨ ਕਰ ਵਿਭਾਗ ਨੂੰ ਟੀਡੀਐਸ ਭੇਜਣਾ ਪਵੇਗਾ। ਵਿਕਰੀ ਸਰਟੀਫਿਕੇਟ ਸਿਰਫ ਫਾਰਮ ਨੰਬਰ 26QB ਅਤੇ ਚਲਾਨ ਦੀ ਰਸੀਦ ਜਾਰੀ ਕੀਤੀ ਜਾਵੇਗੀ।
7. ਸੰਪੱਤੀ/ਆਂ ਦੇ ਉਪਰ ਕੋਈ ਵੀ ਦੇਣਦਾਰੀਆਂ ਬੈਂਕ/ਸੁਰੱਖਿਅਤ ਕਰਜ਼ਦਾਤਾ ਦੀ ਜਾਣਕਾਰੀ ਵਿਚ ਨਹੀਂ ਹਨ।
8. ਅਧਿਕਾਰਤ ਅਧਿਕਾਰੀ ਕਿਸੇ ਵੀ ਸਮੇਂ ਸਾਰੀਆਂ ਬੋਲੀਆਂ ਨੂੰ ਸਵੀਕਾਰ ਕਰਨ ਜਾਂ ਰੱਦ ਕਰਨ ਦਾ ਅਧਿਕਾਰ ਰੱਖਦਾ ਹੈ, ਜੇਕਰ ਸਵੀਕਾਰਯੋਗ ਨਹੀਂ ਪਾਇਆ ਜਾਂਦਾ ਹੈ ਜਾਂ ਬਿਨਾਂ ਕਿਸੇ ਕਾਰਨ ਦੱਸੇ ਨਿਲਾਮੀ ਦੀਆਂ ਸ਼ਰਤਾਂ ਨੂੰ ਮੁਲਤਵੀ/ਰੱਦ/ਮੁਲਤਵੀ/ਬੰਦ ਕਰਨ ਜਾਂ ਬਦਲਣ ਦਾ ਅਧਿਕਾਰ ਰੱਖਦਾ ਹੈ ਅਤੇ ਇਸ ਸਬੰਧ ਵਿੱਚ ਉਸਦਾ ਫੈਸਲਾ ਅੰਤਿਮ ਹੋਵੇਗਾ।
9. ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ support.baanknet@psballiance.com +9182912 20220 ਅਤੇ www.pnbindia.in ਦਾ ਹਵਾਲਾ ਲਓ ਜਾਂ ਸਾਡੇ ਦਫ਼ਤਰ, ਫਾਜ਼ਿਲਕਾ ਨਾਲ ਫ਼ੋਨ ਨੰਬਰ 01638-500164, ਜਾਂ ਮੁੱਖ ਪ੍ਰਬੰਧਕ ਸ਼੍ਰੀ ਪ੍ਰੇਮ ਕੁਮਾਰ ਨਾਲ ਮੋਬ. ਨੰ.: 9829890590, ਈਮੇਲ ਆਈਡੀ : cofazilka@pnb.bank.in 'ਤੇ ਸੰਪਰਕ ਕਰੋ।

ਮਿਤੀ : 20.01.2026 ਸਥਾਨ : ਫਾਜ਼ਿਲਕਾ ਅਧਿਕਾਰਤ ਅਧਿਕਾਰੀ, ਪੰਜਾਬ ਨੈਸ਼ਨਲ ਬੈਂਕ

ਸਰਫਾਇਸੀ ਐਕਟ 2002 ਦੇ ਨਿਯਮ 8(6) ਅਧੀਨ 15 ਰੋਜ਼ਾ ਵਿਧਾਨਕ ਵਿਕਰੀ ਸੂਚਨਾ




## ਗੁਰਦੁਆਰਾ ਭਾਈ ਹਰਦਾਸ ਬੁਰਜ ਸਾਹਿਬ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ



ਚੌਗਾਵਾਂ, 20 ਜਨਵਰੀ (ਸੁਬੇਗ ਸਿੰਘ ਸੋਨਾ): ਕਲਗੀਧਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨ ਸੇਵਕ ਬਾਬਾ ਭਾਈ ਹਰਦਾਸ ਜੀ ਦੇ ਪਵਿੱਤਰ ਸਥਾਨ ਗੁਰਦੁਆਰਾ ਬੁਰਜ ਸਾਹਿਬ ਲੋਪੋਕੇ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਗੁਰਦੁਆਰਾ ਸਾਹਿਬ ਵਿਖੇ ਪਾਠ ਦੇ ਭੋਗ ਤੋਂ ਉਪਰੰਤ ਫੁੱਲਾਂ ਨਾਲ ਸ਼ਿੰਗਾਰੀ ਗੱਡੀ 'ਚ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੁਸ਼ੋਭਿਤ ਸੀ, ਜਿਸ ਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ। ਨਗਰ ਕੀਰਤਨ ਦੀ ਆਰੰਭਤਾ ਗ੍ਰੰਥੀ ਸ਼ਮਸ਼ੇਰ ਸਿੰਘ ਵੱਲੋਂ ਗੁਰਦੁਆਰਾ ਸਾਹਿਬ ਤੋਂ ਅਰਦਾਸ ਕਰਕੇ ਕੀਤੀ ਗਈ। ਉਪਰੰਤ ਇਹ ਨਗਰ ਕੀਰਤਨ ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਸਾਹਿਬ ਵਿਖੇ ਸੰਪੂਰਨ ਹੋਇਆ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਸੁਰਜੀਤ ਸਿੰਘ ਭਿੱਟੇਵੱਡ, ਰਾਣਾ ਰਣਬੀਰ ਸਿੰਘ ਲੋਪੋਕੇ, ਪ੍ਰਧਾਨ ਦਿਆਲ ਸਿੰਘ, ਪਿਸ਼ੌਰਾ ਸਿੰਘ, ਚਮਕੌਰ ਸਿੰਘ ਬਾਬਾ ਜੋਗਿੰਦਰ ਸਿੰਘ, ਹਰਨੇਕ ਸਿੰਘ ਆੜ੍ਹਤੀ, ਲਖਵਿੰਦਰ ਸਿੰਘ ਬਾਬਾ ਦਲਜੀਤ ਸਿੰਘ ਬਿੱਟੂ, ਬਾਬਾ ਸੁਰਜੀਤ ਸਿੰਘ ਹੇਤਮਪੁਰਾ, ਬਲਰਾਜ ਸਿੰਘ ਆਦਿ ਹਾਜ਼ਰ ਸਨ।

## ਯੁਵਾ ਆਪਦਾ ਮਿੱਤਰ ਸਕੀਮ ਤਹਿਤ ਬਾਬਾ ਕੂਮਾ ਇੰਜੀਨੀਅਰਿੰਗ ਕਾਲਜ ਵਿਖੇ ਟ੍ਰੇਨਿੰਗ ਦਾ ਪਹਿਲਾ ਦਿਨ



ਅੰਮ੍ਰਿਤਸਰ, 20 ਜਨਵਰੀ (ਗੁਰਦਿਆਲ ਸਿੰਘ): ਅਪ ਸਕੇਲਿੰਗ ਆਫ਼ ਆਪਦਾ ਮਿੱਤਰ ਯੁਵਾ ਆਪਦਾ ਮਿੱਤਰ ਸਕੀਮ ਤਹਿਤ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਪੰਜਾਬ ਦੇ ਯੂਥ ਨੂੰ ਟ੍ਰੇਨਿੰਗ ਦੇਣ ਸਬੰਧੀ ਟ੍ਰੇਨਿੰਗ ਪ੍ਰੋਗਰਾਮ ਚਲਾਏ ਗਏ ਹਨ। ਜਿਸ ਸਬੰਧੀ ਮਹਾਤਮਾ ਗਾਂਧੀ ਸਟੇਟ ਇੰਸਟੀਟਿਊਸ਼ਨ ਆਫ ਪਬਲਿਕ ਐਡਮਿਨਿਸਟਰੇਸ਼ਨ ਵੱਲੋਂ ਪਹਿਲੇ ਦਿਨ ਅੰਮ੍ਰਿਤਸਰ ਵਿਖੇ ਟੀਮ ਭੇਜੀ ਗਈ। ਜਿੱਥੇ 400 ਐਨ.ਸੀ.ਸੀ ਵਲੰਟੀਅਰਾਂ ਦਾ ਰਜਿਸਟਰੇਸ਼ਨ ਕੀਤਾ ਗਿਆ। ਇਸ ਟ੍ਰੇਨਿੰਗ ਪ੍ਰੋਗਰਾਮ ਵਿੱਚ ਵਲੰਟੀਅਰਾਂ ਨੂੰ ਆਪਦਾਵਾਂ ਨਾਲ ਨਜਿੱਠਣ ਦੀ ਟ੍ਰੇਨਿੰਗ ਦਿੱਤੀ ਜਾਵੇਗੀ। ਜਿਸ ਵਿੱਚ ਵਲੰਟੀਅਰਾਂ ਨੂੰ ਦੱਸਿਆ ਜਾਵੇਗਾ ਕਿ ਕਿਸ ਤਰ੍ਹਾਂ ਅਸੀਂ ਆਪਦਾ ਦੇ ਆਉਣ ਤੋਂ ਪਹਿਲਾਂ ਹੀ ਤਿਆਰੀ ਕਰ ਲਈਏ ਕੀ ਆਪਦਾ ਜਦ ਵੀ ਆਵੇ ਸਾਡਾ ਕੋਈ ਵੀ ਜਾਨ ਜਾਂ ਮਾਲ ਦਾ ਨੁਕਸਾਨ ਨਾ ਕਰ ਪਾਵੇ। ਜੇਕਰ ਨੁਕਸਾਨ ਹੁੰਦਾ ਵੀ ਹੈ ਤਾਂ ਉਹ ਘੱਟ ਤੋਂ ਘੱਟ ਹੋਵੇ, ਅਸੀਂ ਉਸ ਨੂੰ ਕਮਿਊਨਿਟੀ ਪੱਧਰ 'ਤੇ ਹੀ ਰੋਕ ਸਕੀਏ। ਇਸ ਸਬੰਧੀ ਟ੍ਰੇਨਿੰਗ ਦੇ ਪਹਿਲੇ ਦਿਨ ਕੋਰਸ ਕੋਆਰਡੀਨੇਟਰ ਅੰਕੁਰ ਸ਼ਰਮਾ ਯੁਵਾ ਆਪਦਾ ਮਿੱਤਰ ਸਕੀਮ ਅੰਮ੍ਰਿਤਸਰ, ਵੱਲੋਂ ਟ੍ਰੇਨਿੰਗ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ, ਜਿਸ ਵਿੱਚ ਉਹਨਾਂ ਨੇ ਵਲੰਟੀਅਰਾਂ ਨੂੰ ਸਮਝਾਇਆ ਕਿ ਕਿਸ ਤਰੀਕੇ ਨਾਲ ਅਸੀਂ ਸਿੱਖਣਾ ਹੈ ਅਤੇ ਆਪਦਾਵਾਂ ਨੂੰ ਆਪਣੇ ਆਪ 'ਤੇ ਹਾਵੀ ਹੋਣ ਤੋਂ ਰੋਕਣਾ ਹੈ। ਇਸ ਟ੍ਰੇਨਿੰਗ ਦੇ ਪਹਿਲੇ ਦਿਨ 400 ਵਲੰਟੀਅਰਾਂ ਨੇ ਰਜਿਸਟਰੇਸ਼ਨ ਕੀਤਾ ਵਲੰਟੀਅਰਾਂ ਨੂੰ ਸਮੂਹ ਮੈਗਸੀਪਾ ਟੀਮ ਵੱਲੋਂ ਵੱਖ-ਵੱਖ ਆਪਦਾਵਾਂ ਦੀ ਜਾਣਕਾਰੀ ਦਿੱਤੀ ਗਈ ਜਿਸ ਬਾਰੇ ਆਉਣ ਵਾਲੇ ਦਿਨਾਂ ਵਿੱਚ ਉਹਨਾਂ ਨੂੰ ਵਿਸਥਾਰਪੂਰਵਕ ਸਮਝਾਇਆ ਜਾਵੇਗਾ। ਜਿਸ ਦੇ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਵੀ ਕਰਵਾਏ ਜਾਣਗੇ। ਇਸ ਟਰੇਨਿੰਗ ਪ੍ਰੋਗਰਾਮ ਨੂੰ ਸਫਲਤਾ ਪੂਰਵਕ ਸ਼ੁਰੂ ਕਰਾਉਣ ਵਿੱਚ ਨਾਇਬ ਸੂਬੇਦਾਰ ਬਲਜਿੰਦਰ ਸਿੰਘ, ਕਰਨਲ ਪਵਨਦੀਪ ਬਲ, ਸੂਬੇਦਾਰ ਮੇਜਰ ਲਵ ਸਿੰਘ ਅਤੇ ਸਮੂਹ ਮੈਗਸੀਪਾ ਇੰਸਟਰਕਟਰ ਸਚਿਨ ਸ਼ਰਮਾ, ਸੁਨੀਲ ਕੁਮਾਰ, ਸ਼ੁਭਮ ਵਰਮਾ, ਆਯੂਸ਼, ਪ੍ਰੀਤੀ ਦੇਵੀ ਸ਼ਾਨੂੰ, ਕਸ਼ਿਸ਼ ਸ਼ਰਮਾ, ਪਵਨ, ਪ੍ਰਿਆਸ਼ੂ, ਅੰਜਲੀ ਮੁਸਕਾਨ, ਅੰਜਨਾ, ਸ਼ਾਈਨਾ, ਸਲੋਨੀ, ਯੋਗੇਸ਼ ਆਦਿ ਇੰਸਟਰਕਟਰ ਸ਼ਾਮਲ ਸਨ।

## ਪੰਜਾਬ ਪ੍ਰਦੂਸ਼ਨ ਰੋਕਥਾਮ ਵੱਲੋਂ ਕਚਰਾ ਸਾੜਨ ਦੀ ਰੋਕਥਾਮ ਲਈ ਜਾਗਰੂਕਤਾ




ਅੰਮ੍ਰਿਤਸਰ, 20 ਜਨਵਰੀ (ਬਬਲੂ ਮਹਾਜਨ): ਚੇਅਰਪਰਸਨ, ਪੰਜਾਬ ਪ੍ਰਦੂਸ਼ਨ ਰੋਕਥਾਮ ਬੋਰਡ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਕਰਦਿਆਂ ਅਤੇ ਕਮਿਸ਼ਨਰ, ਅੰਮ੍ਰਿਤਸਰ ਦੀ ਰਾਹਨੁਮਾਈ ਹੇਠ ਯੂਟੀ ਮਾਰਕੀਟ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ (ਵੈਸਟ ਜ਼ੋਨ) ਵਿੱਚ ਨਗਰ ਨਿਗਮ ਠੋਸ ਕਚਰਾ ਸਾੜਨ ਦੀ ਰੋਕਥਾਮ ਸਬੰਧੀ ਇਕ ਵਿਸ਼ੇਸ਼ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਹ ਪ੍ਰੋਗਰਾਮ ਪੰਜਾਬ ਪ੍ਰਦੂਸ਼ਨ ਰੋਕਥਾਮ ਬੋਰਡ ਵੱਲੋਂ ਮਿਊਂਸਿਪਲ ਕਾਰਪੋਰੇਸ਼ਨ, ਅੰਮ੍ਰਿਤਸਰ ਦੇ ਸਹਿਯੋਗ ਨਾਲ ਸਾਂਝੇ ਤੌਰ 'ਤੇ ਕਰਵਾਇਆ ਗਿਆ, ਜਿਸ ਵਿੱਚ ਲਗਭਗ 200 ਸਫਾਈ ਕਰਮਚਾਰੀਆਂ ਅਤੇ ਬਾਗਬਾਨੀ ਕਰਮਚਾਰੀਆਂ ਨੇ ਸਰਗਰਮ ਭਾਗੀਦਾਰੀ ਕੀਤੀ। ਪ੍ਰੋਗਰਾਮ ਦੌਰਾਨ ਇੰਜੀ. ਲਖਵਿੰਦਰ ਕੁਮਾਰ, ਸਹਾਇਕ ਵਾਤਾਵਰਣ ਇੰਜੀਨੀਅਰ ਵੱਲੋਂ ਮੈਦਾਨੀ ਕਰਮਚਾਰੀਆਂ ਨਾਲ ਸਿੱਧਾ ਸੰਵਾਦ ਕੀਤਾ ਗਿਆ ਅਤੇ ਉਨ੍ਹਾਂ ਨੂੰ ਨਗਰ ਕਚਰਾ ਖੁੱਲ੍ਹੇ ਵਿੱਚ ਸਾੜਨ ਨਾਲ ਹੋਣ ਵਾਲੇ ਗੰਭੀਰ ਵਾਤਾਵਰਣੀ ਨੁਕਸਾਨ ਅਤੇ ਲੋਕ ਸਿਹਤ 'ਤੇ ਪੈਣ ਵਾਲੇ ਮੰਦ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ। ਭਾਗੀਦਾਰਾਂ ਨੂੰ ਸਪਸ਼ਟ ਤੌਰ 'ਤੇ ਨਿਰਦੇਸ਼ ਦਿੱਤੇ ਗਏ ਕਿ ਨਗਰ ਕਚਰਾ ਸਾੜਨ ਪ੍ਰਤੀ ਜ਼ੀਰੋ ਟੋਲਰੈਂਸ ਨੀਤੀ ਅਪਣਾਈ ਜਾਵੇ, ਸੰਵੇਦਨਸ਼ੀਲ ਸਥਾਨਾਂ 'ਤੇ ਸਖ਼ਤ ਨਿਗਰਾਨੀ ਰੱਖੀ ਜਾਵੇ ਅਤੇ ਇਸ ਤਰ੍ਹਾਂ ਦੀ ਕਿਸੇ ਵੀ ਘਟਨਾ ਨੂੰ ਤੁਰੰਤ ਰੋਕ ਕੇ ਸਬੰਧਤ ਅਧਿਕਾਰੀਆਂ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਮੈਦਾਨੀ ਪੱਧਰ 'ਤੇ ਨਿਗਰਾਨੀ ਮਜ਼ਬੂਤ ਕਰਨ, ਕਚਰੇ ਦੀ ਸਮੇਂ-ਸਿਰ ਉਠਾਣ, ਸਰੋਤ 'ਤੇ ਹੀ ਵੱਖਰਾ ਕਰਨ ਅਤੇ ਠੋਸ ਕਚਰੇ ਦੇ ਵਿਗਿਆਨਕ ਪ੍ਰਬੰਧਨ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ, ਜੋ ਕਿ 2016 ਦੇ ਅਨੁਕੂਲ ਹੈ। ਇਸ ਪ੍ਰੋਗਰਾਮ ਵਿੱਚ ਇੰਜੀ. ਲਖਵਿੰਦਰ ਕੁਮਾਰ, ਸਹਾਇਕ ਵਾਤਾਵਰਣ ਇੰਜੀਨੀਅਰ, ਰੀਜਨਲ ਦਫ਼ਤਰ, ਅੰਮ੍ਰਿਤਸਰ; ਇੰਜੀ. ਯੁਗਯਾਦਵੀਰ ਸਿੰਘ, ਜੂਨੀਅਰ ਵਾਤਾਵਰਣ ਇੰਜੀਨੀਅਰ, ਰੀਜਨਲ ਦਫ਼ਤਰ, ਅੰਮ੍ਰਿਤਸਰ; ਡਾ. ਰਮਾ, ਹੈਲਥ ਅਫ਼ਸਰ, ਮਿਊਂਸਿਪਲ ਕਾਰਪੋਰੇਸ਼ਨ, ਅੰਮ੍ਰਿਤਸਰ; ਅਤੇ ਵੈਸਟ ਜ਼ੋਨ, ਅੰਮ੍ਰਿਤਸਰ ਦੇ ਸਾਰੇ ਸੈਨਿਟਰੀ ਇੰਸਪੈਕਟਰਾਂ ਨੇ ਭਾਗ ਲਿਆ, ਜਿਸ ਨਾਲ ਵਿਭਾਗਾਂ ਦਰਮਿਆਨ ਮਜ਼ਬੂਤ ਤਾਲਮੇਲ ਅਤੇ ਮਜ਼ਬੂਤ ਪ੍ਰਸ਼ਾਸਨਕ ਦ੍ਰਿੜਤਾ ਪ੍ਰਗਟ ਹੋਈ। ਮਿਊਂਸਿਪਲ ਸਟਾਫ਼ ਵੱਲੋਂ ਪੂਰਾ ਸਹਿਯੋਗ ਅਤੇ ਜਾਰੀ ਕੀਤੀਆਂ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦਾ ਭਰੋਸਾ ਦਿੱਤਾ ਗਿਆ। ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਇਹ ਵੀ ਦੁਹਰਾਇਆ ਗਿਆ ਕਿ ਲੋਕ ਸ਼ਿਕਾਇਤਾਂ ਦੇ ਨਿਪਟਾਰੇ, ਹਵਾ ਦੀ ਗੁਣਵੱਤਾ ਵਿੱਚ ਸੁਧਾਰ ਅਤੇ ਅੰਮ੍ਰਿਤਸਰ ਦੇ ਨਾਗਰਿਕਾਂ ਲਈ ਸਾਫ਼-ਸੁਥਰਾ ਅਤੇ ਸਿਹਤਮੰਦ ਵਾਤਾਵਰਣ ਯਕੀਨੀ ਬਣਾਉਣ ਲਈ ਇਸ ਤਰ੍ਹਾਂ ਦੇ ਜਾਗਰੂਕਤਾ, ਸਮਰੱਥਾ ਵਿਕਾਸ ਅਤੇ ਐਨਫ਼ੋਰਸਮੈਂਟ ਕਾਰਜਕ੍ਰਮ ਨਿਰੰਤਰ ਤੌਰ 'ਤੇ ਜਾਰੀ ਰੱਖੇ ਜਾਣਗੇ। ਅੰਮ੍ਰਿਤਸਰ ਦੇ ਨਾਗਰਿਕਾਂ ਲਈ ਸਾਫ਼-ਸੁਥਰਾ ਅਤੇ ਸਿਹਤਮੰਦ ਵਾਤਾਵਰਣ ਯਕੀਨੀ ਬਣਾਉਣ ਲਈ ਇਸ ਤਰ੍ਹਾਂ ਦੇ ਜਾਗਰੂਕਤਾ, ਸਮਰੱਥਾ ਵਿਕਾਸ ਅਤੇ ਐਨਫ਼ੋਰਸਮੈਂਟ ਕਾਰਜਕ੍ਰਮ ਨਿਰੰਤਰ ਤੌਰ 'ਤੇ ਜਾਰੀ ਰੱਖੇ ਜਾਣਗੇ।

# ਲੋਕਤੰਤਰ ਦੇ ਚੌਥੇ ਥੰਮ੍ਹ ਮੀਡੀਆ ਤੇ ਸਰਕਾਰ ਵਿਚਾਲੇ ਟਕਰਾਅ ਨਿੰਦਣਯੋਗ : ਆਸ਼ੂ ਅੰਬਾ

ਬਿਆਸ, 20 ਜਨਵਰੀ (ਬਲਰਾਜ ਸਿੰਘ ਰਾਜਾ): ਪੰਜਾਬ ਕੇਸਰੀ ਗਰੁੱਪ 'ਤੇ ਹਮਲਾ ਸਿੱਧੇ ਤੌਰ 'ਤੇ ਲੋਕਾਂ ਦੀ ਆਵਾਜ਼ 'ਤੇ ਹਮਲਾ ਹੈ, ਜਿਸਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ - ਆਸ਼ੂ ਅੰਬਾ ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਏ ਯੂਥ ਭਾਜਪਾ ਦੇ ਸੂਬਾ ਸਕੱਤਰ ਕੁਲਬੀਰ ਸਿੰਘ ਆਸ਼ੂ ਅੰਬਾ ਨੇ ਕਿਹਾ ਕਿ ਲੋਕਤੰਤਰ ਦਾ ਚੌਥਾ ਥੰਮ੍ਹ-ਮੀਡੀਆ-ਕਿਸੇ ਵੀ ਸਰਕਾਰ ਦੀ ਜਾਇਦਾਦ ਨਹੀਂ, ਬਲਕਿ ਜਨਤਾ ਦੀ ਆਵਾਜ਼ ਹੁੰਦਾ ਹੈ। ਪਰ ਅਫ਼ਸੋਸ ਦੀ ਗੱਲ ਹੈ ਕਿ ਆਮ ਆਦਮੀ ਪਾਰਟੀ ਦੀ ਮਾਨ ਸਰਕਾਰ ਲਗਾਤਾਰ ਮੀਡੀਆ ਦੀ ਆਜ਼ਾਦੀ ਤੇ ਵਾਰ ਕਰ ਰਹੀ ਹੈ, ਜੋ ਸਿੱਧੇ ਤੌਰ 'ਤੇ ਲੋਕਤੰਤਰ ਦੀਆਂ ਜੜ੍ਹਾਂ 'ਤੇ ਹਮਲਾ ਹੈ। ਅੰਬਾ ਨੇ ਕਿਹਾ ਕਿ ਖ਼ਾਸ ਕਰਕੇ ਪੰਜਾਬ ਕੇਸਰੀ ਗਰੁੱਪ ਵਰਗੇ ਪ੍ਰਸਿੱਧ ਤੇ ਇਤਿਹਾਸਕ ਮੀਡੀਆ ਹਾਊਸ 'ਤੇ ਉਂਗਲੀ ਉਠਾਉਣਾ ਤੇ ਦਬਾਅ ਬਣਾਉਣ ਵਾਲੀ ਕਾਰਵਾਈ ਕਰਨਾ, ਮਾਨ ਸਰਕਾਰ ਦੀ ਬਖਲਾਹਟ, ਘਬਰਾਹਟ ਤੇ ਤਾਨਾਸ਼ਾਹੀ ਸੋਚ ਨੂੰ ਦਰਸਾਉਂਦਾ ਹੈ। ਜਦੋਂ ਸਰਕਾਰ ਆਪਣੇ ਕੰਮਾਂ ਦਾ ਜਵਾਬ ਨਹੀਂ ਦੇ ਸਕਦੀ, ਤਦ ਉਹ ਸੱਚ ਲਿਖਣ ਵਾਲੇ ਮੀਡੀਆ ਨੂੰ ਡਰਾਉਣ ਦੀ ਕੋਸ਼ਿਸ਼ ਕਰਦੀ ਹੈ। ਪੰਜਾਬ ਕੇਸਰੀ, ਜਿਸਦੀ ਸਥਾਪਨਾ 13 ਜੂਨ 1965 ਨੂੰ ਲਾਲਾ ਜਗਤ ਨਾਰਾਇਣ ਜੀ ਵੱਲੋਂ ਕੀਤੀ ਗਈ, ਉੱਤਰੀ ਭਾਰਤ ਦਾ ਇੱਕ ਅਗੇਵਾਂ ਮੀਡੀਆ ਗਰੁੱਪ ਹੈ। ਇਹ ਗਰੁੱਪ ਸਿਰਫ਼ ਇੱਕ ਅਖ਼ਬਾਰ ਨਹੀਂ, ਬਲਕਿ ਨਿਡਰ ਪੱਤਰਕਾਰਤਾ, ਲੋਕਤੰਤਰਕ ਮੁੱਲਾਂ ਅਤੇ ਜਨਤਾ ਦੀ ਆਵਾਜ਼ ਦਾ ਪ੍ਰਤੀਕ ਹੈ। ਐਮਰਜੈਂਸੀ ਵਰਗੇ ਕਾਲੇ ਦੌਰ ਵਿੱਚ ਵੀ ਪੰਜਾਬ ਕੇਸਰੀ ਨੇ ਸਰਕਾਰੀ ਦਬਾਅ ਅੱਗੇ ਝੁਕਣ ਤੋਂ ਇਨਕਾਰ ਕੀਤਾ ਅਤੇ ਸੱਚ ਦੀ ਆਵਾਜ਼ ਬਣ ਕੇ ਖੜ੍ਹਾ ਰਿਹਾ। ਜਦੋਂ ਸਾਡੇ ਲੋਕਤੰਤਰੀ ਅਧਿਕਾਰਾਂ ਨੂੰ ਸੁਰੱਖਿਅਤ ਕੀਤਾ ਨਹੀਂ ਗਿਆ ਸੀ ਉਦੋਂ ਵੀ ਪੰਜਾਬ ਕੇਸਰੀ ਨੇ ਆਪਣੀ ਪੱਤਰਕਾਰੀ ਨੂੰ ਕਾਇਮ ਰੱਖਣ ਲਈ ਅਜੇ ਵੀ ਯਾਦ ਰਹਿਣ ਵਾਲੀਆਂ ਘਟਨਾਵਾਂ ਦਾ ਸਾਹਮਣਾ ਕੀਤਾ। ਉਦਾਹਰਣ ਲਈ, ਉਸ ਸਮੇਂ ਦੀ ਸਰਕਾਰ ਨੇ ਬਿਜਲੀ ਸਪਲਾਈ ਕੱਟ ਦਿੱਤੀ ਸੀ ਰੋਜ਼ਾਨਾ ਅਖ਼ਬਾਰ ਛਾਪਣ ਲਈ ਟ੍ਰੈਕਟਰ ਇੰਜਣ ਦੀ ਵਰਤੋਂ ਕਰਕੇ ਕੇ ਅਖਬਾਰ ਦੀ ਛਪਾਈ ਜਾਰੀ ਰੱਖੀ ਜੋ ਅਖਬਾਰ ਦੀ ਸਚਾਈ ਅਤੇ ਲੋਕਾਂ ਦੀ ਭਰੋਸੇਯੋਗਤਾ ਨੂੰ ਦਰਸਾਉਂਦਾ ਹੈ। ਅੱਜ ਜਦੋਂ ਮਾਨ ਸਰਕਾਰ ਵੱਲੋਂ ਪੰਜਾਬ ਕੇਸਰੀ ਅਤੇ ਹੋਰ ਮੀਡੀਆ ਅਦਾਰਿਆਂ 'ਤੇ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ, ਇਹ ਸਾਫ਼ ਕਰਦਾ ਹੈ ਕਿ ਸਰਕਾਰ ਸੱਚ ਤੋਂ ਡਰ ਰਹੀ ਹੈ। ਮੀਡੀਆ ਦਾ ਕੰਮ ਸਰਕਾਰ ਦੀ ਚਾਪਲੂਸੀ ਕਰਨਾ ਨਹੀਂ, ਬਲਕਿ ਸੱਚ ਨੂੰ ਲੋਕਾਂ ਤੱਕ ਪਹੁੰਚਾਉਣਾ ਹੈ। ਮੀਡੀਆ 'ਤੇ ਹਮਲਾ ਲੋਕਤੰਤਰ 'ਤੇ ਹਮਲਾ ਹੈ, ਅਤੇ ਇਹ ਕਿਸੇ ਵੀ ਸੂਰਤ ਵਿੱਚ ਕਬੂਲ ਨਹੀਂ ਕੀਤਾ ਜਾਵੇਗਾ। ਅਸੀਂ ਮਾਨ ਸਰਕਾਰ ਨੂੰ ਸਪਸ਼ਟ ਸ਼ਬਦਾਂ ਵਿੱਚ ਚੇਤਾਵਨੀ ਦਿੰਦੇ ਹਾਂ ਕਿ ਉਹ ਤੁਰੰਤ ਮੀਡੀਆ ਖ਼ਿਲਾਫ਼ ਬਦਲਾਖੋਰੀ ਵਾਲੀ ਨੀਤੀ ਛੱਡੇ ਅਤੇ ਪ੍ਰੈਸ ਦੀ ਆਜ਼ਾਦੀ ਦਾ ਸਨਮਾਨ ਕਰੇ। ਜੇਕਰ ਮੀਡੀਆ 'ਤੇ ਦਬਾਅ ਬਣਾਉਣ ਦੀਆਂ ਕੋਸ਼ਿਸ਼ਾਂ ਜਾਰੀ ਰਹੀਆਂ, ਤਾਂ ਲੋਕਤੰਤਰ 'ਤੇ ਭਰੋਸਾ ਰੱਖਣ ਵਾਲੀਆਂ ਤਾਕਤਾਂ ਸੜਕ ਤੋਂ ਲੈ ਕੇ ਸਦਨ ਤੱਕ ਇਸਦਾ ਡਟ ਕੇ ਵਿਰੋਧ ਕਰਨਗੀਆਂ।



## ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਥਕ ਇਕੱਤਰਤਾ ਸਬੰਧੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਹੰਗਾਮੀ ਮੀਟਿੰਗ



ਅੰਮ੍ਰਿਤਸਰ, 20 ਜਨਵਰੀ (ਬਬਲੂ ਮਹਾਜਨ) 26 ਜਨਵਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਮੁੱਚੀਆਂ ਸਿੱਖ ਜਥੇਬੰਦੀਆਂ ਵੱਲੋਂ ਕੀਤੀ ਜਾ ਰਹੀ ਵੱਡੀ ਪੰਥਕ ਇਕੱਤਰਤਾ ਦੇ ਸਬੰਧ ਵਿੱਚ ਅੱਜ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਪਾਰਟੀ ਦੇ ਉਪ ਦਫ਼ਤਰ ਨਿਊ ਅੰਮ੍ਰਿਤਸਰ ਵਿੱਚ ਹੰਗਾਮੀ ਮੀਟਿੰਗ ਕੀਤੀ ਗਈ। ਮੀਟਿੰਗ ਦੀ ਅਗਵਾਈ ਪਾਰਟੀ ਦੇ ਜਨਰਲ ਸਕੱਤਰ ਉਪਕਾਰ ਸਿੰਘ ਸੰਧੂ ਨੇ ਕੀਤੀ, ਜਿਸ ਵਿੱਚ ਜ਼ਿਲ੍ਹਾ ਅੰਮ੍ਰਿਤਸਰ ਦੇ ਸਮੂਹ ਅਹੁਦੇਦਾਰ ਮੌਜੂਦ ਰਹੇ। ਮੀਟਿੰਗ ਦੌਰਾਨ 26 ਜਨਵਰੀ ਨੂੰ ਹੋਣ ਵਾਲੀ ਇਕੱਤਰਤਾ ਵਿੱਚ ਵੱਧ ਤੋਂ ਵੱਧ ਹਾਜ਼ਰੀ ਯਕੀਨੀ ਬਣਾਉਣ ਲਈ ਵਿਚਾਰ-ਵਟਾਂਦਰਾ ਕੀਤੀਆਂ ਗਈਆਂ ਅਤੇ ਤਿਆਰੀਆਂ ਬਾਰੇ ਚਰਚਾ ਹੋਈ। ਇਸ ਮੌਕੇ ਗੱਲਬਾਤ ਕਰਦਿਆਂ ਜਨਰਲ ਸਕੱਤਰ ਉਪਕਾਰ ਸਿੰਘ ਸੰਧੂ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲੇ ਤੋਂ ਬਾਅਦ 1986 ਵਿੱਚ ਵੱਡਾ ਸਰਬੱਤ ਖਾਲਸਾ ਹੋਇਆ ਸੀ। ਉਸੇ ਸਰਬੱਤ ਖਾਲਸੇ ਦੀ ਤਰਜਮਾਨੀ ਤਹਿਤ 26 ਜਨਵਰੀ ਨੂੰ ਸਮੁੱਚੀਆਂ ਸਿੱਖ ਜਥੇਬੰਦੀਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵੱਡੀ ਇਕੱਤਰਤਾ ਕੀਤੀ ਜਾ ਰਹੀ ਹੈ। ਉਨ੍ਹਾਂ ਸਮੂਹ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਹਰ ਸਿੱਖ 26 ਜਨਵਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚ ਕੇ ਇਸ ਪੰਥਕ ਇਕੱਤਰਤਾ ਵਿੱਚ ਸ਼ਮੂਲੀਅਤ ਕਰੇ। ਮੀਟਿੰਗ ਦੇ ਅੰਤ ਵਿੱਚ ਫੈਸਲਾ ਕੀਤਾ ਗਿਆ ਕਿ ਪਾਰਟੀ ਵੱਲੋਂ ਜ਼ਿਲ੍ਹਾ ਪੱਧਰ 'ਤੇ ਤਿਆਰੀਆਂ ਨੂੰ ਤੇਜ਼ ਕੀਤਾ ਜਾਵੇਗਾ ਅਤੇ ਸੰਗਤ ਨਾਲ ਸੰਪਰਕ ਕਰਕੇ ਵੱਡੀ ਗਿਣਤੀ ਵਿੱਚ ਹਾਜ਼ਰੀ ਯਕੀਨੀ ਬਣਾਈ ਜਾਵੇਗੀ। ਇਸ ਮੌਕੇ ਅਮਰੀਕ ਸਿੰਘ ਨੰਗਲ, ਕੁਲਵੰਤ ਸਿੰਘ ਮਝੈਲ, ਕੁਲਵੰਤ ਸਿੰਘ ਕੋਟਲਾ, ਸ਼ਮਸ਼ੇਰ ਸਿੰਘ ਬਰਾੜ, ਪਰਮਜੀਤ ਸਿੰਘ ਖਾਸਾ , ਗੁਰਮੇਲ ਸਿੰਘ ਨੰਬਰਦਾਰ , ਦਵਿੰਦਰ ਸਿੰਘ ਬੱਲ , ਦਵਿੰਦਰ ਸਿੰਘ ਸਦਿਓੜਾ, ਰਵੀ ਸ਼ੇਰ ਸਿੰਘ, ਪ੍ਰਭਪ੍ਰੀਤ ਸਿੰਘ , ਅਮਰਿੰਦਰ ਸਿੰਘ ,ਗੁਰ ਅਵਤਾਰ ਸਿੰਘ ,ਤੇ ਹੋਰ ਹਾਜ਼ਰ ਸਨ।

# ਸ੍ਰੀ ਹਜ਼ੂਰ ਸਾਹਿਬ ਵਿਖੇ ਸ਼ਤਾਬਦੀ ਸਮਾਗਮਾਂ 'ਚ ਸ਼ਮੂਲੀਅਤ ਲਈ ਮੁੱਖ ਮੰਤਰੀ ਨੂੰ ਸੱਦਾ ਪੱਤਰ



ਬਾਬਾ ਬਕਾਲਾ ਸਾਹਿਬ, 20 ਜਨਵਰੀ (ਬਲਰਾਜ ਸਿੰਘ ਰਾਜਾ, ਬਲਜਿੰਦਰ ਸਿੰਘ ਰੰਧਾਵਾ): ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਤਖਤ ਸ੍ਰੀ ਹਜ਼ੂਰ ਸਾਹਿਬ ਨੰਦੇੜ ਮਹਾਂਰਾਸ਼ਟਰ ਵਿਖੇ ਵਿਸ਼ਾਲ ਪੱਧਰ ਹੋ ਰਹੇ ਦੋ ਦਿਨਾਂ ਸ਼ਤਾਬਦੀ ਸਮਾਗਮਾਂ 'ਚ ਸ਼ਾਮਿਲ ਹੋਣ ਲਈ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਚੇਅਰਮੈਨ ਸ਼ਹੀਦੀ ਸ਼ਤਾਬਦੀ ਸਮਾਗਮ ਪ੍ਰਬੰਧਕ ਕਮੇਟੀ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਪੱਤਰ ਭੇਜਿਆ ਗਿਆ। ਦਮਦਮੀ ਟਕਸਾਲ ਵੱਲੋਂ ਮੁੱਖ ਮੰਤਰੀ ਨਿਵਾਸ 'ਤੇ ਪੁੱਜੇ ਗਿਆਨੀ ਸਾਹਬ ਸਿੰਘ, ਭਾਈ ਹਰਸ਼ਦੀਪ ਸਿੰਘ ਰੰਧਾਵਾ ਤੇ ਡਾ.ਅਵਤਾਰ ਸਿੰਘ ਬੁੱਟਰ ਕੋਲੋ ਸੱਦਾ ਪੱਤਰ ਸਵੀਕਾਰ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦਮਦਮੀ ਟਕਸਾਲ ਤੇ ਤਖਤ ਸ੍ਰੀ ਹਜ਼ੂਰ ਸਾਹਿਬ ਬੋਰਡ ਵੱਲੋਂ ਮਹਾਂਰਾਸ਼ਟਰ ਸਰਕਾਰ ਦੇ ਸਹਿਯੋਗ ਨਾਲ ਮਨਾਈ ਜਾ ਰਹੀ ਇਸ 350 ਸਾਲਾ ਸ਼ਹੀਦੀ ਸ਼ਤਾਬਦੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਨੁੱਖੀ ਹੱਕਾਂ ਦੀ ਰਾਖੀ ਅਤੇ ਧਾਰਮਿਕ ਆਜ਼ਾਦੀ ਲਈ ਬਲੀਦਾਨ ਦਿੱਤਾ ਸੀ, ਜਿਸ ਦੀ ਮਿਸਾਲ ਦੁਨੀਆ ਦੇ ਇਤਿਹਾਸ ਵਿੱਚ ਹੋਰ ਕਿਤੇ ਨਹੀਂ ਮਿਲਦੀ। ਨੌਵੇਂ ਪਾਤਸ਼ਾਹ ਸਾਂਝੀਵਾਲਤਾ ਤੇ ਧਰਮ ਨਿਰਪੱਖਤਾ ਦੇ ਮੁਦੱਈ ਸਨ ਅਤੇ ਗੁਰੂ ਸਾਹਿਬ ਜੀ ਦਾ ਮਹਾਨ ਜੀਵਨ ਅਤੇ ਫਲਸਫਾ ਸਮੁੱਚੀ ਮਨੁੱਖਤਾ ਲਈ ਚਾਨਣ ਮੁਨਾਰਾ ਹੈ। ਮੁੱਖ ਮੰਤਰੀ ਮਾਨ ਨੇ ਇਸ ਸੱਦੇ ਲਈ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਤੇ ਸਿੰਘ ਸਾਹਿਬ ਜਥੇਦਾਰਸੰਤ ਬਾਬਾ ਕੁਲਵੰਤ ਸਿੰਘ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਸ੍ਰੀ ਹਜ਼ੂਰ ਸਾਹਿਬ ਵਿਖੇ ਜ਼ਰੂਰ ਨਤਮਸਕ ਹੋਣਗੇ। ਇਨ੍ਹਾਂ ਸਮਾਗਮਾਂ 'ਚ ਹਾਜ਼ਰੀ ਭਰਨਗੇ। ਫੋਟੋ ਕੈਪਸ਼ਨ-ਸ਼ਤਾਬਦੀ ਸਮਾਗਮਾਂ ਲਈ ਸੰਤ ਗਿ.ਹਰਨਾਮ ਸਿੰਘ ਖਾਲਸਾ ਤੇ ਜਥੇਦਾਰ ਬਾਬਾ ਕੁਲਵੰਤ ਸਿੰਘ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਭੇਜਿਆ ਗਿਆ ਸੱਦਾ ਪੱਤਰ ਦੇਣ ਮੌਕੇ ਗਿਆਨੀ ਸਾਹਬ ਸਿੰਘ,ਹਰਸ਼ਦੀਪ ਸਿੰਘ ਰੰਧਾਵਾ ਤੇ ਡਾ.ਅਵਤਾਰ ਸਿੰਘ ਬੁੱਟਰ ਸ਼ਾਮਲ ਸਨ।

# ਨਵ ਜੰਮੀਆਂ ਧੀਆਂ ਦਾ ਲੋਹੜੀ ਸਮਾਗਮ ਕਰਵਾਇਆ



ਮਜੀਠਾ, 20 ਜਨਵਰੀ (ਅਸ਼ਵਨੀ ਨਈਅਰ): ਸਮਾਜ ਸੁਧਾਰ ਸੰਸਥਾ ਪੰਜਾਬ ਵੱਲੋਂ ਸੰਸਥਾ ਦੇ ਪ੍ਰਧਾਨ ਰਣਜੀਤਰਾ ਸੰਘ ਭੋਮਾ ਦੀ ਅਗਵਾਈ ਹੇਠ ਪਿੰਡ ਭੋਮਾ ਵਿਖੇ 'ਬੇਟੀ ਬਚਾਓ, ਬੇਟੀ ਪੜ੍ਹਾਓ' ਅਭਿਆਨ ਦੇ ਤਹਿਤ ਨਵ ਜੰਮੀਆਂ ਬੱਚੀਆਂ ਦੀ ਲੋਹੜੀ ਮਨਾਉਂਦਿਆਂ ਇੱਕ ਪ੍ਰਭਾਵਸ਼ਾਲੀ ਅਤੇ ਯਾਦਗਾਰ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੌਰਾਨ ਕਰੀਬ 100 ਨਵ ਜੰਮੀਆਂ ਲੜਕੀਆਂ ਅਤੇ ਉਨ੍ਹਾਂ ਦੀਆਂ ਮਾਵਾਂ ਨੂੰ ਗਰਮ ਕੱਪੜੇ, ਕੰਬਲ, ਹਿਮਾਲਿਆ ਦੀਆਂ ਕਿੱਟਾਂ, ਖਿਡੌਣੇ ਅਤੇ ਮਾਵਾਂ ਨੂੰ ਗਰਮ ਸ਼ਾਲਾਂ ਵੰਡ ਕੇ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਦਾ ਮੁੱਖ ਉਦੇਸ਼ ਸਮਾਜ ਵਿੱਚ ਦਿਨੋ ਦਿਨ ਵੱਧ ਰਹੀ ਭਰੂਣ ਹੱਤਿਆ ਵਰਗੀ ਗੰਭੀਰ ਸਮਾਜਿਕ ਬੁਰਾਈ ਖ਼ਿਲਾਫ਼ ਜਾਗਰੂਕਤਾ ਪੈਦਾ ਕਰਨਾ ਅਤੇ ਧੀਆਂ ਤੇ ਮਾਵਾਂ ਨੂੰ ਸਤਿਕਾਰ ਦੇਣਾ ਸੀ। ਲੋਹੜੀ ਦੇ ਤਿਉਹਾਰ ਮੌਕੇ ਅੱਗ ਬਾਲ ਕੇ ਮਾਵਾਂ ਅਤੇ ਪਿੰਡ ਦੀਆਂ ਔਰਤਾਂ ਨੇ ਇਕੱਠਿਆਂ ਹੋ ਕੇ ਲੋਹੜੀ ਦੀਆਂ ਬੋਲੀਆਂ ਗਾਈਆਂ, ਗਿੱਧਾ-ਭੰਗੜਾ ਪਾਇਆ ਅਤੇ ਖੁਸ਼ੀਆਂ ਸਾਂਝੀਆਂ ਕੀਤੀਆਂ। ਇਸ ਮੌਕੇ ਮਿਠਾਈਆਂ, ਮੂੰਗਫਲੀਆਂ, ਰੇਵੜੀਆਂ, ਗੁੜ ਅਤੇ ਫੁੱਲੇ ਵੰਡੇ ਗਏ। ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਜੀ ਖਾਲਸਾ ਦੀਵਾਨ ਦੇ ਮੈਂਬਰ ਸੁਖਦੀਪ ਸਿੰਘ ਗਿੱਲ ਮਜੀਠਾ ਅਤੇ ਸਮਾਜ ਸੇਵੀ ਮਨਵੀਰਾ ਸੰਘ ਵਡਾਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਜਿਹੇ ਉਪਰਾਲੇ ਸਮੇਂ ਦੀ ਲੋੜ ਹਨ, ਕਿਉਂਕਿ ਸਮਾਜ ਵਿੱਚ ਲੜਕੀਆਂ ਅਤੇ ਔਰਤਾਂ ਦਾ ਸਨਮਾਨ ਬਹਾਲ ਰੱਖ ਕੇ ਹੀ ਸਮਾਜਿਕ ਬੁਰਾਈਆਂ ਨੂੰ ਖਤਮ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਸੰਸਥਾ ਦੇ ਪ੍ਰਧਾਨ ਰਣਜੀਤ ਸਿੰਘ ਭੋਮਾ ਨੂੰ ਸਮਾਜ ਸੁਧਾਰ ਦੇ ਕਾਰਜਾਂ ਲਈ ਵਧਾਈ ਦਿੰਦਿਆਂ ਉਮੀਦ ਜਤਾਈ ਕਿ ਆਉਣ ਵਾਲੇ ਸਮੇਂ ਵਿੱਚ ਵੀ ਇਹ ਸੰਸਥਾ ਇਸੇ ਤਰ੍ਹਾਂ ਜਾਗਰੂਕਤਾ ਭਰਪੂਰ ਕਾਰਜ ਕਰਦੀ ਰਹੇਗੀ। ਸਮਾਗਮ ਵਿੱਚ ਸਰਪੰਚ ਜਗਤਾਰ ਸਿੰਘ ਭੋਮਾ, ਨੰਬਰਦਾਰ ਸਿਵੰਦਰ ਸਿੰਘ ਵਡਾਲਾ, ਸਰਪੰਚ ਦੁਰਗਾ ਦਾਸ ਧਰਮਪੁਰਾ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ, ਮਾਵਾਂ ਅਤੇ ਔਰਤਾਂ ਹਾਜ਼ਰ ਸਨ।

# ਗ੍ਰਹਿ ਮੰਤਰੀ ਸ਼ਾਹ 24-25 ਜਨਵਰੀ ਦੇ ਸ਼ਹੀਦੀ ਸ਼ਤਾਬਦੀ ਸਮਾਗਮਾਂ 'ਚ ਹੋਣਗੇ ਸ਼ਾਮਿਲ



ਬਾਬਾ ਬਕਾਲਾ ਸਾਹਿਬ, 20 ਜਨਵਰੀ (ਬਲਰਾਜ ਸਿੰਘ ਰਾਜਾ, ਬਲਜਿੰਦਰ ਸਿੰਘ ਰੰਧਾਵਾ): 'ਹਿੰਦ ਦੀ ਚਾਦਰ' ਸਾਹਿਬ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ 24 ਤੇ 25 ਜਨਵਰੀ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਮਹਾਂਰਾਸ਼ਟਰ ਵਿਖੇ ਰਾਜ ਪੱਧਰੀ ਹੋ ਰਹੇ ਦੋ ਦਿਨਾਂ ਸ਼ਤਾਬਦੀ ਸਮਾਗਮਾਂ 'ਚ ਸ਼ਾਮਿਲ ਹੋਣ ਲਈ ਕੇਂਦਰੀ ਗ੍ਰਹਿ ਅਮਿਤ ਸ਼ਾਹ ਨੂੰ ਵਿਸ਼ੇਸ਼ ਤੌਰ 'ਤੇ ਅੱਜ ਸੱਦਾ-ਪੱਤਰ ਦਿੱਤਾ ਗਿਆ। ਮਹਾਂਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਤੇ ਸ਼ਹੀਦੀ ਸ਼ਤਾਬਦੀ ਸਮਾਗਮ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਮੁਖੀ ਦਮਦਮੀ ਟਕਸਾਲ ਵੱਲੋਂ ਭੇਜਿਆ ਗਿਆ। ਇਹ ਸੱਦਾ ਪੱਤਰ ਮਹਾਂਰਾਸ਼ਟਰ ਤੋਂ ਦਿੱਲੀ ਆਏ ਵਫਦ ਨੇ ਪੂਰੇ ਸਨਮਾਨ ਨਾਲ ਗ੍ਰਹਿ ਮੰਤਰੀ ਨੂੰ ਸੌਂਪਿਆ ਅਤੇ ਸ਼ਤਾਬਦੀ ਸਮਾਗਮਾਂ 'ਚ ਆਪਣੀ ਸ਼ਮੂਲੀਅਤ ਨੂੰ ਲਾਜ਼ਮੀ ਬਣਾਉਣ ਦੀ ਸਨਿਮਰ ਬੇਨਤੀ ਕੀਤੀ। ਗ੍ਰਹਿ ਮੰਤਰੀ ਸ਼ਾਹ ਨੇ ਆਏ ਵਫਦ ਦਾ ਸਵਾਗਤ ਕਰਦੇ ਹੋਏ ਪੂਰਾ ਸਤਿਕਾਰ ਤੇ ਪਿਆਰ ਨਾਲ ਇਹ ਸੱਦਾ ਪੱਤਰ ਕਬੂਲ ਕੀਤਾ ਤੇ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਹੋ ਰਹੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮਾਂ 'ਚ ਸ਼ਾਮਿਲ ਹੋਣ ਦਾ ਪੂਰਨ ਭਰੋਸਾ ਦਿੰਦੇ ਹੋਏ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੁਨੀਆਂ ਦੇ ਇਤਿਹਾਸ ਅੰਦਰ ਮਿਸਾਲੀ ਹੈ, ਜਿੰਨ੍ਹਾਂ ਨੇ ਕਸ਼ਮੀਰੀ ਪੰਡਿਤਾਂ ਦੀ ਫਰਿਆਦ 'ਤੇ ਜ਼ੁਲਮ ਤੇ ਅਨਿਆਂ ਦੇ ਖਿਲਾਫ ਕੁਰਬਾਨੀ ਦੇ ਕੇ ਇਤਿਹਾਸ ਸਿਰਜਿਆ। ਅਜਿਹੇ ਮਹਾਨ ਗੁਰੂ ਦਾ 350 ਸਾਲਾ ਸ਼ਹੀਦੀ ਦਿਹਾੜਾ ਮਨਾਉਣਾ ਸਮੁੱਚੀ ਮਨੁੱਖਤਾ ਦਾ ਧਰਮ ਹੈ। ਉਨ੍ਹਾਂ ਕਿਹਾ ਕਿ ਅਜਿਹੇ ਇਤਿਹਾਸਕ ਸਮਾਗਮਾਂ 'ਚ ਸ਼ਾਮਿਲ ਹੋ ਕੇ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕਰਨ ਦਾ ਸੁਭਾਗ ਮਿਲਣਾ ਬੇਹੱਦ ਮਾਣ ਵਾਲੀ ਗੱਲ ਹੈ। ਇਸ ਵਫਦ ਵਿੱਚ ਮੁੱਖ ਮੰਤਰੀ ਮਹਾਰਾਸ਼ਟਰਾ ਰਾਹਤ ਫੰਡ ਦੇ ਇੰਚਾਰਜ ਸ੍ਰੀ ਰਾਮੇਸ਼ਵਰ ਨਾਇਕ,ਚਰਨਦੀਪ ਸਿੰਘ ਹੈਪੀ ਮੈਂਬਰ ਮਨਓਰਟੀ ਕਮਿਸ਼ਨ ਮਹਾਂਰਾਸ਼ਟਰ ਸਰਕਾਰ, ਭਾਈ ਜਸਪਾਲ ਸਿੰਘ ਸਿੱਧੂ ਚੇਅਰਮੈਨ ਸੁਪਰੀਮ ਕੌਂਸਲ ਨਵੀਂ ਮੁੰਬਈ ਗੁਰਦੁਆਰਾ, ਵਿਜੇ ਸਤਬੀਰ ਸਿੰਘ ਚੇਅਰਮੈਨ ਸ੍ਰੀ ਹਜ਼ੂਰ ਸਾਹਿਬ ਸੱਚਖੰਡ ਬੋਰਡ, ਸੰਤ ਬਾਬੂ ਸਿੰਘ ਮਹਾਰਾਜ ਔਰਾ ਦੇਵੀ ਮਹੰਤ, ਸੰਤ ਰਾਮ ਸਿੰਘ ਮਹਾਰਾਜ ਲੁਬਾਣਾ ਸਮਾਜ ਤੇ ਤੇਜਾ ਸਿੰਘ ਬਾਵਰੀ ਸ਼ਿਕਲੀਗਰ ਸਮਾਜ ਆਦਿ ਮੌਜੂਦ ਸਨ।

# ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਦਾ ਅੰਦਰੂਨੀ ਵਿਵਾਦ ਸ੍ਰੀ ਅਕਾਲ ਤਖ਼ਤ ਸਾਹਿਬ ਤੱਕ ਪਹੁੰਚਿਆ

### ਝੀਂਡਾ ਵੱਲੋਂ ਭਾਈ ਦਾਦੂਵਾਲਾ ਖ਼ਿਲਾਫ਼ ਸ੍ਰੀ ਅਕਾਲ ਤਖ਼ਤ ਸਾਹਿਬ 'ਚ ਮੰਗ ਪੱਤਰ, ਸਖ਼ਤ ਕਾਰਵਾਈ ਦੀ ਮੰਗ



ਅੰਮ੍ਰਿਤਸਰ, 20 ਜਨਵਰੀ (ਬਬਲੂ ਮਹਾਜਨ): ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੰਦਰੂਨੀ ਵਿਵਾਦ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਦਾਲਤ ਤੱਕ ਪਹੁੰਚ ਗਿਆ ਹੈ। ਹਰਿਆਣਾ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਸੋਮਵਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਮੁਲਾਕਾਤ ਕਰਕੇ ਲਿਖਤੀ ਰੂਪ ਵਿਚ ਸਾਬਕਾ ਪ੍ਰਧਾਨ ਭਾਈ ਬਲਜੀਤ ਸਿੰਘ ਦਾਦੂਵਾਲ ਦੇ ਖਿਲਾਫ ਕਾਰਵਾਈ ਲਈ ਮੰਗ ਪੱਤਰ ਦਿੱਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਕਿ ਉਨ੍ਹਾਂ ਨੇ ਹਰਿਆਣਾ ਲਈ ਵੱਖਰੀ ਗੁਰਦੁਆਰਾ ਕਮੇਟੀ ਪ੍ਰਾਪਤ ਕਰਨ ਲਈ 22 ਸਾਲ ਲੜਾਈ ਲੜੀ ਹੈ, ਇੱਥੋਂ ਤੱਕ ਕਿ ਆਪਣਾ ਕਾਰੋਬਾਰ ਵੀ ਖਤਰੇ ਵਿਚ ਪਾਇਆ, ਪਰ ਅੱਜ ਕੁਝ ਲੋਕ ਨਿੱਜੀ ਲਾਭ ਲਈ ਸੰਸਥਾ ਦੀ ਵਰਤੋਂ ਕਰ ਰਹੇ ਹਨ ਅਤੇ ਕੁਝ ਕਮੇਟੀ ਮੈਂਬਰ ਧਰਮ ਪ੍ਰਚਾਰ ਦੇ ਨਾਮ 'ਤੇ ਆਪਣੇ ਕਾਰੋਬਾਰ ਚਲਾ ਰਹੇ ਹਨ। ਉਨ੍ਹਾਂ ਭਾਈ ਬਲਜੀਤ ਸਿੰਘ ਦਾਦੂਵਾਲਾ ਤੇ ਸਿੱਧਾ ਨਿਸ਼ਾਨਾ ਸਾਧਦੇ ਹੋਏ ਦੋਸ਼ ਲਗਾਇਆ ਕਿ ਉਹ ਹਰਿਆਣਾ ਕਮੇਟੀ ਦੇ ਅੰਦਰ ਲਗਾਤਾਰ ਮਤਭੇਦ ਪੈਦਾ ਕਰ ਰਹੇ ਹਨ। ਝੀਂਡਾ ਨੇ ਕਿਹਾ ਕਿ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਪੱਤਰ ਦਿੱਤਾ ਹੈ, ਜਿਸ ਵਿਚ ਦਾਦੂਵਾਲਾ ਵੱਲੋਂ ਕਮੇਟੀ ਦੀਆਂ ਮੀਟਿੰਗਾਂ ਦੌਰਾਨ ਮੈਂਬਰਾਂ ਨਾਲ ਮਾੜਾ ਵਿਵਹਾਰ ਕੀਤਾ ਅਤੇ ਅਪਮਾਨਜਨਕ ਭਾਸ਼ਾ ਵਰਤੀ, ਜੋ ਕਿ ਇਕ ਧਾਰਮਿਕ ਆਗੂ ਲਈ ਸ਼ੋਭਾ ਨਹੀਂ ਦਿੰਦਾ ਬਾਰੇ ਜ਼ਿਕਰ ਕੀਤਾ ਹੈ। ਵਿੱਤੀ ਮਾਮਲਿਆਂ ਬਾਰੇ ਵੀ ਦਾਦੂਵਾਲ ਦੇ ਖਿਲਾਫ ਜਾਂਚ ਕਰਵਾਉਂਣ ਲਈ ਕਿਹਾ ਹੈ। ਭਾਈ ਦਾਦੂਵਾਲ ਨੇ 2014 ਤੋਂ 2026 ਤੱਕ ਧਾਰਮਿਕ ਪ੍ਰਚਾਰ ਦੇ ਨਾਮ 'ਤੇ ਇਕੱਠੇ ਕੀਤੇ ਗਏ ਕਰੋੜਾਂ ਰੁਪਏ ਦਾ ਕੋਈ ਸਪੱਸ਼ਟ ਹਿਸਾਬ ਨਹੀਂ ਦਿੱਤਾ। ਇਹ ਪੈਸਾ ਨਿੱਜੀ ਜ਼ਮੀਨ ਖਰੀਦਣ, ਮਹਿੰਗੀਆਂ ਗੱਡੀਆਂ ਖਰੀਦਣ ਅਤੇ ਨਿੱਜੀ ਬੈਂਕ ਖਾਤਿਆਂ ਵਿਚ ਪੈਸੇ ਜਮ੍ਹਾਂ ਕਰਨ ਲਈ ਵਰਤਿਆ ਗਿਆ, ਜਦ ਕਿ ਇਹ ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਦੇ ਖਾਤੇ ਵਿਚ ਜਮ੍ਹਾਂ ਕੀਤੇ ਜਾਣੇ ਚਾਹੀਦੇ ਸਨ। ਝੀਂਡਾ ਨੇ ਕਿਹਾ ਕਿ ਇਨ੍ਹਾਂ ਗਤੀਵਿਧੀਆਂ ਤੋਂ ਨਾਰਾਜ਼ ਹੋ ਕੇ ਕਮੇਟੀ ਦੇ 33 ਮੈਂਬਰਾਂ ਨੇ ਭਾਈ ਬਲਜੀਤ ਸਿੰਘ ਦਾਦੂਵਾਲਾ ਨੂੰ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਅਹੁਦਾ ਰੱਦ ਕਰਨ ਦਾ ਮਤਾ ਪਾਸ ਕੀਤਾ ਹੈ। ਉਨ੍ਹਾਂ ਇਸ ਸਬੰਧੀ ਸਾਰੇ ਰਿਕਾਰਡ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗੜਗੱਜ ਨੂੰ ਸੌਂਪ ਦਿੱਤੇ ਅਤੇ ਸਖ਼ਤ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਜਥੇਦਾਰ ਨੂੰ ਇਸ ਮਾਮਲੇ ਵਿਚ ਦਖਲ ਦੇਣ ਅਤੇ ਹਰਿਆਣਾ ਦੇ ਸਿੱਖ ਭਾਈਚਾਰੇ ਨੂੰ ਇਸ ਲੰਬੇ ਸਮੇਂ ਤੋਂ ਚੱਲ ਰਹੇ ਵਿਵਾਦ ਤੋਂ ਛੁਟਕਾਰਾ ਦਿਵਾਉਣ ਦੀ ਅਪੀਲ ਕੀਤੀ ਹੈ। ਝੀਂਡਾ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਲਈ ਸਭ ਤੋਂ ਉੱਚੀ ਅਦਾਲਤ ਹੈ ਅਤੇ ਉਨ੍ਹਾਂ ਨੂੰ ਭਰੋਸਾ ਹੈ ਕਿ ਇਥੇ ਇਨਸਾਫ ਮਿਲੇਗਾ।

# ਬੀਬੀ ਕੌਲਾਂ ਜੀ ਚੈਰੀਟੇਬਲ ਹਸਪਤਾਲ ਵੱਲੋਂ ਪੰਜ ਰੋਜ਼ਾ ਅੰਮ੍ਰਿਤ ਵੇਲਾ ਸਮਾਗਮਾਂ ਦੀ ਸ਼ੁਰੂਆਤ



ਅੰਮ੍ਰਿਤਸਰ, 20 ਜਨਵਰੀ (ਬਬਲੂ ਮਹਾਜਨ): ਬੀਬੀ ਕੌਲਾਂ ਜੀ ਚੈਰੀਟੇਬਲ ਹਸਪਤਾਲ ਵੱਲੋਂ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਭਾਈ ਸਾਹਿਬ ਭਾਈ ਹਰਵਿੰਦਰ ਪਾਲ ਸਿੰਘ ਲਿਟਲ ਵੀਰ ਦੀ ਅਗਵਾਈ ਹੇਠ ਮਹਾਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਪਾਵਨ ਜਨਮ ਦਿਹਾੜੇ ਦੇ ਆਗਮਨ ਮੌਕੇ 'ਤੇ ਪੰਜ ਰੋਜ਼ਾ ਵਿਸ਼ੇਸ਼ ਅੰਮ੍ਰਿਤ ਵੇਲਾ ਸਮਾਗਮਾਂ ਦੀ ਪਹਿਲੇ ਦਿਨ ਦੀ ਸ਼ੁਰੂਆਤ ਸਰਦਾਰ ਸਵਰਾਜ ਸਿੰਘ, ਗਰੀਨ ਐਵਨਿਊ ਵਿਖੇ ਕੀਤੀ ਗਈ। ਸਮਾਗਮ ਦੀ ਆਰੰਭਤਾ ਗੁਰਬਾਣੀ ਦੇ ਮਿੱਠੇ ਸੁਰਾਂ ਨਾਲ ਹੋਈ, ਜਿਸ ਦੌਰਾਨ ਭਾਈ ਸਾਹਿਬ ਭਾਈ ਹਰਵਿੰਦਰ ਪਾਲ ਸਿੰਘ ਲਿਟਲ ਵੀਰ ਜੀ ਨੇ ਕਥਾ ਕੀਰਤਨ ਕਰਦਿਆਂ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਸਾਹਿਬ ਨੇ ਬਾਬਾ ਦੀਪ ਸਿੰਘ ਜੀ ਦੇ ਜੀਵਨ ਤੇ ਸ਼ਹਾਦਤ 'ਤੇ ਪ੍ਰਕਾਸ਼ ਪਾਂਦਿਆਂ ਕਿਹਾ ਕਿ ਉਨ੍ਹਾਂ ਦੀ ਅਟੱਲ ਸ਼ਰਧਾ, ਬੇਮਿਸਾਲ ਸੂਰਵੀਰਤਾ ਅਤੇ ਧਰਮ ਪ੍ਰਤੀ ਅਡੋਲਤਾ ਅੱਜ ਵੀ ਸਿੱਖ ਕੌਮ ਲਈ ਰਾਹਦਾਰੀ ਹਨ। ਉਨ੍ਹਾਂ ਕਿਹਾ ਕਿ ਬਾਬਾ ਦੀਪ ਸਿੰਘ ਜੀ ਦੀ ਸ਼ਹਾਦਤ ਸਾਨੂੰ ਸੱਚ ਅਤੇ ਨਿਆਂ ਦੇ ਮਾਰਗ 'ਤੇ ਡਟੇ ਰਹਿਣ ਦੀ ਪ੍ਰੇਰਣਾ ਦਿੰਦੀ ਹੈ। ਇਸ ਮੌਕੇ ਬਾਬਾ ਦੀਪ ਸਿੰਘ ਜੀ ਦੇ ਪਾਵਨ ਜਨਮ ਦਿਹਾੜੇ ਦੀ ਸਮੂਹ ਸੰਗਤਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਅੰਮ੍ਰਿਤ ਵੇਲਾ ਸਮਾਗਮ ਆਉਣ ਵਾਲੇ ਦਿਨਾਂ ਵਿੱਚ ਵੀ ਸ਼ਰਧਾ ਅਤੇ ਉਤਸ਼ਾਹ ਨਾਲ ਜਾਰੀ ਰਹਿਣਗੇ। ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਗੁਰਬਾਣੀ ਦਾ ਆਨੰਦ ਮਾਣਿਆ। ਇਸ ਮੌਕੇ 'ਤੇ ਮੈਨੇਜਰ ਪਰਮਜੀਤ ਸਿੰਘ ਦਲਬੀਰ ਸਿੰਘ ਗੁਰਪ੍ਰੀਤ ਸਿੰਘ ਚਾਹਤ ਜਸਵਿੰਦਰ ਸਿੰਘ ਸਿਵਲ ਲਾਈਨ ਓਂਕਾਰ ਸਿੰਘ ਪੱਪੂ ਵੀਰ ਹਰਿੰਦਰ ਸਿੰਘ ਗੋਲਡੀ ਸੁਰਿੰਦਰ ਸਿੰਘ ਰਿੰਕੂ ਗਗਨਦੀਪ ਸਿੰਘ ਭੁਪਿੰਦਰ ਸਿੰਘ ਰਾਜੂ ਕਵਲਜੀਤ ਸਿੰਘ ਭਾਟੀਆ ਸਰਵਿੰਦਰ ਪਾਲ ਸਿੰਘ ਕਾਲੂ ਮਨਪ੍ਰੀਤ ਸਿੰਘ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ

# ਅੰਮ੍ਰਿਤਸਰ ਪੁਲਿਸ ਨਾਲ ਮੁਕਾਬਲੇ 'ਚ ਗੈਂਗਸਟਰ ਮਨੀ ਪ੍ਰਿੰਸ ਢੇਰ

### ਫਰਾਰ ਹੋਣ ਤੋਂ ਬਾਅਦ ਪੁਲਿਸ ਕਰ ਰਹੀ ਸੀ ਪਿੱਛਾ



ਅੰਮਿਤਸਰ: :, 20 ਜਨਵਰੀ (ਬਬਲੂ ਮਹਾਜਨ) ਪੰਜਾਬ ਸਰਕਾਰ ਅਤੇ ਡੀ.ਜੀ.ਪੀ. ਪੰਜਾਬ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਅਤੇ ਗੈਂਗਸਟਰ ਮੁਕਤ ਕਰਨ ਲਈ ਵਿੱਢੀ ਗਈ ਮੁਹਿੰਮ ਤਹਿਤ ਅੰਮ੍ਰਿਤਸਰ ਪੁਲਿਸ ਨੂੰ ਉਸ ਵੇਲੇ ਵੱਡੀ ਸਫਲਤਾ ਮਿਲੀ, ਜਦੋਂ ਇੱਕ ਖੁਫ਼ੀਆ ਸੂਚਨਾ ਦੇ ਆਧਾਰ ਤੇ ਕੀਤੇ ਗਏ ਮੁਕਾਬਲੇ ਵਿੱਚ ਨਾਮੀ ਗੈਂਗਸਟਰ ਮਨੀ ਪ੍ਰਿੰਸ ਉਰਫ਼ ਮਨੀ ਸੂਰਮਾ ਮਾਰਿਆ ਗਿਆ। ਅੰਮ੍ਰਿਤਸਰ ਬਾਰਡਰ ਰੇਂਜ ਦੇ ਡੀ.ਆਈ.ਜੀ. ਸੰਦੀਪ ਗੋਇਲ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਪੰਜਾਬ ਪੁਲਿਸ ਅਪਰਾਧਿਕ ਅਨਸਰਾਂ ਨੂੰ ਨੱਥ ਪਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਮਨੀ ਸੂਰਮਾ ਮੂਲ ਰੂਪ ਵਿੱਚ ਤਰਨਤਾਰਨ ਜ਼ਿਲ੍ਹੇ ਦਾ ਰਹਿਣ ਵਾਲਾ ਸੀ ਅਤੇ ਉਸ ਵਿਰੁੱਧ ਕਤਲ (302), ਇਰਾਦਾ ਕਤਲ (307), ਐਨ.ਡੀ.ਪੀ.ਐਸ. ਐਕਟ ਅਤੇ ਆਰਮਜ਼ ਐਕਟ ਤਹਿਤ ਲਗਭਗ 50 ਕ੍ਰਿਮੀਨਲ ਕੇਸ ਦਰਜ ਸਨ। ਉਹ ਕਈ ਕੇਸਾਂ ਵਿੱਚ ਸਜ਼ਾਯਾਫ਼ਤਾ ਸੀ ਅਤੇ ਕਈ ਹੋਰਨਾਂ ਵਿੱਚ ਪੁਲਿਸ ਨੂੰ ਲੋੜੀਂਦਾ ਸੀ। ਜ਼ਿਕਰਯੋਗ ਹੈ ਕਿ 12 ਜਨਵਰੀ ਨੂੰ ਇੱਕ ਮੁਕਾਬਲੇ ਤੋਂ ਬਾਅਦ ਉਸ ਨੂੰ ਗ੍ਰਿਫ਼ਤਾਰ ਕੀਤਾਗਿਆ ਸੀ, ਪਰ 14 ਜਨਵਰੀ ਨੂੰਹਗੁਰੂ ਨਾਨਕ ਦੇਵ ਹਸਪਤਾਲ ਤੋਂ ਪੁਲਿਸ ਹਿਰਾਸਤ ਵਿੱਚੋਂ ਫਰਾਰੋਣਵਿੱਚ ਕਾਮਯਾਬ ਹੋ ਗਿਆ ਸੀ। ਡੀ.ਆਈ.ਜੀ. ਨੇ ਦੱਸਿਆ ਕਿ ਐਸ.ਐਸ.ਪੀ. ਅੰਮ੍ਰਿਤਸਰ ਦਿਹਾਤੀ ਸ੍ਰੀ ਸਤਿੰਦਰ ਸਿੰਘ ਦੀ ਅਗਵਾਈ ਹੇਠ ਬਣਾਈਆਂ ਗਈਆਂ ਵਿਸ਼ੇਸ਼ ਟੀਮਾਂ ਇਸ ਗੈਂਗਸਟਰ ਦਾ ਪਿੱਛਾ ਕਰ ਰਹੀਆਂ ਸਨ। ਅੱਜ ਝੰਡਾ ਥਾਣੇ ਦੇ ਇਲਾਕੇ ਵਿੱਚ ਜਦੋਂ ਪੁਲਿਸ ਨੇ ਉਸ ਨੂੰ ਘੇਰਿਆ, ਤਾਂ ਉਸ ਨੇ ਪੁਲਿਸ ਪਾਰਟੀ ਤੇ ਪੀ.ਐਫ.-9 ਕੈਲੀਬਰ ਦੇ ਵਿਦੇਸ਼ੀ ਪਿਸਤੌਲ ਨਾਲ ਤਾਬੜਤੋੜ ਫਾਇਰਿੰਗ ਸ਼ੁਰੂ ਕਰ ਦਿੱਤੀ। ਇਸ ਦੌਰਾਨ ਇੱਕ ਗੋਲੀ ਸਬ-ਇੰਸਪੈਕਟਰ ਸਤਵਿੰਦਰ ਸਿੰਘ ਦੀ ਬੁਲੇਟ ਪ੍ਰੂਫ ਜੈਕਟ ਤੇ ਲੱਗੀ, ਜਿਸ ਕਾਰਨ ਉਨ੍ਹਾਂ ਦੀ ਜਾਨ ਬਚ ਗਈ। ਪੁਲਿਸ ਵੱਲੋਂ ਕੀਤੀ ਗਈ ਜਵਾਬੀ ਫਾਇਰਿੰਗ ਵਿੱਚ ਮਨੀ ਸੂਰਮਾ ਗੰਭੀਰ ਜ਼ਖ਼ਮੀ ਹੋ ਗਿਆ, ਜਿਸ ਨੂੰ ਤੁਰੰਤ ਲੋਪੋਕੇ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਡੀ.ਆਈ.ਜੀ. ਗੋਇਲ ਨੇ ਮੀਡੀਆ ਨੂੰ ਵੀ ਅਪੀਲ ਕੀਤੀ ਕਿ ਅਜਿਹੇ ਬਦਮਾਸ਼ਾਂ ਨੂੰ ਵੱਡੇ-ਵੱਡੇ ਨਾਮ ਦੇ ਕੇ ਮਸ਼ਹੂਰ ਨਾ ਕੀਤਾ ਜਾਵੇ, ਕਿਉਂਕਿ ਇਸ ਨਾਲ ਸਮਾਜ ਵਿੱਚ ਗਲਤ ਸੰਦੇਸ਼ ਜਾਂਦਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜਿਹੜਾ ਵੀ ਵਿਅਕਤੀ ਕਾਨੂੰਨ ਨੂੰ ਆਪਣੇ ਹੱਥ ਵਿੱਚ ਲਵੇਗਾ, ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਹਸਪਤਾਲ ਵਿੱਚੋਂ ਉਸ ਦੇ ਫਰਾਰ ਹੋਣ ਦੀ ਸਾਜ਼ਿਸ਼ ਵਿੱਚ ਸ਼ਾਮਲ ਵਿਅਕਤੀਆਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ

ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ

# ਸਧਾਰਨ ਸੇਬ ਨੂੰ ਬਣਾਓ ਤਾਕਤ ਦਾ ਫ਼ਲ ਸਿਰਫ਼ ਇੱਕ ਚੁਟਕੀ ਲੂਣ ਨਾਲ



ਰੋਜ਼ਾਨਾ ਸੇਬ ਖਾਣਾ ਸਿਹਤ ਲਈ ਲਾਭਕਾਰੀ ਮੰਨਿਆ ਜਾਂਦਾ ਹੈ, ਪਰ ਜੇ ਇਸਨੂੰ ਥੋੜ੍ਹਾ ਜਿਹਾ ਸਵਾਦ ਅਤੇ ਪੌਸ਼ਟਿਕਤਾ ਦੇਣ ਵਾਲੇ ਤਰੀਕੇ ਨਾਲ ਖਾਇਆ ਜਾਵੇ ਤਾਂ ਇਹ ਹੋਰ ਵੀ ਫਾਇਦੇਮੰਦ ਸਾਬਤ ਹੋ ਸਕਦਾ ਹੈ। ਪੋਸ਼ਣ ਵਿਗਿਆਨੀਆਂ ਅਤੇ ਸਿਹਤ ਵਿਸ਼ੇਸ਼ ਗਿਆਨ ਦੇ ਅਨੁਸਾਰ ਜੇ ਸੇਬ ਦੇ ਕੱਟੇ ਹੋਏ ਟੁਕੜਿਆਂ 'ਤੇ ਥੋੜ੍ਹਾ ਜਿਹਾ ਸੈਂਧਾ ਲੂਣ ਜਾਂ ਹਿਮਾਲਿਅਨ ਪਿੰਕ ਸਾਲਟ ਛਿੜਕਿਆ ਜਾਵੇ ਤਾਂ ਇਹ ਸਧਾਰਣ ਫ਼ਲ ਇੱਕ ਤਾਕਤਵਰ ਸਨੈਕ ਵਿੱਚ ਬਦਲ ਜਾਂਦਾ ਹੈ।ਸੇਬ ਵਿੱਚ ਕੁਦਰਤੀ ਚੀਨੀ ਹੁੰਦੀ ਹੈ ਜੋ ਸਰੀਰ ਨੂੰ ਤੁਰੰਤ ਊਰਜਾ ਦਿੰਦੀ ਹੈ। ਇਹ ਖ਼ਾਸ ਕਰਕੇ ਉਹਨਾਂ ਲੋਕਾਂ ਲਈ ਲਾਭਕਾਰੀ ਹੈ, ਜੋ ਵਰਕਆਉਟ ਤੋਂ ਪਹਿਲਾਂ ਕੁਝ ਹਲਕਾ ਫ਼ਲ ਖਾਣਾ ਚਾਹੁੰਦੇ ਹਨ ਜਾਂ ਦੁਪਹਿਰ ਦੇ ਸਮੇਂ ਥਕਾਵਟ ਮਹਿਸੂਸ ਕਰਦੇ ਹਨ। ਜਦੋਂ ਸੇਬ 'ਤੇ ਲੂਣ ਛਿੜਕਿਆ ਜਾਂਦਾ ਹੈ ਤਾਂ ਇਹ ਨਾ ਸਿਰਫ਼ ਸਵਾਦ ਵਧਾਉਂਦਾ ਹੈ, ਸਗੋਂ ਮਿਠਾਸ ਨੂੰ ਹੋਰ ਉਭਾਰਦਾ ਹੈ, ਕਿਉਂਕਿ ਲੂਣ ਜੀਭ 'ਤੇ ਮੌਜੂਦ ਕੜਵਾਹਟ ਨੂੰ ਘਟਾਉਂਦਾ ਹੈ।ਇਸ ਦੇ ਨਾਲ ਹੀ ਸੈਂਧਾ ਲੂਣ ਜਾਂ ਪਿੰਕ ਸਾਲਟ ਵਿੱਚ ਸੋਡੀਅਮ ਦੇ ਨਾਲ ਪੋਟੈਸ਼ੀਅਮ ਅਤੇ ਮੈਗਨੀਸ਼ੀਅਮ ਵਰਗੇ ਖਣਿਜ ਤੱਤ ਵੀ ਹੁੰਦੇ ਹਨ ਜੋ ਸਰੀਰ ਵਿੱਚ ਇਲੈਕਟ੍ਰੋਲਾਈਟ ਸੰਤੁਲਨ ਬਣਾਈ ਰੱਖਣ ਵਿੱਚ ਮੱਦਦ ਕਰਦੇ ਹਨ। ਇਹ ਤੱਤ ਖ਼ਾਸ ਕਰਕੇ ਗਰਮੀ ਜਾਂ ਕਸਰਤ ਦੌਰਾਨ ਪਸੀਨਾ ਆਉਣ ਕਾਰਨ ਹੋਣ ਵਾਲੀ ਡੀਹਾਈਡਰੇਸ਼ਨ ਤੋਂ ਬਚਾਉਂਦੇ ਹਨ ਅਤੇ ਮਾਸਪੇਸ਼ੀਆਂ ਦੀ ਕਾਰਗੁਜ਼ਾਰੀ ਨੂੰ ਸਹੀ ਰੱਖਦੇ ਹਨ।ਸੇਬ ਵਿੱਚ ਮੌਜੂਦ ਫਾਈਬਰ ਪਚਨ ਤੰਤਰ ਨੂੰ ਮਜ਼ਬੂਤ ਕਰਦਾ ਹੈ ਅਤੇ ਜਦੋਂ ਇਸ ਵਿੱਚ ਲੂਣ ਮਿਲਾਇਆ ਜਾਂਦਾ ਹੈ ਤਾਂ ਇਹ ਪਚਨ ਐਂਜ਼ਾਈਮਾਂ ਨੂੰ ਉਤਸ਼ਾਹਿਤ ਕਰਦਾ ਹੈ, ਜਿਸ ਨਾਲ ਗੈਸ ਅਤੇ ਅਜਿਹੀਆਂ ਹੋਰ ਸਮੱਸਿਆਵਾਂ ਤੋਂ ਰਾਹਤ ਮਿਲਦੀ ਹੈ। ਇਹ ਘਰੇਲੂ ਨੁਸਖਾ ਐਸਿਡਿਟੀ ਤੋਂ ਪੀੜਤ ਲੋਕਾਂ ਲਈ ਵੀ ਲਾਭਕਾਰੀ ਸਾਬਤ ਹੋ ਸਕਦਾ ਹੈ, ਕਿਉਂਕਿ ਲੂਣ ਖਾਣ ਵਾਲੇ ਪਦਾਰਥਾਂ ਦੀ ਐਸਿਡਿਕਤਾ ਨੂੰ ਘਟਾਉਂਦਾ ਹੈ।

# ਆਰ.ਆਈ.ਸੀ.ਐੱਮ. ਚੰਡੀਗੜ੍ਹ ਵਿੱਚ ਭਾਰਤ-ਸ੍ਰੀਲੰਕਾ 'ਚ ਵਪਾਰ ਅਤੇ ਸਮਰੱਥਾ ਨਿਰਮਾਣ 'ਤੇ ਸਹਿਕਾਰੀ ਸੰਵਾਦ



ਚੰਡੀਗੜ੍ਹ, 20 ਜਨਵਰੀ (ਚ.ਨ.ਸ.): ਖੇਤਰੀ ਸਹਿਕਾਰੀ ਪ੍ਰਬੰਧਨ ਸੰਸਥਾਨ (ਆਰ.ਆਈ.ਸੀ.ਐੱਮ) ਚੰਡੀਗੜ੍ਹ ਵੱਲੋਂ ਉੱਨਤੀ ਐਗਰੀਕਲਚਰ ਕੋਆਪਰੇਟਿਵ ਮਾਰਕੀਟਿੰਗ ਸੋਸਾਇਟੀ, ਹੁਸ਼ਿਆਰਪੁਰ (ਪੰਜਾਬ) ਦੇ ਸਹਿਯੋਗ ਨਾਲ ਮਿਤੀ 20 ਜਨਵਰੀ 2026 ਨੂੰ ਆਰ.ਆਈ.ਸੀ.ਐੱਮ ਪਰਿਸਰ ਵਿੱਚ ਭਾਰਤ-ਸ਼੍ਰੀਲੰਕਾ ਸਹਿਕਾਰੀ ਸੰਵਾਦ : ਵਪਾਰ ਅਤੇ ਸਮਰੱਥਾ ਨਿਰਮਾਣ ਦਾ ਆਯੋਜਨ ਕੀਤਾ ਗਿਆ। ਇਹ ਸੰਵਾਦ ਡਾ. ਸ਼ੰਥਾ ਜਯਾਰਥਨੇ, ਵਪਾਰ, ਵਣਜ, ਖੁਰਾਕ ਸੁਰੱਖਿਆ ਅਤੇ ਸਹਿਕਾਰੀ ਵਿਕਾਸ ਮੰਤਰਾਲਾ ਅਤੇ ਮਾਣਯੋਗ ਸਹਿਕਾਰਤਾ ਮੰਤਰੀ, ਸ਼੍ਰੀਲੰਕਾ ਸਰਕਾਰ ਦੇ ਸੀਨੀਅਰ ਸਲਾਹਕਾਰ ਅਤੇ ਰਾਸ਼ਟਰੀ ਸਹਿਕਾਰੀ ਵਿਕਾਸ ਸੰਸਥਾਨ, ਸ਼੍ਰੀਲੰਕਾ ਦੇ ਨਿਰਦੇਸ਼ਕ, ਦੀ ਭਾਰਤ ਯਾਤਰਾ ਦੇ ਸੰਦਰਭ ਵਿੱਚ ਆਯੋਜਿਤ ਕੀਤਾ ਗਿਆ। ਇਸ ਮੌਕੇ 'ਤੇ ਭਾਰਤ ਦੇ ਚੁਣੇ ਹੋਏ ਸਹਿਕਾਰੀ ਨੇਤਾਵਾਂ, ਸਹਿਕਾਰੀ ਸੰਸਥਾਨਾਂ ਦੇ ਨੁਮਾਇੰਦਿਆਂ ਅਤੇ ਵਿਕਾਸ ਖੇਤਰ ਨਾਲ ਜੁੜੇ ਮਾਹਿਰਾਂ ਨੇ ਭਾਗ ਲਿਆ।

ਪ੍ਰੋਗਰਾਮ ਦਾ ਸ਼ੁਭ ਆਰੰਭ ਸਵੇਰੇ 10:00 ਵਜੇ ਹੋਇਆ, ਜਦਕਿ ਸੰਮੇਲਨ ਸੈਸ਼ਨ 11:00 ਵਜੇ ਸ਼ੁਰੂ ਹੋਇਆ। ਇਸ ਸੰਵਾਦ ਦਾ ਉਦੇਸ਼ ਭਾਰਤ ਅਤੇ ਸ਼੍ਰੀਲੰਕਾ ਵਿਚਕਾਰ ਸਹਿਕਾਰੀ-ਤੋਂ-ਸਹਿਕਾਰੀ ਸਹਿਯੋਗ ਨੂੰ ਮਜ਼ਬੂਤ ਕਰਨ ਲਈ, ਵਿਸ਼ੇਸ਼ ਤੌਰ 'ਤੇ ਵਪਾਰ, ਸੰਸਥਾਗਤ ਸਾਂਝੇਦਾਰੀ ਅਤੇ ਸਮਰੱਥਾ ਨਿਰਮਾਣ ਦੇ ਖੇਤਰਾਂ ਵਿੱਚ, ਵਿਚਾਰ-ਵਿਮਰਸ਼ ਅਤੇ ਅਨੁਭਵ ਸਾਂਝਾ ਕਰਨ ਲਈ ਇੱਕ ਕੇਂਦ੍ਰਿਤ ਮੰਚ ਪ੍ਰਦਾਨ ਕਰਨਾ ਸੀ।

ਪ੍ਰਤੀਭਾਗੀਆਂ ਦਾ ਸਵਾਗਤ ਕਰਦੇ ਹੋਏ ਆਰ.ਆਈ.ਸੀ.ਐੱਮ ਦੇ ਨਿਰਦੇਸ਼ਕ ਡਾ. ਰਾਜੀਵ ਕੁਮਾਰ ਨੇ ਦੋਵਾਂ ਦੇਸ਼ਾਂ ਦੇ ਸਹਿਕਾਰੀ ਅੰਦੋਲਨਾਂ ਵਿਚਕਾਰ ਡੂੰਘੇ ਇਤਿਹਾਸਿਕ, ਸੱਭਿਆਚਾਰਕ ਅਤੇ ਸੰਸਥਾਗਤ ਸਬੰਧਾਂ 'ਤੇ ਪ੍ਰਕਾਸ਼ ਪਾਇਆ ਅਤੇ ਸਾਂਝੇ ਮੁੱਲਾਂ ਨੂੰ ਵਿਹਾਰਕ ਸਹਿਯੋਗ ਵਿੱਚ ਬਦਲਣ ਲਈ ਢਾਂਚਾਗਤ ਸਹਿਭਾਗੀਤਾ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਆਪਣੇ ਸੰਬੋਧਨ ਵਿੱਚ ਡਾ. ਸ਼ੰਥਾ ਜਯਾਰਥਨੇ ਨੇ ਸ਼੍ਰੀਲੰਕਾ ਦੇ ਸਹਿਕਾਰੀ ਵਾਤਾਵਰਣ ਪ੍ਰਣਾਲੀ, ਨੀਤੀਗਤ ਦ੍ਰਿਸ਼ਟੀਕੋਣਾਂ ਅਤੇ ਦੁਵੱਲੇ ਸਹਿਯੋਗ ਦੀਆਂ ਉੱਭਰ ਰਹੀਆਂ ਸੰਭਾਵਨਾਵਾਂ ਤੇ ਵਿਚਾਰ ਸਾਂਝੇ ਕੀਤੇ।

ਸੰਵਾਦ ਦੇ ਮੁੱਖ ਵਿਸ਼ਿਆਂ ਵਿੱਚ ਖੇਤੀਬਾੜੀ, ਮੁੱਲ-ਵਰਧਿਤ ਉਤਪਾਦਾਂ, ਮੱਛੀ ਪਾਲਣ ਅਤੇ ਸੇਵਾਵਾਂ ਵਿੱਚ ਸਹਿਕਾਰੀ-ਅਗਵਾਈ ਵਾਲੇ ਵਪਾਰ ਦੀਆਂ ਸੰਭਾਵਨਾਵਾਂ; ਸਿਖਲਾਈ, ਲੀਡਰਸ਼ਿਪ ਵਿਕਾਸ ਅਤੇ ਅਧਿਐਨ-ਟੂਰ ਨਾਲ ਸੰਬੰਧਿਤ ਸਾਂਝੀਆਂ ਪਹਿਲਕਦਮੀਆਂ; ਅਤੇ ਦੋਵਾਂ ਦੇਸ਼ਾਂ ਦੇ ਸਹਿਕਾਰੀ ਸਿਖਲਾਈ ਅਤੇ ਖੋਜ ਸੰਸਥਾਨਾਂ ਵਿਚਕਾਰ ਸੰਸਥਾਗਤ ਸਹਿਯੋਗ ਸ਼ਾਮਲ ਸਨ।

ਸੰਵਾਦ ਦਾ ਸਮਾਪਨ ਦੋ ਤੋਂ ਤਿੰਨ ਠੋਸ ਸਹਿਯੋਗਾਤਮਕ ਮਾਰਗਾਂ ਦੀ ਪਛਾਣ, ਸੰਭਾਵਿਤ ਪਾਇਲਟ ਪਹਿਲਕਦਮੀਆਂ ਦੀ ਖੋਜ ਅਤੇ ਸੰਸਥਾਗਤ ਸਮਝੌਤਿਆਂ (ਐਮਓਯੂ) ਅਤੇ ਐਕਸਚੇਂਜ ਪ੍ਰੋਗਰਾਮਾਂ ਨੂੰ ਅੱਗੇ ਵਧਾਉਣ 'ਤੇ ਸਹਿਮਤੀ ਨਾਲ ਹੋਇਆ। ਇਹ ਪ੍ਰੋਗਰਾਮ ਭਾਰਤ ਅਤੇ ਸ਼੍ਰੀਲੰਕਾ ਦੇ ਸਹਿਕਾਰੀ ਖੇਤਰਾਂ ਵਿਚਕਾਰ ਨਿਰੰਤਰ ਅਤੇ ਆਪਸੀ ਲਾਭਦਾਇਕ ਸਹਿਯੋਗ ਨੂੰ ਉਤਸ਼ਾਹਿਤ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਸਾਬਤ ਹੋਇਆ।

# ਤਿਲਕ ਲਗਾਉਣ 'ਤੇ ਸਾਲਾ ਹਿੰਦੂ ਵਿਦਿਆਰਥੀ ਨੂੰ ਲੰਡਨ ਸਕੂਲ ਛੱਡਣ 'ਤੇ ਮਜਬੂਰ ਕੀਤਾ



ਲੰਡਨ, 20 ਜਨਵਰੀ (ਚ.ਨ.ਸ.) : ਲੰਡਨ ਵਿੱਚ ਇੱਕ 8 ਸਾਲਾ ਹਿੰਦੂ ਬੱਚੇ ਨੂੰ ਆਪਣੇ ਮੱਥੇ 'ਤੇ ਤਿਲਕ-ਚੰਦਲੋ ਲਗਾਉਣ ਕਰਕੇ ਭੇਦਭਾਵ ਦਾ ਸਾਹਮਣਾ ਕਰਨਾ ਪਿਆ। ਇਹ ਤਿਲਕ-ਚੰਦਲੋ ਹਿੰਦੂ ਧਰਮ ਦਾ ਪਵਿੱਤਰ ਨਿਸ਼ਾਨ ਹੁੰਦਾ ਹੈ। ਇਹ ਮਾਮਲਾ Insight UK ਨਾਂ ਦੀ ਸੰਸਥਾ ਨੇ ਉਠਾਇਆ, ਜੋ ਕਿ ਬ੍ਰਿਟੇਨ ਵਿੱਚ ਹਿੰਦੂ ਭਾਈਚਾਰੇ ਦੀ ਆਵਾਜ਼ ਹੈ। ਉਨ੍ਹਾਂ ਦੇ ਅਨੁਸਾਰ, VicarÓs Green Primary School ਦੇ ਅਧਿਆਪਕਾਂ ਨੇ ਬੱਚੇ ਨੂੰ ਆਪਣੇ ਧਰਮਕ ਨਿਸ਼ਾਨ ਬਾਰੇ ਸਵਾਲ ਪੁੱਛੇ ਅਤੇ ਉਸਨੂੰ ਇਹ ਸਾਬਤ ਕਰਨ ਲਈ ਕਿਹਾ ਕਿ ਇਹ ਕਿਉਂ ਲਗਾਇਆ ਜਾਂਦਾ ਹੈ। ਇਹ ਗੱਲ ਇੱਕ ਛੋਟੇ ਬੱਚੇ ਲਈ ਬਿਲਕੁਲ ਗਲਤ ਹੈ।ਇਹ ਵੀ ਦੱਸਿਆ ਗਿਆ ਕਿ ਸਕੂਲ ਦੇ ਮੁੱਖ ਅਧਿਆਪਕ ਨੇ ਬੱਚੇ ਨੂੰ ਬਰੇਕ ਸਮੇਂ ਧਿਆਨ ਨਾਲ ਦੇਖਣਾ ਸ਼ੁਰੂ ਕਰ ਦਿੱਤਾ, ਜਿਸ ਕਾਰਨ ਬੱਚਾ ਡਰ ਗਿਆ ਅਤੇ ਹੋਰ ਬੱਚਿਆਂ ਨਾਲ ਖੇਡਣਾ ਛੱਡ ਦਿੱਤਾ। ਇਲਜ਼ਾਮ ਇਹ ਵੀ ਲਗਾਇਆ ਗਿਆ ਕਿ ਬੱਚੇ ਨੂੰ ਸਿਰਫ਼ ਆਪਣੇ ਧਰਮਕ ਅਭਿਆਸ ਕਰਕੇ ਸਕੂਲ ਦੀਆਂ ਜ਼ਿੰਮੇਵਾਰੀਆਂ ਤੋਂ ਹਟਾ ਦਿੱਤਾ ਗਿਆ। ਇਹ UK ਦੇ Equality Act 2010 ਦੇ ਉਲੰਘਣ ਹੋ ਸਕਦੀ ਹੈ, ਕਿਉਂਕਿ ਇਸ ਕਾਨੂੰਨ ਅਨੁਸਾਰ ਧਰਮ ਇੱਕ ਵਿਅਕਤੀਗਤ ਫੈਸਲਾ ਹੈ।ਸਧਾਰਨ ਭਾਸ਼ਾ ਵਿੱਚ ਕਹੀਏ ਤਾਂ, ਬੱਚੇ ਨੂੰ ਆਪਣੇ ਧਰਮਕ ਨਿਸ਼ਾਨ ਤਿਲਕ ਲਗਾਉਣ ਕਰਕੇ ਸਕੂਲ ਵਿੱਚ ਅਣਉਚਿਤ ਤਰੀਕੇ ਨਾਲ ਟ੍ਰੀਟ ਕੀਤਾ ਗਿਆ, ਜਿਸ ਨਾਲ ਉਸਨੂੰ ਸਕੂਲ ਛੱਡਣਾ ਪਿਆ। Insight UK ਦੇ ਬੁਲਾਰੇ ਨੇ ਕਿਹਾ, ਕੋਈ ਵੀ ਬੱਚਾ ਆਪਣੇ ਧਰਮ ਕਰਕੇ ਡਰਿਆ ਹੋਇਆ, ਅਲੱਗ ਕੀਤਾ ਹੋਇਆ ਜਾਂ ਨਿਗਰਾਨੀ ਹੇਠ ਮਹਿਸੂਸ ਨਹੀਂ ਕਰਨਾ ਚਾਹੀਦਾ, ਖਾਸ ਕਰਕੇ ਕਿਸੇ ਅਧਿਕਾਰਤ ਵਿਅਕਤੀ ਵੱਲੋਂ।

# ਆਸਟ੍ਰੇਲੀਅਨ ਓਪਨ: ਮੈਡਿਸਨ ਕੀਜ਼ ਦੀ ਜ਼ਬਰਦਸਤ ਵਾਪਸੀ

## ਕਈ ਦਿੱਗਜ਼ ਟੂਰਨਾਮੈਂਟ ਤੋਂ ਬਾਹਰ



ਮੈਲਬੋਰਨ, 20 ਜਨਵਰੀ , (ਚ.ਨ.ਸ.) : ਆਸਟ੍ਰੇਲੀਅਨ ਓਪਨ ਵਿੱਚ ਮੰਗਲਵਾਰ ਦਾ ਦਿਨ ਰੋਮਾਂਚ ਅਤੇ ਉਲਟਫੇਰ ਨਾਲ ਭਰਿਆ ਰਿਹਾ। ਜਿੱਥੇ ਮੌਜੂਦਾ ਚੈਂਪੀਅਨ ਮੈਡਿਸਨ ਕੀਜ਼ ਨੇ ਹਾਰ ਦੇ ਜਬਾੜੇ ਵਿੱਚੋਂ ਜਿੱਤ ਖੋਹ ਕੇ ਦੂਜੇ ਦੌਰ ਵਿੱਚ ਪ੍ਰਵੇਸ਼ ਕੀਤਾ, ਉੱਥੇ ਹੀ ਕਈ ਦਰਜਾ ਪ੍ਰਾਪਤ (Seeded) ਖਿਡਾਰੀਆਂ ਨੂੰ ਪਹਿਲੇ ਹੀ ਦੌਰ ਵਿੱਚ ਹਾਰ ਦਾ ਸਾਹਮਣਾ ਕਰਨਾ ਪਿਆ ਹੈ।ਨੌਵੀਂ ਦਰਜਾ ਪ੍ਰਾਪਤ ਮੈਡਿਸਨ ਕੀਜ਼ ਨੇ ਆਪਣੇ 50ਵੇਂ ਗ੍ਰੈਂਡ ਸਲੈਮ ਮੈਚ ਵਿੱਚ ਯੂਕਰੇਨ ਦੀ ਓਲੇਕਸੈਂਡਰਾ ਓਲਿਨਕੋਵਾ ਨੂੰ 7-6 (6), 6-1 ਨਾਲ ਮਾਤ ਦਿੱਤੀ। ਕੀਜ਼ ਨੇ ਮੈਚ ਦੀ ਸ਼ੁਰੂਆਤ ਵਿੱਚ ਕਾਫੀ ਸੰਘਰਸ਼ ਕੀਤਾ ਅਤੇ ਉਹ ਪਹਿਲੇ ਸੈੱਟ ਵਿੱਚ 4-0 ਨਾਲ ਪਿੱਛੇ ਚੱਲ ਰਹੀ ਸੀ। ਇੱਥੋਂ ਤੱਕ ਕਿ ਟਾਈਬ੍ਰੇਕਰ ਵਿੱਚ ਵੀ ਉਹ 4-0 ਨਾਲ ਪਿੱਛੇ ਸੀ, ਪਰ ਉਸਨੇ ਸ਼ਾਨਦਾਰ ਵਾਪਸੀ ਕਰਦਿਆਂ ਜਿੱਤ ਦਰਜ ਕੀਤੀ। ਕੀਜ਼ ਨੇ ਮੈਚ ਤੋਂ ਬਾਅਦ ਮੰਨਿਆ ਕਿ ਉਹ ਸ਼ੁਰੂ ਵਿੱਚ ਕਾਫੀ ਘਬਰਾਈ ਹੋਈ ਸੀਟੂਰਨਾਮੈਂਟ ਵਿੱਚ ਮਹਿਲਾ ਵਰਗ ਵਿੱਚ ਕਈ ਵੱਡੇ ਉਲਟਫੇਰ ਦੇਖਣ ਨੂੰ ਮਿਲੇ। ਕੈਨੇਡਾ ਦੀ 22ਵੀਂ ਦਰਜਾ ਪ੍ਰਾਪਤ ਲੇਇਲਾ ਫਰਨਾਂਡੀਜ਼ ਨੂੰ ਇੰਡੋਨੇਸ਼ੀਆ ਦੀ ਜੈਨਿਸ ਟਜੇਨ ਨੇ 6-2, 7-6 (1) ਨਾਲ ਹਰਾ ਕੇ ਟੂਰਨਾਮੈਂਟ ਤੋਂ ਬਾਹਰ ਕਰ ਦਿੱਤਾ। ਆਸਟ੍ਰੇਲੀਆ ਦੀ 30ਵੀਂ ਦਰਜਾ ਪ੍ਰਾਪਤ ਮਾਇਆ ਜੁਆਇੰਟ ਨੂੰ ਚੈੱਕ ਗਣਰਾਜ ਦੀ ਟੇਰੇਜ਼ਾ ਵੈਲੇਂਟੋਵਾ ਨੇ 6-4, 6-4 ਨਾਲ ਸ਼ਿਕਸਤ ਦਿੱਤੀ। ਸਾਬਕਾ ਅਮਰੀਕੀ ਓਪਨ ਚੈਂਪੀਅਨ ਸਲੋਏਨ ਸਟੀਫਨਜ਼ ਵੀ ਕੈਰੋਲੀਨਾ ਪਲਿਸਕੋਵਾ ਤੋਂ ਹਾਰ ਕੇ ਬਾਹਰ ਹੋ ਗਈ ਹੈ।

# ਅਪਰਾਧਿਕ ਗਿਰੋਹ ਨਾਲ ਝੜਪਾਂ 'ਚ ਸੱਤ ਪੁਲਿਸ ਮੁਲਾਜ਼ਮਾਂ ਦੀ ਮੌਤ

## ਗੁਆਟੇਮਾਲਾ ਪੁਲਿਸ ਨੇ ਉੱਚ ਸੁਰੱਖਿਆ ਵਾਲੀ ਜੇਲ੍ਹ 'ਤੇ ਕੰਟਰੋਲ ਵਾਪਸ ਲਿਆ



ਐਸਕੁਇੰਟਲਾ, 20 ਜਨਵਰੀ (ਚ.ਨ.ਸ.) : ਗੁਆਟੇਮਾਲਾ ਦੀ ਰਾਜਧਾਨੀ 'ਚ ਬੀਤੇ ਦਿਨ ਸੁਰੱਖਿਆ ਬਲਾਂ ਤੇ ਗਿਰੋਹ ਦੇ ਮੈਂਬਰਾਂ ਵਿਚਾਲੇ ਹੋਈਆਂ ਝੜਪਾਂ 'ਚ ਸੱਤ ਪੁਲਿਸ ਮੁਲਾਜ਼ਮਾਂ ਦੀ ਮੌਤ ਹੋ ਗਈ। ਇਸ ਤੋਂ ਪਹਿਲਾਂ ਦੇਸ਼ ਦੇ ਦੱਖਣ-ਪੱਛਮੀ ਹਿੱਸੇ 'ਚ ਸਥਿਤ ਤਿੰਨ ਉੱਚ ਸੁਰੱਖਿਆ ਵਾਲੀਆਂ ਜੇਲ੍ਹਾਂ 'ਚੋਂ ਇੱਕ 'ਤੇ ਪੁਲਿਸ ਨੇ ਮੁੜ ਕੰਟਰੋਲ ਹਾਸਲ ਕਰ ਲਿਆ, ਜਿੱਥੇ ਕੈਦੀਆਂ ਨੇ ਹਿੰਸਾ ਕਰਕੇ ਸੁਰੱਖਿਆ ਕਰਮੀਆਂ ਨੂੰ ਬੰਦੀ ਬਣਾ ਲਿਆ ਸੀ।ਗੁਆਟੇਮਾਲਾ ਸਿਟੀ ਤੇ ਉਸ ਦੇ ਨੇੜੇ-ਤੇੜੇ ਪੁਲਿਸ 'ਤੇ ਉਸ ਸਮੇਂ ਹਮਲੇ ਹੋਏ, ਜਦੋਂ ਸੈਂਕੜੇ ਦੰਗਾ ਰੋਕੂ ਪੁਲਿਸ ਮੁਲਾਜ਼ਮਾਂ ਨੇ ਰਾਜਧਾਨੀ ਤੋਂ ਤਕਰੀਬਨ 76 ਕਿੱਲੋਮੀਟਰ ਦੱਖਣ-ਪੱਛਮ 'ਚ ਐਸਕੁਇੰਟਲਾ ਸਥਿਤ ਰੈਨੋਵੇਸੀਲੋਨ ਜੇਲ੍ਹ 'ਤੇ ਧਾਵਾ ਬੋਲਿਆ ਤੇ ਉੱਥੇ ਬੰਦੀ ਬਣਾਏ ਨੌਂ ਜੇਲ੍ਹ ਕਰਮੀਆਂ ਨੂੰ ਆਜ਼ਾਦ ਕਰਵਾਇਆ। ਅਧਿਕਾਰੀਆਂ ਨੇ ਦੱਸਿਆ ਕਿ ਦੋ ਹੋਰ ਜੇਲ੍ਹਾਂ 'ਚ ਹਾਲੇ ਵੀ 36 ਤੋਂ ਵੱਧ ਪੁਲਿਸ ਮੁਲਾਜ਼ਮ ਗਿਰੋਹ ਨੇ ਬੰਦੀ ਬਣਾਏ ਹੋਏ ਹਨ।ਇਸੇ ਵਿਚਾਲੇ ਜਦੋਂ ਸੁਰੱਖਿਆ ਬਲ ਹਾਲਾਤ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰ ਰਹੇ ਸਨ ਤਾਂ ਜੇਲ੍ਹਾਂ ਦੇ ਬਾਹਰ ਜਵਾਬੀ ਹਮਲੇ ਹੋਏ। ਗ੍ਰਹਿ ਮੰਤਰੀ ਮਾਰਕੋ ਐਂਤੋਨੀਓ ਵਿਲੇਡਾ ਨੇ ਦੱਸਿਆ ਕਿ ਹਥਿਆਰਬੰਦ ਗਰੋਹਾਂ ਨੇ ਗੁਆਟੇਮਾਲਾ ਸਿਟੀ 'ਚ ਵੱਖ ਵੱਖ ਥਾਵਾਂ 'ਤੇ ਹਮਲੇ ਕਰਕੇ ਕੌਮੀ ਪੁਲਿਸ ਦੇ ਸੱਤ ਅਧਿਕਾਰੀਆਂ ਦੀ ਹੱਤਿਆ ਕਰ ਦਿੱਤੀ। ਇਨ੍ਹਾਂ ਝੜਪਾਂ 'ਚ 10 ਪੁਲਿਸ ਮੁਲਾਜ਼ਮ ਜ਼ਖ਼ਮੀ ਹੋਏ ਹਨ ਅਤੇ ਗਿਰੋਹ ਦਾ ਇੱਕ ਮੈਂਬਰ ਮਾਰਿਆ ਗਿਆ ਹੈ। ਹੁਣ ਤੱਕ ਪੁਲਿਸ ਨੇ ਗਿਰੋਹ ਦੇ ਸੱਤ ਮੈਂਬਰ ਗ੍ਰਿਫ਼ਤਾਰ ਕੀਤੇ ਹਨ, ਦੋ ਰਾਈਫਲਾਂ ਜ਼ਬਤ ਕੀਤੀਆਂ ਹਨ ਤੇ ਦੋ ਵਾਹਨ ਆਪਣੇ ਕਬਜ਼ੇ 'ਚ ਲਏ ਹਨ।

# ਯੂ.ਕੇ. 'ਚ ਨਿਸ਼ਾਨੇ 'ਤੇ ਹਿੰਦੂ-ਸਿੱਖ ਪਰਿਵਾਰਾਂ ਦੀਆਂ ਕੁੜੀਆਂ! ਪੰਥਕ ਜਥੇਬੰਦੀਆਂ ਨੇ ਛੇੜੀ ਜਾਗਰੂਕਤਾ ਮੁਹਿੰਮ



ਲੰਡਨ, 20 ਜਨਵਰੀ, (ਚ.ਨ.ਸ.) : ਯੂਨਾਈਟਿਡ ਕਿੰਗਡਮ 'ਚ ਨਾਬਾਲਗ ਕੁੜੀਆਂ ਨੂੰ ਗਰੂਮਿੰਗ ਨਾਲ ਜੁੜੇ ਮਾਮਲਿਆਂ 'ਚ ਸਿੱਖ ਅਤੇ ਹਿੰਦੂ ਪਰਿਵਾਰਾਂ ਦੀਆਂ ਧੀਆਂ ਨੂੰ ਨਿਸ਼ਾਨਾ ਬਣਾਏ ਜਾਣ ਬਾਰੇ ਭਾਈਚਾਰਕ ਅਤੇ ਪੰਥਕ ਜਥੇਬੰਦੀਆਂ ਵੱਲੋਂ ਗੰਭੀਰ ਚਿੰਤਾ ਪ੍ਰਗਟਾਈ ਗਈ ਹੈ। ਸੰਸਥਾਵਾਂ ਮੁਤਾਬਕ, ਹਾਲੀਆ ਸਮੇਂ ਵਿਚ ਅਜਿਹੀਆਂ ਸ਼ਿਕਾਇਤਾਂ ਵਿਚ ਵਾਧਾ ਹੋਇਆ ਹੈ, ਜਿਸ ਤੋਂ ਬਾਅਦ ਸਿੱਖ ਨੌਜਵਾਨਾਂ ਵੱਲੋਂ ਜਾਗਰੂਕਤਾ ਮੁਹਿੰਮ ਤੇਜ਼ ਕੀਤੀ ਗਈ ਹੈ।ਹੰਸਲੋ ਦੀ ਇਕ ਨਾਬਾਲਗ ਸਿੱਖ ਲੜਕੀ ਨੂੰ ਅਜਿਹੇ ਹੀ ਇਕ ਭਰਮਜਾਲ ਵਿਚ ਫਸਾਏ ਜਾਣ ਦੇ ਮਾਮਲੇ ਤੋਂ ਬਾਅਦ ਇਹ ਮਸਲਾ ਹੋਰ ਵੀ ਗੰਭੀਰ ਬਣ ਗਿਆ। ਭਾਈਚਾਰਕ ਹਲਕਿਆਂ ਦਾ ਕਹਿਣਾ ਹੈ ਕਿ ਇਕ ਧਰਮ ਨਾਲ ਸਬੰਧਿਤ ਕੁਝ ਗਿਰੋਹ ਇਸ ਗੈਰ-ਸਮਾਜਿਕ ਅਤੇ ਨਿੰਦਣਯੋਗ ਧੰਦੇ ਵਿਚ ਸਰਗਰਮ ਦੱਸੇ ਜਾ ਰਹੇ ਹਨ। ਇਨ੍ਹਾਂ ਮਾਮਲਿਆਂ ਦੀ ਜਾਂਚ ਸਬੰਧਤ ਏਜੰਸੀਆਂ ਵੱਲੋਂ ਕੀਤੀ ਜਾ ਰਹੀ ਹੈ। ਇਸ ਸਬੰਧੀ ਸਿੱਖ ਯੂਥ ਯੂ.ਕੇ. ਦੇ ਮੁਖੀ ਭਾਈ ਦੀਪਾ ਸਿੰਘ ਵੱਲੋਂ ਆਪਣੇ ਸਾਥੀਆਂ ਸਮੇਤ ਵੱਖ-ਵੱਖ ਗੁਰਦੁਆਰਿਆਂ ਵਿਚ ਜਾ ਕੇ ਸੰਗਤਾਂ ਨੂੰ ਇਸ ਖ਼ਤਰੇ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ।

# ਬਿਸਮਾਰਕ ਸਾਗਰ 'ਚ ਭੂਚਾਲ ਦੇ ਜ਼ੋਰਦਾਰ ਝਟਕੇ; 6.1 ਰਹੀ ਤੀਬਰਤਾ




ਬਿਸਮਾਰਕ ਸਾਗਰ (ਏਜੰਸੀ), 20 ਜਨਵਰੀ , (ਚ.ਨ.ਸ.) : ਮੰਗਲਵਾਰ ਨੂੰ ਬਿਸਮਾਰਕ ਸਾਗਰ (Bismarck Sea) ਵਿੱਚ ਭੂਚਾਲ ਦੇ ਤੇਜ਼ ਝਟਕੇ ਮਹਿਸੂਸ ਕੀਤੇ ਗਏ, ਜਿਸ ਦੀ ਤੀਬਰਤਾ ਰਿਐਕਟਰ ਪੈਮਾਨੇ 'ਤੇ 6.1 ਮਾਪੀ ਗਈ ਹੈ। ਨੈਸ਼ਨਲ ਸੈਂਟਰ ਫਾਰ ਸੀਸਮੋਲੋਜੀ (NCS) ਵੱਲੋਂ ਜਾਰੀ ਕੀਤੇ ਗਏ ਬਿਆਨ ਅਨੁਸਾਰ, ਇਹ ਭੂਚਾਲ ਭਾਰਤੀ ਸਮੇਂ ਅਨੁਸਾਰ ਦੁਪਹਿਰ 12:51:50 ਵਜੇ ਆਇਆ। NCS ਨੇ ਸੋਸ਼ਲ ਮੀਡੀਆ ਪਲੇਟਫਾਰਮ 'X' ਤੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਭੂਚਾਲ ਦਾ ਕੇਂਦਰ ਧਰਤੀ ਦੀ ਸਤ੍ਹਾ ਤੋਂ ਸਿਰਫ 10 ਕਿਲੋਮੀਟਰ ਦੀ ਡੂੰਘਾਈ 'ਤੇ ਸੀ। ਮਾਹਿਰਾਂ ਅਨੁਸਾਰ, ਘੱਟ ਡੂੰਘਾਈ ਵਾਲੇ ਭੂਚਾਲ ਡੂੰਘੇ ਭੂਚਾਲਾਂ ਦੇ ਮੁਕਾਬਲੇ ਜ਼ਿਆਦਾ ਖ਼ਤਰਨਾਕ ਹੁੰਦੇ ਹਨ, ਕਿਉਂਕਿ ਇਨ੍ਹਾਂ ਦੀਆਂ ਤਰੰਗਾਂ ਨੂੰ ਸਤ੍ਹਾ ਤੱਕ ਪਹੁੰਚਣ ਲਈ ਘੱਟ ਦੂਰੀ ਤੈਅ ਕਰਨੀ ਪੈਂਦੀ ਹੈ। ਇਸ ਕਾਰਨ ਜ਼ਮੀਨ 'ਤੇ ਜ਼ੋਰਦਾਰ ਝਟਕੇ ਲੱਗਦੇ ਹਨ, ਜਿਸ ਨਾਲ ਇਮਾਰਤਾਂ ਨੂੰ ਨੁਕਸਾਨ ਪਹੁੰਚਣ ਅਤੇ ਜਾਨੀ ਨੁਕਸਾਨ ਹੋਣ ਦਾ ਖ਼ਤਰਾ ਵੱਧ ਜਾਂਦਾ ਹੈ। ਇਸ ਤੋਂ ਇਲਾਵਾ, ਅਜਿਹੇ ਭੂਚਾਲਾਂ ਤੋਂ ਬਾਅਦ ਆਫਟਰਸ਼ੌਕਸ (ਭੂਚਾਲ ਦੇ ਬਾਅਦ ਦੇ ਝਟਕੇ) ਆਉਣ ਦੀ ਸੰਭਾਵਨਾ ਵੀ ਬਣੀ ਰਹਿੰਦੀ ਹੈ।

# ਭਾਰਤੀ ਬੈਡਮਿੰਟਨ ਸਟਾਰ ਸਾਇਨਾ ਨੇਹਵਾਲ ਨੇ ਲਿਆ ਸੰਨਿਆਸ



ਨਵੀਂ ਦਿੱਲੀ, 20 ਜਨਵਰੀ , (ਚ.ਨ.ਸ.) : ਭਾਰਤ ਦੀ ਦਿੱਗਜ ਬੈਡਮਿੰਟਨ ਖਿਡਾਰਨ ਅਤੇ ਲੰਡਨ ਓਲੰਪਿਕ ਦੀ ਕਾਂਸੀ ਦਾ ਤਗ਼ਮਾ ਜੇਤੂ ਸਾਇਨਾ ਨੇਹਵਾਲ ਨੇ ਅਧਿਕਾਰਤ ਤੌਰ 'ਤੇ ਖੇਡ ਤੋਂ ਸੰਨਿਆਸ ਲੈਣ ਦੀ ਪੁਸ਼ਟੀ ਕਰ ਦਿੱਤੀ ਹੈ। 35 ਸਾਲਾ ਸਾਇਨਾ ਨੇ ਦੱਸਿਆ ਕਿ ਲਗਾਤਾਰ ਸੱਟਾਂ ਅਤੇ ਸਰੀਰਕ ਦਿੱਕਤਾਂ ਕਾਰਨ ਉਹ ਹੁਣ ਪੇਸ਼ੇਵਰ ਪੱਧਰ 'ਤੇ ਖੇਡਣ ਦੇ ਕਾਬਲ ਨਹੀਂ ਰਹੀ ਹੈ।ਸਾਇਨਾ ਪਿਛਲੇ ਦੋ ਸਾਲਾਂ ਤੋਂ ਗੋਡੇ ਦੀ ਗੰਭੀਰ ਸੱਟ ਕਾਰਨ ਕੋਰਟ ਤੋਂ ਬਾਹਰ ਸੀ। ਇੱਕ ਪੌਡਕਾਸਟ ਦੌਰਾਨ ਆਪਣਾ ਦਰਦ ਸਾਂਝਾ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਗੋਡਿਆਂ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ ਅਤੇ ਉਨ੍ਹਾਂ ਨੂੰ ਗਠੀਆ (Arthritis) ਦੀ ਸ਼ਿਕਾਇਤ ਹੋ ਗਈ ਹੈ। ਸਾਇਨਾ ਨੇ ਦੱਸਿਆ, ਦੁਨੀਆਂ ਦਾ ਸਰਬੋਤਮ ਖਿਡਾਰੀ ਬਣਨ ਲਈ ਰੋਜ਼ਾਨਾ 8-9 ਘੰਟੇ ਟ੍ਰੇਨਿੰਗ ਕਰਨੀ ਪੈਂਦੀ ਹੈ, ਪਰ ਮੇਰਾ ਗੋਡਾ ਹੁਣ 1-2 ਘੰਟੇ ਦੀ ਟ੍ਰੇਨਿੰਗ ਤੋਂ ਬਾਅਦ ਹੀ ਸੁੱਜ ਜਾਂਦਾ ਹੈ।ਸਾਇਨਾ ਨੇਹਵਾਲ ਦਾ ਕਰੀਅਰ ਭਾਰਤੀ ਖੇਡ ਇਤਿਹਾਸ ਵਿੱਚ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਸ ਨੇ 2012 ਲੰਡਨ ਓਲੰਪਿਕ ਵਿੱਚ ਕਾਂਸੀ ਦਾ ਤਗ਼ਮਾ ਜਿੱਤ ਕੇ ਇਤਿਹਾਸ ਰਚਿਆ। ਵਿਸ਼ਵ ਰੈਂਕਿੰਗ ਵਿਚ ਉਹ ਦੁਨੀਆਂ ਦੀ ਨੰਬਰ-1 ਖਿਡਾਰਨ ਰਹਿ ਚੁੱਕੀ ਹੈ। 2017 ਵਿਸ਼ਵ ਚੈਂਪੀਅਨਸ਼ਿਪ ਵਿੱਚ ਕਾਂਸੀ ਅਤੇ 2018 ਰਾਸ਼ਟਰਮੰਡਲ ਖੇਡਾਂ ਵਿੱਚ ਸੋਨੇ ਦਾ ਤਗ਼ਮਾ ਜਿੱਤਿਆ। ਉਨ੍ਹਾਂ ਨੇ ਆਪਣਾ ਆਖਰੀ ਪ੍ਰਤੀਯੋਗੀ ਮੈਚ ਸਾਲ 2023 ਵਿੱਚ ਸਿੰਗਾਪੁਰ ਓਪਨ ਦੌਰਾਨ ਖੇਡਿਆ ਸੀ।ਸਾਇਨਾ ਨੇ ਕਿਹਾ ਕਿ ਉਨ੍ਹਾਂ ਨੂੰ ਸੰਨਿਆਸ ਦੀ ਕੋਈ ਰਸਮੀ ਘੋਸ਼ਣਾ ਕਰਨ ਦੀ ਲੋੜ ਮਹਿਸੂਸ ਨਹੀਂ ਹੋਈ ਕਿਉਂਕਿ ਉਨ੍ਹਾਂ ਦੀ ਮੈਦਾਨ ਤੋਂ ਦੂਰੀ ਸਭ ਕੁਝ ਬਿਆਨ ਕਰ ਰਹੀ ਸੀ। ਉਨ੍ਹਾਂ ਮੁਤਾਬਕ, ਉਨ੍ਹਾਂ ਨੇ ਆਪਣੀਆਂ ਸ਼ਰਤਾਂ 'ਤੇ ਖੇਡ ਸ਼ੁਰੂ ਕੀਤੀ ਸੀ ਅਤੇ ਹੁਣ ਆਪਣੀ ਮਰਜ਼ੀ ਨਾਲ ਹੀ ਇਸ ਨੂੰ ਅਲਵਿਦਾ ਕਹਿ ਰਹੇ ਹਨ।

# ਪਾਕਿਸਤਾਨੀ ਸਮੱਰਥਨ ਤੋਂ ਬਿਨਾਂ ਜ਼ਿੰਦਾ ਨਹੀਂ ਰਹਿ ਸਕਦਾ ਖ਼ਾਲਿਸਤਾਨੀ ਅੰਦੋਲਨ : ਟੈਰੀ ਮਾਈਲਵਸਕੀ



ਓਟਾਵਾ, 20 ਜਨਵਰੀ (ਚ.ਨ.ਸ.): ਖਾਲਿਸਤਾਨ ਅੰਦੋਲਨ ਨੂੰ ਲੈ ਕੇ ਪਾਕਿਸਤਾਨ ਦੀ ਭੂਮਿਕਾ ਇਕ ਵਾਰ ਫਿਰ ਅੰਤਰਰਾਸ਼ਟਰੀ ਬਹਿਸ ਦੇ ਕੇਂਦਰ 'ਚ ਆ ਗਈ ਹੈ। ਕੈਨੇਡਾ ਦੇ ਸੀਨੀਅਰ ਅਤੇ ਤਜਰਬੇਕਾਰ ਪੱਤਰਕਾਰ ਟੈਰੀ ਮਾਈਲਵਸਕੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ ਕਿ ਇਹ ਅੰਦੋਲਨ ਪਾਕਿਸਤਾਨ ਦੇ ਸਮੱਰਥਨ ਤੋਂ ਬਿਨਾਂ ਜ਼ਿਊਂਦਾ ਨਹੀਂ ਰਹਿ ਸਕਦਾ। ਉਨ੍ਹਾਂ ਅਨੁਸਾਰ, ਖਾਲਿਸਤਾਨ ਸਮੱਰਥਕਾਂ ਦੀ ਪੂਰੀ ਰਣਨੀਤੀ ਇਸ ਤੱਥ 'ਤੇ ਟਿਕੀ ਹੋਈ ਹੈ ਕਿ ਉਹ ਪਾਕਿਸਤਾਨ ਨੂੰ ਨਾਰਾਜ਼ ਨਾ ਕਰੇ, ਕਿਉਂਕਿ ਉਹੀ ਇਸ ਅੰਦੋਲਨ ਦਾ ਸਭ ਤੋਂ ਅਹਿਮ ਬਾਹਰੀ ਸਹਾਰਾ ਰਿਹਾ ਹੈ। ਜੇ ਖਾਲਿਸਤਾਨੀ ਆਪਣੇ ਨਕਸ਼ੇ ਵਿਚ ਪਾਕਿਸਤਾਨ ਦੇ ਹਿੱਸਿਆਂ 'ਤੇ ਦਾਅਵਾ ਕਰਨਾ ਸ਼ੁਰੂ ਕਰ ਦੇਣ, ਤਾਂ ਉਨ੍ਹਾਂ ਨੂੰ ਪਾਕਿਸਤਾਨੀ ਸਮੱਰਥਨ ਨਹੀਂ ਮਿਲੇਗਾ ਅਤੇ ਉਨ੍ਹਾਂ ਦਾ ਸਵਾਗਤ ਉਸੇ ਤਰ੍ਹਾਂ ਹੋਵੇਗਾ, ਜਿਸ ਤਰ੍ਹਾਂ ਗ੍ਰੀਨਲੈਂਡ ਵਿਚ ਟਰੰਪ ਦਾ ਹੋਇਆ।ਹਾਲ ਹੀ ਵਿਚ ਇਕ ਇੰਟਰਵਿਊ ਵਿਚ ਮਾਈਲਵਸਕੀ ਨੇ ਕਿਹਾ ਹੈ ਕਿ ਪਾਕਿਸਤਾਨ ਅਤੇ ਖਾਲਿਸਤਾਨ ਅੰਦੋਲਨ ਦਾ ਰਿਸ਼ਤਾ ਨਵਾਂ ਨਹੀਂ ਹੈ। ਇਹ ਸਬੰਧ 1940 ਦੇ ਦਹਾਕੇ ਤੋਂ ਸ਼ੁਰੂ ਹੋ ਕੇ 1970-80 ਦੇ ਦਹਾਕੇ 'ਚ ਖੁੱਲ੍ਹ ਕੇ ਸਾਹਮਣੇ ਆਇਆ। 1971 ਵਿਚ ਬੰਗਲਾਦੇਸ਼ ਜੰਗ 'ਚ ਭਾਰਤ ਹੱਥੋਂ ਮਿਲੀ ਹਾਰ ਤੋਂ ਬਾਅਦ ਪਾਕਿਸਤਾਨ ਨੇ ਭਾਰਤ ਨੂੰ ਅੰਦਰੋਂ ਅਸਥਿਰ ਕਰਨ ਦੀ ਨੀਤੀ ਅਪਣਾਈ, ਜਿਸ ਵਿਚ ਪੰਜਾਬ ਵਿਚ ਵੱਖਵਾਦੀ ਭਾਵਨਾਵਾਂ ਨੂੰ ਹਵਾ ਦੇਣਾ ਇਕ ਰਣਨੀਤਕ ਹਥਿਆਰ ਬਣ ਗਿਆ।ਟੈਰੀ ਮਾਈਲਵਸਕੀ ਨੇ ਸਭ ਤੋਂ ਵੱਡਾ ਸਵਾਲ ਇਹ ਉਠਾਇਆ ਹੈ ਕਿ ਖਾਲਿਸਤਾਨ ਸਮੱਰਥਕ ਨਕਸ਼ਿਆਂ ਵਿਚ ਪਾਕਿਸਤਾਨੀ ਪੰਜਾਬ ਦੇ ਉਨ੍ਹਾਂ ਇਲਾਕਿਆਂ ਨੂੰ ਸ਼ਾਮਲ ਹੀ ਨਹੀਂ ਕੀਤਾ ਜਾਂਦਾ, ਜੋ ਸਿੱਖ ਇਤਿਹਾਸ ਅਤੇ ਸੱਭਿਆਚਾਰ ਲਈ ਬਹੁਤ ਮਹੱਤਵਪੂਰਨ ਹਨ।

# IIT ਰੋਪੜ ਨੇ ਪ੍ਰੀ-ਇੰਡੀਆ.ਏ.ਆਈ. ਇਮਪੈਕਟ ਸੰਮਿਟ ਗਤੀਵਿਧੀਆਂ ਦੇ ਹਿੱਸੇ ਵਜੋਂ AI ਜਾਗਰੂਕਤਾ ਪ੍ਰੋਗਰਾਮ ਕਰਵਾਇਆ



ਰੋਪੜ, 20 ਜਨਵਰੀ (ਚ.ਨ.ਸ.) : ਭਾਰਤੀ ਤਕਨੀਕੀ ਸੰਸਥਾ ਰੋਪੜ ਦੇ ਸਕੂਲ ਆਫ਼ ਆਰਟੀਫੀਸ਼ੀਅਲ ਇੰਟੈਲੀਜੈਂਸ ਐਂਡ ਡੇਟਾ ਇੰਜੀਨੀਅਰਿੰਗ (sAIDE) ਨੇ 19 ਜਨਵਰੀ, 2026 ਨੂੰ IIT ਰੋਪੜ ਵਿਖੇ ਅਗਲੀ ਪੀੜ੍ਹੀ ਦੇ ਇੰਜੀਨੀਅਰਾਂ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ। ਇਹ ਪ੍ਰੋਗਰਾਮ ਪ੍ਰੀ-ਇੰਡੀਆਏਆਈ ਇਮਪੈਕਟ ਸੰਮਿਟ ਗਤੀਵਿਧੀਆਂ ਦੇ ਹਿੱਸੇ ਵਜੋਂ ਆਯੋਜਿਤ ਕੀਤਾ ਗਿਆ ਸੀ, ਜੋ ਕਿ ਭਾਰਤ ਦੇ ਮਾਨਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਘੋਸ਼ਿਤ ਇੰਡੀਆਏਆਈ ਇਮਪੈਕਟ ਸੰਮਿਟ ਦੇ ਅਨੁਕੂਲ ਸੀ।

ਪ੍ਰੋਗਰਾਮ ਦਾ ਉਦਘਾਟਨ IIT ਰੋਪੜ ਦੇ ਡਾਇਰੈਕਟਰ ਪ੍ਰੋ. ਰਾਜੀਵ ਅਹੂਜਾ ਨੇ ਕੀਤਾ, ਜਿਨ੍ਹਾਂ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਇੱਕ ਬੁਨਿਆਦੀ ਇੰਜੀਨੀਅਰਿੰਗ ਅਨੁਸ਼ਾਸਨ ਵਜੋਂ ਵੱਧ ਰਹੇ ਮਹੱਤਵ 'ਤੇ ਜ਼ੋਰ ਦਿੱਤਾ। ਉਨ੍ਹਾਂ ਨੈਤਿਕ ਅਤੇ ਐਪਲੀਕੇਸ਼ਨ-ਸੰਚਾਲਿਤ AI ਹੱਲ ਵਿਕਸਿਤ ਕਰਨ ਵਿੱਚ ਅਕਾਦਮਿਕ ਸੰਸਥਾਵਾਂ ਦੀ ਭੂਮਿਕਾ 'ਤੇ ਪ੍ਰਕਾਸ਼ ਪਾਇਆ ਅਤੇ ਵਿਦਿਆਰਥੀਆਂ ਨੂੰ ਅਸਲ ਦੁਨੀਆਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ AI ਤਕਨੀਕਾਂ ਨੂੰ ਲਾਗੂ ਕਰਨ ਲਈ ਉਤਸ਼ਾਹਿਤ ਕੀਤਾ। ਪ੍ਰੋ. ਅਹੂਜਾ ਨੇ ਜ਼ੋਰ ਦੇ ਕੇ ਕਿਹਾ ਕਿ ਨੌਜਵਾਨ ਲੋਕ ਭਾਰਤ ਦਾ ਭਵਿੱਖ ਹਨ, ਅਤੇ ਨੋਟ ਕੀਤਾ ਕਿ ਦੇਸ਼ ਦੇ AI-ਸੰਚਾਲਿਤ ਵਿਕਾਸ ਨੂੰ ਆਕਾਰ ਦੇਣ ਦੀ ਜ਼ਿੰਮੇਵਾਰੀ ਵਿਦਿਆਰਥੀਆਂ ਅਤੇ ਖੋਜਕਰਤਾਵਾਂ ਦੀ ਮੌਜੂਦਾ ਪੀੜ੍ਹੀ 'ਤੇ ਹੈ। ਪ੍ਰੋਗਰਾਮ ਵਿੱਚ IIT ਰੋਪੜ ਅਤੇ ਨੇੜਲੇ ਸੰਸਥਾਵਾਂ ਦੇ ਸਨਾਤਕੋਤਰ ਇੰਜੀਨੀਅਰਿੰਗ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਸਮੇਤ ਲੱਗਭੱਗ 150 ਹਾਜ਼ਰੀਨਾਂ ਨੇ ਹਿੱਸਾ ਲਿਆ।

ਪ੍ਰੋ. ਅਹੂਜਾ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਜ਼ਿੰਮੇਵਾਰ ਵਰਤੋਂ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਵਿਦਿਆਰਥੀਆਂ ਨੂੰ 19 ਔਜ਼ਾਰਾਂ ਦੀ ਦੁਰਵਰਤੋਂ ਦੇ ਵਿਰੁੱਧ ਚੇਤਾਵਨੀ ਦਿੱਤੀ, ਖਾਸ ਕਰਕੇ ਖੋਜ ਪੱਤਰ ਅਤੇ ਅਕਾਦਮਿਕ ਪੇਸ਼ਕਾਰੀਆਂ ਲਿਖਣ ਲਈ, ਇਹ ਕਹਿੰਦੇ ਹੋਏ ਕਿ ਅਜਿਹੀਆਂ ਪ੍ਰਥਾਵਾਂ ਅਕਾਦਮਿਕ ਇਮਾਨਦਾਰੀ ਅਤੇ ਖੋਜ ਨੈਤਿਕਤਾ ਨਾਲ ਸਮਝੌਤਾ ਕਰਦੀਆਂ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ 19 ਦੀ ਵਰਤੋਂ ਮੂਲ ਸੋਚ ਅਤੇ ਵਿਗਿਆਨਕ ਸਖ਼ਤੀ ਦੇ ਵਿਕਲਪ ਵਜੋਂ ਨਹੀਂ, ਸਗੋਂ ਸਿੱਖਣ ਅਤੇ ਨਵੀਨਤਾ ਲਈ ਇੱਕ ਸਹਾਇਕ ਸਾਧਨ ਵਜੋਂ ਕਰਨ।

ਇੰਡੀਆਏਆਈ ਇਮਪੈਕਟ ਸੰਮਿਟ ਨੂੰ ਗਲੋਬਲ ਸਾਊਥ ਵਿੱਚ ਸਭ ਤੋਂ ਵੱਡੀਆਂ AI ਪਹਿਲਕਦਮੀਆਂ ਵਿੱਚੋਂ ਇੱਕ ਵਜੋਂ ਕਲਪਨਾ ਕੀਤੀ ਗਈ ਹੈ, ਜਿਸਦਾ ਫੋਕਸ ਸਮਾਜਿਕ ਲਾਭ ਲਈ ਜ਼ਿੰਮੇਵਾਰ, ਸ਼ਾਮਲ ਅਤੇ ਸਕੇਲੇਬਲ ਆਰਟੀਫੀਸ਼ੀਅਲ ਇੰਟੈਲੀਜੈਂਸ ਵਿਕਸਿਤ ਕਰਨ 'ਤੇ ਹੈ। IIT ਰੋਪੜ ਵਿਖੇ ਆਯੋਜਿਤ ਇਸ ਸਮਾਗਮ ਦਾ ਉਦੇਸ਼ ਸਨਾਤਕੋਤਰ ਇੰਜੀਨੀਅਰਿੰਗ ਵਿਦਿਆਰਥੀਆਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਵਿੱਚ ਉਭਰਦੇ ਰੁਝਾਨਾਂ, ਖੋਜ ਦਿਸ਼ਾਵਾਂ ਅਤੇ ਕਰੀਅਰ ਦੇ ਮੌਕਿਆਂ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ।

IIT ਰੋਪੜ ਦੇ ਸਕੂਲ ਆਫ਼ ਆਰਟੀਫੀਸ਼ੀਅਲ ਇੰਟੈਲੀਜੈਂਸ ਐਂਡ ਡੇਟਾ ਇੰਜੀਨੀਅਰਿੰਗ ਦੇ ਮੁਖੀ ਡਾ. ਸੰਤੋਸ਼ ਕੁਮਾਰ ਵਿੱਪਰਥੀ ਨੇ ਸਕੂਲ ਆਫ਼ ਆਰਟੀਫੀਸ਼ੀਅਲ ਇੰਟੈਲੀਜੈਂਸ ਐਂਡ ਡੇਟਾ ਇੰਜੀਨੀਅਰਿੰਗ (sAIDE) ਦੀ ਦ੍ਰਿਸ਼ਟੀ ਅਤੇ ਸੰਸਥਾ ਵਿੱਚ ਉਪਲਬਧ ਖੋਜ ਮੌਕਿਆਂ 'ਤੇ ਇੱਕ ਸੰਬੋਧਨ ਦਿੱਤਾ। ਉਨ੍ਹਾਂ IIT ਰੋਪੜ ਵਿਖੇ AI ਖੋਜ ਦੀ ਅੰਤਰ-ਅਨੁਸ਼ਾਸਨੀ ਪ੍ਰਕਿਰਤੀ 'ਤੇ ਚਰਚਾ ਕੀਤੀ, ਜਿਸ ਵਿੱਚ ਸਿਹਤ ਸੇਵਾ, ਖੇਤੀਬਾੜੀ, ਕੰਪਿਊਟਰ ਵਿਜ਼ਨ, ਸਵਾਇੱਤ ਪ੍ਰਣਾਲੀਆਂ ਅਤੇ ਡੇਟਾ-ਸੰਚਾਲਿਤ ਫੈਸਲੇ ਲੈਣ ਵਰਗੇ ਖੇਤਰ ਸ਼ਾਮਲ ਹਨ।

ਡਾ. ਪੁਸ਼ਪੇਂਦਰ ਪਾਲ ਸਿੰਘ, ਪ੍ਰੋਜੈਕਟ ਡਾਇਰੈਕਟਰ, Annam.AI ਅਤੇ ਡੀਨ (CAPS), IIT ਰੋਪੜ ਦੁਆਰਾ ਇੱਕ ਵਿਸ਼ੇਸ਼ ਸੰਬੋਧਨ ਦਿੱਤਾ ਗਿਆ। ਉਨ੍ਹਾਂ ਖੇਤੀਬਾੜੀ ਅਤੇ ਸਮਾਜਿਕ ਵਿਕਾਸ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਭੂਮਿਕਾ 'ਤੇ ਗੱਲ ਕੀਤੀ, ਅਤੇ ਸਪੱਸ਼ਟ ਕੀਤਾ ਕਿ ਕਿਵੇਂ AI-ਅਧਾਰਿਤ ਹੱਲ ਖੁਰਾਕ ਸੁਰੱਖਿਆ ਅਤੇ ਸਥਿਰਤਾ ਨਾਲ ਸਬੰਧਿਤ ਵੱਡੇ ਪੈਮਾਨੇ ਦੀਆਂ ਚੁਣੌਤੀਆਂ ਦਾ ਹੱਲ ਕਰ ਸਕਦੇ ਹਨ।

ਡਾ. ਸਿੰਘ ਨੇ IIT ਰੋਪੜ ਵਿਖੇ ਖੇਤੀਬਾੜੀ ਵਿੱਚ AI ਉੱਤਮਤਾ ਕੇਂਦਰ Annam.AI ਦੀ ਜਾਣ-ਪਛਾਣ ਕਰਵਾਈ, ਅਤੇ ਇਸਦੀਆਂ ਜਾਰੀ ਗਤੀਵਿਧੀਆਂ ਦਾ ਵਰਨਣ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰ AI-ਅਧਾਰਿਤ ਫਸਲ ਪਛਾਣ, ਕੀੜੇ-ਮਕੌੜੇ ਦੀ ਪਛਾਣ, ਉਪਜ ਦਾ ਅਨੁਮਾਨ, ਅਤੇ ਕਿਸਾਨਾਂ ਲਈ ਫੈਸਲਾ ਸਹਾਇਤਾ ਪ੍ਰਣਾਲੀਆਂ ਤੇ ਕੰਮ ਕਰ ਰਿਹਾ ਹੈ। ਉਨ੍ਹਾਂ ਇਹ ਵੀ ਨੋਟ ਕੀਤਾ ਕਿ IIT ਰੋਪੜ ਸਟੀਕ ਖੇਤੀ ਅਤੇ ਟਿਕਾਊ ਖੇਤੀਬਾੜੀ ਪ੍ਰਥਾਵਾਂ ਦਾ ਸਮਰਥਨ ਕਰਨ ਲਈ ਮਸ਼ੀਨ ਲਰਨਿੰਗ ਅਤੇ ਕੰਪਿਊਟਰ ਵਿਜ਼ਨ ਤਕਨੀਕਾਂ ਦੀ ਵਰਤੋਂ ਕਰਦੇ ਹੋਏ ਖੇਤੀਬਾੜੀ ਨਾਲ ਸਬੰਧਿਤ AI ਖੋਜ ਵਿੱਚ ਸਰਗਰਮੀ ਨਾਲ ਲੱਗਿਆ ਹੋਇਆ ਹੈ।

ਉਦਘਾਟਨ ਸੈਸ਼ਨ ਦੀ ਸ਼ੁਰੂਆਤ ਡਾ. ਅਭਿਨਵ ਕੁਮਾਰ, ਅਸਿਸਟੈਂਟ ਪ੍ਰੋਫੈਸਰ, SAIDE, IIT ਰੋਪੜ ਦੇ ਸੁਆਗਤ ਭਾਸ਼ਣ ਨਾਲ ਹੋਈ, ਜਿਨ੍ਹਾਂ ਨੇ ਪ੍ਰੋਗਰਾਮ ਦੇ ਉਦੇਸ਼ਾਂ ਦੀ ਰੂਪਰੇਖਾ ਦਿੱਤੀ ਅਤੇ ਪ੍ਰੀ-ਇੰਡੀਆ AI ਇਮਪੈਕਟ ਸੰਮਿਟ ਦੇ ਸੰਦਰਭ ਵਿੱਚ ਇਸਦੀ ਪ੍ਰਸੰਗਿਕਤਾ 'ਤੇ ਚਾਨਣਾ ਪਾਇਆ। ਉਦਘਾਟਨ ਸੈਸ਼ਨ ਦਾ ਸਮਾਪਨ ਡਾ. ਵੰਦਨਾ ਭਾਰਤੀ, ਅਸਿਸਟੈਂਟ ਪ੍ਰੋਫੈਸਰ, SAIDE, IIT ਰੋਪੜ ਦੇ ਧੰਨਵਾਦ ਪ੍ਰਸਤਾਵ ਨਾਲ ਹੋਇਆ, ਜਿਨ੍ਹਾਂ ਨੇ ਮਾਨਯੋਗ ਡਾਇਰੈਕਟਰ, ਪ੍ਰੋ. ਰਾਜੀਵ ਅਹੂਜਾ ਦੀ ਦੂਰਦਰਸ਼ੀ ਅਗਵਾਈ ਅਤੇ ਪ੍ਰੇਰਨਾਦਾਇਕ ਸੰਬੋਧਨ ਲਈ ਦਿਲੋਂ ਧੰਨਵਾਦ ਪ੍ਰਗਟ ਕੀਤਾ। ਉਨ੍ਹਾਂ ਸਮਾਜਿਕ ਪ੍ਰਭਾਵ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਲਾਭ ਉਠਾਉਣ ਤੇ ਸੂਝ ਸਾਂਝੀ ਕਰਨ ਲਈ ਡਾ. ਪੁਸ਼ਪੇਂਦਰ ਪਾਲ ਸਿੰਘ ਦਾ ਵੀ ਧੰਨਵਾਦ ਕੀਤਾ, ਅਤੇ IIT ਰੋਪੜ ਵਿਖੇ ਅਕਾਦਮਿਕ ਅਤੇ ਖੋਜ ਮੌਕਿਆਂ 'ਤੇ ਪ੍ਰਕਾਸ਼ ਪਾਉਣ ਲਈ ਡਾ. ਸੰਤੋਸ਼ ਕੁਮਾਰ ਵਿੱਪਰਥੀ ਨੂੰ ਧੰਨਵਾਦ ਕੀਤਾ।

ਤਕਨੀਕੀ ਸੈਸ਼ਨਾਂ ਵਿੱਚ ਆਈਆਈਟੀ ਰੋਪੜ ਦੇ ਫੈਕਲਟੀ ਮੈਂਬਰਾਂ ਦੁਆਰਾ ਮਲਟੀਮੋਡਲ ਭਾਵਨਾ ਵਿਸ਼ਲੇਸ਼ਣ, ਸੁਰੱਖਿਅਤ ਸਿਹਤ ਸੰਭਾਲ ਪ੍ਰਣਾਲੀਆਂ, ਕੰਪਿਊਟਰ ਵਿਜ਼ਨ ਲਈ ਡੋਮੇਨ ਅਨੁਕੂਲਨ, ਅਤੇ ਇੰਜੀਨੀਅਰਾਂ ਲਈ ਜਨਰੇਟਿਵ ਏਆਈ ਵਰਗੇ ਵਿਸ਼ਿਆਂ ਤੇ ਮਾਹਰ ਭਾਸ਼ਣ ਸ਼ਾਮਲ ਸਨ। ਭਾਗੀਦਾਰਾਂ ਨੇ ਅਵਧ ਵਿਖੇ ਕੰਪਿਊਟਰ ਵਿਜ਼ਨ ਅਤੇ ਪੈਟਰਨ ਮਾਨਤਾ ਲੈਬ, ਏਆਰ ਅਤੇ ਵੀਆਰ ਲੈਬ, ਅਤੇ ਡਰੋਨ ਅਤੇ ਆਟੋਨੋਮਸ ਸਿਸਟਮ ਸੈਂਟਰ ਦਾ ਵੀ ਦੌਰਾ ਕੀਤਾ, ਜਿਸ ਨਾਲ ਚੱਲ ਰਹੀ ਖੋਜ ਅਤੇ ਬੁਨਿਆਦੀ ਢਾਂਚੇ ਦਾ ਪਤਾ ਲੱਗਿਆ।

ਪ੍ਰੋਗਰਾਮ ਸਕੂਲ ਆਫ਼ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਡੇਟਾ ਇੰਜੀਨੀਅਰਿੰਗ ਦੇ ਫੈਕਲਟੀ ਮੈਂਬਰਾਂ ਨਾਲ ਇੱਕ ਇੰਟਰਐਕਟਿਵ ਪੈਨਲ ਚਰਚਾ ਨਾਲ ਸਮਾਪਤ ਹੋਇਆ, ਜਿੱਥੇ ਵਿਦਿਆਰਥੀਆਂ ਨੇ ਖੋਜ ਮਾਰਗਾਂ, ਅੰਤਰ-ਅਨੁਸ਼ਾਸਨੀ ਸਹਿਯੋਗ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਵਿੱਚ ਕਰੀਅਰ ਦੀਆਂ ਸੰਭਾਵਨਾਵਾਂ 'ਤੇ ਚਰਚਾ ਕੀਤੀ।

# ਮੱਦਦ ਜਾਂ ਮਜ਼ਾਕ? ਗ੍ਰੀਨਲੈਂਡ ਨੂੰ ਟਰੰਪ ਤੋਂ ਬਚਾਉਣ ਲਈ ਬ੍ਰਿਟੇਨ ਨੇ ਭੇਜਿਆ ਸਿਰਫ਼ 1 ਫ਼ੌਜੀ




ਬ੍ਰਿਟੇਨ, 20 ਜਨਵਰੀ , (ਚ.ਨ.ਸ.) : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਗ੍ਰੀਨਲੈਂਡ 'ਤੇ ਕਬਜ਼ੇ ਦੀਆਂ ਧਮਕੀਆਂ ਵਿਚਾਲੇ ਯੂਰਪ ਦੀ 'ਫੌਜੀ ਇਕਜੁੱਟਤਾ' ਹੁਣ ਮਜ਼ਾਕ ਦਾ ਵਿਸ਼ਾ ਬਣਦੀ ਦਿਖਾਈ ਦੇ ਰਹੀ ਹੈ। ਗ੍ਰੀਨਲੈਂਡ ਦੀ ਸੁਰੱਖਿਆ ਦੇ ਨਾਂ 'ਤੇ ਬ੍ਰਿਟੇਨ ਨੇ ਸਿਰਫ਼ 1 ਫੌਜੀ ਭੇਜਿਆ ਹੈ, ਜਦਕਿ 7 ਯੂਰਪੀ ਦੇਸ਼ਾਂ ਦੇ ਕਰੀਬ 40 ਫੌਜੀ ਰਾਜਧਾਨੀ ਨੂਉਕ ਪਹੁੰਚੇ ਹਨ। ਰਿਪੋਰਟ ਮੁਤਾਬਕ ਡੈਨਮਾਰਕ, ਨਾਰਵੇ, ਫਿਨਲੈਂਡ, ਸਵੀਡਨ, ਜਰਮਨੀ, ਫਰਾਂਸ, ਨੀਦਰਲੈਂਡ ਅਤੇ ਬ੍ਰਿਟੇਨ ਵਰਗੇ ਨਾਟੋ ਦੇਸ਼ਾਂ ਨੇ ਮਿਲ ਕੇ 'ਆਪ੍ਰੇਸ਼ਨ ਆਰਕਟਿਕ ਐਂਡਿਓਰੈਂਸ' ਨਾਂ ਹੇਠ ਜੁਆਇੰਟ ਮਿਲਟ੍ਰੀ ਆਪ੍ਰੇਸ਼ਨ ਸ਼ੁਰੂ ਕੀਤਾ ਹੈ। ਇਹ ਫੌਜੀ ਇਸੇ ਵਿਚ ਸ਼ਾਮਲ ਹੋਣ ਲਈ ਪਹੁੰਚੇ ਹਨ।ਇਸ ਪੂਰੇ ਫੌਜੀ ਅਭਿਆਸ 'ਤੇ ਸਵਾਲ ਉਠਾਉਂਦੇ ਹੋਏ ਇਟਲੀ ਦੇ ਰੱਖਿਆ ਮੰਤਰੀ ਗੁਇਡੋ ਕ੍ਰੋਸੈਤੋ ਨੇ ਇਸ ਨੂੰ ਇਕ 'ਮਜ਼ਾਕ' ਕਰਾਰ ਦਿੱਤਾ ਹੈ। ਡੈਨਮਾਰਕ ਨੇ ਪਹਿਲਾਂ ਹੀ ਗ੍ਰੀਨਲੈਂਡ ਵਿਚ ਕਰੀਬ 200 ਫੌਜੀ ਤਾਇਨਾਤ ਕੀਤੇ ਹੋਏ ਹਨ। ਇਸ ਤੋਂ ਇਲਾਵਾ 14 ਮੈਂਬਰੀ 'ਸੀਰੀਅਸ ਡਾਗ ਸਲੈਜ ਪੈਟਰੋਲ' ਵੀ ਉੱਥੇ ਮੌਜੂਦ ਹੈ।

## ਜਨਮ ਦਿਨ ਮੁਬਾਰਕ



ਮਨਨ ਸਿੰਗਲਾ

# ਸਮਾਜ ਸੇਵੀਆਂ ਨੇ ਦਿੱਤੀ ਅੰਗਹੀਣ ਨੌਜਵਾਨ ਨੂੰ ਟ੍ਰਾਈਸਾਈਕਲ



ਬਰਨਾਲਾ, 20 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ) :ਸਥਾਨਕ ਦਾਨਾ ਮੰਡੀ ਵਿਖੇ ਦੋਵੇਂ ਲੱਤਾਂ ਤੋਂ ਅੰਗਹੀਣ ਨੌਜਵਾਨ ਨੂੰ ਸਮਾਜਸੇਵੀਆਂ ਵੱਲੋਂ ਟ੍ਰਾਈਸਾਈਕਲ ਲੈ ਕੇ ਦਿੱਤਾ ਗਿਆ। ਇਸ ਮੌਕੇ ਪ੍ਰਧਾਨ ਕਰਨੈਲ ਸਿੰਘ ਸੱਦੋਵਾਲ, ਸਮਾਜ ਸੇਵੀ ਹਰਬੰਸ ਸਿੰਘ ਉਰਫ ਬੂਟਾ ਗੌੜੀਆ (ਸਰਦਾਰ ਡੈਅਰੀ ਵਾਲੇ) ਅਤੇ ਕਾਲਾ ਸਿੰਘ ਨੇ ਦੱਸਿਆ ਕਿ ਦਾਨਾ ਮੰਡੀ ਬਰਨਾਲਾ ਵਿਖੇ ਦੋਵੇਂ ਲੱਤਾਂ ਤੋਂ ਅੰਗਹੀਣ ਨੌਜਵਾਨ ਰਹਿ ਰਿਹਾ ਸੀ, ਜਿਸ ਨੂੰ ਰੋਜ਼ਾਨਾ ਜ਼ਿੰਦਗੀ ਵਿੱਚ ਅਪਾਹਜ ਹੋਣ ਕਾਰਨ ਭਾਰੀ ਦਿੱਕਤਾ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਜਦ ਉਨ੍ਹਾਂ ਨੂੰ ਇਸ ਨੌਜਵਾਨ ਬਾਰੇ ਪਤਾ ਲੱਗਿਆ ਤਾਂ ਉਨ੍ਹਾਂ ਤੁਰੰਤ ਉਕਤ ਨੌਜਵਾਨ ਨੂੰ ਨਵੀਂ ਟ੍ਰਾਈਸਾਈਕਲ ਲੈ ਕੇ ਦਿੱਤਾ। ਉਨ੍ਹਾਂ ਹੋਰਨਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਅਪਣੀ ਕਮਾਈ ਵਿੱਚੋਂ ਦਸਵੰਧ ਕੱਢ ਕੇ ਸਮਾਜ ਸੇਵਾ ਦੇ ਕਾਰਜ ਕਰਨੇ ਚਾਹੀਦੇ ਹਨ । ਨੌਜਵਾਨ ਕੁਲਦੀਪ ਸਿੰਘ, ਲਾਲ ਬਿਹਾਰੀ, ਸੰਕਰ ਕੁਮਾਰ, ਰਣਜੀਤ ਸਿੰਘ ਨੇ ਸਮਾਜ ਸੇਵੀਆਂ ਵੱਲੋਂ ਅਪਾਹਜ ਨੌਜਵਾਨ ਨੂੰ ਦਿੱਤੀ ਟ੍ਰਾਈਸਾਈਕਲ ਲਈ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਦੀ ਤਰ੍ਹਾਂ ਹੋਰਨਾਂ ਨੂੰ ਵੀ ਲੋੜਵੰਦਾਂ ਦੀ ਮੱਦਦ ਲਈ ਅੱਗੇ ਆਉਣਾ ਚਾਹੀਦਾ ਹੈ।

# ਵਾਈਐਸ ਸਕੂਲ ਨੇ ਵਿਦਿਆਰਥੀਆਂ ਦੁਆਰਾ ਲਿਖੀਆਂ ਪੁਸਤਕਾਂ ਦਾ ਉਦਘਾਟਨ ਸਮਾਰੋਹ ਸਾਹਿਤਕ ਜਸ਼ਨ ਦੇ ਰੂਪ ਵਿੱਚ ਮਨਾਇਆ



ਬਰਨਾਲਾ,20 ਜਨਵਰੀ (ਬਘੇਲ ਸਿੰਘ ਧਾਲੀਵਾਲ) :ਵਾਈਐਸ ਸਕੂਲ, ਬਰਨਾਲਾ ਨੇ ਇੱਕ ਵਾਰ ਫਿਰ ਆਪਣੇ ਵਿਦਿਆਰਥੀਆਂ ਦੀਆਂ ਰਚਨਾਤਮਕ ਪ੍ਰਾਪਤੀਆਂ ਨੂੰ ਦਰਸਾਉਂਦੇ ਹੋਏ ਵਿਸ਼ਾਲ ਪੁਸਤਕ ਉਦਘਾਟਨ ਸਮਾਰੋਹ ਦਾ ਆਯੋਜਨ ਕਰਕੇ ਇੱਕ ਅਦਭੁਤ ਮਿਸਾਲ ਕਾਇਮ ਕੀਤੀ ਹੈ। ਇਸ ਸਮਾਰੋਹ ਨੇ ਸਾਹਿਤ, ਬਹੁਭਾਸ਼ੀ ਸਿੱਖਿਆ ਅਤੇ ਰਚਨਾਤਮਕ ਪ੍ਰਗਟਾਵੇ ਨੂੰ ਸਮੁੱਚੀ ਸਿੱਖਿਆ ਦੇ ਅਹਿਮ ਭਾਗ ਵਜੋਂ ਉਤਸ਼ਾਹਤ ਕਰਨ ਲਈ ਸੰਸਥਾ ਦੇ ਲਗਾਤਾਰ ਯਤਨਾਂ ਨੂੰ ਉਜਾਗਰ ਕੀਤਾ। ਸਮਾਰੋਹ ਦੌਰਾਨ, ਵਿਦਿਆਰਥੀ ਕਵੀਆਂ ਦੁਆਰਾ ਲਿਖੀਆਂ 13 ਨਵੀਆਂ ਸਵੈਰਚਿਤ ਪੁਸਤਕਾਂ ਦਾ ਰਸਮੀ ਤੌਰ 'ਤੇ ਉਦਘਾਟਨ ਕੀਤਾ ਗਿਆ, ਜੋ ਸਕੂਲ ਲਈ ਇੱਕ ਹੋਰ ਮਹੱਤਵਪੂਰਨ ਮੀਲ ਪੱਥਰ ਦੇ ਰੂਪ ਵਿੱਚ ਸਾਬਿਤ ਹੋਇਆ ਹੈ। ਇਸ ਪ੍ਰਾਪਤੀ ਨਾਲ, ਸਕੂਲ ਦੇ ਵਿਦਿਆਰਥੀਆਂ ਦੁਆਰਾ ਪ੍ਰਕਾਸ਼ਿਤ ਪੁਸਤਕਾਂ ਦੀ ਕੁੱਲ ਗਿਣਤੀ ਹੁਣ 25 ਹੋ ਗਈ ਹੈ, ਨਾਲ ਹੀ 110 ਈ-ਪੁਸਤਕਾਂ ਦਾ ਪ੍ਰਕਾਸ਼ਨ ਵੀ ਹੋਇਆ ਹੈ, ਜੋ ਕਿ ਸਕੂਲ ਦੇ ਪਰੰਪਰਾਗਤ ਲੇਖਣ ਨੂੰ ਡਿਜ਼ੀਟਲ ਸਿੱਖਣ ਦੇ ਪਲੇਟਫਾਰਮਾਂ ਨਾਲ ਜੋੜਨ ਦੇ ਸਫਰ ਨੂੰ ਦਰਸਾਉਂਦਾ ਹੈ। ਛੋਟੇ -ਛੋਟੇ ਵਿਦਿਆਰਥੀ ਲੇਖਕਾਂ ਨੇ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਵਿੱਚ ਪੁਸਤਕਾਂ ਲਿਖੀਆਂ ਹਨ, ਜੋ ਕਿ ਛੋਟੀ ਉਮਰ ਵਿੱਚ ਭਾਸ਼ਾਈ ਬਹੁਗੁਣਤਾ ਅਤੇ ਗਹਿਰਾਈ ਦੀਆਂ ਉਦਾਹਰਨਾਂ ਹਨ। ਵਿਦਿਆਰਥੀ ਲੇਖਕਾਂ ਵਿੱਚ ਇਬਾਦਤ, ਨੱਵਿਆ, ਇਲਮਜੋਤ, ਸਾਨਵੀ, ਮਹਜਬੀਨ, ਭਾਵਿਕਾ, ਦਿਲਪ੍ਰੀਤ, ਲਾਇਸ਼ਾ, ਅਮਰਨਿੰਦਰ, ਨਿਤੀਸ਼, ਅਕਸ਼ਿਤ, ਗੁਰਸਮਰਪ੍ਰੀਤ ਅਤੇ ਕਨਿਸ਼ਕਾ ਸ਼ਾਮਲ ਹਨ। ਉਹਨਾਂ ਦੀਆਂ ਰਚਨਾਵਾਂ ਵਿੱਚ ਕਲਪਨਾ, ਭਾਵਨਾਵਾਂ, ਪ੍ਰਕ੍ਰਿਤੀ, ਨੈਤਿਕਮੁੱਲਾਂ ਅਤੇ ਸਮਾਜਿਕ ਜਾਗਰੂਕਤਾ ਦੀ ਝਲਕ ਹੈ, ਜੋ ਨਿੱਕੀ ਉਮਰੇ ਵੱਡੀਆਂ ਪ੍ਰਾਪਤੀਆਂ ਦੀ ਮਿਸਾਲ ਹੈ। ਸਮਾਰੋਹ ਵਿੱਚ ਮਾਨਯੋਗ ਸ੍ਰ. ਕੁਲਦੀਪ ਸਿੰਘ ਕਾਲਾ ਢਿਲੋਂ( ਵਿਧਾਨ ਸਭਾ ਦੇ ਮੈਂਬਰ) ਨੇ ਮੁੱਖ ਅਤਿਥੀ ਵਜੋਂ ਸ਼ਮਿਲ ਹੋ ਕੇ ਆਪਣੀ ਮੌਜੂਦਗੀ ਨਾਲ ਇਸ ਸਮਾਰੋਹ ਦੀ ਸ਼ਾਨ ਵਧਾਈ। ਉਨ੍ਹਾਂ ਨੇ ਸਕੂਲੀ ਸਿੱਖਿਆ ਦੇ ਨਾਲ ਨਾਲ ਸਾਹਿਤਿਕ ਰਚਨਾਤਮਕਤਾ, ਵਿਜ਼ਨਰੀ ਦ੍ਰਿਸ਼ਟੀਕੋਣ ਅਤੇ ਵਿਦਿਆਰਥੀ ਲੇਖਕਾਂ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਵਧਾਈ ਦਿੱਤੀ, ਉਨ੍ਹਾਂ ਦੀ ਮੌਜੂਦਗੀ ਸਕੂਲ ਦੇ ਵਿਦਿਆਰਥੀ ਲੇਖਕਾਂ ਲਈ ਪ੍ਰੇਰਨਾ ਦਾ ਸਰੋਤ ਬਣੀ। ਸਮਾਰੋਹ ਵਿੱਚ ਜੀ.ਜੀ.ਐਸ. ਕਾਲਜ ਦੇ ਭਾਸ਼ਾ ਵਿਭਾਗ ਦੇ ਮੁਖੀਆਂ- ਸ਼੍ਰੀ ਮਿੱਠੂ ਪਾਠਕ ਅਤੇ ਸ਼੍ਰੀਮਤੀ ਕੋਮਲ ਦੇਵੀ ਦੀ ਮੌਜੂਦਗੀ ਨੇ ਸਭਾ ਦਾ ਮਾਣ ਵਧਾਇਆ,ਜਿਨ੍ਹਾਂ ਨੇ ਭਾਸ਼ਾ ਸਿੱਖਿਆ ਨੂੰ ਮਜ਼ਬੂਤ ਕਰਨ ਵਿੱਚ ਸਕੂਲ ਦੇ ਲਗਾਤਾਰ ਯਤਨਾਂ ਦੀ ਸਰਾਹਨਾ ਕੀਤੀ। ਸਮਾਰੋਹ ਦੇ ਅੰਤ ਵਿੱਚ ਇੱਕ ਵਾਰ ਫਿਰ ਆਏ ਹੋਏ ਮੁੱਖ ਮਹਿਮਾਨ ਅਤੇ ਮਹਿਮਾਨਾ ਦੁਆਰਾ ਵਿਦਿਆਰਥੀਆਂ, ਮਾਪਿਆਂ ਅਤੇ ਮਹਿਮਾਨਾਂ ਨੂੰ ਵਿਦਿਆਰਥੀਆਂ ਦੀਆਂ ਸ਼ਾਨਦਾਰ ਸਾਹਿਤਿਕ ਪ੍ਰਾਪਤੀਆਂ ਲਈ ਵਧਾਈ ਦਿੰਦੇ ਹੋਏ ਸਾਹਿਤਿਕ ਖੇਤਰ ਵਿੱਚ ਰਚਨਾਤਮਿਕਤਾ ਲਈ ਸਕੂਲ ਦੀ ਭੂਮਿਕਾ ਦੀ ਸ਼ਲਾਘਾ ਕੀਤੀ ਗਈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ ਵੱਲੋਂ ਲਗਾਏ ਖ਼ੂਨਦਾਨ ਕੈਂਪ 'ਚ 21 ਯੂਨਿਟ ਖ਼ੂਨ ਇਕੱਤਰ



ਬਰਨਾਲਾ, 20 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ) : ਸ਼੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ ਰਜਿ. ਬਰਨਾਲਾ ਵੱਲੋਂ ਅੱਜ ਮਿਤੀ 20 ਜਨਵਰੀ ਨੂੰ ਸਵੇਰੇ 9 ਤੋਂ 2 ਵਜੇ ਤੱਕ ਬਲੱਡ ਬੈਂਕ ਸਿਵਲ ਹਸਪਤਾਲ ਬਰਨਾਲਾ ਵਿਖੇ ਖ਼ੂਨਦਾਨ ਕੈਂਪ ਲਗਾਇਆ ਗਿਆ, ਜਿਸ ਦਾ ਉਦਘਾਟਨ ਡਾਕਟਰ ਆਯੂਸ਼ ਡੀ ਟੀ ਓ ਬਰਨਾਲਾ ਨੇ ਕੀਤਾ। ਉਨ੍ਹਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ ਵੱਲੋਂ ਹਰ ਮਹੀਨੇ ਖ਼ੂਨਦਾਨ ਕੈਂਪ ਲਗਾਏ ਜਾਣ ਦੀ ਪ੍ਰਸ਼ੰਸਾ ਕੀਤੀ। ਇਸ ਵਿੱਚ 21ਯੂਨਿਟ ਖ਼ੂਨ ਦਾਨ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ (ਰਜਿ.) ਬਰਨਾਲਾ ਦੇ ਮੁੱਖ ਸੇਵਾਦਾਰ ਜਗਵਿੰਦਰ ਸਿੰਘ ਭੰਡਾਰੀ ਨੇ ਨੌਜਵਾਨ ਵੀਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਥੈਲਾਸੀਮਕ ਰੋਗ ਦੇ ਬੱਚਿਆਂ ਲਈ, ਕੈਂਸਰ ਪੀੜਤ, ਐਕਸੀਡੈਂਟ ਕੇਸ, ਗਰਭਵਤੀ ਔਰਤਾਂ ਲਈ ਖ਼ੂਨਦਾਨ ਕਰਨ ਲਈ ਨੌਜਵਾਨ ਅੱਗੇ ਆਉਣ ਤਾਂ ਜੋ ਲੋੜਵੰਦਾਂ ਨੂੰ ਖ਼ੂਨ ਲੈਣ ਵਿਚ ਕਿਸੇ ਨੂੰ ਕੋਈ ਦਿੱਕਤ ਨਾ ਆਵੇ। ਉਨ੍ਹਾਂ ਕਿਹਾ ਕਿ ਜਨਵਰੀ 2026 ਮਹੀਨੇ ਦੌਰਾਨ ਇਹ ਤੀਸਰਾ ਖ਼ੂਨਦਾਨ ਕੈਂਪ ਹੈ। ਖ਼ੂਨਦਾਨ ਕੈਂਪ ਦੌਰਾਨ ਬਲੱਡ ਬੈਂਕ ਵੱਲੋਂ ਭੁਪਿੰਦਰ ਕੁਮਾਰ, ਕਮਲਦੀਪ ਐਲ ਟੀ, ਮਨਦੀਪ ਕੌਰ ਅਤੇ ਹਰਭਜਨ ਸਿੰਘ ਨੇ ਖ਼ੂਨ ਇਕੱਤਰ ਕਰਨ 'ਚ ਸਹਿਯੋਗ ਦਿੱਤਾ। ਇਸ ਮੌਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ ਬਰਨਾਲਾ ਵੱਲੋਂ ਮੁੱਖ ਸੇਵਾਦਾਰ ਜਗਵਿੰਦਰ ਸਿੰਘ ਭੰਡਾਰੀ, ਜੋਗਾ ਸਿੰਘ, ਚਮਕੌਰ ਸਿੰਘ, ਧਿਆਨ ਸਿੰਘ, ਮੋਹਨ ਲਾਲ ਦੇ ਈ, ਅਤੇ ਰਾਮ ਸਿੰਘ ਆਦਿ ਸੇਵਾਦਾਰਾਂ ਨੇ ਸੇਵਾ ਨਿਭਾਈ। ਇਸ ਦੌਰਾਨ ਜਗਵਿੰਦਰ ਸਿੰਘ ਭੰਡਾਰੀ ਨੇ ਸਾਰੇ ਖ਼ੂਨਦਾਨੀਆਂ ਦਾ ਧੰਨਵਾਦ ਕੀਤਾ।

# ਜੈ ਵਾਟਿਕਾ ਪਬਲਿਕ ਸਕੂਲ ਨੇ ਉਤਸ਼ਾਹਜਨਕ ਕੁਇਜ਼ ਮੁਕਾਬਲਾ




ਬਰਨਾਲਾ, 20 ਜਨਵਰੀ ( ਇਸ਼ੇਨ ਕੰਗ) : ਜੈ ਵਾਟਿਕਾ ਪਬਲਿਕ ਸਕੂਲ ਨੇ ਸੜਕ ਸੁਰੱਖਿਆ ਮਹੀਨਾ ਬਹੁਤ ਉਤਸ਼ਾਹ ਅਤੇ ਜਾਗਰੂਕਤਾ ਨਾਲ ਮਨਾਇਆ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਸੜਕ ਸੁਰੱਖਿਆ ਨਿਯਮਾਂ ਦੀ ਸਮਝ ਵਿਕਸਤ ਕਰਨਾ ਅਤੇ ਉਨ੍ਹਾਂ ਨੂੰ ਜ਼ਿੰਮੇਵਾਰ ਨਾਗਰਿਕ ਬਣਨ ਲਈ ਸਸ਼ਕਤ ਬਣਾਉਣਾ ਸੀ। ਇਸ ਮੌਕੇ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਸੜਕ ਸੁਰੱਖਿਆ ਵਿਸ਼ੇ'ਤੇ ਇੱਕ ਕੁਇਜ਼ ਮੁਕਾਬਲਾ ਵੀ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਆਪਣੇ ਗਿਆਨ ਅਤੇ ਜਾਗਰੂਕਤਾ ਦਾ ਪ੍ਰਦਰਸ਼ਨ ਕੀਤਾ। ਪ੍ਰੋਗਰਾਮ ਵਿੱਚ ਸਕੂਲ ਦੇ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਸੜਕ'ਤੇ ਚੱਲਦੇ ਸਮੇਂ ਪਾਲਣ ਕੀਤੇ ਜਾਣ ਵਾਲੇ ਨਿਯਮਾਂ, ਹੈਲਮੇਟ ਅਤੇ ਸੀਟ ਬੈਲਟ ਦੀ ਮਹੱਤਤਾ, ਟ੍ਰੈਫਿਕ ਸਿਗਨਲਾਂ ਬਾਰੇ ਜਾਣਕਾਰੀ ਅਤੇ ਸੁਰੱਖਿਅਤ ਡਰਾਈਵਿੰਗ ਲਈ ਜ਼ਰੂਰੀ ਉਪਾਵਾਂ ਬਾਰੇ ਜਾਣੂ ਕਰਵਾਇਆ। ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਨਾਲ ਪ੍ਰੋਗਰਾਮ ਵਿੱਚ ਹਿੱਸਾ ਲਿਆ ਅਤੇ ਸੜਕ ਸੁਰੱਖਿਆ ਦੀ ਮਹੱਤਤਾ ਨੂੰ ਗੰਭੀਰਤਾ ਨਾਲ ਸਮਝਿਆ। ਪ੍ਰੋਗਰਾਮ ਦੇ ਅੰਤ ਵਿੱਚ, ਸਕੂਲ ਦੀ ਪ੍ਰਿੰਸੀਪਲ ਡਾ. ਪਰਵਿੰਦਰ ਕੌਰ ਜੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਇੱਕ ਪ੍ਰੇਰਨਾਦਾਇਕ ਭਾਸ਼ਣ ਦਿੱਤਾ। ਉਨ੍ਹਾਂ ਕਿਹਾ, ਸੜਕ ਸੁਰੱਖਿਆ ਸਿਰਫ਼ ਨਿਯਮਾਂ ਦੀ ਪਾਲਣਾ ਕਰਨ ਬਾਰੇ ਨਹੀਂ ਹੈ, ਸਗੋਂ ਜ਼ਿੰਦਗੀ ਦੀ ਰੱਖਿਆ ਕਰਨ ਦਾ ਪ੍ਰਣ ਲੈਣ ਬਾਰੇ ਹੈ। ਜੇਕਰ ਹਰ ਕੋਈ ਥੋੜ੍ਹਾ ਜਿਹਾ ਧਿਆਨ ਰੱਖੇ, ਤਾਂ ਬਹੁਤ ਸਾਰੇ ਹਾਦਸਿਆਂ ਨੂੰ ਰੋਕਿਆ ਜਾ ਸਕਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਖ਼ੁਦ ਨਿਯਮਾਂ ਦੀ ਪਾਲਣਾ ਕਰਨ ਅਤੇ ਦੂਜਿਆਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰਨ।

# ਭਾਰਤੀ ਜਨਤਾ ਪਾਰਟੀ ਮੰਡਲ ਭਦੌੜ ਵੱਲੋਂ ਵੋਟਾਂ ਦੇ ਸਬੰਧ ਵਿੱਚ ਕੀਤੀ ਗਈ ਮੀਟਿੰਗ



ਭਦੌੜ, 20 ਜਨਵਰੀ (ਸੁਖਵਿੰਦਰ ਪਲਾਹਾ) : ਭਾਰਤੀ ਜਨਤਾ ਪਾਰਟੀ ਵੱਲੋਂ ਆਉਣ ਵਾਲੀਆਂ ਨਗਰ ਕੌਂਸਲ ਚੋਣਾਂ ਦੇ ਸੰਬੰਧ ਵਿੱਚ ਆਪਣੀ ਇੱਕ ਹੰਗਾਮੀ ਮੀਟਿੰਗ ਪੰਜਾਬ ਮਹਾਂਵੀਰ ਦਲ ਭਦੌੜ ਦੀ ਬਿਲਡਿੰਗ ਵਿੱਚ ਕੀਤੀ ਗਈ। ਇਹ ਮੀਟਿੰਗ ਮੰਡਲ ਪ੍ਰਧਾਨ ਰਕੇਸ਼ ਕੁਮਾਰ ਟੀਟੂ ਦੀ ਪ੍ਰਧਾਨਗੀ ਹੇਠ ਹੋਈ ,ਜਿਸ ਵਿੱਚ ਬੀਜੇਪੀ ਦੇ ਜ਼ਿਲ੍ਹਾ ਪ੍ਰਧਾਨ ਯਾਦਵਿੰਦਰ ਸਿੰਘ ਸ਼ੰਟੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਇਸ ਮੀਟਿੰਗ ਵਿੱਚ ਨਗਰ ਕੌਂਸਲ ਭਦੌੜ ਦੇ ਸਾਰੇ 13 ਵਾਰਡਾਂ ਵਿੱਚ ਪਾਰਟੀ ਵੱਲੋਂ ਆਪਣੇ ਉਮੀਦਵਾਰਾਂ ਨੂੰ ਚੋਣ ਲੜਾਉਣ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਮੀਟਿੰਗ ਵਿੱਚ ਇਹ ਸਰਬ ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਭਾਰਤੀ ਜਨਤਾ ਪਾਰਟੀ ਵੱਲੋਂ ਭਦੌੜ ਦੇ ਸਾਰੇ ਵਾਰਡਾਂ ਵਿੱਚ ਆਪਣੇ ਉਮੀਦਵਾਰਾਂ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਜਾਵੇਗਾ। ਇਸ ਮੌਕੇ ਯਾਦਵਿੰਦਰ ਸਿੰਘ ਸ਼ੰਟੀ ਨੇ ਕਿਹਾ ਕਿ ਪੰਜਾਬ ਅੰਦਰ ਲੋਕਾਂ ਦਾ ਆਮ ਆਦਮੀ ਪਾਰਟੀ ਤੋਂ ਮੋਹ ਭੰਗ ਹੋ ਚੁੱਕਾ ਹੈ ਕਿਉਂਕਿ ਆਮ ਆਦਮੀ ਪਾਰਟੀ ਨੇ ਸਰਕਾਰ ਬਣਾਉਣ ਤੋਂ ਪਹਿਲਾਂ ਜੋ ਪੰਜਾਬ ਦੇ ਲੋਕਾਂ ਨਾਲ ਵਾਅਦੇ ਕੀਤੇ ਸੀ ,ਉਹਨਾਂ ਨੂੰ ਪੂਰਾ ਕਰਨ ਵਿੱਚ ਬੁਰੀ ਤਰ੍ਹਾਂ ਨਕਾਮ ਸਿੱਧ ਹੋਈ ਹੈ। ਯਾਦਵਿੰਦਰ ਸਿੰਘ ਸ਼ੰਟੀ ਨੇ ਕਿਹਾ ਕਿ ਪੰਜਾਬ ਵਿੱਚ ਪਿਛਲੇ ਚਾਰ ਸਾਲਾਂ ਤੋਂ ਇੱਕ ਵੀ ਲਿੰਕ ਸੜਕ ਨੂੰ ਨਹੀਂ ਬਣਾਇਆ ਗਿਆ ਅਤੇ ਨਾ ਹੀ ਸੜਕਾਂ ਦੀ ਕੋਈ ਮੁਰੰਮਤ ਕੀਤੀ ਗਈ ਹੈ।ਇਸ ਤੋਂ ਇਲਾਵਾ ਸਕੂਲਾਂ ਕਾਲਜਾਂ ਵਿੱਚ ਵੀ ਟੀਚਰਾਂ ਦੀ ਘਾਟ ਕਾਰਨ ਪੜ੍ਹਾਈ ਤੇ ਬਹੁਤ ਬੁਰਾ ਅਸਰ ਪਿਆ ਹੈ। ਉਹਨਾਂ ਕਿਹਾ ਕਿ ਹਸਪਤਾਲਾਂ ਵਿੱਚ ਨੂੰ ਵੀ ਪੰਜਾਬ ਦੀ ਇਸ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਡਿਸਪੈਂਸਰੀਆਂ ਬਣਾ ਕੇ ਰੱਖ ਦਿੱਤਾ ਗਿਆ ਹੈ ਕਿਉਂਕਿ ਹਸਪਤਾਲਾਂ ਵਿੱਚ ਵੀ ਡਾਕਟਰਾਂ ਦੀ ਵੱਡੀ ਘਾਟ ਰੜਕਦੀ ਹੈ। ਇਸ ਮੌਕੇ ਉਹਨਾਂ ਨੇ ਕੇਂਦਰ ਸਰਕਾਰ ਦੀ ਮਨਰੇਗਾ ਸਕੀਮ ਨੂੰ ,ਜੀ ਰਾਮ ਜੀ, ਸਕੀਮ ਵਿੱਚ ਬਦਲਣ ਤੇ ਇਸ ਸਕੀਮ ਨੂੰ ਗਰੀਬ ਲੋਕਾਂ ਦੀ ਭਲਾਈ ਵਿੱਚ ਇੱਕ ਵੱਡਾ ਕਦਮ ਦੱਸਿਆ ਅਤੇ ਰੁਜ਼ਗਾਰ ਦੀ ਗਰੰਟੀ ਪਹਿਲਾਂ ਨਾਲੋਂ ਜਿਆਦਾ ਹੋਣ ਕਾਰਨ ਗਰੀਬ ਮਜ਼ਦੂਰ ਹੋਰ ਵੀ ਖੁਸ਼ਹਾਲ ਹੋਵੇਗਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਯਾਦਵਿੰਦਰ ਸ਼ੰਟੀ ,ਮੰਡਲ ਪ੍ਰਧਾਨ ਰਾਕੇਸ਼ ਕੁਮਾਰ ਟੀਟੂ, ਹਲਕਾ ਭਦੌੜ ਦੇ ਇੰਚਾਰਜ ਬਲਵਿੰਦਰਪਾਲ ਸਿੰਘ ਹੈਪੀ, ਜਨਰਲ ਸਕੱਤਰ ਲੋਕੇਸ਼ ਕੁਮਾਰ,ਸੀਨੀਅਰ ਆਗੂ ਡਾ:ਨਰੋਤਮ ਕੋਛੜ, ਕਰਨਵੀਰ ਸਿੰਘ, ਚਰਨਜੀਤ ਚੰਨੀ, ਗਿੰਕੂ ਭਦੌੜ ,ਗੁਰਚਰਨ ਸਿੰਘ, ਹੈਪੀ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬੀਜੇਪੀ ਪਾਰਟੀ ਵਰਕਰ ਸ਼ਾਮਿਲ ਸਨ।

# ਚੌਥਾ ਸ਼ੂਟਿੰਗ ਵਾਲੀਬਾਲ ਅਤੇ ਐਥਲੈਟਿਕਸ ਟੂਰਨਾਮੈਂਟ ਕਰਵਾਇਆ



ਬਰਨਾਲਾ, 20 ਜਨਵਰੀ (ਇਸ਼ੇਨ ਕੰਗ) :ਸੰਤ ਬਾਬਾ ਲੌਂਗਪੁਰੀ ਬ੍ਰਿਲੀਐਂਟ ਸਕੂਲ, ਜੋ ਕਿ ਚੇਅਰਮੈਨ ਸੰਤ ਚਰਨਪੁਰੀ ਅਤੇ ਐੱਮ.ਡੀ. ਕਰਮਜੀਤ ਕੌਰ ਦੇਵਾ ਦੀ ਅਗਵਾਈ ਹੇਠ ਚੱਲ ਰਿਹਾ ਹੈ। ਸਕੂਲ ਦੇ ਵਿੱਚ ਪੜ੍ਹਾਈ ਦੇ ਨਾਲ ਨਾਲ ਖੇਡਾਂ ਵੱਲ ਵੀ ਧਿਆਨ ਦਿੱਤਾ ਜਾ ਰਿਹਾ ਹੈ। ਚੌਥਾ ਸ਼ੂਟਿੰਗ ਵਾਲੀਬਾਲ ਅਤੇ ਐਥਲੇਟਿਕਸ ਟੂਰਨਾਮੈਂਟ ਜੋ ਕਿ 18 ਜਨਵਰੀ 2026 ਦਿਨ ਐਤਵਾਰ ਨੂੰ ਸ਼ਹੀਦ ਕਰਤਾਰ ਸਿੰਘ ਕਲੱਬ ਅਸਪਾਲ ਕਲਾਂ ਵੱਲੋਂ ਓਪਨ ਟੂਰਨਾਮੈਂਟ ਕਰਵਾਇਆ ਗਿਆ।ਇਸ ਵਿੱਚ ਗੁਰਨੂਰ ਕੌਰ ਕਲਾਸ ਪੰਜਵੀਂ ਅਤੇ ਗੁਰਪ੍ਰਤਾਪ ਸਿੰਘ ਨੇ 400 ਮੀਟਰ ਵਿੱਚ ਪਹਿਲੀ ਪੁਜ਼ੀਸ਼ਨ ਹਾਸਿਲ ਕੀਤੀ ਅਤੇ ਮਹਿਕਪ੍ਰੀਤ ਸਿੰਘ ਨੇ 600 ਮੀਟਰ ਵਿੱਚ ਬ੍ਰਾਊਨਜ਼ ਮੈਡਲ ਹਾਸਿਲ ਕੀਤਾ । ਪ੍ਰਿੰਸੀਪਲ ਸੁਮਨ ਸ਼ਰਮਾ ਨੇ ਵਿਦਿਆਰਥੀਆਂ ਨੂੰ ਵਧੀਆ ਪ੍ਰਦਰਸ਼ਨ ਲਈ ਵਧਾਈ ਦਿੱਤੀ ਉਨ੍ਹਾਂ ਕਿਹਾ ਕਿ ਇਹ ਡੀ ਪੀ ਸੁਖਰਾਜ ਅਤੇ ਰਵੀ ਰਾਮ ਦੀ ਮਿਹਨਤ ਦਾ ਨਤੀਜਾ ਹਨ। ਕੋਆਰਡੀਨੇਟਰ ਨਰਿੰਦਰ ਕੌਰ ਨੇ ਖਿਡਾਰੀਆਂ ਨੂੰ ਹੌਸਲਾ ਅਫ਼ਜ਼ਾਈ ਦਿੱਤੀ।

# ਅਕਾਲ ਅਕੈਡਮੀ ਨੇ ਸਰਕਾਰੀ ਹੁਕਮਾਂ ਦੀਆਂ ਉਡਾਈਆਂ ਧੱਜੀਆਂ, ਛੁੱਟੀ ਦੇ ਬਾਵਜੂਦ ਸਕੂਲ ਰੱਖਿਆ ਖੁੱਲ੍ਹਾ

ਭਦੌੜ, 20 ਜਨਵਰੀ (ਸੁਖਵਿੰਦਰ ਪਲਾਹਾ) :ਅਜ਼ਾਦੀ ਸੰਗਰਾਮ ਦੇ ਸ਼ਹੀਦ ਸੇਵਾ ਸਿੰਘ ਠੀਕਰੀਵਾਲ ਦੇ ਸ਼ਹੀਦੀ ਦਿਹਾੜੇ 'ਤੇ ਬਰਨਾਲਾ ਜ਼ਿਲ੍ਹੇ ਵਿੱਚ 19 ਜਨਵਰੀ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਰਕਾਰੀ ਛੁੱਟੀ ਦਾ ਐਲਾਨ ਕੀਤਾ ਗਿਆ ਸੀ। ਇਸ ਸੰਬੰਧੀ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ. ਬੈਨਿਥ ਵੱਲੋਂ 18 ਜਨਵਰੀ ਨੂੰ ਪ੍ਰੈਸ ਨੋਟ ਜਾਰੀ ਕਰਕੇ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ ਨੂੰ ਬੰਦ ਰੱਖਣ ਦੇ ਆਦੇਸ਼ ਦਿੱਤੇ ਗਏ ਸਨ, ਜਿਸ ਦੇ ਤਹਿਤ ਜ਼ਿਲ੍ਹੇ ਦੀਆਂ ਤਕਰੀਬਨ ਸਾਰੇ ਸਰਕਾਰੀ ਦਫ਼ਤਰਾਂ, ਬੈਂਕਾਂ ਅਤੇ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਵਿੱਚ ਛੁੱਟੀ ਰਹੀ। ਪਰ ਇਸ ਦੇ ਬਾਵਯੂਦ ਭਦੌੜ ਦਾ ਪ੍ਰਾਈਵੇਟ ਸਕੂਲ ਅਕਾਲ ਅਕੈਡਮੀ ਨੈਣੇਵਾਲਾ ਰੋਡ ਭਦੌੜ ਵੱਲੋਂ ਹਮੇਸ਼ਾ ਦੀ ਤਰ੍ਹਾਂ ਸਰਕਾਰੀ ਹੁਕਮਾਂ ਨੂੰ ਛਿੱਕੇ ਟੰਗਦੇ ਹੋਏ ਸਕੂਲ ਖੋਲ੍ਹ ਕੇ ਕਲਾਸਾਂ ਲਗਾਈਆਂ ਗਈਆਂ।ਇਸ ਮਾਮਲੇ ਦੀ ਜਾਣਕਾਰੀ ਮਿਲਣ ਤੋਂ ਬਾਅਦ ਜਦੋਂ ਪੱਤਰਕਾਰਾਂ ਵੱਲੋਂ ਸਕੂਲ ਪ੍ਰਬੰਧਨ ਨਾਲ ਸੰਪਰਕ ਕੀਤਾ ਗਿਆ ਤਾਂ ਤੁਰੰਤ ਸਕੂਲ ਨੂੰ ਬੰਦ ਕੀਤਾ ਗਿਆ ਅਤੇ ਛੁੱਟੀ ਦਾ ਐਲਾਨ ਕਰ ਦਿੱਤਾ ਗਿਆ। ਪ੍ਰਿੰਸੀਪਲ ਦਾ ਕੀ ਕਹਿਣਾ: ਜਦੋਂ ਇਸ ਸਬੰਧੀ ਅਕਾਲ ਅਕੈਡਮੀ ਭਦੌੜ ਦੇ ਪ੍ਰਿੰਸੀਪਲ ਸ਼੍ਰੀਮਤੀ ਪ੍ਰੀਤੀ ਗਰੋਵਰ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਜਿਨ੍ਹਾਂ ਸਕੂਲਾਂ ਵਿੱਚ ਪੇਪਰ ਚੱਲ ਰਹੇ ਸਨ, ਉਹਨਾਂ ਨੂੰ ਸਕੂਲ ਖੋਲ੍ਹਣ ਦੀ ਆਗਿਆ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਬਰਨਾਲਾ ਵੱਲੋਂ ਜਾਰੀ ਪ੍ਰੈਸ ਨੋਟ ਸਕੂਲ ਦੀ ਮੇਨ ਬ੍ਰਾਂਚ ਨੂੰ ਭੇਜਿਆ ਗਿਆ ਸੀ ਅਤੇ ਹੈੱਡ ਆਫਿਸ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹੀ ਸਕੂਲ ਖੋਲ੍ਹਿਆ ਗਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੇਪਰ ਦੇਣ ਵਾਲੇ ਹੀ ਨਹੀਂ, ਬਲਕਿ ਬਿਨਾਂ ਪੇਪਰ ਦੇਣ ਵਾਲੇ ਬੱਚਿਆਂ ਨੂੰ ਵੀ ਸਕੂਲ ਬੁਲਾਇਆ ਗਿਆ ਸੀ। ਇਸ ਮਾਮਲੇ ਨੂੰ ਲੈ ਕੇ ਜਦੋਂ ਜ਼ਿਲ੍ਹਾ ਸਿੱਖਿਆ ਅਫ਼ਸਰ (ਪ੍ਰਾਇਮਰੀ) ਸ਼੍ਰੀਮਤੀ ਇੰਦੂ ਸਿਮਕ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਸਕੂਲ ਪ੍ਰਿੰਸੀਪਲ ਵੱਲੋਂ ਫੋਨ ਨਹੀਂ ਚੁੱਕਿਆ ਜਾ ਰਿਹਾ।ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਸਰਕਾਰੀ ਛੁੱਟੀ ਦੇ ਬਾਵਜੂਦ ਸਕੂਲ ਖੋਲ੍ਹਿਆ ਗਿਆ ਹੈ ਤਾਂ ਇਹ ਸਰਕਾਰੀ ਨਿਯਮਾਂ ਦੀ ਉਲੰਘਣਾ ਹੈ ਅਤੇ ਇਸ ਮਾਮਲੇ ਵਿੱਚ ਸਕੂਲ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਨਾਜਾਇਜ਼ ਹਥਿਆਰਾਂ ਸਮੇਤ ਦੋ ਵਿਅਕਤੀ ਗ੍ਰਿਫ਼ਤਾਰ, ਦੇਸੀ ਪਿਸਤੌਲ ਅਤੇ ਕਾਰਤੂਸ ਬਰਾਮਦ



ਧਨੌਲਾ, 20 ਜਨਵਰੀ (ਚਮਕੌਰ ਸਿੰਘ ਗੱਗੀ) : ਪੰਜਾਬ ਪੁਲਿਸ ਵੱਲੋਂ ਸਮਾਜ ਵਿਰੋਧੀ ਮਾੜੇ ਅਨਸਰਾਂ ਗੈਂਗਸਟਰਾਂ ਖਿਲਾਫ਼ ਵਿੱਢੀ ਮੁਹਿੰਮ ਤਹਿਤ ਧਨੌਲਾ ਪੁਲਿਸ ਨੂੰ ਉਸ ਸਮੇਂ ਵੱਡੀ ਕਾਮਯਾਬੀ ਮਿਲੀ ਜਦੋਂ ਦੋ ਵਿਅਕਤੀਆਂ ਨੂੰ ਨਾਜਾਇਜ਼ ਅਸਲੇ ਸਮੇਤ ਗਿਰਫ਼ਤਾਰ ਕੀਤਾ, ਜਾਣਕਾਰੀ ਦਿੰਦਿਆਂ ਮੁੱਖ ਅਫਸਰ ਥਾਣਾ ਇੰਸਪੇਕਟਰ ਲਖਬੀਰ ਸਿੰਘ ਨੇ ਕਿਹਾ ਕਿ ਸੀਨੀਅਰ ਕਪਤਾਨ ਪੁਲਿਸ ਸ਼੍ਰੀ ਮੁਹੰਮਦ ਸਰਫਰਾਜ ਆਲਮ (ਆਈ ਪੀ ਐੱਸ) ਜੀ ਦੇ ਦਿਸ਼ਾ ਨਿਰਦੇਸ਼ ਹੇਠ ਸਮਾਜ ਵਿਰੋਧੀ ਮਾੜੇ ਅਨਸਰਾਂ ਖਿਲਾਫ਼ ਵਿਸ਼ੇਸ਼ ਮੁਹਿੰਮ ਵਿੱਢੀ ਹੋਈ ਹੈ, ਜਿਸ ਤਹਿਤ ਥਾਣਾ ਧਨੌਲਾ ਦੇ ਇਲਾਕੇ ਵਿੱਚ ਹੌਲਦਾਰ ਜਸਪਾਲ ਸਿੰਘ ਸਮੇਤ ਪੁਲਿਸ ਪਾਰਟੀ ਵੱਲੋਂ ਗਸ਼ਤ ਕੀਤੀ ਜਾ ਰਹੀ ਸੀ, ਦੌਰਾਨ ਗਸਤ ਹੌਲਦਾਰ ਜਸਪਾਲ ਸਿੰਘ ਨੂੰ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਇਕ ਵਿਅਕਤੀ, ਜਿਸ ਕੋਲ ਨਜਾਇਜ ਅਸਲਾ ਰੱਖਿਆ ਹੋਇਆ। ਇਤਲਾਹ ਪੱਕੀ ਹੋਣ 'ਤੇ ਹੌਲਦਾਰ ਜਸਪਾਲ ਸਿੰਘ ਸਮੇਤ ਸਾਥੀ ਕਰਮਚਾਰੀਆਂ ਨੇ ਗੁਰਦੁਆਰਾ ਸ਼ਹੀਦ ਬਾਬਾ ਨੱਥਾ ਸਿੰਘ ਬੁਗਰਾਂ ਰੋਡ ਸੂਆ ਕੋਲ ਨਕਾ ਬੰਦੀ ਕਰਕੇ ਵਿਅਕਤੀ ਨੂੰ ਰੋਕਿਆ, ਜਿਸ ਦੀ ਤਲਾਸ਼ੀ ਦੌਰਾਨ ਉਸ ਦੇ ਡੱਬ ਵਿੱਚੋ ਦੇਸੀ ਕੱਟਾ 12 ਬੋਰ ਅਤੇ ਇਕ ਕਾਰਤੂਸ ਬਰਾਮਦ ਹੋਇਆ, ਜਿਸਦੀ ਪਹਿਚਾਣ ਅਵਤਾਰ ਸਿੰਘ ਪੁੱਤਰ ਤਰਲੋਕ ਸਿੰਘ ਵਾਸੀ ਢੱਡਰੀਆਂ ਵਜੋਂ ਹੋਈ , ਜਿਸ ਖਿਲਾਫ਼ ਥਾਣਾ ਧਨੌਲਾ ਵਿੱਚ ਮੁੱਕਦਮਾ ਨੰਬਰ 05 ਅ/ਧ 25/54/59 ਅਸਲਾ ਐਕਟ ਤਹਿਤ ਦਰਜ ਕੀਤਾ ਗਿਆ, ਜਿਸ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ, ਰਿਮਾਂਡ ਦੌਰਾਨ ਪੁੱਛਗਿੱਛ ਵਿੱਚ ਇੱਕ ਹੋਰ ਵਿਅਕਤੀ ਬਲਕਰਨ ਸਿੰਘ ਨੂੰ ਨਾਮਜ਼ਦ ਕਰ ਕੇ ਗਿਰਫ਼ਤਾਰ ਕੀਤਾ ਜਿਸ ਦੇ ਕਬਜੇ ਵਿੱਚੋਂ ਦੇਸੀ ਕੱਟਾ ਬਰਾਮਦ ਕੀਤਾ ਗਿਆ, ਕਿਹਾ ਕਿ ਗਿਰਫ਼ਤਾਰ ਦੋਵੇਂ ਵਿਅਕਤੀਆਂ ਕੋਲੋ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਇਸ ਮੌਕੇ ਹੌਲਦਾਰ ਸੰਦੀਪ ਸਿੰਘ ਸੀਨੀਅਰ ਸਿਪਾਹੀ ਕਮਲ ਸ਼ਰਮਾ ਹਾਜ਼ਰ ਸਨ।

# ਕੁੜੀ ਦੀ ਸਿਹਤ, ਪਰਿਵਾਰ ਦੀ ਬਰਕਤ: ਅਨੀਮੀਆ ਜਾਗਰੂਕਤਾ ਅਭਿਆਨ ਦਾ ਉਦਘਾਟਨ ਸਮਾਰੋਹ



ਧਨੌਲਾ,ਬਰਨਾਲਾ, 20 ਜਨਵਰੀ (ਚਮਕੌਰ ਸਿੰਘ ਗੱਗੀ) :ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੰਨਿਆ), ਧਨੌਲਾ ਵਿਖੇ ਕੁੜੀ ਦੀ ਸਿਹਤ - ਪਰਿਵਾਰ ਦੀ ਬਰਕਤ ਅਨੀਮੀਆ ਜਾਗਰੂਕਤਾ ਅਭਿਆਨ ਦਾ ਉਦਘਾਟਨ ਡਿਪਟੀ ਕਮਿਸ਼ਨਰ ਬਰਨਾਲਾ ਸ਼੍ਰੀ ਟੀ ਬੈਨਿਥ ਵੱਲੋਂ ਕੀਤਾ ਗਿਆ। ਇਸ ਜਾਗਰੂਕਤਾ ਪ੍ਰੋਗਰਾਮ ਵਿੱਚ ਜ਼ਿਲ੍ਹਾ ਬਰਨਾਲਾ ਵਿਚੋਂ ਦਸ ਸਕੂਲਾਂ ਤੋਂ ਆਏ ਨੋਡਲ ਅਧਿਆਪਕਾਂ ਨੇ ਭਾਗ ਲਿਆ।ਇਸ ਮੌਕੇ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕੁੜੀਆਂ ਦੀ ਸਿਹਤ ਸਿਹਤਮੰਦ ਹੋਵੇਗੀ ਤਾਂ ਹੀ ਪਰਿਵਾਰ ਅਤੇ ਸਮਾਜ ਤਰੱਕੀ ਦੇ ਰਾਹ 'ਤੇ ਅੱਗੇ ਵਧ ਸਕਦਾ ਹੈ। ਅਨੀਮੀਆ ਇੱਕ ਗੰਭੀਰ ਸਮੱਸਿਆ ਹੈ, ਜਿਸ ਬਾਰੇ ਵਿਦਿਆਰਥੀਆਂ ਦੇ ਨਾਲ-ਨਾਲ ਮਾਪਿਆਂ ਨੂੰ ਵੀ ਜਾਗਰੂਕ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਉਹ ਸਕੂਲਾਂ ਵਿੱਚ ਜਾ ਕੇ ਬੱਚਿਆਂ ਨੂੰ ਸੰਤੁਲਿਤ ਖੁਰਾਕ, ਸਾਫ਼-ਸੁਥਰੀ ਜੀਵਨ ਸ਼ੈਲੀ ਅਤੇ ਨਿਯਮਿਤ ਸਿਹਤ ਜਾਂਚ ਬਾਰੇ ਜਾਣੂ ਕਰਵਾਉਣ। ਡਿਪਟੀ ਕਮਿਸ਼ਨਰ ਵੱਲੋਂ ਇਸ ਅਭਿਆਨ ਤਹਿਤ ਵਿਦਿਆਰਥੀਆਂ ਦੇ ਐਚ.ਬੀ. (ਹੀਮੋਗਲੋਬਿਨ) ਟੈਸਟਾਂ ਦੀ ਸ਼ੁਰੂਆਤ ਵੀ ਕਰਵਾਈ ਗਈ। ਇਸਦੇ ਨਾਲ ਹੀ ਵਿਦਿਆਰਥੀਆਂ ਲਈ ਖੁਰਾਕ ਸੰਬੰਧੀ ਡਾਇਟ ਪਲਾਨ ਦੀ ਜਾਣਕਾਰੀ ਵਾਲੀ ਬੁੱਕਲੈਟ ਜਾਰੀ ਕਰਕੇ ਅਨੀਮੀਆ ਦੇ ਲੱਛਣਾਂ, ਕਾਰਨਾਂ ਅਤੇ ਬਚਾਅ ਬਾਰੇ ਵਿਸਥਾਰ ਨਾਲ ਜਾਗਰੂਕ ਕੀਤਾ ਗਿਆ। ਇਸ ਮੌਕੇ ਸਹਾਇਕ ਕਮਿਸ਼ਨਰ ਸ਼੍ਰੀ ਸ਼ਿਵਾਸ਼ ਰਾਠੀ (ਆਈ ਏ ਐਸ) ਨੇ ਕਿਹਾ ਕਿ ਸਿਹਤਮੰਦ ਵਿਦਿਆਰਥੀ ਹੀ ਅਕਾਦਮਿਕ ਅਤੇ ਜੀਵਨ ਦੇ ਹਰ ਖੇਤਰ ਵਿੱਚ ਕਾਮਯਾਬੀ ਹਾਸਲ ਕਰ ਸਕਦੇ ਹਨ। ਸਿੱਖਿਆ ਦੇ ਨਾਲ-ਨਾਲ ਸਿਹਤ ਵੱਲ ਧਿਆਨ ਦੇਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਅੰਤ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਸ੍ਰ. ਸੁਨੀਤ ਇੰਦਰ ਸਿੰਘ, ਡਿਪਟੀ ਡੀਈਓ ਡਾ. ਬਰਜਿੰਦਰ ਪਾਲ ਸਿੰਘ ਵੱਲੋਂ ਮੁੱਖ ਮਹਿਮਾਨ ਅਤੇ ਭਾਗ ਲੈਣ ਵਾਲੇ ਅਧਿਆਪਕਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਡਾ. ਸਤਵੰਤ ਸਿੰਘ ਔਜਲਾ (ਐਸ.ਐਮ.ਓ. ਧਨੌਲਾ), ਡਾ. ਨਵਨੀਤ (ਸਿਵਲ ਹਸਪਤਾਲ ਧਨੌਲਾ), ਜ਼ਿਲ੍ਹਾ ਨੋਡਲ ਲੈਕਚਰਾਰ ਪਰਮਿੰਦਰ ਸਿੰਘ , ਸਕੂਲ ਇੰਚਾਰਜ ਸ਼੍ਰੀਮਤੀ ਸੁਖਵਿੰਦਰ ਕੌਰ , ਵੋਕੇਸ਼ਨਲ ਅਧਿਆਪਕ ਅਤੇ ਵੱਖ-ਵੱਖ ਸਕੂਲਾਂ ਤੋਂ ਟ੍ਰੇਨਿੰਗ ਲਈ ਆਏ ਅਧਿਆਪਕ ਸਾਹਿਬਾਨ ਹਾਜ਼ਰ ਸਨ।

# ਮੀਟਿੰਗਾਂ ਰੱਦ ਕਰਨ ਖ਼ਿਲਾਫ਼ ਸੰਘਰਸ਼ ਜਾਰੀ



ਬਰਨਾਲਾ, 20 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ) : ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਆਊਟਸੋਰਸ ਵਰਕਰਜ ਯੂਨੀਅਨ ਵਲੋਂ ਆਪਣੀਆਂ ਹੱਕੀ ਮੰਗਾਂ ਤੇ ਮੌੜ ਮੰਡੀ ਦੇ ਵਰਕਰਾਂ ਤੇ ਝੂਠੇ ਪਰਚੇ ਪਾ ਕੇ ਉਨ੍ਹਾਂ ਨੂੰ ਪਿਛਲੇ ਪੰਜ ਮਹੀਨਿਆਂ ਤੋਂ ਨੌਕਰੀ ਤੋਂ ਫ਼ਾਰਗ ਕੀਤਾ ਹੋਇਆ ਹੈ। ਸਰਕਾਰ ਵੱਲੋਂ ਵਾਰ ਵਾਰ ਸਬ ਕਮੇਟੀ ਦੀਆਂ ਮੀਟਿੰਗਾਂ ਦੇ ਕੇ ਰੱਦ ਕਰਨ ਦੇ ਰਵੱਈਏ ਦੇ ਰੋਸ ਵਜੋਂ ਪੰਜਾਬ ਪੱਧਰੀ ਹੜਤਾਲ ਦੂਜੇ ਦਿਨ ਵੀ ਜਾਰੀ ਹੈ ਪਰ ਮਹਿਕਮੇ ਦੇ ਅਧਿਕਾਰੀ ਜਾਂ ਕਿਸੇ ਸਰਕਾਰ ਦੇ ਨੁਮਾਇੰਦੇ ਵਲੋਂ ਕੋਈ ਵੀ ਸੁਣਵਾਈ ਨਹੀਂ ਹੋਈ। ਅੱਜ ਦੀ ਹੜਤਾਲ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਬਰਨਾਲਾ ਵਿਖੇ ਜ਼ਿਲ੍ਹਾ ਪ੍ਰਧਾਨ ਅਸ਼ੋਕ ਕੁਮਾਰ ਨੇ ਕਿਹਾ ਜੇਕਰ ਮੌੜ ਮੰਡੀ ਦੇ ਵਰਕਰਾਂ ਦਾ ਚੀਫ਼ ਸਾਹਿਬ ਦੀ ਮੀਟਿੰਗ ਵਿੱਚ ਕੋਈ ਹੱਲ ਨਾ ਕੱਢਿਆ ਤਾਂ ਆਉਣ ਵਾਲੇ ਦਿਨਾ ਵਿੱਚ ਸੰਘਰਸ਼ ਹੋਰ ਵੀ ਤਿੱਖਾ ਕੀਤਾ ਜਾਵੇਗਾ। ਇਸ ਸਮੇਂ ਸੂਬਾ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਮੰਡੇਰ, ਜ਼ਿਲ੍ਹਾ ਜਨਰਲ ਸਕੱਤਰ ਅਮਰੀਕ ਸਿੰਘ ਜਲੂਰ, ਸੂਬਾ ਆਗੂ ਵਿਨੋਦ ਕੁਮਾਰ ,ਮੋਹਨ ਰਾਮ, ਮੁਕੇਸ਼ ਕੁਮਾਰ, ਮਨਜੀਤ ਮਹਿਤਾ, ਰੋਸ਼ਨ ਲਾਲ, ਦਰਸ਼ਨ ਸਿੰਘ,ਦੀਪਕ ਕੁਮਾਰ ਆਦਿ ਹਾਜ਼ਰ ਸਨ।

# ਮਲੋਟ ਸ਼ਹਿਰ ਵਿੱਚ ਨਾਜਾਇਜ਼ ਕਬਜ਼ਿਆਂ ਨੇ ਟ੍ਰੈਫਿਕ ਨੂੰ ਕੀਤਾ ਬੇਤਰਤੀਬ, ਲੋਕ ਪ੍ਰੇਸ਼ਾਨ

ਮਲੋਟ, 20 ਜਨਵਰੀ ( ਅਮਨਦੀਪ ਸਿੰਘ ਮਹਿਰਾ ) : ਸ਼ਹਿਰ ਦੇ ਮੁੱਖ ਬਾਜ਼ਾਰਾਂ ਅਤੇ ਸੜਕਾਂ 'ਤੇ ਦੁਕਾਨਦਾਰਾਂ ਵੱਲੋਂ ਕੀਤੇ ਗਏ ਨਾਜਾਇਜ਼ ਕਬਜ਼ਿਆਂ ਕਾਰਨ ਟਰੈਫਿਕ ਵਿਵਸਥਾ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ। ਦੁਕਾਨਾਂ ਅੱਗੇ ਪਾਰਕਿੰਗ ਲਈ ਛੱਡੀਆਂ ਥਾਵਾਂ 'ਤੇ ਸਮਾਨ ਰੱਖ ਕੇ ਕੀਤੇ ਜਾ ਰਹੇ ਕਬਜ਼ਿਆਂ ਕਾਰਨ ਲੋਕਾਂ ਨੂੰ ਆਪਣੀਆਂ ਕਾਰਾਂ, ਜੀਪਾਂ ਤੇ ਹੋਰ ਵਹੀਕਲ ਸੜਕਾਂ ਦੇ ਕਿਨਾਰਿਆਂ 'ਤੇ ਪਾਰਕ ਕਰਨੇ ਪੈਂਦੇ ਹਨ, ਜਿਸ ਨਾਲ ਆਵਾਜਾਈ ਦਾ ਹਾਲ ਬੇਹੱਦ ਮਾੜਾ ਹੋ ਜਾਂਦਾ ਹੈ।ਸ਼ਹਿਰ ਦੀ ਟਰੈਫਿਕ ਪੁਲਿਸ ਵੱਲੋਂ ਦੁਕਾਨਦਾਰਾਂ ਨੂੰ ਕਈ ਵਾਰ ਨਿੱਜੀ ਤੌਰ 'ਤੇ ਸਮਾਨ ਹਟਾਉਣ ਲਈ ਅਪੀਲਾਂ ਕੀਤੀਆਂ ਜਾਂਦੀਆਂ ਹਨ, ਪਰ ਇਸ ਦੇ ਬਾਵਜੂਦ ਵੀ ਦੁਕਾਨਦਾਰਾਂ ਦੇ ਕੰਨ 'ਤੇ ਕੋਈ ਜੂੰ ਨਹੀਂ ਸਰਕਦੀ। ਦੱਸਿਆ ਜਾ ਰਿਹਾ ਹੈ ਕਿ ਮਾਮਲਾ ਵਪਾਰ ਮੰਡਲ ਨਾਲ ਜੁੜਿਆ ਹੋਣ ਕਾਰਨ ਪੁਲਿਸ ਵੀ ਸਖ਼ਤ ਕਾਰਵਾਈ ਕਰਨ ਤੋਂ ਗੁਰੇਜ਼ ਕਰ ਰਹੀ ਹੈ, ਜਿਸ ਨਾਲ ਟਰੈਫਿਕ ਕਰਮਚਾਰੀ ਬੇਵਸ ਨਜ਼ਰ ਆ ਰਹੇ ਹਨ।ਉਧਰ, ਨਾਜਾਇਜ਼ ਕਬਜ਼ੇ ਹਟਾਉਣ ਦੀ ਜ਼ਿੰਮੇਵਾਰੀ ਸਥਾਨਕ ਨਗਰ ਕੌਂਸਲ ਦੀ ਹੋਣ ਦੇ ਬਾਵਜੂਦ, ਸਭ ਕੁਝ ਅੱਖਾਂ ਸਾਹਮਣੇ ਹੋਣ ਦੇ ਬਾਵਜੂਦ ਨਗਰ ਕੌਂਸਲ ਅਧਿਕਾਰੀਆਂ ਵੱਲੋਂ ਸਿਰਫ਼ ਖਾਨਾਪੂਰਤੀ ਕੀਤੀ ਜਾ ਰਹੀ ਹੈ। ਇਸ ਦਾ ਸਿੱਧਾ ਨੁਕਸਾਨ ਆਮ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਕਈ ਵਾਰ ਟਰੈਫਿਕ ਇਸ ਕਦਰ ਜਾਮ ਹੋ ਜਾਂਦਾ ਹੈ ਕਿ ਵਾਹਨ ਚਾਲਕ ਆਪਸ ਵਿੱਚ ਉਲਝ ਪੈਂਦੇ ਹਨ, ਜਿਸ ਨਾਲ ਸ਼ਹਿਰ ਦਾ ਮਾਹੌਲ ਵੀ ਤਣਾਅਪੂਰਨ ਬਣ ਜਾਂਦਾ ਹੈ।ਸ਼ਹਿਰ ਦੀ ਜੀਟੀ ਰੋਡ 'ਤੇ ਸੂਰਮਾ ਸਵੀਟਸ ਹਾਊਸ ਸਮੇਤ ਕਈ ਦੁਕਾਨਾਂ ਅਤੇ ਬੈਂਕਿੰਗ ਅਦਾਰਿਆਂ ਅੱਗੇ ਵਹੀਕਲ ਸੜਕ 'ਤੇ ਹੀ ਖੜ੍ਹੇ ਕਰ ਦਿੱਤੇ ਜਾਂਦੇ ਹਨ। ਇਸ ਤੋਂ ਇਲਾਵਾ, ਗੈਰੇਜਾਂ ਅਤੇ ਵਰਕਸ਼ਾਪਾਂ ਵੱਲੋਂ ਸੜਕ ਉੱਤੇ ਹੀ ਵਹੀਕਲ ਰਿਪੇਅਰ ਕਰਨ ਕਾਰਨ ਮੇਨ ਹਾਈਵੇ 'ਤੇ ਹਾਦਸਿਆਂ ਦਾ ਖ਼ਤਰਾ ਬਣਿਆ ਰਹਿੰਦਾ ਹੈ।ਕੋਰਟਰੋਡ, ਲੋਹਾ ਬਾਜ਼ਾਰ, ਸੁਪਰ ਬਾਜ਼ਾਰ, ਗੁੜ ਬਾਜ਼ਾਰ, ਸੀਟੀ ਬਾਜ਼ਾਰ, ਪੁਰਾਣੀ ਤਹਿਸੀਲ ਰੋਡ ਅਤੇ ਪੁਰਾਣੀ ਕੋਟ ਰੋਡ 'ਤੇ ਵੀ ਹੱਦੋਂ ਵੱਧ ਪਾਰਕਿੰਗ ਅਤੇ ਦੁਕਾਨਦਾਰਾਂ ਵੱਲੋਂ ਰੱਖੇ ਸਮਾਨ ਕਾਰਨ ਟਰੈਫਿਕ ਜਾਮ ਆਮ ਗੱਲ ਬਣ ਚੁੱਕੀ ਹੈ। ਕਈ ਵਾਰ ਲੋਕਾਂ ਨੂੰ ਘੰਟਿਆਂ ਤੱਕ ਖੱਜਲ-ਖੁਆਰੀ ਭੁਗਤਣੀ ਪੈਂਦੀ ਹੈ।ਇਸ ਸਬੰਧੀ ਗੁਰਪ੍ਰੀਤ ਸਿੰਘ, ਇੰਦਰਜੀਤ ਸਿੰਘ, ਲਵਪ੍ਰੀਤ ਸਿੰਘ, ਪਵਨ ਕੁਮਾਰ ਅਤੇ ਸੰਤ ਰਾਮ ਨੇ ਦੋਸ਼ ਲਗਾਇਆ ਕਿ ਨਾਜਾਇਜ਼ ਕਬਜ਼ੇ ਕਰਨ ਵਾਲੇ ਦੁਕਾਨਦਾਰਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ।

# ਪ੍ਰੇਮ ਰਾਇਸਰ ਜ਼ਿਲ੍ਹਾ ਸਕੱਤਰ ਅਤੇ ਰਾਜੇਸ਼ ਚੀਮਾ ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਉਪ ਪ੍ਰਧਾਨ ਬਣਨ 'ਤੇ ਵਧਾਈ

ਬਰਨਾਲਾ, 20 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ) :ਵਿਸ਼ਵ ਹਿੰਦੂ ਪ੍ਰੀਸ਼ਦ ਬਜਰੰਗ ਦਲ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ ਪਠਾਨਕੋਟ ਸ਼੍ਰੀ ਅਦਵੈਤ ਸਵਰੂਪ ਹੀਰਾ ਪਰਮ ਸ਼ਰਧਾ ਧਾਮ ਆਸ਼ਰਮ, ਸ਼ਾਹਪੁਰ ਕੰਢੀ, ਪਠਾਨਕੋਟ ਵਿਖੇ ਸ਼ੁਰੂ ਹੋਈ। ਖੇਤਰੀ ਸੰਗਠਨ ਮੰਤਰੀ ਨੀਰਜ ਦਿਨੋਰੀਆ, ਖੇਤਰੀ ਮੰਤਰੀ ਲੇਖਰਾਜ ਰਾਣਾ, ਰਾਜ ਮੰਤਰੀ ਸੁਨੀਲ ਸ਼ਰਮਾ, ਕਾਰਜਕਾਰੀ ਪ੍ਰਧਾਨ ਹਰਪ੍ਰੀਤ, ਆਦਿ ਮੌਜੂਦ ਸਨ ਅਤੇ ਸਾਰਿਆਂ ਤੋਂ ਮਾਰਗਦਰਸ਼ਨ ਪ੍ਰਾਪਤ ਹੋਇਆ। ਇਸ ਮੀਟਿੰਗ ਵਿੱਚ, ਨਵੀਆਂ ਜ਼ਿੰਮੇਵਾਰੀਆਂ ਵਜੋਂ, ਬਰਨਾਲਾ ਤੋਂ ਨੀਲਮਣੀ ਸਮਾਧੀਆ ਨੂੰ ਵੀਐਚਪੀ ਪਟਿਆਲਾ ਵਿਭਾਗ ਦਾ ਵਿਭਾਗ ਮੰਤਰੀ, ਪ੍ਰੇਮ ਸਿੰਗਲਾ ਰਾਇਸਰ ਵਾਲੇ ਨੂੰ ਵੀਐਚਪੀ ਬਰਨਾਲਾ ਜ਼ਿਲ੍ਹੇ ਦਾ ਜ਼ਿਲ੍ਹਾ ਮੰਤਰੀ ਨਿਯੁਕਤ ਕੀਤਾ ਗਿਆ, ਅਤੇ ਰਾਜੇਸ਼ ਚੀਮਾ ਨੂੰ ਵੀਐਚਪੀ ਜ਼ਿਲ੍ਹੇ ਦਾ ਉਪ ਪ੍ਰਧਾਨ ਨਿਯੁਕਤ ਕੀਤਾ ਗਿਆ। ਬਰਨਾਲਾ ਦੇ ਸਾਰੇ ਵਰਕਰਾਂ ਨੇ ਇਸ 'ਤੇ ਖੁਸ਼ੀ ਪ੍ਰਗਟ ਕੀਤੀ ਅਤੇ ਉਮੀਦ ਪ੍ਰਗਟ ਕੀਤੀ ਕਿ ਉਨ੍ਹਾਂ ਦੇ ਨਵੇਂ ਜ਼ਿਲ੍ਹਾ ਮੰਤਰੀ ਪ੍ਰੇਮ ਜੀ ਰਾਇਸਰ ਵਾਲੇ ਵੀਐਚਪੀ ਬਜਰੰਗ ਦਲ ਨੂੰ ਬਰਨਾਲਾ ਵਿੱਚ ਨਵੀਆਂ ਉਚਾਈਆਂ ਤੇ ਲੈ ਜਾਣਗੇ। ਇਸ ਤੋਂ ਤੁਰੰਤ ਬਾਅਦ, ਪ੍ਰੇਮ ਜੀ ਨੇ ਸਪੱਸ਼ਟ ਕੀਤਾ ਕਿ ਉਹ ਬਰਨਾਲਾ ਵਿੱਚ ਵੀਐਚਪੀ ਬਜਰੰਗ ਦਲ ਨੂੰ ਵੱਡੀਆਂ ਉਚਾਈਆਂ 'ਤੇ ਲੈ ਜਾਣਗੇ, ਸਾਰੇ ਨਵੇਂ ਵਰਕਰਾਂ ਨੂੰ ਸ਼ਾਮਲ ਕਰਨਗੇ ਅਤੇ ਪੁਰਾਣੇ ਵਰਕਰਾਂ ਨੂੰ ਆਪਣੇ ਨਾਲ ਲੈ ਕੇ ਇਸ ਸੰਗਠਨ ਨੂੰ ਰਾਸ਼ਟਰ ਅਤੇ ਧਰਮ ਵੱਲ ਅੱਗੇ ਲੈ ਕੇ ਜਾਣਗੇ।

# ਖ਼ਾਲਸਾ ਕਾਲਜ ਦੇ ਬੀ.ਐਸ.ਸੀ ਭਾਗ ਚੌਥਾ ਦਾ ਨਤੀਜਾ ਰਿਹਾ ਸ਼ਾਨਦਾਰ

ਭਗਤਾ ਭਾਈ ਕਾ, 20 ਜਨਵਰੀ (ਸਵਰਨ ਸਿੰਘ ਭਗਤਾ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸਕੱਤਰ ਵਿੱਦਿਆ ਸੁਖਮਿੰਦਰ ਸਿੰਘ ਅਤੇ ਸਿਕੰਦਰ ਸਿੰਘ ਮਲੂਕਾ (ਸਾਬਕਾ ਕੈਬਨਿਟ ਮੰਤਰੀ ਪੰਜਾਬ ਅਤੇ ਆਨਰੇਰੀ ਸਕੱਤਰ ਕਾਲਜ) ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਸੰਸਥਾ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਭਗਤਾ ਭਾਈਕਾ ਵਿਚ ਚੱਲ ਰਹੇ ਗਰੈਜੂਏਟ ਕੋਰਸ ਬੀ. ਐਸ.ਸੀ. ਨਾਨ ਮੈਡੀਕਲ ਅਤੇ ਬੀ.ਐਸ.ਸੀ ਮੈਡੀਕਲ ਭਾਗ ਦੂਜਾ ਸਮੈਸਟਰ ਚੌਥਾ ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਇਸ ਸਬੰਧੀ ਸਾਇੰਸ ਵਿਭਾਗ ਦੇ ਮੁਖੀ ਹਰਪਿੰਦਰ ਕੌਰ ਨੇ ਦੱਸਿਆ ਕਿ ਬੀ.ਐਸ.ਸੀ ਨਾਨ ਮੈਡੀਕਲ ਵਿੱਚੋਂ ਪ੍ਰਭਜੋਤ ਕੌਰ ਨੇ 85.3 ਪ੍ਰਤੀਸ਼ਤ ਨਾਲ ਪਹਿਲਾ ਸਥਾਨ, ਹਰਮਲਪ੍ਰੀਤ ਕੌਰ ਨੇ80.3 ਪ੍ਰਤੀਸ਼ਤ ਨਾਲ ਦੂਜਾ ਸਥਾਨ , ਹਸਪ੍ਰੀਤ ਕੌਰ ਅਤੇ ਰਮਨਦੀਪ ਕੌਰ ਨੇ 77.3 ਪ੍ਰਤੀਸ਼ਤ ਤੀਜਾ ਸਥਾਨ ਅਤੇ ਬੀ.ਐਸ.ਸੀ ਮੈਡੀਕਲ ਵਿੱਚੋਂ ਸੰਦੀਪ ਕੌਰ 81.4 ਪ੍ਰਤੀਸ਼ਤ ਨਾਲ ਪਹਿਲਾ ਸਥਾਨ ਅਤੇ ਹਰਨੀਲ ਕੌਰ 80.3 ਪ੍ਰਤੀਸ਼ਤ ਨਾਲ ਦੂਜਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਜਾਣਕਾਰੀ ਦਿੱਤੀ ਕਿ ਵਿਦਿਆਰਥੀਆਂ ਵਿਚ ਅਕਾਦਮਿਕ ਰੁਚੀਆਂ ਪੈਦਾ ਕਰਨ ਲਈ ਸਾਇੰਸ ਵਿਭਾਗ ਸਮੇਂ-ਸਮੇਂ ਉੱਤੇ ਵੱਖ ਵੱਖ ਗਤੀਵਿਧੀਆਂ ਦਾ ਆਯੋਜਨ ਕੀਤਾ ਜਾਂਦਾ ਹੈ।ਵਿੱਦਿਆ ਦੇ ਖੇਤਰ ਵਿੱਚ ਸਿੱਖਿਆ ਦਾ ਇਹ ਅਦਾਰਾ ਆਪਣਾ ਮੁੱਲਵਾਨ ਯੋਗਦਾਨ ਪਾ ਰਿਹਾ ਹੈ। ਕਾਲਜ ਪ੍ਰਿੰਸੀਪਲ ਡਾ. ਸਤਿੰਦਰ ਕੌਰ ਮਾਨ ਨੇ ਇਸ ਸ਼ਾਨਦਾਰ ਪ੍ਰਾਪਤੀ ਲਈ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਮਿਹਨਤੀ ਸਟਾਫ਼ ਦੀ ਲਗਨ ਸਦਕਾ ਸਾਰੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਸਮੇਂ ਪ੍ਰੋ. ਮਨਦੀਪ ਕੌਰ, ਪ੍ਰੋ ਹਰਦੀਪ ਕੌਰ, ਪ੍ਰੋ ਅਮਨਦੀਪ ਕੌਰ, ਪ੍ਰੋ ਸੰਦੀਪ ਕੌਰ, ਪ੍ਰੋ ਰਾਜਵੀਰ ਕੌਰ, ਪ੍ਰੋ ਦੀਪਕ ਕੁਮਾਰ ਅਤੇ ਸਮੂਹ ਸਟਾਫ ਹਾਜ਼ਰ ਸਨ।

# ਐਸ ਬੀ ਐਸ ਪਬਲਿਕ ਸਕੂਲ ਦੇ ਬੱਚਿਆਂ ਨੇ ਦਸਤਾਰ ਅਤੇ ਗੁਰਬਾਣੀ ਕੰਠ ਮੁਕਾਬਲਿਆਂ ਵਿੱਚ ਪੁਜ਼ੀਸ਼ਨਾਂ ਹਾਸਿਲ ਕੀਤੀਆਂ



ਬਰਨਾਲਾ, 20 ਜਨਵਰੀ (ਬਘੇਲ ਸਿੰਘ ਧਾਲੀਵਾਲ) :ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਸਿੰਘ ਸਭਾ ਸਦਰ ਬਜਾਰ ਬਾਰਨਾਲਾ ਵਿਖੇ ਵੱਖ-ਵੱਖ ਸਕੂਲਾਂ ਦੇ ਤਕਰੀਬਨ 650 ਬੱਚਿਆਂ ਦੇ ਗੁਰਮਤਿ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਸੁੰਦਰ ਦਸਤਾਰ ਮੁਕਾਬਲੇ, ਲਿਖਤੀ ਪੇਪਰ ਅਤੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਐਸ ਬੀ ਐਸ ਪਬਲਿਕ ਸਕੂਲ ਸੁਰਜੀਤਪੁਰਾ ਦੇ 35 ਬੱਚਿਆਂ ਨੇ ਭਾਗ ਲਿਆ, ਜਿਸ ਵਿੱਚ ਗੁਰਲੀਨ ਕੌਰ ਕਲਾਸ ਸੱਤਵੀਂ ਨੇ ਲਿਖਤੀ ਪੇਪਰ ਵਿੱਚ ਤੀਸਰਾ ਸਥਾਨ ਹਾਸਿਲ ਕੀਤਾ। ਗੁਰਲੀਨ ਕੌਰ ਕਲਾਸ ਸੱਤਵੀਂ ਨੇ ਗੁਰਬਾਣੀ ਕੰਠ ਮੁਕਾਬਲੇ ਵਿੱਚ ਪਹਿਲੀ ਪੁਜ਼ੀਸ਼ਨ ਪ੍ਰਾਪਤ ਕੀਤੀ ਅਤੇ ਗਗਨਦੀਪ ਸਿੰਘ, ਏਕਮਪ੍ਰੀਤ ਸਿੰਘ ਦਸਵੀਂ ਨੇ ਸੁੰਦਰ ਦਸਤਾਰ ਮੁਕਾਬਲੇ ਵਿੱਚ ਆਪਣਾ ਨਾਂ ਚਮਕਾਇਆ। ਇਸ ਤੋਂ ਇਲਾਵਾ ਸੱਤਵੀਂ ਅਤੇ ਅੱਠਵੀਂ ਕਲਾਸ ਦੇ ਬੱਚਿਆਂ ਨੇ ਵੱਖ-ਵੱਖ ਪੁਜ਼ੀਸ਼ਨਾਂ ਹਾਸਿਲ ਕੀਤੀਆਂ। ਗੁਰਮਤਿ ਅਧਿਆਪਕਾ ਬਲਜਿੰਦਰ ਕੌਰ ਨੇ ਕਿਹਾ ਕਿ ਗੁਰਬਾਣੀ ਮਨੁੱਖ ਨੂੰ ਸੱਚਾਈ, ਸੇਵਾ, ਨਿਮਰਤਾ ਅਤੇ ਅਨੁਸ਼ਾਸਨ ਦਾ ਮਾਰਗ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਗੁਰਬਾਣੀ ਨਾਲ ਜੁੜਨਾ ਚਾਹੀਦਾ ਹੈ ਤਾਂ ਜੋ ਉਹ ਚੰਗੇ ਨੈਤਿਕ ਮੁੱਲਾਂ ਵਾਲੇ ਨਾਗਰਿਕ ਬਣ ਸਕਣ। ਬੱਚਿਆਂ ਨੇ ਇੰਨ੍ਹਾਂ ਮੁਕਾਬਲਿਆਂ ਵਿੱਚ ਚੰਗੀਆਂ ਪੁਜੀਸ਼ਨਾਂ ਹਾਸਿਲ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ। ਇਸ ਮੌਕੇ ਵਾਈਸ ਪ੍ਰਿੰਸੀਪਲ ਨੇ ਕਿਹਾ ਕਿ ਇਸ ਤਰ੍ਹਾਂ ਦੇ ਧਾਰਮਿਕ ਸਮਾਗਮ ਵਿਦਿਆਰਥੀਆਂ ਦੇ ਚਰਿੱਤਰ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਅਤੇ ਬੱਚਿਆਂ ਨੂੰ ਸੱਭਿਆਚਾਰਕ ਤੇ ਆਤਮਕ ਵਿਰਾਸਤ ਨਾਲ ਜੋੜਦੇ ਹਨ। ਸਕੂਲ ਪ੍ਰਿੰਸੀਪਲ ਕਮਲਜੀਤ ਕੌਰ ਨੇ ਵਿਦਿਆਰਥੀਆਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਗੁਰਬਾਣੀ ਸਾਨੂੰ ਜੀਵਨ ਵਿੱਚ ਸਹੀ ਰਸਤਾ ਚੁਣਨ ਦੀ ਪ੍ਰੇਰਨਾ ਦਿੰਦੀ ਹੈ। ਉਨ੍ਹਾਂ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਬੱਚਿਆਂ ਨੂੰ ਅਜਿਹੇ ਮੁਕਾਬਲਿਆਂ ਲਈ ਤਿਆਰ ਕੀਤਾ ਜਾਵੇਗਾ, ਤਾ ਜੋ ਬਾਕੀ ਬੱਚੇ ਵੀ ਚੰਗੀਆਂ ਪੁਜ਼ੀਸ਼ਨਾਂ ਪ੍ਰਾਪਤ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਂ ਰੌਸ਼ਨ ਕਰ ਸਕਣ।

# ਸਰਪੰਚ ਜਸਪਾਲ ਸਿੰਘ ਭੁੱਲਰ ਨੂੰ ਸਦਮਾ, ਮਾਤਾ ਦਾ ਦੇਹਾਂਤ



ਬਾਜਾਖਾਨਾ, 20 ਜਨਵਰੀ (ਅਵਤਾਰ ਸਿੰਘ ਮੱਲਾ) : ਨੇੜਲੇ ਪਿੰਡ ਮੱਲਾ ਖੁਰਦ ਦੇ ਮੌਜੂਦਾ ਸਰਪੰਚ ਜਸਪਾਲ ਸਿੰਘ ਭੁੱਲਰ ਅਤੇ ਬੂਟਾ ਸਿੰਘ ਭੁੱਲਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ, ਜਦ ਉਹਨਾਂ ਦੇ ਸਤਿਕਾਰਯੋਗ ਮਾਤਾ ਮਨਜੀਤ ਕੌਰ ਭੁੱਲਰ ਅਕਾਲ ਚਲਾਣਾ ਕਰ ਗਏ। ਮਾਤਾ ਜੀ ਦੀ ਅੰਤਿਮ ਅਰਦਾਸ 22-1-2026 ਦਿਨ ਵੀਰਵਾਰ ਨੂੰ ਗੁਰਦੁਆਰਾ ਚਬੂਤਰਾ ਸਾਹਿਬ ਪਿੰਡ ਮੱਲਾ (ਫਰੀਦਕੋਟ) ਵਿਖੇ ਕਰਵਾਈ ਜਾਵੇਗੀ। ਇਸ ਮੌਕੇ ਪੂਰਨ ਸਿੰਘ ਬੁੱਟਰ ਨਨਦੋਈਆ, ਕਲਵੰਤ ਕੌਰ ਨਨਾਣ, ਪ੍ਰੀਤਮ ਕੌਰ ਨਨਾਣ, ਰਾਜਿੰਦਰ ਕੌਰ ਨੰਹੂ, ਪੋਤਰੇ ਕੁਲਦੀਪ ਸਿੰਘ, ਹਰਦੀਪ ਸਿੰਘ, ਨਵਦੀਪ ਸਿੰਘ, ਪੋਤਰੀਆਂ ਪ੍ਰਦੀਪ ਕੌਰ, ਨਵਦੀਪ ਕੌਰ, ਭਰਾ ਵੀਰ ਸਿੰਘ ਬਰਾੜ, ਰਣਜੀਤ ਸਿੰਘ, ਕੁਲਵੀਰ ਸਿੰਘ, ਬਲਵਿੰਦਰ ਸਿੰਘ ਬੁੱਟਰ, ਬਲਤੇਜ ਸਿੰਘ ਬੁੱਟਰ, ਮੇਹਰ ਸਿੰਘ ਬੁੱਟਰ, ਸੁਖਮੰਦਰ ਸਿੰਘ, ਗੁਰਮੇਲ ਸਿੰਘ, ਐਮਐਲਏ ਅਮੋਲਕ ਸਿੰਘ ਹਲਕਾ ਜੈਤੋ, ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ, ਐਮਐਲਏ ਗੁਰਦਿੱਤ ਸਿੰਘ ਸੇਖੋ ਫਰੀਦਕੋਟ, ਪਰਵਿੰਦਰ ਸਿੰਘ ਮੱਲਾ ਜ਼ਿਲ੍ਹਾ ਪ੍ਰਧਾਨ ਸੋਸ਼ਲ ਮੀਡੀਆ ਵਿੰਗ ਫਰੀਦਕੋਟ ਅਤੇ ਵਿਧਾਨ ਸਭਾ ਕਮੇਟੀ ਮੈਂਬਰ ਕਾਨੂੰਨੀ ਵਿੰਗ ਜੈਤੋ, ਚੇਅਰਮੈਨ ਡਾ. ਲਛਮਣ ਸ਼ਰਮਾ ਮਾਰਕਿਟ ਕਮੇਟੀ ਜੈਤੋ, ਚੇਅਰਮੈਨ ਗੋਬਿੰਦਰ ਸਿੰਘ ਵਾਲੀਆ ਪੀਏਡੀਬੀ ਬੈਂਕ ਜੈਤੋ, ਗੁਰਭੇਜ ਸਿੰਘ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਹਰਸਿਮਰਨ ਮਲਹੋਤਰਾ ਟਰੱਕ ਯੂਨੀਅਨ ਪ੍ਰਧਾਨ ਜੈਤੋ, ਇਕਬਾਲ ਸਿੰਘ ਡੋਡ ਟਰੱਕ ਯੂਨੀਅਨ ਪ੍ਰਧਾਨ ਬਾਜਾਖਾਨਾ, ਸਰਪੰਚ ਗੁਰਦੀਪ ਸਿੰਘ ਕੋਠੇ ਹਰੀ ਸਿੰਘ ਮੱਲਾ, ਸਰਪੰਚ ਕੁਲਦੀਪ ਸਿੰਘ ਡੋਡ, ਸਰਪੰਚ ਜਗਸੀਰ ਸਿੰਘ ਸੀਰਾ ਬਾਜਾਖਾਨਾ, ਸਰਪੰਚ ਬੱਬੂ ਸਿੰਘ ਬਾਜਾਖਾਨਾ, ਸਰਪੰਚ ਰੇਸ਼ਮ ਸਿੰਘ ਨੰਬਰਦਾਰ ਬਾਜਾਖਾਨਾ ਖੁਰਦ, ਰਵਿੰਦਰ ਸਿੰਘ ਮੱਲਾ, ਮੈਂਬਰ ਗੱਗੀ ਸਿੰਗਲਾ, ਚਮਕੌਰ ਸਿੰਘ ਕੌਰੀ, ਕੇਵਲ ਸਿੰਘ, ਸੁਖਦੀਪ ਸਿੰਘ ਸੀਪਾ, ਜਸਕਰਨ ਸਿੰਘ ਕਰਨਾ, ਅਮਰਜੀਤ ਸਿੰਘ ਮੱਲਾ, ਹੁਕਮ ਸਿੰਘ ਸਾਬਕਾ ਮੈਂਬਰ, ਡਾਕਟਰ ਜਸਵੀਰ ਸਿੰਘ ਆਦਿ ਨੇ ਭੁੱਲਰ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ।

# ਸਾਂਸਦ ਗੁਰਮੀਤ ਸਿੰਘ ਮੀਤ ਹੇਅਰ ਅਤੇ ਓ.ਐਸ.ਡੀ. ਸੁਖਵੀਰ ਸਿੰਘ ਵੱਲੋਂ 12.27 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਆਈ.ਟੀ.ਆਈ. ਦੀ ਨਵੀਂ ਇਮਾਰਤ ਦੇ ਕੰਮ ਦੀ ਸ਼ੁਰੂਆਤ

ਧੂਰੀ, 20 ਜਨਵਰੀ (ਰਾਜੇਸ਼ਵਰ ਪਿੰਟੂ) : ਸੰਗਰੂਰ ਤੋਂ ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਅਤੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਓ.ਐਸ.ਡੀ. ਸੁਖਵੀਰ ਸਿੰਘ ਵੱਲੋਂ ਧੂਰੀ ਹਲਕੇ ਦੇ ਪਿੰਡ ਬਰੜਵਾਲ ਵਿਖੇ 12.27 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ (ਆਈ.ਟੀ.ਆਈ) ਦੀ ਨਵੀਂ ਇਮਾਰਤ ਦੇ ਉਸਾਰੀ ਕੰਮ ਦੀ ਸ਼ੁਰੂਆਤ ਕਰਵਾਈ ਗਈ। ਇਸ ਮੌਕੇ ਉਨ੍ਹਾਂ 3 ਕਰੋੜ ਰੁਪਏ ਦੀ ਲਾਗਤ ਨਾਲ ਆਈ.ਟੀ.ਆਈ ਦੀ ਚੱਲ ਰਹੀ ਮੁਰੰਮਤ ਦੇ ਕੰਮ ਦਾ ਵੀ ਜਾਇਜ਼ਾ ਲਿਆ।



ਸਮਾਗਮ 'ਚ ਪੰਜਾਬ ਲਘੂ ਉਦਯੋਗ ਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ, ਮਾਰਕੀਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਚੇਅਰਮੈਨ ਪੰਜਾਬ ਗਊ ਸੇਵਾ ਕਮਿਸ਼ਨ ਅਸ਼ੋਕ ਕੁਮਾਰ ਲੱਖਾ, ਮੈਂਬਰ ਫੂਡ ਕਮਿਸ਼ਨ ਜਸਵੀਰ ਸਿੰਘ ਜੱਸੀ ਸੇਖੋਂ, ਮੈਂਬਰ ਪੰਜਾਬ ਵਕਫ਼ ਬੋਰਡ ਡਾ. ਅਨਵਰ ਖ਼ਾਨ, ਸਾਬਕਾ ਬਲਾਕ ਪ੍ਰਧਾਨ ਐਡਵੋਕੇਟ ਹੈਪੀ ਗਰਗ, ਡਾਇਰੈਕਟਰ ਅਨਿਲ ਮਿੱਤਲ, ਡਾਇਰੈਕਟਰ ਸ਼ੂਗਰ ਫੈਡ ਜਸਪਾਲ ਸਿੰਘ ਭੁੱਲਰ, ਸਤਿੰਦਰ ਸਿੰਘ ਚੱਠਾ ਵੀ ਮੌਜੂਦ ਸਨ।

ਇਸ ਮੌਕੇ ਐਮ.ਪੀ. ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਨੂੰ ਸਵੈ ਰੁਜ਼ਗਾਰ ਦੇ ਯੋਗ ਬਣਾਉਣ ਲਈ ਹੁਨਰਮੰਦ ਸਿੱਖਿਆ ਨੂੰ ਤਰਜੀਹ ਦੇ ਰਹੀ ਹੈ। ਉਨ੍ਹਾਂ ਦੱਸਿਆ ਕਿ ਪਿੰਡ ਬਰੜਵਾਲ (ਧੂਰੀ) ਵਿਖੇ ਸਰਕਾਰੀ ਆਈ.ਟੀ.ਆਈ ਦੀ ਨਵੀਂ ਬਿਲਡਿੰਗ ਦੀ ਉਸਾਰੀ 'ਤੇ ਕੁੱਲ 12.27 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ। ਨਵੀਂ ਤਿੰਨ ਮੰਜ਼ਿਲਾਂ ਇਮਾਰਤ ਦਾ ਕੁੱਲ ਕਵਰਡ ਏਰੀਆ 35,408 ਵਰਗ ਫੁੱਟ ਹੋਵੇਗਾ।

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਓ.ਐਸ.ਡੀ. ਸ. ਸੁਖਵੀਰ ਸਿੰਘ ਨੇ ਹਲਕਾ ਧੂਰੀ ਵਾਸੀਆਂ ਨੂੰ ਵਧਾਈ ਦਿੰਦੇ ਆ ਕਿਹਾ ਕਿ ਇਸ ਸਰਕਾਰੀ ਆਈ.ਟੀ.ਆਈ. ਵਿੱਚ ਇਲੈਕਟ੍ਰੀਸ਼ੀਅਨ ਅਤੇ ਫਿਟਰ (ਦੋ ਸਾਲਾ ਕੋਰਸ), ਰੈਫਰੀਜਰੇਸ਼ਨ ਐਂਡ ਏਅਰ ਕੰਡੀਸ਼ਨਿੰਗ ਟੈਕਨੀਸ਼ੀਅਨ, ਮਕੈਨਿਕ ਇਲੈਕਟ੍ਰਿਕ ਵਹੀਕਲ ਅਤੇ ਮਸ਼ੀਨਿਸਟ (ਦੋ ਸਾਲਾ ਕੋਰਸ) ਸਮੇਤ ਪਲੰਬਰ, ਡਰਾਫਟਸਮੈਨ ਸਿਵਲ, ਮਲਟੀਮੀਡੀਆ ਐਨੀਮੇਸ਼ਨ ਐਂਡ ਸਪੈਸ਼ਲ ਇਫੈਕਟਸ, ਕਾਸਮੈਟੋਲੋਜੀ, ਕੰਪਿਊਟਰ ਆਪਰੇਟਰ ਐਂਡ ਪ੍ਰੋਗਰਾਮਿੰਗ ਅਸਿਸਟੈਂਟ, ਸੀਵਿੰਗ ਟੈਕਨੋਲੋਜੀ ਅਤੇ ਸਰਫੇਸ ਓਰਨਾਮੈਂਟੇਸ਼ਨ ਟੈਕਨੀਕ (ਕਢਾਈ) ਵਰਗੇ ਇੱਕ ਸਾਲਾ ਕੋਰਸ ਸ਼ੁਰੂ ਕੀਤੇ ਜਾਣਗੇ ਜੋ ਨੌਜਵਾਨਾਂ ਨੂੰ ਸਵੈ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨਗੇ। ਉਨ੍ਹਾਂ ਨੇ ਕਿਹਾ ਕਿ ਇਹ ਸੰਸਥਾ ਰਾਜ ਭਰ ਦੀਆਂ ਆਈਟੀਆਈਜ਼ ਵਿੱਚ ਸ਼ੁਰੂ ਕੀਤੇ ਜਾਣ ਵਾਲੇ ਨਵੇਂ ਕੋਰਸਾਂ ਤਹਿਤ ਲਗਭਗ 450 ਨੌਜਵਾਨਾਂ ਨੂੰ ਸਿਖਲਾਈ ਸਹੂਲਤਾਂ ਪ੍ਰਦਾਨ ਕਰੇਗੀ। ਨਵੀਂ ਇਮਾਰਤ ਬਣਨ ਨਾਲ ਪੰਜਾਬ ਦੇ ਨੌਜਵਾਨਾਂ ਨੂੰ ਉਦਯੋਗਿਕ ਲੋੜਾਂ ਅਨੁਸਾਰ ਹੁਨਰ ਪ੍ਰਦਾਨ ਕਰਕੇ ਸਵੈ-ਰੁਜ਼ਗਾਰ ਅਤੇ ਉੱਦਮੀ ਬਣਨ ਲਈ ਪ੍ਰੇਰਿਤ ਕੀਤਾ ਜਾਵੇਗਾ।

ਇਸ ਮੌਕੇ ਐਸ.ਡੀ.ਐਮ ਰਿਸ਼ਭ ਬਾਂਸਲ, ਏ.ਆਰ ਸ਼ਰਮਾ, ਬਲਵੰਤ ਸਿੰਘ, ਸੋਨੀ ਮੰਡੇਰ, ਰਮਨਦੀਪ ਸਿੰਘ, ਜਿਲ੍ਹਾ ਪ੍ਰਧਾਨ ਸ਼ਾਮ ਸਿੰਗਲਾ, ਰਛਪਾਲ ਸਿੰਘ ਭੁਲਰਹੇੜੀ, ਹਰਜਿੰਦਰ ਸਿੰਘ ਕਾਂਝਲਾ, ਅੰਮ੍ਰਿਤਪਾਲ ਸਿੰਘ ਘਨੌਰੀ ਕਲਾਂ, ਭੁਪਿੰਦਰ ਸਿੰਘ, ਅਮਰਦੀਪ ਸਿੰਘ ਧਾਂਦਰਾ, ਨਰੇਸ਼ ਸਿੰਗਲਾ ਸਮੇਤ ਵੱਡੀ ਗਿਣਤੀ ਵਿਦਿਆਰਥੀ ਅਤੇ ਇਲਾਕਾ ਨਿਵਾਸੀ ਮੌਜੂਦ ਸਨ।

# ਬਠਿੰਡਾ ਸਿਹਤ ਵਿਭਾਗ ਦੀ ਵੱਡੀ ਪ੍ਰਾਪਤੀ: ਬਿਨਾਂ ਖ਼ਰਚੇ ਤੋਂ ਹੋਇਆ ਬੱਚੇ ਦੀ ਅੱਖ ਦਾ ਅਪ੍ਰੇਸ਼ਨ



ਬਠਿੰਡਾ, 20 ਜਨਵਰੀ (ਦੀਪਕ ਸ਼ਰਮਾ) : ਮਾਸੂਮ ਬੱਚਿਆਂ ਦੀਆਂ ਅੱਖਾਂ ਵਿੱਚ ਰੌਸ਼ਨੀ ਅਤੇ ਉਨ੍ਹਾਂ ਦੇ ਸੁਪਨਿਆਂ ਨੂੰ ਉਡਾਨ ਦੇਣ ਲਈ ਸਿਹਤ ਵਿਭਾਗ ਬਠਿੰਡਾ ਵੱਲੋਂ ਚਲਾਈ ਜਾ ਰਹੀ 'ਰਾਸ਼ਟਰੀ ਬਾਲ ਸਵਾਸਥ ਪ੍ਰੋਗਰਾਮ' (ਆਰ.ਬੀ.ਐਸ.ਕੇ.) ਯੋਜਨਾ ਵਰਦਾਨ ਸਾਬਤ ਹੋ ਰਹੀ ਹੈ। ਇਸੇ ਯੋਜਨਾ ਤਹਿਤ ਪਿੰਡ ਕੋਟ ਬਖਤੂ ਦੇ ਰਹਿਣ ਵਾਲੇ ਚੌਥੀ ਜਮਾਤ ਦੇ ਵਿਦਿਆਰਥੀ ਦਿਲਪ੍ਰੀਤ ਸਿੰਘ ਦੀ ਜ਼ਿੰਦਗੀ ਵਿੱਚ ਨਵਾਂ ਸਵੇਰਾ ਆਇਆ ਹੈ। ਜਨਮ ਤੋਂ ਹੀ ਚਿੱਟੇ ਮੋਤੀਏ ਦੀ ਗੰਭੀਰ ਸਮੱਸਿਆ ਨਾਲ ਜੂਝ ਰਹੇ ਇਸ ਬੱਚੇ ਦੀ ਦੂਜੀ ਅੱਖ ਦਾ ਸਫ਼ਲ ਅਪ੍ਰੇਸ਼ਨ ਕਰਕੇ ਉਸ ਨੂੰ ਨਵੀਂ ਰੌਸ਼ਨੀ ਦਿੱਤੀ ਗਈ ਹੈ।

ਸਿਵਲ ਸਰਜਨ ਬਠਿੰਡਾ ਡਾ. ਤਪਿੰਦਰਜੋਤ ਦੇ ਦਿਸ਼ਾ-ਨਿਰਦੇਸ਼ਾਂ ਹੇਠ ਇਸ ਮਹੱਤਵਪੂਰਨ ਕਾਰਜ ਨੂੰ ਅੱਖਾਂ ਦੇ ਮਾਹਿਰ ਅਤੇ ਨੋਡਲ ਅਫ਼ਸਰ ਡਾ. ਮੀਨਾਕਸ਼ੀ ਸਿੰਗਲਾ ਨੇ ਅੰਜਾਮ ਦਿੱਤਾ। ਜਾਣਕਾਰੀ ਅਨੁਸਾਰ ਦਿਲਪ੍ਰੀਤ ਸਿੰਘ,ਜੋ ਕਿ ਸਰਕਾਰੀ ਪ੍ਰਾਇਮਰੀ ਸਕੂਲ ਕੋਟ ਬਖਤੂ ਵਿੱਚ ਪੜ੍ਹਦਾ ਹੈ, ਜਮਾਂਦਰੂ ਚਿੱਟੇ ਮੋਤੀਏ ਕਾਰਨ ਦੇਖਣ ਵਿੱਚ ਬੇਹੱਦ ਦਿੱਕਤ ਮਹਿਸੂਸ ਕਰ ਰਿਹਾ ਸੀ। ਉਸ ਦੀ ਇੱਕ ਅੱਖ ਦਾ ਅਪ੍ਰੇਸ਼ਨ ਪਹਿਲਾਂ ਹੀ ਇਸੇ ਯੋਜਨਾ ਤਹਿਤ ਹੋ ਚੁੱਕਿਆ ਸੀ ਅਤੇ ਹੁਣ ਦੂਜੀ ਅੱਖ ਦਾ ਵੀ ਸਫ਼ਲ ਇਲਾਜ ਕਰ ਦਿੱਤਾ ਗਿਆ ਹੈ।

ਡਾ. ਮੀਨਾਕਸ਼ੀ ਸਿੰਗਲਾ ਨੇ ਦੱਸਿਆ ਕਿ ਬੱਚਿਆਂ ਵਿੱਚ ਜਮਾਂਦਰੂ ਮੋਤੀਆ ਇੱਕ ਨਾਜ਼ੁਕ ਸਮੱਸਿਆ ਹੈ। ਜੇਕਰ ਸਮੇਂ ਸਿਰ ਇਸ ਦਾ ਇਲਾਜ ਨਾ ਕਰਵਾਇਆ ਜਾਵੇ, ਤਾਂ ਬੱਚੇ ਦੀ ਨਜ਼ਰ ਹਮੇਸ਼ਾ ਲਈ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਅਧੁਨਿਕ ਤਕਨੀਕ ਨਾਲ ਬੱਚੇ ਦੀ ਅੱਖ ਵਿੱਚੋਂ ਧੁੰਦਲਾ ਲੈਂਸ ਕੱਢ ਕੇ ਨਵਾਂ ਲੈਂਸ ਪਾਇਆ ਗਿਆ ਹੈ। ਸਭ ਤੋਂ ਵੱਡੀ ਰਾਹਤ ਵਾਲੀ ਗੱਲ ਇਹ ਹੈ ਕਿ ਇਸ ਪੂਰੇ ਇਲਾਜ 'ਤੇ ਪਰਿਵਾਰ ਦਾ ਇੱਕ ਪੈਸਾ ਵੀ ਖ਼ਰਚ ਨਹੀਂ ਹੋਇਆ।

ਸਿਵਲ ਸਰਜਨ ਡਾ. ਤਪਿੰਦਰਜੋਤ ਨੇ ਲੋਕਾਂ ਨੂੰ ਜਾਗਰੂਕ ਕਰਦਿਆਂ ਅਪੀਲ ਕੀਤੀ ਕਿ ਜੇਕਰ ਕਿਸੇ ਵੀ ਬੱਚੇ ਦੀਆਂ ਅੱਖਾਂ ਵਿੱਚ ਕੋਈ ਨੁਕਸ ਨਜ਼ਰ ਆਵੇ ਜਾਂ ਬੱਚੇ ਨੂੰ ਦੇਖਣ ਵਿੱਚ ਤਕਲੀਫ਼ ਹੋਵੇ, ਤਾਂ ਉਸ ਨੂੰ ਨਜ਼ਰਅੰਦਾਜ਼ ਨਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰੀ ਹਸਪਤਾਲਾਂ ਵਿੱਚ ਆਰ.ਬੀ.ਐਸ.ਕੇ. ਯੋਜਨਾ ਤਹਿਤ ਬੱਚਿਆਂ ਦੀਆਂ ਕਈ ਗੰਭੀਰ ਬਿਮਾਰੀਆਂ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਅਜਿਹੀਆਂ ਸਹੂਲਤਾਂ ਦਾ ਲਾਭ ਲੈਣ ਲਈ ਤੁਰੰਤ ਮਾਹਿਰ ਡਾਕਟਰਾਂ ਨਾਲ ਸੰਪਰਕ ਕਰਨ। ਇਸ ਮੌਕੇ ਮਨਫੂਲ ਸਿੰਘ ਵੀ ਮੌਜੂਦ ਸਨ, ਜਿਨ੍ਹਾਂ ਨੇ ਬੱਚੇ ਦੀ ਸਿਹਤਯਾਬੀ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ।

# ਆਮ ਆਦਮੀ ਪਾਰਟੀ ਵੱਲੋਂ ਅਸ਼ੋਕ ਮਸਤੀ ਹਲਕਾ ਲਹਿਰਾ ਤੋਂ ਸੋਸ਼ਲ ਮੀਡੀਆ ਕੋਆਰਡੀਨੇਟਰ ਅਤੇ ਡਿੰਪਲ ਅਰੋੜਾ ਵਾਈਸ ਕੋਆਰਡੀਨੇਟਰ ਨਿਯੁਕਤ

ਲਹਿਰਾਗਾਗਾ, 20 ਜਨਵਰੀ (ਗੁਰਦੀਪ ਸਿੰਘ ) : ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਆਪਣੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਪਾਰਟੀ ਦੇ ਸੋਸ਼ਲ ਮੀਡੀਆ ਨੂੰ ਮਜ਼ਬੂਤ ਕਰਨ ਲਈ ਅੱਜ ਹਲਕਾ ਲਹਿਰਾ ਤੋਂ ਆਮ ਆਦਮੀ ਪਾਰਟੀ ਨੇ ਅਸ਼ੋਕ ਮਸਤੀ ਨੂੰ ਹਲਕਾ ਲਹਿਰਾ ਤੋਂ ਪਾਰਟੀ ਦਾ ਸ਼ੋਸ਼ਲ ਮੀਡੀਆ ਕੋਆਰਡੀਨੇਟਰ ਅਤੇ ਡਿੰਪਲ ਅਰੋੜਾ ਨੂੰ ਵਾਈਸ ਕੋਆਰਡੀਨੇਟਰ ਨਿਯੁਕਤ ਕੀਤਾ ਹੈ। ਨਵ ਨਿਯੁਕਤ ਹਲਕਾ ਲਹਿਰਾ ਦੇ ਕੋਆਰਡੀਨੇਟਰ ਅਸ਼ੋਕ ਮਸਤੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਅਤੇ ਸੂਬਾ ਪ੍ਰਭਾਰੀ ਮਨੀਸ਼ ਸਿਸੋਦੀਆ ਵੱਲੋਂ ਪੰਜਾਬ ਅੰਦਰ ਪਾਰਟੀ ਦੀਆਂ ਸੋਸ਼ਲ ਮੀਡੀਆ ਟੀਮਾਂ ਦਾ ਐਲਾਨ ਕੀਤਾ ਹੈ, ਜਿਸ ਵਿਚ ਮੈਨੂੰ ਹਲਕਾ ਲਹਿਰਾ ਤੋਂ ਪਾਰਟੀ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਗਿਆ ਹੈ ਮੈਂ ਅਤੇ ਮੇਰੀ ਟੀਮ ਦੇ ਸਾਥੀਆਂ ਵੱਲੋਂ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ,ਪ੍ਰਧਾਨ ਅਮਨ ਅਰੋੜਾ, ਸੂਬਾ ਪ੍ਰਭਾਰੀ ਮਨੀਸ਼ ਸਿਸੋਦੀਆ ਅਤੇ ਕੈਬਨਿਟ ਮੰਤਰੀ ਐਡਵੋਕੇਟ ਬਰਿੰਦਰ ਗੋਇਲ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਾਂ ਹਾਂ ਕਿ ਉਨ੍ਹਾਂ ਨੇ ਮੇਰੇ ਜਿਹੇ ਮੱਧਵਰਗੀ ਪਰਿਵਾਰ ਦੇ ਮੈਂਬਰ ਨੂੰ ਆਮ ਆਦਮੀ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ ਦਿੱਤਾ ਹੈ। ਪਾਰਟੀ ਦੀ ਸਮੁੱਚੀ ਲੀਡਰਸ਼ਿਪ ਨੇ ਮੁੜ ਤੋਂ ਇਹ ਸਾਬਤ ਕੀਤਾ ਹੈ ਕਿ ਪਾਰਟੀ ਮਿਹਨਤੀ ਆਗੂਆਂ ਨੂੰ ਸਮੇਂ ਸਿਰ ਪਾਰਟੀ ਵਿਚ ਬਣਦਾ ਮਾਣ ਸਨਮਾਨ ਦੇਣ ਲਈ



ਵਚਨਬੱਧ ਹੈ ਹਲਕਾ ਕੋਆਰਡੀਨੇਟਰ ਅਸ਼ੋਕ ਮਸਤੀ ਅਤੇ ਵਾਇਸ ਕੋਆਰਡੀਨੇਟਰ ਡਿੰਪਲ ਅਰੋੜਾ ਵੱਲੋਂ ਜਿਥੇ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਉਥੇ ਹੀ ਨਗਰ ਕੌਂਸਲ ਲਹਿਰਾਗਾਗਾ ਦੇ ਪ੍ਰਧਾਨ ਸ੍ਰੀਮਤੀ ਕਾਂਤਾ ਗੋਇਲ, ਸ਼੍ਰੀਮਤੀ ਸੀਮਾ ਗੋਇਲ ਪਤਨੀ ਕੈਬਨਿਟ ਮੰਤਰੀ ਐਡਵੋਕੇਟ ਬਰਿੰਦਰ ਗੋਇਲ, ਅਤੇ ਇਨ੍ਹਾਂ ਦੇ ਸਪੁੱਤਰ ਐਡਵੋਕੇਟ ਗੋਰਵ ਗੋਇਲ, ਚੈਅਰਮੈਨ ਡਾਕਟਰ ਸ਼ੀਸ਼ਪਾਲ ਅਨੰਦ, ਪ੍ਰਿੰਸ ਗਰਗ ਹਲਕਾ ਇੰਚਾਰਜ ਟਰੇਡ ਵਿੰਗ ਲਹਿਰਾ, ਜੀਵਨ ਕੁਮਾਰ ਰੱਬੜ ਵਾਇਸ ਪ੍ਰਧਾਨ ਆੜਤੀਆਂ ਐਸੋਸੀਏਸ਼ਨ ਪੰਜਾਬ, ਮਨਜੀਤ ਮੱਖਣ ਪੀਏ ਐਡਵੋਕੇਟ ਗੋਰਵ ਗੋਇਲ, ਬਿੰਦਰ ਹਰਿਆਊ,ਪ੍ਰਧਾਨ ਰਕੇਸ਼ ਗਰਗ, ਰਕੇਸ਼ ਕੁਮਾਰ ਗੁਪਤਾ ਵਿੱਕੀ ਪੀਏ ਕੈਬਨਿਟ ਮੰਤਰੀ ਗੋਇਲ, ਲੱਕੀ ਗੋਇਲ,ਦੀਪੂ ਗੋਇਲ, ਸੀਨੀਅਰ ਆਗੂ ਗੁਰਲਾਲ ਸਿੰਘ, ਮਨਜੀਤ ਸ਼ਰਮਾ ਜੇਈ, ਪ੍ਰਧਾਨ ਰਾਜ ਸ਼ਰਮਾ, ਮੰਚ ਸੰਚਾਲਕ ਕੁਲਵੰਤ ਉੱਪਲੀ ਸੰਗਰੂਰ, ਗੁਰਮੀਤ ਲਹਿਰਾ, ਬਰਿੰਦਰ ਬੰਟੀ ਗਿੱਲ, ਗੁਰਮੇਲ ਸਿੰਘ ਗਿੱਲ, ਫਿਲਮੀ ਅਦਾਕਾਰ ਟੀਟਾ ਵੈਲੀ ਸੰਗਰੂਰ, ਭੁਪੇਸ਼ ਮਸਤੀ ਆਦਿ ਪਾਰਟੀ ਦੇ ਆਗੂਆਂ ਦਾ ਧੰਨਵਾਦ ਕਰਦਾਂ ਹਾਂ ਲੋਕ ਕਲਾ ਮੰਚ ਵੈਲਫੇਅਰ ਕਮੇਟੀ ਲਹਿਰਾਗਾਗਾ ਦੇ ਪ੍ਰਧਾਨ ਅਸ਼ੋਕ ਮਸਤੀ ਨੂੰ ਆਮ ਆਦਮੀ ਪਾਰਟੀ ਵੱਲੋਂ ਹਲਕਾ ਲਹਿਰਾਗਾਗਾ ਤੋਂ ਸੋਸ਼ਲ ਮੀਡੀਆ ਕੋਆਰਡੀਨੇਟਰ ਨਿਯੁਕਤ ਕੀਤੇ ਜਾਣ ਤੇ ਪ੍ਰਸਿੱਧ ਗਾਇਕ ਲਾਭ ਹੀਰਾ, ਮਸ਼ਹੂਰ ਗਾਇਕ ਲਵਲੀ ਨਿਰਮਾਣ ਧੂਰੀ, ਗਾਇਕ ਬਾਪੂ ਗੁਰਦਿਆਲ ਸਿੰਘ ਨਿਰਮਾਣ ਧੂਰੀ, ਪ੍ਰਸਿੱਧ ਗਾਇਕ ਰਣਜੀਤ ਮਣੀ, ਪ੍ਰਸਿੱਧ ਗਾਇਕ ਗੁਰਬਖਸ਼ ਸ਼ੌਂਕੀ,ਇੰ ਲੋਕ ਗਾਇਕ ਕਲਾ ਮੰਚ ਦੇ ਕੌਮੀ ਪ੍ਰਧਾਨ ਗਾਇਕ ਹਾਕਮ ਬੱਖਤੜੀਵਾਲਾ ਗਾਇਕਾ ਦਲਜੀਤ ਕੌਰ, ਗਾਇਕ ਜੋੜੀ ਬਲਵੀਰ ਚੋਟੀਆਂ, ਗਾਇਕਾ ਜੈਸਮੀਨ ਚੋਟੀਆਂ, ਗਾਇਕ ਜੋੜੀ ਅਰਸ਼ਦੀਪ ਚੋਟੀਆਂ ਗਾਇਕਾ ਆਰ ਨੂਰ, ਗਾਇਕ ਨਿਰਮਲ ਮਾਹਲਾ, ਗਾਇਕ ਜਸ ਡਸਕਾ, ਗਾਇਕ ਜਗਦੀਸ਼ ਡਸਕਾ, ਗਾਇਕ ਮੰਗਲ ਮੰਗੀ ਯਮਲਾ, ਗੀਤਕਾਰ ਮਸਤਾਕ ਲਸਾੜਾ,ਵੀਡੀਓ ਡਾਇਰੈਕਟਰ ਗੱਗੀ ਸਿੰਘ, ਗੁਰਪਿਆਰ ਸਿੰਘ ਕਾਲਵੰਨਜਾਰਾ ਪ੍ਰਧਾਨ ਐਸ ਸੀ ਵਿੰਗ ਹਲਕਾ ਲਹਿਰਾ, ਜੱਸੀ ਚੰਗਾਲੀਵਾਲਾ,ਅਤੇ ਹੋਰ ਵੀ ਵੱਖ ਵੱਖ ਖੇਤਰ ਦੀਆਂ ਹਸਤੀਆਂ ਵੱਲੋਂ ਅਸ਼ੋਕ ਮਸਤੀ ਨੂੰ ਵਧਾਈਆਂ ਦਿੱਤੀਆਂ ਗਈਆਂ ਨਵ ਨਿਯੁਕਤ ਸੋਸ਼ਲ ਮੀਡੀਆ ਕੋਆ ਅਸ਼ੋਕ ਮਸਤੀ ਨੇ ਇਨ੍ਹਾਂ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਪਾਰਟੀ ਦੀ ਲੀਡਰਸ਼ਿਪ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਅਤੇ ਉਸ ਦੀ ਸਮੁੱਚੀ ਟੀਮ ਵਲੋਂ ਆਮ ਆਦਮੀ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਨੂੰ ਪੰਜਾਬ ਦੇ ਲੋਕਾਂ ਤੱਕ ਪਹੁੰਚਾਉਣ ਲਈ ਸਖ਼ਤ ਮਿਹਨਤ ਕਰਨਗੇ।

# ਬੀਕੇਯੂ ਏਕਤਾ ਸਿੱਧੂਪੁਰ ਵੱਲੋਂ ਪਿੰਡ ਜਲੂਰ ਵਿਖੇ ਇਕਾਈ ਦੀ ਮੁੜ ਚੋਣ



ਲਹਿਰਾਗਾਗਾ, 20 ਜਨਵਰੀ (ਗੁਰਦੀਪ ਸਿੰਘ ) : ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵੱਲੋਂ ਪਿੰਡ ਜਲੂਰ ਵਿਖੇ ਇਕਾਈ ਦੇ ਅਹੁਦੇਦਾਰਾਂ ਦੀ ਮੁੜ ਤੋਂ ਚੋਣ ਕਰਨ ਲਈ ਇਕੱਠ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ 'ਚ ਪਿੰਡ ਦੇ ਕਿਸਾਨਾਂ ਤੋਂ ਇਲਾਵਾ ਬਲਾਕ ਜਨਰਲ ਸਕੱਤਰ ਰਾਮਫਲ ਸਿੰਘ ਜਲੂਰ, ਖਜ਼ਾਨਚੀ ਲਖਵਿੰਦਰ ਸਿੰਘ ਡੂਡੀਆਂ ਤੇ ਪ੍ਰੈੱਸ ਸਕੱਤਰ ਜਤਿੰਦਰ ਸਿੰਘ ਜਲੂਰ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ।

ਇਸ ਮੌਕੇ ਸਰਬਸੰਮਤੀ ਨਾਲ ਗੁਰਦੀਪ ਸਿੰਘ ਨੰਬਰਦਾਰ ਪ੍ਰਧਾਨ , ਹਰਦੇਵ ਸਿੰਘ ਕਾਲਾ ਸੂਚ ਸੀਨੀਅਰ ਮੀਤ ਪ੍ਰਧਾਨ , ਜੀਤ ਸਿੰਘ ਸਾਬਕਾ ਪੰਚ ਤੇ ਜਗਤਾਰ ਸਿੰਘ ਪੋਪਾ ਮੀਤ ਪ੍ਰਧਾਨ, ਮੰਟੂ ਚਹਿਲ ਜਨਰਲ ਸਕੱਤਰ , ਮੋਹਨ ਸਿੰਘ ਖਜ਼ਾਨਚੀ, ਭੱਪਾ ਸਿੰਘ ਸਹਿ ਖਜ਼ਾਨਚੀ , ਗੁਰਦਾਸ ਸਿੰਘ ਖਾਲਸਾ ਮੁੱਖ ਸਲਾਹਕਾਰ, ਮੱਖਣ ਸਿੰਘ ਨੰਬਰਦਾਰ ਸਲਾਹਕਾਰ , ਸੀਵ ਸਿੰਘ, ਭੀਮ ਸਿੰਘ ਜਥੇਬੰਦਕ ਸਕੱਤਰ, ਲੀਲਾ ਸਿੰਘ ਪ੍ਰਚਾਰ ਸਕੱਤਰ , ਅੰਮ੍ਰਿਤਪਾਲ ਸਿੰਘ ਪ੍ਰੈਸ ਸਕੱਤਰ ਤੋਂ ਇਲਾਵਾ ਕਰਨੈਲ ਸਿੰਘ ਸੂਚ, ਭਗਵਾਨ ਸਿੰਘ ਨੰਬਰਦਾਰ, ਮੋਹਰ ਸਿੰਘ ਨੰਬਰਦਾਰ, ਰਾਜ ਸਿੰਘ , ਅਵਤਾਰ ਸਿੰਘ ਫੋਰਡ, ਮਨਦੀਪ ਸਿੰਘ , ਬਲਜਿੰਦਰ ਸਿੰਘ, ਫੈਟਾ ਸਿੰਘ , ਮੁਨਸ਼ੀ ਸਿੰਘ, ਮਨਿੰਦਰ ਸਿੰਘ , ਹਰਜਿੰਦਰ ਸਿੰਘ ਰੋਡੋ , ਗੱਗੀ ਰਾਏਪੁਰੀਆ , ਗੋਰਾ ਸਿੰਘ, ਪਰਮ ਸਿੰਘ, ਮਾਲਕ ਸਿੰਘ ਸਰਾਓ, ਪਾਲਾ ਨੰਬਰਦਾਰ , ਮਨਜੀਤ ਸਿੰਘ ਮਨੀ , ਕਾਕਾ ਸਿੰਘ ਨੂੰ ਮੈਂਬਰ ਨਿਯੁਕਤ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਆਗੂਆਂ ਨੇ ਦੱਸਿਆ ਕਿ ਬੀਕੇਯੂ ਏਕਤਾ ਸਿੱਧੂਪੁਰ ਦੇ ਪ੍ਰਧਾਨ ਤੇ ਐਸਕੇਐਮ ਗੈਰ ਸਿਆਸੀ ਦੇ ਦੇਸ਼ ਦੇ ਕਨਵੀਨਰ ਜਗਜੀਤ ਸਿੰਘ ਡੱਲੇਵਾਲ ਦੀ ਅਗਵਾਈ ਚ ਕਿਸਾਨੀ ਮੰਗਾਂ ਨੂੰ ਲੈ ਕੇ ਲੜੇ ਜਾ ਰਹੇ ਸੰਘਰਸ਼ਾਂ ਨੂੰ ਤਾਰਪੀਡੋ ਕਰਨ ਲਈ ਤੇ ਸ ਡੱਲੇਵਾਲ ਦੀ ਵਧ ਰਹੀ ਲੋਕਪ੍ਰਿਅਤਾ ਤੋਂ ਬੁਖਲਾਈਆਂ ਸਰਕਾਰਾਂ ਤੇ ਏਜੰਸੀਆਂ ਵੱਲੋਂ ਜਥੇਬੰਦੀ ਵਿੱਚ ਫੁੱਟ ਪਾਉਣ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਲੋਕਾਂ ਨੇ ਮੂੰਹ ਤੋੜ ਜਵਾਬ ਦਿੱਤਾ ਹੈ ਤੇ ਪੰਜਾਬ ਹੀ ਨਹੀਂ ਸਗੋਂ ਦੇਸ਼ ਦੇ ਕਿਸਾਨ ਸ ਡੱਲੇਵਾਲ ਨਾਲ ਚਟਾਨ ਦੀ ਤਰ੍ਹਾਂ ਡੱਟ ਕੇ ਖੜੇ ਹਨ । ਉਨਾਂ ਦੱਸਿਆ ਕਿ ਕਿਸਾਨੀ ਮੰਗਾਂ, ਮਸਲਿਆਂ 'ਤੇ ਆਉਣ ਵਾਲੇ ਸੰਘਰਸ਼ਾਂ ਪ੍ਰਤੀ ਜਾਗਰੂਕ ਕਰਨ ਲਈ 25 ਜਨਵਰੀ ਨੂੰ ਬੀਕੇਯੂ ਏਕਤਾ ਸਿੱਧੂਪੁਰ ਵੱਲੋਂ ਗੁਰਦੁਆਰਾ ਨਾਨਕੀਆਣਾ ਸਾਹਿਬ ਸੰਗਰੂਰ ਵਿਖੇ ਸੂਬਾ ਪੱਧਰੀ ਵਧਵੀਂ ਮੀਟਿੰਗ ਕੀਤੀ ਜਾ ਰਹੀ ਹੈ ਜਿਸ ਵਿੱਚ ਵੱਡੀ ਗਿਣਤੀ ਵਿੱਚ ਜ਼ਿਲ੍ਹਾ ,ਬਲਾਕ ਤੇ ਪਿੰਡ ਇਕਾਈਆਂ ਦੇ ਅਹੁਦੇਦਾਰ ਤੇ ਸਰਗਰਮ ਵਰਕਰ ਸ਼ਮੂਲੀਅਤ ਕਰਨਗੇ।

## ਮੌਜੂਦਾ ਥਾਂ 'ਤੇ ਹੀ ਬੱਸ ਅੱਡੇ ਦੇ ਨਵੀਨੀਕਰਨ ਦੀ ਉਮੀਦ ਮਜ਼ਬੂਤ ਹੋਈ : ਬਲਤੇਜ ਵਾਂਦਰ

ਬਠਿੰਡਾ, 20 ਜਨਵਰੀ (ਦੀਪਕ ਸ਼ਰਮਾ) : ਪੰਜਾਬ ਸਰਕਾਰ ਦੇ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਬੀਤੇ ਦਿਨੀਂ ਬੱਸ ਅੱਡੇ ਦੇ ਨਵੀਨੀਕਰਨ ਸਬੰਧੀ ਦਿੱਤੇ ਗਏ ਬਿਆਨ ਦਾ ਬੱਸ ਅੱਡਾ ਬਚਾਓ ਮੋਰਚੇ ਵੱਲੋਂ ਸਵਾਗਤ ਕੀਤਾ ਗਿਆ ਹੈ। ਮੋਰਚੇ ਦੇ ਆਗੂ ਬਲਤੇਜ ਵਾਂਦਰ ਨੇ ਇਸ ਸਬੰਧੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਮੰਤਰੀ ਦਾ ਬਿਆਨ ਇਸ ਗੱਲ ਦੀ ਉਮੀਦ ਜਗਾਉਂਦਾ ਹੈ ਕਿ ਬੱਸ ਅੱਡੇ ਨੂੰ ਮੌਜੂਦਾ ਥਾਂ 'ਤੇ ਹੀ ਰੱਖ ਕੇ ਉਸਦਾ ਨਵੀਨੀਕਰਨ ਅਤੇ ਹੋਰ ਅਪਗ੍ਰੇਡ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਬੱਸ ਅੱਡਾ ਬਚਾਓ ਮੋਰਚਾ ਇਸੀ ਮੰਗ ਨੂੰ ਲੈ ਕੇ ਸੰਘਰਸ਼ ਕਰ ਰਿਹਾ ਸੀ ਕਿ ਬੱਸ ਅੱਡੇ ਨੂੰ ਸ਼ਹਿਰ ਤੋਂ ਬਾਹਰ ਤਬਦੀਲ ਕਰਨ ਦੀ ਬਜਾਏ, ਮੌਜੂਦਾ ਥਾਂ 'ਤੇ ਹੀ ਆਧੁਨਿਕ ਸੁਵਿਧਾਵਾਂ ਨਾਲ ਤਿਆਰ ਕੀਤਾ ਜਾਵੇ, ਤਾਂ ਜੋ ਆਮ ਲੋਕਾਂ, ਵਪਾਰੀਆਂ, ਵਿਦਿਆਰਥੀਆਂ ਅਤੇ ਮਹਿਲਾਵਾਂ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ। ਬਲਤੇਜ ਵਾਂਦਰ ਨੇ ਕਿਹਾ ਕਿ ਬੀਤੇ ਦਿਨੀਂ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵੀ ਲੋਕ ਰਾਇ ਜਾਣ ਕੇ ਫੈਸਲਾ ਲੈਣ ਦੀ ਗੱਲ ਕਹੀ ਗਈ ਸੀ, ਜਿਸ ਨਾਲ ਇਹ ਸਪਸ਼ਟ ਹੁੰਦਾ ਹੈ ਕਿ ਪੰਜਾਬ ਸਰਕਾਰ ਬੱਸ ਅੱਡੇ ਦੇ ਮਾਮਲੇ 'ਚ ਲੋਕਾਂ 'ਤੇ ਕਿਸੇ ਕਿਸਮ ਦੀ ਧੱਕੇਸ਼ਾਹੀ ਨਹੀਂ ਕਰੇਗੀ ਅਤੇ ਨਾ ਹੀ ਲੋਕਾਂ 'ਤੇ ਵਾਧੂ ਆਰਥਿਕ ਜਾਂ ਸਮਾਜਿਕ ਬੋਝ ਪਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਵੱਲੋਂ ਬੱਸ ਅੱਡੇ ਨੂੰ ਮੌਜੂਦਾ ਥਾਂ 'ਤੇ ਹੀ ਰੱਖ ਕੇ ਨਵੀਨੀਕਰਨ ਕਰਨ ਸਬੰਧੀ ਲੋਕ-ਪੱਖੀ ਫੈਸਲਾ ਲਿਖਤੀ ਰੂਪ ਵਿਚ ਜਾਰੀ ਕੀਤਾ ਜਾਂਦਾ ਹੈ, ਤਾਂ ਬੱਸ ਅੱਡਾ ਬਚਾਓ ਮੋਰਚਾ ਆਪਣੇ ਚੱਲ ਰਹੇ ਅੰਦੋਲਨ ਬਾਰੇ ਵਿਚਾਰ ਕਰਕੇ ਉਸਨੂੰ ਸੰਪੂਰਨ ਕਰਨ 'ਤੇ ਵੀ ਗੰਭੀਰਤਾ ਨਾਲ ਵਿਚਾਰ ਕਰੇਗਾ।

# ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜਥੇਬੰਦੀ ਕਦੇ ਵੀ ਕਿਸੇ ਗਰੀਬ ਕਿਸਾਨ ਮਜ਼ਦੂਰ ਭਰਾਵਾਂ ਦੇ ਘਰਾਂ ਦੀ ਨਿਲਾਮੀ ਨਹੀਂ ਹੋਣ ਦੇਵੇਗੀ : ਪ੍ਰਧਾਨ ਸੁਖਦੇਵ ਸਿੰਘ ਕੜੈਲ



ਖਨੌਰੀ, 20 ਜਨਵਰੀ (ਓਮਪ੍ਰਕਾਸ਼ ਮੁਆਲ) : ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਮੂਨਕ ਦੀ ਮੀਟਿੰਗ ਬਲਾਕ ਪ੍ਰਧਾਨ ਸੁਖਦੇਵ ਸਿੰਘ ਕੜੈਲ ਦੀ ਪ੍ਰਧਾਨਗੀ ਹੇਠ ਪਿੰਡ ਮਕੋਰੜ ਸਾਹਿਬ ਵਿਖੇ ਹੋਈ, ਜਿਸ ਵਿੱਚ ਸਾਰੀਆਂ ਪਿੰਡ ਇਕਾਈਆਂ ਦੇ ਕਿਸਾਨ ਆਗੂ ਸ਼ਾਮਲ ਹੋਏ ਮੀਟਿੰਗ ਵਿੱਚ ਪਹੁੰਚੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਬਲਾਕ ਜਰਨਲ ਸਕੱਤਰ ਰਿੰਕੂ ਮੂਨਕ ਨੇ ਦੱਸਿਆ ਕਿ 22 ਜਨਵਰੀ ਨੂੰ ਪਿੰਡ ਖਨੌਰੀ ਦੇ ਮਜ਼ਦੂਰ ਸਤਵੀਰ ਸਿੰਘ ਦੇ ਘਰ ਦੀ ਦੀ ਨਿਲਾਮੀ ਸਟੇਟ ਬੈਂਕ ਆਫ ਇੰਡੀਆ ਵੱਲੋਂ ਕੀਤੀ ਜਾਣ ਦੀ ਤਾਰੀਖ਼ ਤੈਅ ਕੀਤੀ ਗਈ ਹੈ ਮਕਾਨ ਦੀ ਨਿਲਾਮੀ ਕਰਵਾਉਣਾ ਬਿਲਕੁਲ ਗਲਤ ਤੇ ਮਜ਼ਦੂਰ ਪਰਿਵਾਰ ਨਾਲ ਬਹੁਤ ਜ਼ਿਆਦਾ ਬੇਇਨਸਾਫ਼ੀ ਹੈ ਕਿਉਂਕਿ ਮਜ਼ਦੂਰ ਸਾਥੀ ਸਤਵੀਰ ਸਿੰਘ ਨੇ ਬੈਂਕ ਤੋਂ ਪੰਜ ਲੱਖ ਦਾ ਕਰਜ਼ਾ ਲਿਆ ਹੋਇਆ ਸੀ ਅਤੇ 530000 ਹਜ਼ਾਰ ਰੁਪਏ ਦਾ ਕਰਜ਼ ਵਾਪਸ ਵੀ ਕਰ ਦਿੱਤਾ ਹੈ ਲੇਕਿਨ ਕਰੋਨਾਂ ਮਹਾਂਮਾਰੀ ਦੌਰਾਨ ਸਾਰੇ ਕੰਮ ਬੰਦ ਹੋ ਜਾਣ ਕਾਰਨ ਸਤਵੀਰ ਸਿੰਘ ਦਾ ਮਜ਼ਦੂਰੀ ਤੇ ਜਾਣ ਦਾ ਰੋਜ਼ਗਾਰ ਵੀ ਰੁਕ ਗਿਆ, ਜਿਸ ਕਾਰਨ ਕੁਝ ਕਿਸ਼ਤਾਂ ਮਜਬੂਰੀ ਕਾਰਨ ਨਹੀਂ ਭਰ ਸਕਿਆ ਤੇ ਬੈਂਕ ਨੇ ਹੁਣ ਉਸ ਮਜ਼ਦੂਰ ਵੱਲ ਚਾਰ ਲੱਖ ਦੇ ਕਰੀਬ ਹੋਰ ਕਰਜ਼ਾ ਕੱਢ ਦਿੱਤਾ ਹੈ ਇੱਕ ਪਾਸੇ ਕਰੋਨਾਂ ਦੌਰਾਨ ਸਰਕਾਰ ਨੇ ਵੱਡੇ ਕਾਰਪੋਰੇਟ ਘਰਾਣਿਆਂ ਦੇ ਵੀਹ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕਰ ਦਿੱਤਾ ਕਿ ਕਰੋਨਾਂ ਦੌਰਾਨ ਇਹਨਾਂ ਸਰਮਾਏਦਾਰਾਂ ਦੇ ਕੰਮ ਬੰਦ ਹੋਣ ਕਰਕੇ ਇਹਨਾਂ ਦੇ ਕਾਰੋਬਾਰ ਬੰਦ ਹੋ ਗਏ ਸਨ ਪਰ ਦੂੱਜੇ ਪਾਸੇ ਗਰੀਬ ਕਿਸਾਨ ਮਜ਼ਦੂਰ ਪਰਿਵਾਰਾਂ ਤੋਂ ਦਸ ਗੁਣਾ ਵੱਧ ਕਰਜ਼ਾ ਵਸੂਲਿਆ ਜਾ ਰਿਹਾ ਹੈ ਜੇਕਰ ਇਹ ਕਰਜ਼ਾ ਨਾ ਮੋੜਨ ਯੋਗ ਹੋਣ ਤਾਂ ਇਹਨਾਂ ਗਰੀਬ ਪਰਿਵਾਰਾਂ ਦੀਆਂ ਜ਼ਮੀਨਾਂ ਤੇ ਮਕਾਨਾਂ ਨੂੰ ਕੁਰਕ ਕਰਨ ਦੇ ਫਰਮਾਨ ਜਾਰੀ ਕੀਤੇ ਜਾਂਦੇ ਹਨ ਇਸ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜਥੇਬੰਦੀ ਕਦੇ ਵੀ ਕਿਸੇ ਗਰੀਬ ਕਿਸਾਨ ਮਜ਼ਦੂਰ ਭਰਾਵਾਂ ਦੇ ਘਰਾਂ ਦੀ ਨਿਲਾਮੀ ਨਹੀਂ ਹੋਣ ਦੇਵੇਗੀ ਤੇ ਆਉਣ ਵਾਲੀ 22 ਜਨਵਰੀ ਨੂੰ ਖਨੌਰੀ ਸ਼ਹਿਰ ਚ ਮਜ਼ਦੂਰੀ ਸਾਥੀ ਸਤਵੀਰ ਸਿੰਘ ਦੇ ਘਰ ਅੱਗੇ ਵੱਡਾ ਕਿਸਾਨਾਂ ਮਜ਼ਦੂਰਾਂ ਦਾ ਵੱਡਾ ਇਕੱਠ ਕਰਕੇ ਬੈਂਕ ਵੱਲੋਂ ਲਿਆਂਦੀ ਕੁਰਕੀ ਦਾ ਵਿਰੋਧ ਕੀਤਾ ਜਾਵੇਗਾ ਕਿਸੇ ਵੀ ਕੀਮਤ ਤੇ ਮਕਾਨ ਤੇ ਮਕਾਨ ਤੇ ਬੈਂਕ ਦਾ ਕਬਜ਼ਾ ਨਹੀਂ ਹੋਣ ਦਿੱਤਾ ਜਾਵੇਗਾ ਇਸ ਮੌਕੇ ਬਲਾਕ ਆਗੂ ਰੋਸ਼ਨ ਮੂਨਕ ਬੱਬੂ ਚੱਠਾ ਕੁਲਦੀਪ ਗੁਲਾੜੀ ਰਮੇਸ਼ ਅਨਦਾਨਾ ਵੀ ਮੌਜੂਦ ਸਨ

# ਸ਼ਮਸ਼ਾਨ ਭੂਮੀ ਵਿੱਚ ਬਣਾਇਆ ਪੰਛੀਆਂ ਲਈ ਰੈਣ ਬਸੇਰਾ

ਸੁਨਾਮ, 20 ਜਨਵਰੀ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ) : ਸ਼ਮਸ਼ਾਨ ਭੂਮੀ ਅਲੀ ਪੱਤੀ ਕਮੇਟੀ ਵੱਲੋਂ ਬੱਸ ਸਟੈਂਡ ਨੇੜੇ ਸਵਰਗ ਦੁਆਰ ਕਮੇਟੀ ਵੱਲੋਂ ਪੰਛੀਆਂ ਲਈ ਇੱਕ ਰੈਣ ਬਸੇਰਾ ਬਣਾਇਆ ਗਿਆ ਹੈ। ਇਸਦਾ ਉਦਘਾਟਨ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕੀਤਾ। ਇਸ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਕਮੇਟੀ ਵੱਲੋਂ ਪੰਛੀਆਂ ਲਈ ਕੀਤਾ ਗਿਆ ਕੰਮ ਇੱਕ ਬਹੁਤ ਹੀ ਪੁੰਨ ਦਾ ਕੰਮ ਹੈ। ਇਹ ਰੈਣ ਬਸੇਰਾ ਸਰਦੀਆਂ ਦੇ ਮੌਸਮ ਵਿੱਚ ਬਰਸਾਤ ਅਤੇ ਹਨੇਰੀਆਂ ਵਿੱਚ ਮਰ ਜਾਂਦੇ ਹਜ਼ਾਰਾਂ ਉਹਨਾਂ ਪੰਛੀਆਂ ਦੇ ਰਹਿਣ ਵਾਸਤੇ ਰੈਣ ਬਸੇਰਾ ਬਣਾਇਆ ਗਿਆ ਹੈ। ਮੈਂ ਇਸ ਉਪਰਾਲੇ ਲਈ ਸ਼ਮਸ਼ਾਨਘਾਟ ਕਮੇਟੀ ਦੇ ਸਾਰੇ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਸ਼ਮਸ਼ਾਨਘਾਟ ਅਲੀ ਪੱਤੀ ਕਮੇਟੀ ਅਤੇ ਅਗਰਵਾਲ ਸਭਾ ਦੇ ਪ੍ਰਧਾਨ ਵਿਕਰਮ ਗਰਗ ਅਤੇ ਰਵੀ ਕਮਲ ਗੋਇਲ ਨੇ ਦੱਸਿਆ ਕਿ ਇਹ ਰੈਣ ਬਸੇਰਾ ਲਗਭਗ 60 ਫੁੱਟ ਉੱਚਾ ਹੈ ਅਤੇ ਇਸ ਵਿੱਚ ਪੰਛੀਆਂ ਦੇ ਰਹਿਣ ਲਈ 960 ਆਲ੍ਹਣੇ ਹਨ। ਉਨ੍ਹਾਂ ਦੇ ਭੋਜਨ ਅਤੇ ਪਾਣੀ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਅਲੀ ਪੱਤੀ ਕਮੇਟੀ ਦੇ ਸੀਨੀਅਰ ਆਗੂ ਸਤਪਾਲ ਸਿੰਗਲਾ ਨੇ ਇਸ ਮੌਕੇ ਮੌਜੂਦ ਸਨ। ਸਿੰਗਲਾ ਜੀ ਨੇ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਆਏ ਸਾਰੇ ਭਰਾਵਾਂ ਦਾ ਧੰਨਵਾਦ ਕੀਤਾ। ਇਸ ਮੌਕੇ ਅਲੀ ਪੱਤੀ ਕਮੇਟੀ ਅਤੇ ਅਗਰਵਾਲ ਸਭਾ ਦੇ ਸਾਰੇ ਸੀਨੀਅਰ ਮੈਂਬਰ ਅਤੇ ਸ਼ਹਿਰ ਨਿਵਾਸੀ ਹਾਜ਼ਰ ਸਨ।



# ਮੂਨਕ ਦੇ ਸਰਕਾਰੀ ਹਸਪਤਾਲ ਵਿੱਚ ਸਪੈਸ਼ਲਿਸਟ ਡਾਕਟਰਾਂ ਦੀ ਨਿਯੁਕਤੀ ਨਾਲ ਇਲਾਕੇ ਵਿੱਚ ਖੁਸ਼ੀ ਦੀ ਲਹਿਰ

ਮੂਨਕ, 20 ਜਨਵਰੀ (ਸਮਸ਼ੇਰ ਸਿੰਘ ਭੁਟਾਲ) : ਪੰਜਾਬ ਸਰਕਾਰ ਵੱਲੋਂ ਸਿਹਤ ਸੇਵਾਵਾਂ ਵਿੱਚ ਸੁਧਾਰ ਲਿਆਉਣ ਦੇ ਮੰਤਵ ਨਾਲ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਮੂਨਕ ਦੇ ਸਰਕਾਰੀ ਹਸਪਤਾਲ ਵਿੱਚ ਵੱਖ-ਵੱਖ ਬਿਮਾਰੀਆਂ ਦੇ ਮਾਹਿਰ (ਸਪੈਸ਼ਲਿਸਟ) ਡਾਕਟਰਾਂ ਦੀ ਨਿਯੁਕਤੀ ਕੀਤੀ ਗਈ ਹੈ। ਇਸ ਕਦਮ ਨਾਲ ਇਲਾਕੇ ਦੇ ਲੋਕਾਂ ਨੂੰ ਹੁਣ ਮਿਆਰੀ ਇਲਾਜ ਲਈ ਦੂਰ-ਦੁਰਾਡੇ ਦੇ ਸ਼ਹਿਰਾਂ ਵਿੱਚ ਜਾਣ ਦੀ ਲੋੜ ਨਹੀਂ ਪਵੇਗੀ। ਤਾਇਨਾਤ ਕੀਤੇ ਗਏ ਮਾਹਿਰ ਡਾਕਟਰਾਂ ਨੇ ਹਸਪਤਾਲ ਵਿੱਚ ਸੇਵਾਵਾਂ ਦੇਣ ਲਈ ਆਪਣਾ ਅਹੁਦਾ ਸੰਭਾਲ ਲਿਆ ਹੈ, ਜਿਨ੍ਹਾਂ ਵਿੱਚ ਡਾਕਟਰ ਕਿਮੀ ਗਰਗ: ਮਾਨਸਿਕ ਰੋਗਾਂ ਦੇ ਮਾਹਿਰ ,ਡਾਕਟਰ ਕੁਰੂ ਸਿੰਗਲਾ: ਹੱਡੀਆਂ ਦੇ ਰੋਗਾਂ ਦੇ ਮਾਹਿਰ ,ਡਾਕਟਰ ਜਸਮੀਤ ਕੌਰ: ਨੱਕ, ਕੰਨ ਅਤੇ ਗਲੇ (ENT) ਦੇ ਮਾਹਿਰ ,ਡਾਕਟਰ ,ਡਿੰਪਲ ਸਿੰਗਲਾ: ਬੱਚਿਆਂ ਦੇ ਰੋਗਾਂ ਦੇ ਮਾਹਰ।ਇਸ ਮੌਕੇ ਸ਼੍ਰੀ ਸਤੀਸ਼ ਕੁਮਾਰ (ਜੂਨੀਅਰ ਸਹਾਇਕ) ਨੇ ਇਲਾਕਾ ਨਿਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਆਮ ਲੋਕਾਂ ਦੀ ਚੰਗੀ ਸਿਹਤ ਅਤੇ ਬਿਹਤਰ ਸਹੂਲਤਾਂ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਹਸਪਤਾਲ ਵਿੱਚ ਆ ਕੇ ਇਹਨਾਂ ਮਾਹਿਰ ਡਾਕਟਰਾਂ ਦੀਆਂ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਤਾਂ ਜੋ ਬਿਮਾਰੀਆਂ ਦਾ ਸਮੇਂ ਸਿਰ ਅਤੇ ਸਹੀ ਇਲਾਜ ਹੋ ਸਕੇ। ਇਸ ਸਹੂਲਤ ਦੇ ਸ਼ੁਰੂ ਹੋਣ 'ਤੇ ਮੂਨਕ ਇਲਾਕੇ ਦੇ ਨਿਵਾਸੀਆਂ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ, ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਅਤੇ ਹਲਕਾ ਵਿਧਾਇਕ ਤੇ ਕੈਬਨਿਟ ਮੰਤਰੀ ਪੰਜਾਬ ਸਰਕਾਰ ਸ਼੍ਰੀ ਬਰਿੰਦਰ ਗੋਇਲ ਐਡਵੋਕੇਟ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ। ਇਲਾਕਾ ਨਿਵਾਸੀਆਂ ਦਾ ਕਹਿਣਾ ਹੈ ਕਿ ਕੈਬਨਿਟ ਮੰਤਰੀ ਬਰਿੰਦਰ ਗੋਇਲ ਦੇ ਵਿਸ਼ੇਸ਼ ਯਤਨਾਂ ਸਦਕਾ ਹਸਪਤਾਲ ਵਿੱਚ ਹੋਈਆਂ ਇਹ ਨਿਯੁਕਤੀਆਂ ਆਮ ਲੋਕਾਂ ਲਈ ਵੱਡੀ ਰਾਹਤ ਸਾਬਤ ਹੋਣਗੀਆਂ।ਮਾਹਿਰ ਡਾਕਟਰਾਂ ਦੀ ਆਮਦ ਨਾਲ ਹੁਣ ਗਰੀਬ ਅਤੇ ਲੋੜਵੰਦ ਮਰੀਜ਼ਾਂ ਨੂੰ ਘਰ ਦੇ ਨੇੜੇ ਹੀ ਮੁਫ਼ਤ ਅਤੇ ਵਧੀਆ ਇਲਾਜ ਮਿਲ ਸਕੇਗਾ।

# ਚਾਈਨਾ ਡੋਰ ਮਨੁੱਖੀ ਜਾਨਾਂ ਲਈ ਘਾਤਕ, ਪ੍ਰਸ਼ਾਸਨ ਸਖ਼ਤੀ ਨਾਲ ਲਾਵੇ ਰੋਕ: ਮਿੰਟੂ ਧੂਰੀ

ਧੂਰੀ, 20 ਜਨਵਰੀ (ਰਾਜੇਸ਼ਵਰ ਪਿੰਟੂ) : ਪੰਜਾਬ ਦੇ ਪ੍ਰਸਿੱਧ ਪੰਜਾਬੀ ਲੋਕ ਗਾਇਕ ਮਿੰਟੂ ਧੂਰੀ ਨੇ ਪਤੰਗਬਾਜ਼ੀ ਲਈ ਵਰਤੀ ਜਾਣ ਵਾਲੀ ਜਾਨਲੇਵਾ 'ਚਾਈਨਾ ਡੋਰ' ਦੀ ਵਿਕਰੀ ਅਤੇ ਵਰਤੋਂ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ। ਅੱਜ ਇੱਥੇ ਪੱਤਰਕਾਰਾਂ ਨਾਲ



ਗੱਲਬਾਤ ਕਰਦਿਆਂ ਉਨ੍ਹਾਂ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਨੂੰ ਜ਼ੋਰਦਾਰ ਅਪੀਲ ਕੀਤੀ ਕਿ ਇਸ ਖ਼ਤਰਨਾਕ ਡੋਰ 'ਤੇ ਮੁਕੰਮਲ ਪਾਬੰਦੀ ਲਗਾਉਣ ਲਈ ਸਖ਼ਤ ਤੋਂ ਸਖ਼ਤ ਕਦਮ ਚੁੱਕੇ ਜਾਣ ਤਾਂ ਜੋ ਕੀਮਤੀ ਮਨੁੱਖੀ ਜਾਨਾਂ ਅਤੇ ਬੇਗੁਨਾਹ ਪੰਛੀਆਂ ਨੂੰ ਬਚਾਇਆ ਜਾ ਸਕੇ।

ਮਿੰਟੂ ਧੂਰੀ ਨੇ ਕਿਹਾ ਕਿ ਚਾਈਨਾ ਡੋਰ (ਪਲਾਸਟਿਕ ਡੋਰ) ਅੱਜਕੱਲ੍ਹ ਮੌਤ ਦਾ ਜਾਲ ਬਣ ਚੁੱਕੀ ਹੈ। ਹਰ ਸਾਲ ਇਸ ਡੋਰ ਕਾਰਨ ਅਨੇਕਾਂ ਰਾਹਗੀਰਾਂ ਦੇ ਗਲੇ ਕੱਟਣ, ਅੱਖਾਂ ਦੀ ਰੌਸ਼ਨੀ ਜਾਣ ਅਤੇ ਹੋਰ ਗੰਭੀਰ ਹਾਦਸੇ ਵਾਪਰਨ ਦੀਆਂ ਖ਼ਬਰਾਂ ਸਾਹਮਣੇ ਆਉਂਦੀਆਂ ਹਨ। ਉਨ੍ਹਾਂ ਕਿਹਾ ਕਿ ਬੇਸ਼ੱਕ ਸਰਕਾਰ ਵੱਲੋਂ ਇਸ 'ਤੇ ਪਾਬੰਦੀ ਲਗਾਈ ਗਈ ਹੈ, ਪਰ ਕੁਝ ਲਾਲਚੀ ਦੁਕਾਨਦਾਰਾਂ ਵੱਲੋਂ ਚੋਰੀ-ਛਿਪੇ ਇਸ ਦੀ ਵਿਕਰੀ ਜਾਰੀ ਹੈ, ਜੋ ਕਿ ਬਹੁਤ ਹੀ ਮੰਦਭਾਗੀ ਗੱਲ ਹੈ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਅਜਿਹੇ ਗੈਰ-ਕਾਨੂੰਨੀ ਵਿਕਰੇਤਾਵਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਦਿਆਂ ਜੇਲ੍ਹ ਭੇਜਿਆ ਜਾਵੇ।

ਗਾਇਕ ਨੇ ਮਾਪਿਆਂ ਨੂੰ ਵੀ ਨਸੀਹਤ ਦਿੱਤੀ ਕਿ ਉਹ ਆਪਣੇ ਬੱਚਿਆਂ ਨੂੰ ਅਜਿਹੀ ਖ਼ਤਰਨਾਕ ਡੋਰ ਖਰੀਦ ਕੇ ਨਾ ਦੇਣ। ਉਨ੍ਹਾਂ ਕਿਹਾ ਕਿ ਮਨੋਰੰਜਨ ਦੇ ਨਾਂ 'ਤੇ ਕਿਸੇ ਦੀ ਜਾਨ ਨੂੰ ਜ਼ੋਖਮ ਵਿੱਚ ਪਾਉਣਾ ਜਾਇਜ਼ ਨਹੀਂ ਹੈ। ਬੱਚਿਆਂ ਨੂੰ ਰਵਾਇਤੀ ਸੂਤੀ ਡੋਰ (ਧਾਗੇ) ਨਾਲ ਪਤੰਗ ਉਡਾਉਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ, ਜੋ ਕਿ ਸੁਰੱਖਿਅਤ ਵੀ ਹੈ ਅਤੇ ਸਾਡੇ ਸੱਭਿਆਚਾਰ ਦਾ ਹਿੱਸਾ ਵੀ।

ਉਨ੍ਹਾਂ ਅੱਗੇ ਕਿਹਾ ਕਿ ਇਹ ਡੋਰ ਨਾ ਸਿਰਫ਼ ਇਨਸਾਨਾਂ ਸਗੋਂ ਅਸਮਾਨ ਵਿੱਚ ਉੱਡਦੇ ਪੰਛੀਆਂ ਲਈ ਵੀ ਜਾਨਲੇਵਾ ਸਾਬਤ ਹੋ ਰਹੀ ਹੈ। ਅਕਸਰ ਦੇਖਿਆ ਜਾਂਦਾ ਹੈ ਕਿ ਇਸ ਡੋਰ ਵਿੱਚ ਫਸ ਕੇ ਸੈਂਕੜੇ ਪੰਛੀ ਆਪਣੀ ਜਾਨ ਗੁਆ ਬੈਠਦੇ ਹਨ ਜਾਂ ਸਾਰੀ ਉਮਰ ਲਈ ਅਪਾਹਜ ਹੋ ਜਾਂਦੇ ਹਨ। ਮਿੰਟੂ ਧੂਰੀ ਨੇ ਸਮੂਹ ਸਮਾਜ ਸੇਵੀ ਜਥੇਬੰਦੀਆਂ ਨੂੰ ਵੀ ਇਸ ਮੁਹਿੰਮ ਵਿੱਚ ਸਾਥ ਦੇਣ ਦਾ ਸੱਦਾ ਦਿੱਤਾ।

# ਮੁੱਖ ਮੰਤਰੀ ਦੇ ਓ.ਐੱਸ.ਡੀ. ਸੁਖਵੀਰ ਸਿੰਘ ਨੇ ਸੰਭਾਲੀ ਧੂਰੀ ਹਲਕੇ ਦੀ ਵਾਗਡੋਰ

## 'ਲੋਕਾਂ ਦੀਆਂ ਦਹਿਲੀਜ਼ਾਂ 'ਤੇ ਹੋਣਗੇ ਕੰਮ' : ਓ.ਐੱਸ.ਡੀ. ਸੁਖਵੀਰ ਸਿੰਘ

ਧੂਰੀ, 20 ਜਨਵਰੀ (ਰਾਜੇਸ਼ਵਰ ਪਿੰਟੂ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਬੇਹੱਦ ਕਰੀਬੀ ਅਤੇ ਭਰੋਸੇਮੰਦ ਸਾਥੀ ਓ.ਐੱਸ.ਡੀ. ਸੁਖਵੀਰ ਸਿੰਘ ਨੇ ਹਲਕਾ ਧੂਰੀ ਦੀ ਕਮਾਨ ਪੂਰੀ ਤਰ੍ਹਾਂ ਆਪਣੇ ਹੱਥਾਂ ਵਿੱਚ ਲੈ ਲਈ ਹੈ। ਬੀਤੇ ਦਿਨੀਂ ਇੱਕ ਨਿੱਜੀ ਹੋਟਲ ਵਿੱਚ ਪੱਤਰਕਾਰਾਂ ਨਾਲ ਰੂ-ਬ-ਰੂ ਹੁੰਦਿਆਂ ਉਨ੍ਹਾਂ ਸਪੱਸ਼ਟ ਕੀਤਾ ਕਿ ਮੁੱਖ ਮੰਤਰੀ ਸਾਹਿਬ ਵੱਲੋਂ ਹੁਣ ਉਨ੍ਹਾਂ ਦੀ ਪੱਕੀ ਡਿਊਟੀ ਧੂਰੀ ਹਲਕੇ ਵਿੱਚ ਲਗਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਹੁਣ ਉਹ ਸਥਾਨਕ ਪੱਧਰ 'ਤੇ ਮੌਜੂਦ ਰਹਿ ਕੇ ਲੋਕਾਂ ਦੀਆਂ ਮੁਸ਼ਕਿਲਾਂ ਸੁਣਨਗੇ ਅਤੇ ਹਲਕੇ ਦੇ ਅਧੂਰੇ ਪਏ ਕੰਮਾਂ ਨੂੰ ਪਹਿਲ ਦੇ ਅਧਾਰ 'ਤੇ ਨੇਪਰੇ ਚਾੜ੍ਹਿਆ ਜਾਵੇਗਾ। ਉਨ੍ਹਾਂ ਕਿਹਾ ਕਿ ਹੁਣ 'ਲੋਕਾਂ ਦੀਆਂ ਦਹਿਲੀਜ਼ 'ਤੇ ਹੋਣਗੇ ਕੰਮ'। ਸੁਖਵੀਰ ਸਿੰਘ ਦੀ ਇਸ ਨਵੀਂ ਜ਼ਿੰਮੇਵਾਰੀ ਨਾਲ ਧੂਰੀ ਵਾਸਿਆਂ ਵਿੱਚ ਖੁਸ਼ੀ ਦੀ ਲਹਿਰ ਦੇਖਣ ਨੂੰ ਮਿਲ ਰਹੀ ਹੈ, ਕਿਉਂਕਿ ਉਹ ਮੁੱਖ ਮੰਤਰੀ ਦੇ ਅਤਿ ਵਿਸ਼ਵਾਸਪਾਤਰਾਂ ਵਿੱਚ ਸ਼ੁਮਾਰ ਹਨ, ਇਸ ਲਈ ਇਹ ਮੰਨਿਆ ਜਾ ਰਿਹਾ ਹੈ ਕਿ ਹੁਣ ਪ੍ਰਸ਼ਾਸਨਿਕ ਕੰਮਾਂ ਵਿੱਚ ਤੇਜ਼ੀ ਆਵੇਗੀ ਅਤੇ ਲੋਕਾਂ ਨੂੰ ਆਪਣੇ ਨਿੱਕੇ-ਨਿੱਕੇ ਕੰਮਾਂ ਲਈ ਚੰਡੀਗੜ੍ਹ ਦੇ ਚੱਕਰ ਨਹੀਂ ਕੱਟਣੇ ਪੈਣਗੇ। ਸੁਖਵੀਰ ਸਿੰਘ ਨੇ ਵਿਸ਼ਵਾਸ ਦਿਵਾਇਆ ਕਿ ਹਲਕੇ ਦਾ ਸਰਬਪੱਖੀ ਵਿਕਾਸ ਉਨ੍ਹਾਂ ਦਾ ਮੁੱਖ ਏਜੰਡਾ ਹੈ ਅਤੇ ਭਵਿੱਖ ਵਿੱਚ ਧੂਰੀ ਨੂੰ ਇੱਕ ਮਾਡਲ ਹਲਕੇ ਵਜੋਂ ਵਿਕਸਤ ਕੀਤਾ ਜਾਵੇਗਾ।ਸਿਆਸੀ ਹਲਕਿਆਂ ਵਿੱਚ ਚਰਚਾ ਤੇ ਵਿਕਾਸ ਦੀ ਰਫ਼ਤਾਰ ਸਿਆਸੀ ਮਾਹਿਰਾਂ ਅਨੁਸਾਰ, ਮੁੱਖ ਮੰਤਰੀ ਭਗਵੰਤ ਮਾਨ ਦਾ ਆਉਂਦੀਆਂ ਚੋਣਾਂ ਵਿੱਚ ਮੁੜ ਧੂਰੀ ਤੋਂ ਮੈਦਾਨ ਵਿੱਚ ਉਤਰਨਾ ਲਗਭਗ ਤੈਅ ਹੈ। ਇਸੇ ਰਣਨੀਤੀ ਤਹਿਤ ਓ.ਐੱਸ.ਡੀ. ਸੁਖਵੀਰ ਸਿੰਘ ਵੱਲੋਂ ਹਲਕੇ ਵਿੱਚ ਵਿਕਾਸ ਕਾਰਜਾਂ ਦੀ ਝੜੀ ਲਗਾ ਦਿੱਤੀ ਗਈ ਹੈ।



ਉਹ ਨਾ ਸਿਰਫ਼ ਸਰਕਾਰੀ ਪ੍ਰੋਜੈਕਟਾਂ ਦੀ ਨਿਗਰਾਨੀ ਕਰ ਰਹੇ ਹਨ, ਸਗੋਂ ਆਮ ਜਨਤਾ ਨਾਲ ਸਿੱਧਾ ਰਾਬਤਾ ਕਾਇਮ ਕਰਕੇ ਉਨ੍ਹਾਂ ਦੀਆਂ ਨਬਜ਼ਾਂ ਨੂੰ ਵੀ ਪਛਾਣ ਰਹੇ ਹਨ। ਥਾਂ-ਥਾਂ ਸ਼ੁਰੂ ਕੀਤੇ ਗਏ ਨਵੇਂ ਪ੍ਰੋਜੈਕਟ ਇਸ ਗੱਲ ਦਾ ਸਬੂਤ ਹਨ ਕਿ ਸਰਕਾਰ ਹਲਕੇ ਦੀ ਨੁਹਾਰ ਬਦਲਣ ਲਈ ਪੂਰੀ ਤਰ੍ਹਾਂ ਗੰਭੀਰ ਹੈ।

ਸੁਖਵੀਰ ਸਿੰਘ ਦੀ ਹਲੀਮੀ ਨੇ ਜਿੱਤੇ ਲੋਕਾਂ ਦੇ ਦਿਲ ਸੁਖਵੀਰ ਸਿੰਘ ਦੀ ਸਭ ਤੋਂ ਵੱਡੀ ਖ਼ੂਬੀ ਉਨ੍ਹਾਂ ਦਾ ਨਿਮਰ ਸੁਭਾਅ ਅਤੇ ਸਬਰ ਹੈ। ਬਹੁਤ ਹੀ ਘੱਟ ਸਮੇਂ ਵਿੱਚ ਉਨ੍ਹਾਂ ਨੇ ਆਪਣੀ ਹਲੀਮੀ ਅਤੇ ਕੰਮ ਕਰਨ ਦੇ ਅੰਦਾਜ਼ ਸਦਕਾ ਧੂਰੀ ਦੇ ਲੋਕਾਂ ਦੇ ਦਿਲਾਂ ਵਿੱਚ ਇੱਕ ਖ਼ਾਸ ਥਾਂ ਬਣਾ ਲਈ ਹੈ। ਲੋਕਾਂ ਦਾ ਕਹਿਣਾ ਹੈ ਕਿ ਸੁਖਵੀਰ ਸਿੰਘ ਹਰ ਇੱਕ ਦੀ ਗੱਲ ਬੜੇ ਧੀਰਜ ਨਾਲ ਸੁਣਦੇ ਹਨ ਅਤੇ ਤੁਰੰਤ ਹੱਲ ਕਰਨ ਦਾ ਯਤਨ ਕਰਦੇ ਹਨ। ਉਨ੍ਹਾਂ ਦੀ ਇਸੇ ਮਿਲਣਸਾਰਤਾ ਕਾਰਨ ਹਲਕੇ ਦੇ ਲੋਕ ਹੁਣ ਆਪਣੇ ਆਪ ਨੂੰ ਮੁੱਖ ਮੰਤਰੀ ਦੇ ਦਫ਼ਤਰ ਨਾਲ ਸਿੱਧਾ ਜੁੜਿਆ ਹੋਇਆ ਮਹਿਸੂਸ ਕਰ ਰਹੇ ਹਨ।

# ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵਿਖੇ 22 ਜਨਵਰੀ ਨੂੰ ਪਲੇਸਮੈਂਟ ਕੈਂਪ

ਸ੍ਰੀ ਮੁਕਤਸਰ ਸਾਹਿਬ, 20 ਜਨਵਰੀ (ਐਚ ਐਸ ਕਪੂਰ) : ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵਿਖੇ 22 ਜਨਵਰੀ 2026 ਦਿਨ ਵੀਰਵਾਰ ਨੂੰ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ, ਇਹ ਜਾਣਕਾਰੀ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਸ੍ਰੀ ਦਿਲਬਾਗ ਸਿੰਘ ਨੇ ਦਿੱਤੀ। ਉਨ੍ਹਾਂ ਕਿਹਾ ਕਿ ਇਸ ਪਲੇਸਮੈਂਟ ਕੈਂਪ ਵਿੱਚ ਐਕਸਿਸ ਬੈਂਕ ਵੱਲੋਂ ਸਹਾਇਕ ਮੈਨੇਜਰ ਦੀ 10 ਅਸਾਮੀਆਂ ਲਈ ਲੜਕੇ ਅਤੇ ਲੜਕੀਆਂ ਦੀ ਇੰਟਰਵਿਊ ਕੀਤੀ ਜਾਣੀ ਹੈ। ਇੰਟਰਵਿਊ ਲਈ ਵਿੱਦਿਅਕ ਯੋਗਤਾ ਗ੍ਰੈਜੂਏਸ਼ਨ/ਪੋਸਟ ਗ੍ਰੈਜੂਏਸ਼ਨ ਪਾਸ, ਉਮਰ 19 ਤੋਂ 30 ਸਾਲ ਹੋਣੀ ਲਾਜਮੀ ਹੈ।

ਸ੍ਰੀ ਦਲਜੀਤ ਸਿੰਘ ਬਰਾੜ, ਪਲੇਸਮੈਂਟ ਅਫਸਰ ਵੱਲੋਂ ਹੋਰ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਗਿਆ ਕਿ ਕੈਂਪ ਵਿੱਚ ਭਾਗ ਲੈਣ ਸਮੇਂ ਪ੍ਰਾਰਥੀ ਆਪਣੀ ਵਿੱਦਿਅਕ ਯੋਗਤਾ ਦੇ ਦਸਤਾਵੇਜ਼, 2 ਪਾਸਪੋਰਟ ਸਾਈਜ ਫੋਟੋ, ਆਧਾਰ ਕਾਰਡ, ਜਾਤੀ ਸਰਟੀਫਿਕੇਟ ਜ਼ਰੂਰ ਨਾਲ ਲੈ ਕੇ ਆਉਣ (ਅਸਲ + ਫੋਟੋ ਕਾਪੀ) ।

ਉਨ੍ਹਾ ਦੱਸਿਆ ਕਿ ਪ੍ਰਾਰਥੀ ਵਿਭਾਗ ਵੱਲੋਂ ਮੁਹੱਈਆ ਕਰਵਾਈ ਜਾਂਦੀਆਂ ਸੇਵਾਵਾਂ ਦਾ ਲਾਭ ਲੈਣ ਲਈ ਦਫਤਰ ਦੇ ਵੈਟਸਐਪ ਨੰਬਰ 98885-62317 'ਤੇ ਆਪਣੇ ਵੇਰਵੇ ਭੇਜ ਦੇ ਗਰੁੱਪ ਜੁਆਇਨ ਕਰਨ ਤਾਂ ਜੋ ਪ੍ਰਾਰਥੀਆਂ ਨੂੰ ਦਫਤਰ ਵੱਲੋਂ ਲਗਾਏ ਜਾਂਦੇ ਪਲੇਸਮੈਂਟ ਕੈਂਪ/ ਰੋਜ਼ਗਾਰ ਮੇਲੇ ਅਤੇ ਹੋਰ ਪ੍ਰੋਗਰਾਮ ਬਾਰੇ ਸਮੇਂ ਸਿਰ ਜਾਣਕਾਰੀ ਮਿਲ ਸਕੇ। ਇੰਟਰਵਿਊ ਵਿੱਚ ਭਾਗ ਲੈਣ ਲਈ ਕੋਈ ਵੀ ਟੀ.ਏ. ਅਤੇ ਡੀ.ਏ. ਦੇਣ ਯੋਗ ਨਹੀਂ ਹੋਵੇਗਾ ਅਤੇ ਵਧੇਰੇ ਜਾਣਕਾਰੀ ਲਈ ਪ੍ਰਾਰਥੀ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸ੍ਰੀ ਮੁਕਤਸਰ ਸਾਹਿਬ ਦੇ ਨੰਬਰ 98885-62317 'ਤੇ ਸੰਪਰਕ ਕਰ ਸਕਦੇ ਹਨ

# ਚਾਈਨਾ ਡੋਰ ਨੂੰ ਸਟੋਰ ਕਰਨ, ਵੇਚਣ ਅਤੇ ਖਰੀਦ ਕਰਨ 'ਤੇ ਪੂਰਨ ਤੌਰ 'ਤੇ ਪਾਬੰਦੀ

## ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕੀਤੀ ਜਾਵੇਗੀ ਸਖ਼ਤ ਕਾਰਵਾਈ

ਸ੍ਰੀ ਮੁਕਤਸਰ ਸਾਹਿਬ, 20 ਜਨਵਰੀ ( ਐਚ ਐਸ ਕਪੂਰ) : ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਪ੍ਰੀਤ ਸਿੰਘ ਥਿੰਦ ਸ੍ਰੀ ਮੁਕਤਸਰ ਸਾਹਿਬ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤੇ ਹਨ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਹਦੂਦ ਅੰਦਰ ਨਾਈਲੋਨ, ਪਲਾਸਟਿਕ ਜਾਂ ਸਿੰਥੈਟਿਕ ਮਟੀਰੀਅਲ ਤੋਂ ਬਣੇ ਪਤੰਗ ਉਡਾਉਣ ਵਾਲੇ ਧਾਗੇ (ਚਾਈਨਾ ਡੋਰ) ਨੂੰ ਬਣਾਉਣ, ਸਟੋਰ ਕਰਨ, ਵੇਚਣ, ਖਰੀਦਣ, ਸਪਲਾਈ ਕਰਨ, ਆਯਾਤ ਕਰਨ ਅਤੇ ਵਰਤੋਂ ਕਰਨ ਤੇ ਪੂਰੀ ਤਰ੍ਹਾਂ ਨਾਲ ਪਾਬੰਦੀ ਲਗਾ ਦਿੱਤੀ ਹੈ।

ਜੇਕਰ ਕੋਈ ਵਿਅਕਤੀ ਅਜਿਹਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਹ ਹੁਕਮ ਤੁਰੰਤ ਲਾਗੂ ਹੋ ਗਏ ਹਨ ਅਤੇ 10 ਮਾਰਚ 2026 ਤੱਕ ਲਾਗੂ ਰਹਿਣਗੇ।



# ਪਟਿਆਲਾ-ਆਸ/ਪਾਸ



*ਪਲਾਸਟਿਕ ਫਰੀ ਪਟਿਆਲਾ ਬਣਾਉਣ ਵੱਲ ਮਜ਼ਬੂਤ ਕਦਮ*

## ਰੋਜ਼ਮਰ੍ਹਾ ਦੀ ਜ਼ਿੰਦਗੀ 'ਚ ਪਲਾਸਟਿਕ ਦੀ ਵਰਤੋਂ ਘਟਾ ਕੇ ਵਾਤਾਵਰਨ ਦੀ ਰੱਖਿਆ ਕਰਨਾ ਜ਼ਰੂਰੀ : ਮੇਅਰ ਗੋਗੀਆ



ਪਟਿਆਲਾ, 20 ਜਨਵਰੀ (ਰੁਪਾਣਾ) : ਨਗਰ ਨਿਗਮ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਨੇ ਸ਼ਹਿਰ ਨੂੰ ਪਲਾਸਟਿਕ ਰਹਿਤ ਬਣਾਉਣ ਦਾ ਦ੍ਰਿੜ੍ਹ ਸੰਕਲਪ ਲੈਂਦਿਆਂ ਪਲਾਸਟਿਕ ਨੂੰ ਕਰੋ ਨਾਂਹ, ਕਪੜੇ ਦੇ ਥੈਲੇ ਨੂੰ ਕਰੋ ਹਾਂ ਦਾ ਸਪੱਸ਼ਟ ਸੰਦੇਸ਼ ਦਿੱਤਾ। ਮੇਅਰ ਦੇ ਕਾਰਜਕਾਲ ਦਾ ਇੱਕ ਸਾਲ ਪੂਰਾ ਹੋਣ ਮੌਕੇ ਪਟਿਆਲਾ ਦੀ ਨਾਮੀ ਸੰਸਥਾ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਵੱਲੋਂ ਨਹਿਰੂ ਪਾਰਕ ਵਿੱਚ ਇੱਕ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ।ਮੇਅਰ ਕੁੰਦਨ ਗੋਗੀਆ ਨੇ ਇਸ ਮੌਕੇ ਪਲਾਸਟਿਕ ਦੀ ਵਰਤੋਂ ਨਾ ਕਰਨ ਦੀ ਸਹੁੰ ਚੁਕਵਾਈ। ਉਨ੍ਹਾਂ ਦੱਸਿਆ ਕਿ ਇਹ ਸੰਸਥਾ ਸਮੇਂ-ਸਮੇਂ 'ਤੇ ਵਾਤਾਵਰਨ ਸੁਰੱਖਿਆ, ਨੋ ਪਲਾਸਟਿਕ ਅਤੇ ਸਫਾਈ ਅਭਿਆਨਾਂ ਦੇ ਨਾਲ-ਨਾਲ ਮੈਡੀਕਲ ਕੈਂਪ, ਅੱਖਾਂ ਦੇ ਆਪਰੇਸ਼ਨ ਆਦਿ ਕਰਵਾਉਂਦੀ ਆ ਰਹੀ ਹੈ। ਇਨ੍ਹਾਂ ਵਲੋ ਹੁਣ ਤਕ ਲਗਭਗ ਤਿੰਨ ਸੌ ਕੈਂਪ ਲਗਾਏ ਜਾ ਚੁੱਕੇ ਹਨ ਅਤੇ ਜ਼ਰੂਰਤਮੰਦ ਵਿਦਿਆਰਥੀਆਂ ਦੀ ਮਦਦ ਵੀ ਨਿਰੰਤਰ ਕੀਤੀ ਜਾਂਦੀ ਹੈ।ਇਹ ਸਮਾਗਮ ਨਗਰ ਨਿਗਮ ਪਟਿਆਲਾ ਅਤੇ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਚਲ ਰਹੀਆਂ ਸੀ.ਐਮ. ਦੀਆਂ ਯੋਗਸ਼ਾਲਾਵਾਂ ਦੇ ਤਹਿਤ ਹੋਇਆ, ਜਿੱਥੇ ਯੋਗ ਕਰੋ, ਰੋਜ਼ ਕਰੋ, ਰਹੋ ਨਿਰੋਗ ਮੁਹਿੰਮ ਅਧੀਨ ਯੋਗ ਅਭਿਆਸ ਕਰਨ ਆ ਰਹੀਆਂ ਮਾਵਾਂ-ਭੈਣਾਂ ਨੂੰ ਕਪੜੇ ਦੇ ਥੈਲੇ ਵੰਡੇ ਗਏ। ਉਨ੍ਹਾਂ ਨਵੀਂ ਪੀੜ੍ਹੀ ਨੂੰ ਅੱਗੇ ਆ ਕੇ ਪਲਾਸਟਿਕ ਰਹਿਤ ਸਮਾਜ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ।ਮੇਅਰ ਨੇ ਕਿਹਾ ਕਿ ਜੇ ਅਸੀਂ ਅੱਜ ਜ਼ਿੰਮੇਵਾਰੀ ਨਾ ਲਈ, ਤਾਂ ਭਵਿੱਖ ਗੰਭੀਰ ਖਤਰੇ ਵਿੱਚ ਪੈ ਸਕਦਾ ਹੈ। ਉਨ੍ਹਾਂ ਸਮੂਹ ਸ਼ਹਿਰਵਾਸੀਆਂ ਨੂੰ ਅਪੀਲ ਕੀਤੀ ਕਿ ਕਪੜੇ ਦੇ ਥੈਲਿਆਂ ਦੀ ਵਰਤੋਂ ਕਰਕੇ ਪਟਿਆਲਾ ਨੂੰ ਸੱਚਮੁੱਚ ਪਲਾਸਟਿਕ ਫਰੀ ਬਣਾਇਆ ਜਾਵੇ।

## ਸੇਵਾ ਮੁਕਤ ਆਈ.ਜੀ. ਅਮਰ ਸਿੰਘ ਚਾਹਲ ਨੂੰ ਹਸਪਤਾਲ ਤੋਂ ਮਿਲੀ ਛੁੱਟੀ



ਪਟਿਆਲਾ, 20 ਜਨਵਰੀ (ਰੁਪਾਣਾ) : ਅੱਠ ਕਰੋੜ ਰੁਪਏ ਤੋਂ ਵੱਧ ਦੀ ਵੱਡੀ ਸਾਈਬਰ ਠੱਗੀ ਦਾ ਸ਼ਿਕਾਰ ਹੋਣ ਤੋਂ ਬਾਅਦ ਮਾਨਸਿਕ ਪਰੇਸ਼ਾਨੀ ਦੇ ਚੱਲਦਿਆਂ ਖ਼ੁਦਕੁਸ਼ੀ ਦੀ ਕੋਸ਼ਿਸ਼ ਕਰਨ ਵਾਲੇ ਪੰਜਾਬ ਪੁਲਿਸ ਦੇ ਸੇਵਾਮੁਕਤ ਆਈਜੀ ਅਮਰ ਸਿੰਘ ਚਾਹਲ ਨੂੰ ਹਸਪਤਾਲ ਤੋਂ ਛੁੱਟੀ ਮਿਲ ਗਈ ਹੈ। ਪਿਛਲੇ ਕਈ ਦਿਨਾਂ ਤੋਂ ਉਹ ਗੰਭੀਰ ਹਾਲਤ 'ਚ ਜ਼ੇਰੇ ਇਲਾਜ ਸਨ। ਹਾਲਾਂਕਿ ਉਨ੍ਹਾਂ ਦੀ ਸਿਹਤ ਵਿਚ ਹੁਣ ਸੁਧਾਰ ਹੈ ਪਰ ਇਸ ਮਾਮਲੇ 'ਚ ਪੁਲਿਸ ਪ੍ਰਸ਼ਾਸਨ ਅਤੇ ਸਾਈਬਰ ਸੁਰੱਖਿਆ ਦੇ ਖੇਤਰ ਵਿਚ ਹਲਚਲ ਹੈ। ਸਾਈਬਰ ਪੁਲਿਸ ਵੱਲੋਂ ਇਸ ਮਾਮਲੇ ਦੀ ਬਾਰੀਕੀ ਨਾਲ ਕੀਤੀ ਜਾ ਰਹੀ ਜਾਂਚ ਵਿਚ ਹੁਣ ਕਈ ਅਹਿਮ ਸੁਰਾਗ ਹੱਥ ਲੱਗੇ ਹਨ। ਪੁਲਿਸ ਨੇ ਇਸ ਠੱਗੀ ਦੇ ਮਾਸਟਰਮਾਈਂਡ ਦੀ ਪਛਾਣ ਕਰ ਲਈ ਹੈ, ਜੋ ਭਾਰਤ ਤੋਂ ਬਾਹਰ ਬੈਠ ਕੇ ਇਸ ਨੈੱਟਵਰਕ ਨੂੰ ਚਲਾ ਰਿਹਾ ਹੈ। ਇਸ ਠੱਗੀ ਦੇ ਮੁੱਖ ਮੁਲਜ਼ਮ ਹਰੀਸ਼ ਤੇ ਮਹੇਸ਼ ਨਾਮ ਦੇ ਵਿਅਕਤੀ ਹਨ, ਜੋ ਇਸ ਵੇਲੇ ਦੁਬਈ 'ਚ ਰਹਿ ਰਹੇ ਹਨ। ਪੁਲਿਸ ਨੇ ਇਨ੍ਹਾਂ ਦੋਵਾਂ ਨੂੰ ਮਾਮਲੇ ਵਿਚ ਨਾਮਜ਼ਦ ਕਰ ਲਿਆ ਹੈ।ਜਾਂਚ ਅਧਿਕਾਰੀਆਂ ਮੁਤਾਬਕ ਇਹ ਮੁਲਜ਼ਮ ਦੁਬਈ ਤੋਂ ਹੀ ਸਾਰਾ ਆਪ੍ਰੇਸ਼ਨ ਕੰਟਰੋਲ ਕਰ ਰਹੇ ਸਨ ਅਤੇ ਭਾਰਤ ਵਿਚ ਮੌਜੂਦ ਆਪਣੇ ਗੁਰਗਿਆਂ ਰਾਹੀਂ ਪੈਸਿਆਂ ਦਾ ਲੈਣ-ਦੇਣ ਕਰਦੇ ਸਨ। ਸਾਈਬਰ ਪੁਲਿਸ ਪਹਿਲਾਂ ਹੀ ਇਸ ਮਾਮਲੇ ਵਿਚ ਮਹਾਰਾਸ਼ਟਰ ਤੋਂ ਕੁਝ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਚੁੱਕੀ ਹੈ। ਇਹ ਲੋਕ ਮੁੱਖ ਤੌਰ 'ਤੇ 'ਕੈਸ਼ਆਊਟ' ਮਡਿਊਲ ਦਾ ਹਿੱਸਾ ਸਨ, ਜੋ ਠੱਗੀ ਦੇ ਪੈਸੇ ਨੂੰ ਵੱਖ-ਵੱਖ ਬੈਂਕ ਖਾਤਿਆਂ ਵਿਚ ਘੁਮਾਉਣ ਤੇ ਕਢਵਾਉਣ ਦਾ ਕੰਮ ਕਰਦੇ ਸਨ। ਪੁਲਿਸ ਹੁਣ ਦੁਬਈ ਬੈਠੇ ਹਰੀਸ਼ ਤੇ ਮਹੇਸ਼ ਦੇ ਪੂਰੇ ਪਤੇ ਅਤੇ ਉਨ੍ਹਾਂ ਦੀ ਭੂਮਿਕਾ ਬਾਰੇ ਡੂੰਘਾਈ ਨਾਲ ਜਾਂਚ ਕਰ ਰਹੀ ਹੈ। ਪੁਲਿਸ ਇਨ੍ਹਾਂ ਮੁਲਜ਼ਮਾਂ ਵਿਰੁੱਧ ਲੁੱਕਆਊਟ ਸਰਕੂਲਰ ਜਾਰੀ ਕਰਨ ਅਤੇ ਇੰਟਰਪੋਲ ਦੀ ਮਦਦ ਲੈਣ ਦੀ ਤਿਆਰੀ ਵਿਚ ਹੈ ਤਾਂ ਜੋ ਉਨ੍ਹਾਂ ਨੂੰ ਭਾਰਤ ਲਿਆਂਦਾ ਜਾ ਸਕੇ।

## 'ਆਪ' ਸਰਕਾਰ ਨੇ ਮਹਿਲਾਵਾਂ ਨੂੰ ਬਣਦਾ ਮਾਣ-ਸਤਿਕਾਰ ਦਿੱਤਾ : ਵਿਧਾਇਕ ਕੋਹਲੀ

### ਪਟਿਆਲਾ ਸ਼ਹਿਰੀ ਮਹਿਲਾ ਵਿੰਗ ਦੀ ਅਹਿਮ ਮੀਟਿੰਗ



ਪਟਿਆਲਾ, 20 ਜਨਵਰੀ (ਰੁਪਾਣਾ) : ਆਮ ਆਦਮੀ ਪਾਰਟੀ ਦੇ ਪਟਿਆਲਾ ਤੋਂ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਮਹਿਲਾ ਵਿੰਗ ਮਜਬੂਤ ਕਰਨ ਲਈ ਪਟਿਆਲਾ ਸ਼ਹਿਰੀ ਦੇ ਮਹਿਲਾ ਵਿੰਗ ਦੀਆਂ ਮਹਿਲਾ ਆਗੂਆਂ ਨਾਲ ਭਾਰੀ ਮੀਟਿੰਗ ਕੀਤੀ। ਇਸ ਮੌਕੇ ਵੀਰਪਾਲ ਕੌਰ ਚਹਿਲ ਮੈਂਬਰ ਵੂਮੈਨ ਕਮਿਸ਼ਨ ਅਤੇ ਜ਼ੋਨਲ ਇੰਚਾਰਜ, ਆਰਤੀ ਗੁਪਤਾ ਜ਼ਿਲ੍ਹਾ ਇੰਚਾਰਜ ਮਹਿਲਾ ਮਹਿਲਾ ਵਿੰਗ, ਰਵਿੰਦਰ ਕੌਰ ਰੂਬੀ ਭਾਟੀਆ ਹਲਕਾ ਕੋਆਰਡੀਨੇਟਰ ਮਹਿਲਾ ਵਿੰਗ ਅਤੇ ਮੋਨਿਕਾ ਸ਼ਰਮਾ ਮੈਂਬਰ ਜ਼ਿਲ੍ਹਾ ਪਲਾਨਿੰਗ ਬੋਰਡ ਤੋਂ ਇਲਾਵਾ ਹੋਰ ਮਹਿਲਾ ਆਗੂ ਮੀਟਿੰਗ ਵਿਚ ਸ਼ਾਮਲ ਹੋਏ। ਇਸ ਦੌਰਾਨ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਨੇ ਮਹਿਲਾਵਾਂ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਮਹਿਲਾਵਾਂ ਨਾਲ ਕੀਤੇ ਵਾਅਦੇ ਪੂਰੇ ਹੋਣਗੇ। ਵਿਧਾਇਕ ਨੇ ਕਿਹਾ ਕਿ ਔਰਤਾਂ ਨੂੰ ਦਿੱਤੇ ਜਾਣ ਵਾਲੇ 1000 ਰੁਪਏ ਦਾ ਵਾਅਦਾ ਜਲਦੀ ਹੀ ਪੂਰਾ ਹੋਣ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜ ਮੁੱਖ ਗਾਰੰਟੀਆਂ ਦਿੱਤੀਆਂ ਸਨ, ਜਿਨ੍ਹਾਂ ਵਿੱਚੋਂ ਚਾਰ ਪੂਰੀਆਂ ਹੋ ਚੁੱਕੀਆਂ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਪੰਜਵੀਂ ਗਾਰੰਟੀ ਵੀ 2027 ਦੀਆਂ ਚੋਣਾਂ ਤੋਂ ਪਹਿਲਾਂ ਹਰ ਹਾਲ ਵਿੱਚ ਪੂਰੀ ਕੀਤੀ ਜਾਵੇਗੀ। ਇਸ ਦੌਰਾਨ ਸ਼ਹਿਰੀ ਮਹਿਲਾ ਵਿੰਗ ਦੀ ਮਜ਼ਬੂਤੀ ਲਈ ਉਨ੍ਹਾਂ ਸਾਰੀਆਂ ਮਹਿਲਾ ਆਗੂਆਂ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਕਿਹਾ ਕਿ ਮਹਿਲਾ ਵਿੰਗ ਮਜਬੂਤ ਕਰਨ ਦੇ ਲਈ ਦਿਨ-ਰਾਤ ਮਿਹਨਤ ਕੀਤੀ ਜਾਵੇ। ਇਸ ਦੌਰਾਨ ਮਹਿਲਾ ਆਗੂਆਂ ਦੀ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਅਤੇ ਮਹਿਲਾਵਾਂ ਨੂੰ ਦਿੱਤੀਆਂ ਸਹੂਲਤਾਂ ਸਮੇਤ ਮਹਿਲਾ ਵਿੰਗ ਦੀਆਂ ਆਗੂਆਂ ਨੂੰ ਦਿੱਤੇ ਮਾਣ-ਸਤਿਕਾਰ 'ਤੇ ਤਸੱਲੀ ਪ੍ਰਗਟਾਈ।ਮਹਿਲਾ ਆਗੂਆਂ ਨੇ ਕਿਹਾ ਜੋ ਸੂਬਾ ਸਰਕਾਰ ਨੇ ਮਹਿਲਾਵਾਂ ਪ੍ਰਤੀ ਕੀਤਾ ਹੈ, ਉਹ ਅੱਜ ਤੱਕ ਕਿਸੇ ਵੀ ਸਰਕਾਰ ਨੇ ਨਹੀਂ ਕੀਤਾ।

## ਨਸ਼ੇ ਦਾ ਸੇਵਨ ਕਰਨ ਦੇ ਵੱਖ-ਵੱਖ ਮਾਮਲੇ ਦਰਜ

ਪਟਿਆਲਾ, 20 ਜਨਵਰੀ (ਵਿਨੋਦ ਸ਼ਰਮਾ) : ਥਾਣਾ ਭਾਦਸੋਂ ਪੁਲਿਸ ਨੇ ਕਥਿਤ ਦੋਸ਼ੀ ਸਾਹਿਲ ਮੁਹੰਮਦ ਪੁੱਤਰ ਸਲੀਮ ਮੁਹੰਮਦ ਵਾਸੀ ਵਾਰਡ ਨੰ. 6 ਕਸਬਾ ਭਾਦਸੋਂ ਵਿਰੁੱਧ ਧਾਰਾ 27, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਪਰਵਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਟਰੱਕ ਯੂਨੀਅਨ ਭਾਦਸੋ ਪਾਸ ਮੌਜੂਦ ਸੀ, ਜੋ ਮੁਖਬਰ ਦੀ ਇਤਲਾਹ ਪਰ ਅਨਾਜ ਮੰਡੀ ਭਾਦਸੋਂ ਪਾਸ ਨਸ਼ੇ ਦੀ ਹਾਲਤ ਵਿੱਚ ਬੈਠੇ ਦੋਸ਼ੀ ਪਰ ਰੇਡ ਕਰਕੇ ਦੋਸ਼ੀ ਨੂੰ ਮੌਕੇ ਪਰ ਕਾਬੂ ਕੀਤਾ ਗਿਆ। ਇਸੇ ਤਰ੍ਹਾਂ ਥਾਣਾ ਖੇੜੀ ਗੰਡਿਆ ਪੁਲਿਸ ਨੇ ਕਥਿਤ ਦੋਸ਼ੀ ਕਰਨ ਵਾਸੀ ਵਰਮਾ ਪਰੋਫਾਇਲ ਕੰਪਨੀ ਨੇੜੇ ਮੁਕਤ ਸਕੂਲ ਰਾਜਪੁਰਾ ਵਿਰੁੱਧ ਮਾਮਲਾ ਦਰਜ ਕੀਤਾ ਹੈ। ਏਐਸਆਈ ਰਾਮ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਬਢੋਲੀ ਗੁਜਰਾ ਮੌਜੂਦ ਸੀ, ਜੋ ਸ਼ੱਕ ਦੇ ਅਧਾਰ ਪਰ ਦੋਸ਼ੀ ਨੂੰ ਰੋਕ ਕੇ ਚੈਕ ਕਰਨ ਪਰ ਉਸਦਾ ਨਸ਼ਾ ਕੀਤਾ ਜਾਪਦਾ ਪਾਇਆ ਗਿਆ, ਜੋ ਦੋਸ਼ੀ ਨੇ ਦੱਸਿਆ ਕਿ ਉਹ ਨਸ਼ੇ ਕਰਨ ਦਾ ਆਦੀ ਹੈ ਅਤੇ ਹੁਣੇ ਹੀ ਨਸ਼ਾ ਕਰਕੇ ਹਟਿਆ ਹੈ।

*ਪੰਜਾਬੀ ਯੂਨੀਵਰਸਿਟੀ ਕਰਮਚਾਰੀ ਚੋਣਾਂ*

## ਮੀਤ ਪ੍ਰਧਾਨਗੀ ਦੇ ਅਹੁਦੇ ਲਈ ਸਭ ਤੋਂ ਵੱਧ ਉਮੀਦਵਾਰ ਦੌੜ 'ਚ

ਪਟਿਆਲਾ, 20 ਜਨਵਰੀ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਗੈਰ ਅਧਿਆਪਨ ਕਰਮਚਾਰੀ ਸੰਘ ਦੀਆਂ ਚੋਣਾਂ ਵਿੱਚ ਵੱਖ ਵੱਖ ਉਮੀਦਵਾਰ ਆਪਣੀ ਕਿਸਮਤ ਅਜ਼ਮਾ ਰਹੇ ਹਨ। ਕਾਰਜਕਾਰਨੀ ਦੀਆਂ 11 ਸੀਟਾਂ 'ਤੇ ਜਿੱਥੇ ਤਿਕੋਣਾ ਮੁਕਾਬਲਾ ਹੈ, ਉਥੇ ਹੀ ਸਭ ਤੋਂ ਅਹਿਮ ਮੁਕਾਬਲਾ ਮੀਤ ਪ੍ਰਧਾਨਗੀ ਦੇ ਅਹੁਦੇ ਲਈ ਚਲ ਰਿਹਾ ਹੈ। ਪਿਛਲੇ ਤਿੰਨ ਸਾਲਾਂ ਤੋਂ ਬਾਗੜੀਆਂ ਟੀਮ ਦੀ ਜ਼ਮੀਨੀ ਪੱਧਰ 'ਤੇ ਰਾਜਨੀਤਕ ਪਕੜ ਮਜ਼ਬੂਤ ਰੱਖਣ ਵਾਲੇ ਉਮੀਦਵਾਰ ਪ੍ਰਕਾਸ਼ ਸਿੰਘ ਧਾਲੀਵਾਲ ਦੇ ਮੁਕਾਬਲੇ ਚਾਰ ਉਮੀਦਵਾਰ ਮੀਤ ਪ੍ਰਧਾਨਗੀ ਦੀ ਰੇਸ ਵਿਚ ਸ਼ਾਮਿਲ ਹਨ। ਜ਼ਿਕਰਯੋਗ ਹੈ ਕਿ ਨਾਭਾ ਨਿਵਾਸੀ ਪ੍ਰਕਾਸ਼ ਧਾਲੀਵਾਲ ਪਹਿਲਾਂ ਯੂਥ ਕਾਂਗਰਸ ਦੇ ਸਰਗਰਮ ਮੈਂਬਰ ਹੋਣ ਕਰਕੇ ਚੋਣ ਪ੍ਰਕਿਰਿਆ ਅਤੇ ਜੋੜ ਤੋੜ ਦੀ ਰਾਜਨੀਤੀ ਦਾ ਚੋਖਾ ਤਜਰਬਾ ਰੱਖਦੇ ਹਨ। ਫਰੀਡਮ ਫਾਈਟਰ ਪਰਿਵਾਰ ਨਾਲ ਸਬੰਧਤ ਹੋਣ ਕਰਕੇ ਫਰੀਡਮ ਫਾਈਟਰ ਉਤਰਾਧਿਕਾਰੀ ਜਥੇਬੰਦੀ ਦੇ ਸੂਬਾ ਕਨਵੀਨਰ ਵੀ ਹਨ।ਪਿਛਲੇ ਤਿੰਨ ਸਾਲਾਂ ਤੋਂ ਬਾਗੜੀਆਂ ਧੜੇ ਵੱਲੋਂ ਗੈਰ ਅਧਿਆਪਨ ਕਰਮਚਾਰੀ ਦੇ ਧੜੱਲੇ ਨਾਲ ਕਰਵਾਏ ਕੰਮਾਂ ਵਿੱਚ ਮੀਤ ਪ੍ਰਧਾਨ ਧਾਲੀਵਾਲ ਨੇ ਅਹਿਮ ਰੋਲ ਨਿਭਾਇਆ ਹੈ। ਯੂਨੀਵਰਸਿਟੀ ਦੇ ਦੂਜੇ ਕਰਮਚਾਰੀ ਸੰਗਠਨਾਂ ਵੱਲੋਂ ਆਪਣੇ ਉਮੀਦਵਾਰਾਂ ਨੂੰ ਮੀਤ ਪ੍ਰਧਾਨਗੀ ਦੇ ਅਹੁਦੇ ਲਈ ਨਾਮਜ਼ਦ ਕੀਤਾ ਹੈ, ਨਾਲ ਹੀ ਦੋ ਆਜ਼ਾਦ ਉਮੀਦਵਾਰਾਂ ਨੂੰ ਵੀ ਮੀਤ ਪ੍ਰਧਾਨ ਧਾਲੀਵਾਲ ਦੇ ਖਿਲਾਫ ਚੋਣਾਂ ਵਿੱਚ ਉਤਾਰਿਆ ਗਿਆ ਹੈ। ਜਦੋਂਕਿ ਯੂਨੀਵਰਸਿਟੀ ਵਿੱਚ ਪਿਛਲੇ ਲੰਮੇ ਸਮੇਂ ਤੋਂ ਪ੍ਰਧਾਨ ਦਾ ਅਹੁਦਾ ਹੀ ਸਭ ਤੋਂ ਮਹੱਤਵਪੂਰਨ ਮੰਨਿਆਂ ਜਾਂਦਾ ਰਿਹਾ ਹੈ। ਇਤਿਹਾਸ ਵਿੱਚ ਪਹਿਲੀ ਵਾਰ ਮੀਤ ਪ੍ਰਧਾਨਗੀ ਦੇ ਅਹੁਦੇ ਨੂੰ ਸਭ ਤੋਂ ਅਹਿਮ ਮੁਕਾਬਲੇ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ। ਆਉਣ ਵਾਲੀ 22 ਜਨਵਰੀ ਨੂੰ ਕਰਮਚਾਰੀ ਸੰਘ ਦੀਆਂ ਚੋਣਾਂ ਯੂਨੀਵਰਸਿਟੀ ਦੇ ਮਾਡਲ ਸਕੂਲ ਵਿਖੇ ਕਰਵਾਇਆ ਜਾ ਰਹੀਆਂ ਹਨ।

## ਨਗਰ ਕੌਂਸਲ ਕਰਮਚਾਰੀਆਂ ਵੱਲੋਂ ਚਾਈਨਾ ਡੋਰ ਵੇਚਣ ਵਾਲਿਆਂ ਦੀ ਚੈਕਿੰਗ



ਸਮਾਣਾ, 20 ਜਨਵਰੀ (ਵਿਜੇ ਕੁਮਾਰ) : ਬਸੰਤ ਰੁੱਤ ਨੂੰ ਮੁੱਖ ਰੱਖਦਿਆਂ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਅਪਰ ਅਪਾਰ ਸਿੰਘ ਚਹਿਲ ਦੀ ਦਿਸ਼ਾ-ਨਿਰਦੇਸ਼ਾਂ ਹੇਠ ਕਰਮਚਾਰੀਆਂ ਨੇ ਸ਼ਹਿਰ ਵਿੱਚ ਪਤੰਗ ਅਤੇ ਚੀਨੀ ਡੋਰ ਦੀ ਵਿਕਰੀ ਕਰਨ ਵਾਲੀਆਂ ਦੁਕਾਨਾਂ 'ਤੇ ਉਹਨਾਂ ਦੇ ਗੁਦਾਮਾਂ ਦੀ ਚੈਕਿੰਗ ਕੀਤੀ। ਇਸ ਮੌਕੇ ਇੰਸਪੈਕਟਰ ਹਰਵਿੰਦਰ ਕੁਮਾਰ ਨੇ ਦੱਸਿਆ ਕਿ ਬਸੰਤ ਰੁੱਤ ਵਿੱਚ ਬੱਚੇ ਅਤੇ ਜਵਾਨ ਪਤੰਗ ਉਡਾਉਣ ਨੂੰ ਪਹਿਲ ਦਿੰਦੇ ਹਨ, ਪਰ ਉਹ ਪਤੰਗ ਉਡਾਉਂਦੇ ਸਮੇਂ ਚਾਈਨਾ ਡੋਰ ਦੀ ਵਰਤੋਂ ਜ਼ਿਆਦਾ ਕਰਦੇ ਹਨ। ਚਾਈਨਾ ਡੋਰ ਦੀ ਵਰਤੋਂ ਕਰਨ ਨਾਲ ਜਿੱਥੇ ਮਨੁੱਖੀ ਜਿੰਦੜੀਆਂ ਦਾ ਨੁਕਸਾਨ ਹੁੰਦਾ ਹੈ, ਉੱਥੇ ਪੰਛੀਆਂ ਦੇ ਪੈਰਾਂ ਵਿੱਚ ਫਸਣ ਨਾਲ ਉਹਨਾਂ ਦੀਆਂ ਜਿੰਦਗੀਆਂ ਵੀ ਅਜਾਈ ਚਲੀਆਂ ਜਾਂਦੀਆਂ ਹਨ। ਇਹਨਾਂ ਅਜਾਈ ਜਾਂਦੀਆਂ ਜਿੰਦਗੀਆਂ ਨੂੰ ਰੋਕਣ ਲਈ ਪੰਜਾਬ ਸਰਕਾਰ ਨੇ ਹਦਾਇਤ ਕੀਤੀ ਹੈ ਕਿ ਚਾਈਨਾ ਡੋਰ ਦੀ ਕਿਸੇ ਵੀ ਹਾਲਤ ਵਿੱਚ ਵਰਤੋਂ ਨਾ ਕੀਤੀ ਜਾਵੇ, ਤੇ ਨਾ ਹੀ ਉਸਨੂੰ ਬਾਜ਼ਾਰਾਂ ਵਿੱਚ ਵਿਕਣ ਦਿੱਤਾ ਜਾਵੇ। ਉਹਨਾਂ ਦੱਸਿਆ ਕਿ ਜੇਕਰ ਕੋਈ ਵੀ ਦੁਕਾਨਦਾਰ ਚਾਈਨਾ ਡੋਰ ਦੀ ਸਟੋਰੇਜ ਜਾਂ ਵੇਚਦਾ ਫੜਿਆ ਗਿਆ ਤਾਂ ਉਸ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਇੰਸਪੈਕਟਰ ਦੀਪਕ ਕੁਮਾਰ ਤੇ ਕੁਲਵੰਤ ਸਿੰਘ ਹਾਜ਼ਰ ਸਨ।

## ਗਿਆਨਦੀਪ ਮੰਚ ਵੱਲੋਂ ਉੱਘੇ ਮਰਹੂਮ ਕਵੀ ਬਲਬੀਰ ਜਲਾਲਾਬਾਦੀ ਦੀ ਯਾਦ ਨੂੰ ਸਮਰਪਿਤ ਸਮਾਗਮ



ਪਟਿਆਲਾ, 20 ਜਨਵਰੀ (ਚ.ਨ.ਸ.) : ਗਿਆਨਦੀਪ ਸਾਹਿਤ ਸਾਧਨਾ ਮੰਚ (ਰਜਿ) ਪਟਿਆਲਾ ਵੱਲੋਂ ਭਾਸ਼ਾ ਵਿਭਾਗ ਦੇ ਸੈਮੀਨਾਰ ਹਾਲ ਵਿੱਚ ਵਿੱਛੜੇ ਕਵੀ ਬਲਬੀਰ ਜਲਾਲਾਬਾਦੀ (ਸਾਬਕਾ ਜਨਰਲ ਸਕੱਤਰ ਗਿਆਨਦੀਪ ਮੰਚ) ਦੀ ਯਾਦ ਨੂੰ ਸਮਰਪਿਤ ਇੱਕ ਸਾਹਿਤਕ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਕਰਦਿਆਂ ਮੰਚ ਦੇ ਸਕੱਤਰ ਗੁਰਚਰਨ ਸਿੰਘ ਚੰਨ ਪਟਿਆਲਵੀ ਨੇ ਬਲਬੀਰ ਜਲਾਲਾਬਾਦੀ ਦੇ ਜੀਵਨ ਅਤੇ ਸਾਹਿਤਕ ਸਫ਼ਰ ਬਾਰੇ ਚਾਨਣਾ ਪਾਇਆ।ਪ੍ਰਧਾਨਗੀ ਭਾਸ਼ਣ ਦਿੰਦਿਆਂ ਡਾ ਜੀ ਐਸ ਆਨੰਦ ਦਾ ਕਥਨ ਸੀ ਕਿ ਬਲਬੀਰ ਜਲਾਲਾਬਾਦੀ ਇੱਕ ਵਿਅਕਤੀ ਨਹੀਂ ਇੱਕ ਸੰਸਥਾ ਸੀ, ਜਿਸ ਨੇ ਗਿਆਨਦੀਪ ਮੰਚ ਨੂੰ ਪੱਕੇ ਪੈਰੀਂ ਕੀਤਾ। ਮੰਚ ਦੇ ਸੀਨੀਅਰ ਮੀਤ ਪ੍ਰਧਾਨ ਕੁਲਵੰਤ ਸਿੰਘ ਨਾਰੀਕੇ ਨੇ ਕਿਹਾ ਕਿ ਜਲਾਲਾਬਾਦੀ ਮੰਚ ਦਾ ਧੁਰਾ ਸੀ,ਜਿਸ ਨੇ ਨਿੱਜ ਤੋਂ ਉਪਰ ਉੱਠ ਕੇ ਸੰਸਥਾ ਲਈ ਕੰਮ ਕੀਤਾ। ਡਾ. ਅਰਵਿੰਦਰ ਕੌਰ ਕਾਕੜਾ ਬਲਬੀਰ ਜਲਾਲਾਬਾਦੀ ਬਾਰੇ ਬੋਲਦਿਆਂ ਕਿਹਾ ਕਿ ਉਹ ਇੱਕ ਸੂਖਮ ਸ਼ਾਇਰ ਸੀ ਜੋ ਹਮੇਸ਼ਾ ਪ੍ਰਗਤੀਵਾਦੀ, ਆਧੁਨਿਕਤਾਵਾਦੀ ਅਤੇ ਜਨਵਾਦੀ ਵਿਚਾਰਧਾਰਾ ਨਾਲ ਪ੍ਰਤੀਬੱਧ ਰਿਹਾ ਹੈ। ਡਾ. ਇਕਬਾਲ ਸੋਮੀਆਂ ਨੇ ਕਿਹਾ ਜਲਾਲਾਬਾਦੀ ਦੀ ਕਵਿਤਾ ਮਾਨਵਵਾਦੀ ਸੀ। ਧਰਮ ਸਿੰਘ ਕੰਮੇਆਣਾ ਨੇ ਕਿਹਾ ਕਿ ਜਲਾਲਾਬਾਦੀ ਲਿਤਾੜੇ ਗਏ ਲੋਕਾਂ ਦੇ ਅਹਿਸਾਸਾਂ ਨੂੰ ਕਵਿਤਾ ਦਾ ਰੂਪ ਦਿੰਦਾ ਸੀ। ਮਹੇਸ਼ ਗੌਤਮ, ਸੁਖਦੇਵ ਸਿੰਘ ਸ਼ਾਂਤ, ਬਚਨ ਸਿੰਘ ਗੁਰਮ, ਅਵਤਾਰਜੀਤ ਅਟਵਾਲ, ਹਰਜੀਤ ਕੈਂਥ ਅਤੇ ਨਵਦੀਪ ਮੁੰਡੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਬਲਬੀਰ ਜਲਾਲਾਬਾਦੀ ਦੀ ਧਰਮ ਪਤਨੀ ਗੁਰਦਰਸ਼ਨ ਕੌਰ, ਬੇਟੀ ਮਨਮਿੰਦਰ ਕੌਰ, ਭਰਾ ਨਛੱਤਰ ਸਿੰਘ ਅਤੇ ਜਸਵਿੰਦਰ ਪਾਲ ਕੌਰ ਵੀ ਇਸ ਸਮਾਗਮ ਵਿੱਚ ਸ਼ਾਮਲ ਹੋਏ।ਕਵਿਤਾ ਦੇ ਸੈਸ਼ਨ ਵਿੱਚ ਹਾਜ਼ਰ ਨਾਮਵਰ ਕਵੀਆਂ ਵਿੱਚੋਂ ਕੁਲਵੰਤ ਸੈਦੋਕੇ, ਦਰਸ਼ਨ ਸਿੰਘ ਦਰਸ਼ ਪਸਿਆਣਾ, ਗੁਰਪ੍ਰੀਤ ਢਿੱਲੋਂ, ਜਸਵਿੰਦਰ ਖਾਰਾ, ਪਰਮਿੰਦਰ ਸ਼ੋਖ, ਕ੍ਰਿਪਾਲ ਮੂਣਕ, ਮਨਮੋਹਨ ਨਾਭਾ, ਨਰਿੰਦਰਪਾਲ ਕੌਰ, ਗੁਰਦਰਸ਼ਨ ਗੁਸੀਲ, ਤੇਜਿੰਦਰ ਅਨਜਾਨਾ, ਮੰਗਤ ਖਾਨ, ਕੁਲਦੀਪ ਕੌਰ ਧੰਜੂ, ਬਲਬੀਰ ਸਿੰਘ ਦਿਲਦਾਰ, ਕ੍ਰਿਸ਼ਨ ਧੀਮਾਨ, ਜਸਵਿੰਦਰ ਕੌਰ, ਸੁਖਵਿੰਦਰ ਕੌਰ ਸੁੱਖ, ਮਨਦੀਪ ਮੈਂਡੀ,ਆਸ਼ਾ ਸ਼ਰਮਾ,ਡਾ. ਮੰਜੂ ਮਿੱਢਾ ਅਰੋੜਾ, ਰਾਮ ਸਿੰਘ ਬੰਗ,ਵਿਜੇ ਕੁਮਾਰ,ਸਾਮ ਸਿੰਘ ਪ੍ਰੇਮ, ਹਰਜੀਤ ਕੌਰ, ਕਿਰਨ ਸਿੰਗਲਾ ਨੇ ਰਚਨਾਵਾਂ ਪੇਸ਼ ਕੀਤੀਆਂ।

## ਚਾਈਨਾ ਡੋਰ ਵੇਚਣ ਵਾਲਿਆਂ ਖ਼ਿਲਾਫ਼ ਹੋਵੇਗੀ ਕਾਰਵਾਈ : ਜੈਦੀਪ ਸ਼ਰਮਾ



ਘਨੌਰ, 20 ਜਨਵਰੀ (ਮਦਨ ਲਾਲ) : ਬੇਸ਼ਕ ਨੈਸ਼ਨਲ ਗਰੀਨ ਟ੍ਰਿਬਿਊਨਲ ਵੱਲੋਂ ਜਾਰੀ ਆਦੇਸ਼ਾਂ ਵਾਤਾਵਰਨ (ਸੁਰੱਖਿਆ) ਐਕਟ 1986 ਤਹਿਤ ਸੂਬਾ ਸਰਕਾਰ ਵੱਲੋਂ ਚਾਈਨਾ, ਨਾਈਲੋਨ ਅਤੇ ਸਿੰਥੈਟਿਕ ਡੋਰ ਆਦਿ ਦੀ ਵਰਤੋਂ 'ਤੇ ਰੋਕ ਲਗਾਈ ਹੋਈ ਹੈ। ਇਸ ਸਬੰਧ ਵਿਚ ਥਾਣਾ ਖੇੜੀ ਗੰਡਿਆ ਦੇ ਐਸ. ਐਚ. ਓ. ਜੈਦੀਪ ਸ਼ਰਮਾ ਦਾ ਕਹਿਣਾ ਹੈ ਕਿ ਉਚ ਅਧਿਕਾਰੀਆਂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪੁਲਿਸ ਵੱਲੋਂ ਇਸ ਪਾਬੰਦੀਸ਼ੁਦਾ ਚਾਈਨਾ ਡੋਰ ਦੇ ਖ਼ਿਲਾਫ਼ ਮੁਹਿੰਮ ਵਿੱਢੀ ਹੋਈ ਹੈ ਅਤੇ ਪੁਲਿਸ ਵੱਲੋਂ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ। ਉਨ੍ਹਾਂ ਚਾਈਨਾ ਡੋਰ ਵੇਚਣ ਵਾਲਿਆਂ ਨੂੰ ਸਖਤ ਚੇਤਾਵਨੀ ਦਿੰਦਿਆਂ ਕਿਹਾ ਕਿ ਇਸ ਡੋਰ ਨੂੰ ਵੇਚਣ ਵਾਲਿਆਂ ਵਿਰੁੱਧ ਸ਼ਖ਼ਤ ਤੋਂ ਸਖਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਚਾਇਨਾ ਡੋਰ ਵੇਚਣ ਵਾਲਿਆਂ ਦੀ ਸੂਚਨਾ ਪੁਲਿਸ ਨੂੰ ਦੇਣ, ਉਨ੍ਹਾਂ ਦਾ ਨਾਮ ਵੀ ਗੁਪਤ ਰੱਖਿਆ ਜਾਵੇਗਾ। ਬਸੰਤ ਪੰਚਮੀ ਦੇ ਤਿਉਹਾਰ ਮੌਕੇ ਚਾਈਨਾ ਡੋਰ ਨਾਲ ਵਾਪਰਨ ਵਾਲੀਆਂ ਮੰਦਭਾਗੀਆਂ ਘਟਨਾਵਾਂ ਦੀ ਗਿਣਤੀ ਵਧ ਜਾਂਦੀ ਹੈ। ਕੁਝ ਨੌਜਵਾਨ ਪਤੰਗਬਾਜ਼ ਚਾਈਨਾ ਡੋਰ ਦੀ ਵਰਤੋਂ ਕਰਕੇ ਪਤੰਗਬਾਜ਼ੀ ਕਰਨ ਵਿਚ ਫਖਰ ਮਹਿਸੂਸ ਕਰਦੇ ਹਨ।ਜਾਨਲੇਵਾ ਡੋਰ 'ਤੇ ਪੂਰਨ ਪਾਬੰਦੀ ਲੱਗਣੀ ਚਾਹੀਦੀ ਹੈ।

## 10 ਗੱਟੇ ਚਾਈਨਾ ਡੋਰ ਦੇ ਬ੍ਰਾਮਦ

ਪਟਿਆਲਾ, 20 ਜਨਵਰੀ (ਵਿਨੋਦ ਸ਼ਰਮਾ) : ਥਾਣਾ ਬਖਸ਼ੀਵਾਲਾ ਪੁਲਿਸ ਨੇ ਕਥਿਤ ਦੋਸ਼ੀ ਸੋਨੂੰ ਸਿੰਗਲਾ ਪੁੱਤਰ ਸੈਨ ਸਿੰਗਲਾ ਵਾਸੀ ਗਲੀ ਨੰ. 30 ਅਨੰਦ ਨਗਰ-ਬੀ ਪਟਿਆਲਾ ਵਿਰੁੱਧ ਧਾਰਾ 223 ਬੀਐਨਐਸ ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਬਲਵਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਪਿੰਡ ਰੋਣੀ ਪਾਸ ਮੌਜੂਦ ਸੀ, ਜੋ ਮੁਖਬਰ ਦੀ ਇਤਲਾਹ ਪਰ ਸਪਰਿੰਗ ਫੀਲਡ ਪੈਲੇਸ ਪਾਸ ਨਾਕਾਬੰਦੀ ਕਰਕੇ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 10 ਗੱਟੇ ਚਾਈਨਾ ਡੋਰ ਦੇ ਬ੍ਰਾਮਦ ਹੋਏ।

## ਕਿਸਾਨ ਯੂਨੀਅਨ ਸ਼ਾਦੀਪੁਰ ਵੱਲੋਂ ਮਹੀਨਾਵਰ ਮੀਟਿੰਗ



ਸਨੌਰ, 20 ਜਨਵਰੀ (ਗੁਰਜੀਤ ਸਿੰਘ ਢੋਟ) : ਅੱਜ ਭਾਰਤ ਕਿਸਾਨ ਯੂਨੀਅਨ ਸ਼ਾਦੀਪੁਰ ਦੀ ਮਹੀਨਾਵਾਰ ਮੀਟਿੰਗ ਗੁਰਦੁਆਰਾ ਸ੍ਰੀ ਦੁਖਨਿਵਾਰਨ ਸਾਹਿਬ ਵਿਖੇ ਭੁਪਿੰਦਰ ਸਿੰਘ ਸ਼ੰਕਰਪੁਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜਥੇਬੰਦੀ ਦੇ ਪ੍ਰਧਾਨ ਤੇ ਐਸਕੇਐਮ ਦੇ ਆਗੂ ਬੂਟਾ ਸਿੰਘ ਸ਼ਾਦੀਪੁਰ ਸਾਰੇ ਜ਼ਿਲ੍ਹੇ ਦੇ ਵਿੱਚੋਂ ਵੱਡੇ ਪੱਧਰ 'ਤੇ ਸਾਥੀਆਂ ਨੇ ਹਾਜ਼ਰੀ ਭਰੀ, ਜਿਸ ਵਿੱਚ 26 ਜਨਵਰੀ ਨੂੰ ਐਸਕੇਐਮ ਦੇ ਫੈਸਲੇ ਅਨੁਸਾਰ ਜੋ ਟਰੈਕਟਰ ਮਾਰਚ ਕੀਤੇ ਜਾਣੇ ਨੇ ਉਹਦੇ ਸੰਬੰਧ ਵਿੱਚ ਸਾਰੇ ਹੀ ਸਾਥੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਤੇ ਵੱਡੇ ਪੱਧਰ ਦੇ ਉੱਤੇ ਸਾਰਿਆਂ ਨੂੰ ਇਹੀ ਆਦੇਸ਼ ਦਿੱਤਾ ਗਿਆ ਕਿ 26 ਜਨਵਰੀ ਨੂੰ ਵੱਡੇ ਪੱਧਰ 'ਤੇ ਪਿੰਡਾਂ ਵਿੱਚੋਂ ਟਰੈਕਟਰ ਕੱਢ ਕੇ ਸੜਕਾਂ ਦੇ ਉੱਤੇ ਲਿਆਂਦੇ ਜਾਣ ਜਾ ਕੇ ਕੇਂਦਰ ਸਰਕਾਰ ਦੇ ਪੰਜਾਬ ਸਰਕਾਰ ਨੂੰ ਇਹ ਪਤਾ ਲੱਗੇ ਕਿ ਕਿਸਾਨ ਅੱਜ ਵੀ ਉਸੇ ਤਰ੍ਹਾਂ ਹੀ ਆਪਣੀ ਲੜਾਈ ਲੜਕੇ ਆਪਣੇ ਮਸਲੇ ਇਸ ਮੌਕੇ ਤੇ ਕੈਪਟਨ ਮੇਜਰ ਸਿੰਘ ਲੱਖਾ ਸਿੰਘ ਸੰਧੂ ਹਾਕਮ ਸਿੰਘ ਬੂਹੀ ਪ੍ਰਭਦੀਪ ਸਿੰਘ ਐਡਵੋਕੇਟ ਲਲਿਤ ਸ਼ਰਮਾ ਗੁਰਪ੍ਰੀਤ ਸਿੰਘ ਡਡੋਆ ਕੁਲਵਿੰਦਰ ਸਿੰਘ ਪਾਲਾ ਸਿੰਘ ਭਗਵੰਤ ਸਿੰਘ ਜਰਨੈਲ ਸਿੰਘ ਗੁਰਮੀਤ ਬਾਜਵਾ ਲੱਖਾ ਸਿੰਘ ਉੱਪਲੀ ਦਰਸ਼ਨ ਸਿੰਘ ਉਪਲੀ ਨਵਜੀਤ ਸਿੰਘ ਅਬਦੁਲਪੁਰ ਹਰਿੰਦਰ ਸਿੰਘ ਗੁਰਪ੍ਰੀਤ ਸਿੰਘ ਇਹ ਤਿੰਨ ਨੌਜਵਾਨ ਨਵੇਂ ਸ਼ਾਮਿਲ ਕੀਤੇ ਗਏ ਜਥੇਬੰਦੀ ਦੇ ਇਸ ਮੌਕੇ 'ਤੇ ਹੋਰ ਵੀ ਬਹੁਤ ਸਾਰੇ ਸਾਥੀ ਹਾਜ਼ਰ ਸਨ।

## ਪੀ.ਆਰ.ਟੀ.ਸੀ. 'ਚ ਕੰਮ ਕਰਦੀਆਂ ਪੰਜ ਜਥੇਬੰਦੀਆਂ ਵੱਲੋਂ ਸਰਕਾਰ ਵਿਰੁੱਧ 22 ਨੂੰ ਰੋਸ ਰੈਲੀ

ਪਟਿਆਲਾ, 20 ਜਨਵਰੀ (ਚ.ਨ.ਸ.): ਪੀ.ਆਰ.ਟੀ.ਸੀ. ਵਿੱਚ ਕੰਮ ਕਰਦੀਆਂ ਪੰਜ ਜਥੇਬੰਦੀਆਂ ਸਬੰਧਤ ਏਟਕ, ਇੰਟਕ, ਐਸ.ਸੀ.ਬੀ.ਸੀ., ਸੀਟੂ ਅਤੇ ਰਿਟਾਇਰਡ ਵਰਕਰਜ਼ ਭਾਈਚਾਰਾ ਯੂਨੀਅਨ ਏਟਕ ਦੀ ਸਾਂਝੀ ਐਕਸ਼ਨ ਕਮੇਟੀ ਨੇ ਪੰਜਾਬ ਸਰਕਾਰ ਅਤੇ ਮੈਨੇਜਮੈਂਟ ਵੱਲੋਂ ਹਰ ਮਹੀਨੇ ਤਨਖਾਹ—ਪੈਨਸ਼ਨ ਅਤੇ ਹੋਰ ਮਹੱਤਵਪੂਰਨ ਮਸਲਿਆਂ ਦੀ ਜਿਵੇਂ ਅਣਦੇਖੀ ਕਰਕੇ ਵਰਕਰਾਂ ਨੂੰ ਆਰਥਕ ਤੌਰ 'ਤੇ ਖੱਜਲ ਖੁਆਰ ਕੀਤਾ ਜਾਦਾ ਹੈ। ਉਸਦੇ ਵਿਰੋਧ ਵਿੱਚ ਮਿਤੀ 22—1—2026 ਨੂੰ ਨਵਾਂ ਬੱਸ ਸਟੈਂਡ ਪਟਿਆਲਾ ਵਿਖੇ ਰੋਹ ਭਰਪੂਰ ਰੋਸ ਰੈਲੀ ਕੀਤੀ ਜਾ ਰਹੀ ਹੈ ਅਤੇ ਸਰਕਾਰ ਦਾ ਪੁੱਤਲਾ ਫੂਕਿਆ ਜਾਵੇਗਾ ਅਤੇ ਬੱਸ ਸਟੈਂਡ ਵਿੱਚ ਮਾਰਚ ਕਰਕੇ ਹਜਾਰਾਂ ਦੀ ਗਿਣਤੀ ਵਿੱਚ ਆਉਂਦੇ ਜਾਂਦੇ ਯਾਤਰੀਆਂ ਨੂੰ ਸਰਕਾਰ ਦੇ ਮੁਲਾਜਮ—ਮਜਦੂਰ ਵਿਰੋਧੀ ਚਿਹਰੇ ਨੂੰ ਬੇਨਕਾਬ ਕੀਤਾ ਜਾਵੇਗਾ।ਜਾਣਕਾਰੀ ਦਿੰਦਿਆ ਐਕਸ਼ਨ ਕਮੇਟੀ ਦੇ ਕਨਵੀਨਰ ਨਿਰਮਲ ਸਿੰਘ ਧਾਲੀਵਾਲ ਅਤੇ ਮੈਂਬਰਾਨ ਸਰਬ ਸ੍ਰੀ ਬਲਦੇਵ ਰਾਜ ਬੱਤਾ, ਰਾਕੇਸ਼ ਕੁਮਾਰ ਦਾਤਾਰਪੁਰੀ, ਤਰਸੇਮ ਸਿੰਘ ਅਤੇ ਮੁਹੰਮਦ ਖਲੀਲ ਨੇ ਦੱਸਿਆ ਕਿ ਪੀ.ਆਰ.ਟੀ.ਸੀ. ਵਿੱਚ ਕੰਮ ਕਰਦੇ ਮਿਹਨਤਕਸ਼ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਪੈਨਸ਼ਨਾਂ ਨੂੰ ਹਰ ਮਹੀਨੇ ਲੇਟ ਕਰਦੀ ਆ ਰਹੀ ਹੈ।

## ਪੰਜਾਬ ਪਬਲਿਕ ਸਕੂਲ ਨਾਭਾ ਦੇ ਰਾਈਡਰਜ਼ ਡਰੀਮ ਅਲਾਇੰਸ ਸੀਜ਼ਨ-5 ਦੇ ਸ਼ੋਅਜੰਪਿੰਗ 'ਚ ਬਣੇ ਓਵਰਆਲ ਚੈਂਪੀਅਨ



ਨਾਭਾ, 20 ਜਨਵਰੀ (ਗੁਰਚਰਨ ਸਿੰਘ ਚੌਧਰੀਮਾਜਰਾ/ਬਲਜਿੰਦਰ ਮਾਨ) : ਪੰਜਾਬ ਪਬਲਿਕ ਸਕੂਲ ਨਾਭਾ ਦੇ ਰਾਈਡਰਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਡ੍ਰੀਮ ਅਲਾਇੰਸ ਸੀਜ਼ਨ-5 ਵਿੱਚ ਸ਼ੋਅਜੰਪਿੰਗ ਵਿੱਚ ਓਵਰਆਲ ਪਹਿਲਾ ਸਥਾਨ ਹਾਸਲ ਕੀਤਾ। ਇਸ ਵੱਕਾਰੀ ਘੋੜਸਵਾਰੀ ਈਵੈਂਟ ਦਾ ਇਨਾਮ ਵੰਡ ਸਮਾਰੋਹ 19 ਜਨਵਰੀ, 2026 ਨੂੰ ਪੰਜਾਬ ਪਬਲਿਕ ਸਕੂਲ ਨਾਭਾ ਕੈਂਪਸ ਵਿੱਚ ਆਯੋਜਿਤ ਕੀਤਾ ਗਿਆ। ਪ੍ਰਸਿੱਧ ਸਕੂਲਾਂ ਅਤੇ ਸੰਸਥਾਵਾਂ ਦੀਆਂ ਬਾਰਾਂ ਟੀਮਾਂ ਨੇ ਮੁਕਾਬਲੇ ਵਿੱਚ ਹਿੱਸਾ ਲਿਆ। ਪੀਪੀਐਸ ਰਾਈਡਰਜ਼ ਨੇ ਸ਼ੋਅਜੰਪਿੰਗ ਈਵੈਂਟਸ ਵਿੱਚ ਦਬਦਬਾ ਬਣਾਇਆ ਅਤੇ ਕੁੱਲ ਮਿਲਾ ਕੇ ਸਿਖਰਲਾ ਸਥਾਨ ਹਾਸਲ ਕੀਤਾ। ਪੰਜਾਬ ਪਬਲਿਕ ਸਕੂਲ ਨਾਭਾ ਨੇ ਦੋ ਸੋਨ, ਤਿੰਨ ਚਾਂਦੀ ਅਤੇ ਚਾਰ ਕਾਂਸੀ ਦੇ ਤਗਮੇ ਸਮੇਤ ਪ੍ਰਭਾਵਸ਼ਾਲੀ ਕੁੱਲ ਨੌਂ ਤਗਮੇ ਜਿੱਤੇ। ਲਵਿੰਦਰ ਸਿੰਘ ਨੇ ਇੱਕ ਸੋਨ ਅਤੇ ਇੱਕ ਕਾਂਸੀ ਦਾ ਤਗਮਾ ਜਿੱਤਿਆ, ਜਦੋਂਕਿ ਕੰਵਰ ਜੈਦੀਪ ਸਿੰਘ ਨੇ ਵੀ ਇੱਕ ਸੋਨ ਅਤੇ ਇੱਕ ਕਾਂਸੀ ਦਾ ਤਗਮਾ ਜਿੱਤਿਆ। ਧਨਵੀਰ ਸਿੰਘ ਨੇ ਦੋ ਚਾਂਦੀ ਦੇ ਤਗਮੇ, ਜੁਝਾਰਵੀਰ ਸਿੰਘ ਨੇ ਇੱਕ ਚਾਂਦੀ ਦਾ ਤਗਮਾ ਅਤੇ ਬੀਰਕੁੰਵਰ ਸਿੰਘ ਨੇ ਦੋ ਕਾਂਸੀ ਦੇ ਤਗਮੇ ਜਿੱਤ ਕੇ ਸੂਚੀ ਵਿੱਚ ਵਾਧਾ ਕੀਤਾ। ਇਸ ਮੌਕੇ 'ਤੇ ਹੈਡਮਾਸਟਰ ਡਾ. ਡੀ.ਸੀ. ਸ਼ਰਮਾ ਨੇ ਡ੍ਰੀਮ ਅਲਾਇੰਸ ਦੇ ਅਧਿਕਾਰੀਆਂ ਅਤੇ ਅਹੁਦੇਦਾਰਾਂ ਨੂੰ ਵੀ ਸਨਮਾਨਿਤ ਕੀਤਾ।

## ਕਮਾਂਡੋਜ਼ ਨੂੰ ਦਿੱਤੀ ਆਫ਼ਤ ਪ੍ਰਬੰਧਨ, ਫਸਟ ਏਡ ਤੇ ਫਾਇਰ ਸੇਫਟੀ ਦੀ ਟ੍ਰੇਨਿੰਗ



ਪਟਿਆਲਾ, 20 ਜਨਵਰੀ (ਚ.ਨ.ਸ.) : ਪੰਜਾਬ ਪੁਲਿਸ ਕਮਾਂਡੋਜ਼ ਟ੍ਰੇਨਿੰਗ ਸੈਂਟਰ ਬਹਾਦਰਗੜ੍ਹ ਕਿਲਾ ਵਿਖੇ ਕਮਾਂਡੋਜ਼ ਨੂੰ ਆਫ਼ਤ ਪ੍ਰਬੰਧਨ, ਸਿਵਲ ਡਿਫੈਂਸ, ਫਸਟ ਏਡ, ਸੀ ਪੀ ਆਰ, ਫਾਇਰ ਸੇਫਟੀ, ਸਿਲੰਡਰਾਂ ਦੀ ਵਰਤੋਂ ਬਾਰੇ ਟ੍ਰੇਨਿੰਗ ਦੇਣ ਲਈ ਵਿਸ਼ੇਸ਼ ਕੈਂਪ ਲਗਾਇਆ। ਡੀ ਐਸ ਪੀ ਸ਼੍ਰੀ ਹਰਦੀਪ ਸਿੰਘ ਬਡੂੰਗਰ ਨੇ ਦੱਸਿਆ ਕਿ ਇਸ ਮੌਕੇ ਆਫ਼ਤ ਪ੍ਰਬੰਧਨ, ਫਸਟ ਏਡ ਟ੍ਰੇਨਰ ਸ਼੍ਰੀ ਕਾਕਾ ਰਾਮ ਵਰਮਾ ਨੇ ਕਮਾਂਡੋਜ਼ ਨੂੰ ਦਸਿਆ ਕਿ ਆਪਦਾਵਾਂ ਕੁਦਰਤੀ, ਮੌਸਮੀ ਅਤੇ ਮਨੁੱਖੀ ਢੰਗ ਤਰੀਕਿਆਂ ਨਾਲ ਆ ਰਹੀਆਂ ਹਨ। ਛੋਟੀ ਅਪਦਾ ਤਾਂ ਘਰਾਂ, ਅਦਾਰਿਆਂ, ਸੜਕਾਂ, ਫੈਕਟਰੀਆਂ ਵਿਖੇ ਹਰਰੋਜ ਆਕੇ ਜਾਂਨੀ ਅਤੇ ਮਾਲੀ ਨੁਕਸਾਨ ਕਰ ਰਹੀਆਂ ਹਨ ਜਦਕਿ ਜੰਗਾਂ ਅਤੇ ਕੁਦਰਤੀ ਮੌਸਮੀ ਆਪਦਾਵਾਂ ਭਾਰੀ ਗਿਣਤੀ ਵਿੱਚ, ਹਜ਼ਾਰਾਂ, ਲੱਖਾਂ ਜ਼ਿੰਦਗੀਆਂ ਅਤੇ ਪ੍ਰਾਪਰਟੀਆਂ ਦੀ ਤਬਾਹੀਆਂ ਕਰ ਰਹੀਆਂ ਹਨ। ਸਾਬਕਾ ਫਾਇਰ ਅਫ਼ਸਰ ਜਤਿੰਦਰਪਾਲ ਸਿੰਘ ਨੇ ਅੱਗਾਂ ਦੀਆਂ ਕਿਸਮਾਂ ਅਨੁਸਾਰ ਪਾਣੀ, ਮਿੱਟੀ, ਅੱਗ ਨੂੰ ਭੁੱਖਾ ਮਾਰਨਾ ਅਤੇ 4 ਪ੍ਰਕਾਰ ਦੇ ਸਿਲੰਡਰਾਂ ਦੀ ਵਰਤੋਂ ਬਾਰੇ ਟ੍ਰੇਨਿੰਗ ਦਿੱਤੀ।ਏ ਐਸ ਆਈ ਰਾਮ ਸਰਨ ਟਰੈਫਿਕ ਸਿਖਿਆ ਸੈਲ ਨੇ ਰਾਸ਼ਟਰੀ ਸੜਕ ਸੁਰੱਖਿਆ ਜਾਗਰੂਕਤਾ ਮਹੀਨੇ ਦੀ ਮਹੱਤਤਾ ਦੱਸੀ। ਡੀ ਆਈ ਜੀ ਕਮ ਕਮਾਂਡੈਂਟ ਗੁਰਪ੍ਰੀਤ ਸਿੰਘ ਵਲੋਂ ਆਏ ਵਿਸ਼ਾ ਮਾਹਿਰਾਂ ਦਾ ਸਨਮਾਨ ਕੀਤਾ ਗਿਆ। ਇੰਸਪੈਕਟਰ ਪਲਵਿੰਦਰ ਸਿੰਘ ਨੇ ਧੰਨਵਾਦ ਕੀਤਾ।

## ਮੈਂਬਰ ਪਾਰਲੀਮੈਂਟ ਡਾ. ਅਮਰ ਸਿੰਘ ਦੀ ਅਗਵਾਈ ਹੇਠ 'ਦਿਸ਼ਾ' ਕਮੇਟੀ ਦੀ ਮੀਟਿੰਗ




ਮਲੇਰਕੋਟਲਾ, 20 ਜਨਵਰੀ (ਚ.ਨ.ਸ.) : ਮਾਲੇਰਕੋਟਲਾ ਜ਼ਿਲ੍ਹੇ ਵਿੱਚ ਚੱਲ ਰਹੀਆਂ ਕੇਂਦਰ ਸਰਕਾਰ ਦੀਆਂ ਵੱਖ-ਵੱਖ ਲੋਕ-ਹਿਤੈਸ਼ੀ ਸਕੀਮਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਜ਼ਿਲ੍ਹਾ ਵਿਕਾਸ ਤਾਲਮੇਲ ਅਤੇ ਨਿਗਰਾਨੀ ਕਮੇਟੀ (ਦਿਸ਼ਾ) ਦੀ ਇੱਕ ਮਹੱਤਵਪੂਰਨ ਮੀਟਿੰਗ ਫਤਿਹਗੜ੍ਹ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਡਾ. ਅਮਰ ਸਿੰਘ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤੀ ਗਈ। ਮੀਟਿੰਗ ਦੀ ਅਗਵਾਈ ਕਰਦਿਆਂ ਡਾ. ਅਮਰ ਸਿੰਘ ਨੇ ਜ਼ਿਲ੍ਹੇ ਵਿੱਚ ਚੱਲ ਰਹੀਆਂ ਸਾਰੀਆਂ ਕੇਂਦਰੀ ਸਕੀਮਾਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ ਅਤੇ ਅਧਿਕਾਰੀਆਂ ਨੂੰ ਸਪੱਸ਼ਟ ਹਦਾਇਤ ਕੀਤੀ ਕਿ ਸਰਕਾਰ ਦੀਆਂ ਲੋਕ-ਕਲਿਆਣਕਾਰੀ ਯੋਜਨਾਵਾਂ ਦਾ ਲਾਭ ਹਰੇਕ ਯੋਗ ਲਾਭਪਾਤਰੀ ਤੱਕ ਹਰ ਹਾਲਤ ਵਿੱਚ ਪਹੁੰਚਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਕੋਈ ਵੀ ਨਾਗਰਿਕ ਸਿਰਫ਼ ਲਾਪਰਵਾਹੀ ਜਾਂ ਪ੍ਰਬੰਧਕੀ ਕਮਜ਼ੋਰੀ ਕਾਰਨ ਸਰਕਾਰੀ ਸਹੂਲਤਾਂ ਤੋਂ ਵਾਂਝਾ ਨਾ ਰਹਿ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਵਿਕਾਸ ਕੰਮਾਂ ਲਈ ਜਾਰੀ ਕੀਤੇ ਗਏ ਫੰਡਾਂ ਦੀ ਪੂਰੀ ਪਾਰਦਰਸ਼ੀ ਅਤੇ ਯੋਗ ਵਰਤੋਂ ਯਕੀਨੀ ਬਣਾਈ ਜਾਵੇ ਅਤੇ ਚੱਲ ਰਹੇ ਪ੍ਰਾਜੈਕਟਾਂ ਨੂੰ ਤਹਿ ਸਮੇਂ ਸੀਮਾਂ ਅੰਦਰ ਮੁਕੰਮਲ ਕੀਤਾ ਜਾਵੇ। ਉਨ੍ਹਾਂ ਸਪੱਸ਼ਟ ਕੀਤਾ ਕਿ ਵਿਕਾਸ ਕੰਮਾਂ ਵਿੱਚ ਬੇਵਜ੍ਹਾ ਦੇਰੀ, ਲਾਪਰਵਾਹੀ ਜਾਂ ਗੁਣਵੱਤਾ ਨਾਲ ਸਮਝੌਤਾ ਕਿਸੇ ਵੀ ਕੀਮਤ 'ਤੇ ਨਹੀਂ ਕੀਤਾ ਜਾਵੇਗਾ। ਡਾ. ਅਮਰ ਸਿੰਘ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਉਣ ਵਾਲੇ ਵਿਕਾਸ ਕਾਰਜਾਂ ਲਈ ਨਵੇਂ ਪ੍ਰੋਪੋਜ਼ਲ ਤਿਆਰ ਕਰਕੇ ਭੇਜਣ ਲਈ ਕਿਹਾ, ਤਾਂ ਜੋ ਸਰਕਾਰ ਤੋਂ ਹੋਰ ਫੰਡ ਪ੍ਰਾਪਤ ਕਰਕੇ ਇਲਾਕੇ ਦੇ ਵਿਕਾਸ ਨੂੰ ਹੋਰ ਗਤੀ ਦਿੱਤੀ ਜਾ ਸਕੇ। ਉਨ੍ਹਾਂ ਅਧਿਕਾਰੀਆਂ ਨੂੰ ਆਪਣੇ ਪੱਧਰ 'ਤੇ ਕੰਮਾਂ ਦੀ ਮੌਕੇ 'ਤੇ ਜਾ ਕੇ ਨਿਗਰਾਨੀ ਕਰਨ ਅਤੇ ਕੁਦਰਤੀ ਸਰੋਤਾਂ ਦੀ ਸੰਭਾਲ ਲਈ ਲੋਕਾਂ ਨੂੰ ਜਾਗਰੂਕ ਕਰਨ ਦਾ ਵੀ ਸੱਦਾ ਦਿੱਤਾ। ਮੀਟਿੰਗ ਦੌਰਾਨ ਉਨ੍ਹਾਂ ਸੰਸਦੀ ਖੇਤਰ ਦੇ ਲੋਕਾਂ ਨਾਲ ਸੰਬੰਧਿਤ ਸਮੱਸਿਆਵਾਂ ਵੀ ਸੁਣੀਆਂ ਅਤੇ ਸਬੰਧਤ ਵਿਭਾਗਾਂ ਨੂੰ ਤੁਰੰਤ ਨਿਪਟਾਰੇ ਲਈ ਹਦਾਇਤਾਂ ਜਾਰੀ ਕੀਤੀਆਂ। ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਨੇ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਕੇਂਦਰ ਸਰਕਾਰ ਦੀਆਂ ਸਾਰੀਆਂ ਸਕੀਮਾਂ ਨੂੰ ਜ਼ਮੀਨੀ ਪੱਧਰ 'ਤੇ ਸਫਲਤਾ ਨਾਲ ਲਾਗੂ ਕਰਨ ਲਈ ਪੂਰੀ ਤਨਦੇਹੀ, ਇਮਾਨਦਾਰੀ ਅਤੇ ਜ਼ਿੰਮੇਵਾਰੀ ਨਾਲ ਕੰਮ ਕਰ ਰਿਹਾ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਿੰਪੀ ਗਰਗ, ਐਸ.ਪੀ.(ਪੀ.ਬੀ.ਆਈ) ਰਾਜਵਿੰਦਰ ਸਿੰਘ ਰੰਧਾਵਾ, ਐਸ. ਡੀ. ਐਮ.ਮਾਲੇਰਕੋਟਲਾ /ਅਹਿਮਦਗੜ੍ਹ ਗੁਰਮੀਤ ਕੁਮਾਰ ਬਾਂਸਲ, ਕਾਰਜ ਸਾਧਕ ਅਫ਼ਸਰ ਚੰਦਰ ਪ੍ਰਕਾਸ਼ ਵਧਵਾ, ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਮੁਕਲ ਬਾਵਾ, ਐਕਸ਼ੀਅਨ ਪੀ.ਡਬਲਿਊ.ਡੀ. ਇੰਜੀ ਪਰਨੀਤ ਕੌਰ ਟਿਵਾਣਾ, ਐਕਸ਼ੀਅਨ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਇੰਜੀ ਆਦਰਸ਼ ਨਿਰਮਲ, ਐਸ.ਡੀ.ਓ.ਪੰਜਾਬ ਮੰਡੀ ਬੋਰਡ ਇੰਜੀ ਰਤਨਦੀਪ ਸਿੰਘ, ਸਿੱਖਿਆ ਵਿਭਾਗ ਤੋਂ ਮਨਜੀਤ ਕੌਰ, ਸੀ.ਡੀ.ਪੀ.ਓ. ਪਵਨ ਕੁਮਾਰ, ਇੰਜ. ਐਸ.ਐਸ.ਢਿੱਲੋਂ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

## ਗੁਰੂ ਨਾਨਕ ਇੰਸਟੀਟਿਊਟ ਆਫ ਮੈਡੀਕਲ ਟੈਕਨੋਲੋਜੀ ਵਿਖੇ ਪੇਰੈਂਟਸ-ਟੀਚਰ ਮੀਟਿੰਗ



ਪਟਿਆਲਾ, 20 ਜਨਵਰੀ (ਰੁਪਾਣਾ) : ਗੁਰੂ ਨਾਨਕ ਇੰਸਟੀਟਿਊਟ ਆਫ ਮੈਡੀਕਲ ਟੈਕਨੋਲੋਜੀ ਪਟਿਆਲਾ ਵਿਖੇ ਵਿਦਿਆਰਥੀਆਂ ਦੀ ਅਕਾਦਮਿਕ ਤਰੱਕੀ ਅਤੇ ਭਵਿੱਖੀ ਕੈਰੀਅਰ ਸੰਬੰਧੀ ਵਿਚਾਰ-ਵਟਾਂਦਰੇ ਲਈ ਪੇਰੈਂਟ-ਟੀਚਰ ਮੀਟਿੰਗ (ਪੀਟੀਐਮ) ਦਾ ਵੱਡੇ ਪੱਧਰ 'ਤੇ ਆਯੋਜਨ ਕੀਤਾ ਗਿਆ, ਜਿਸ ਵਿੱਚ ਮਾਪਿਆਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ। ਮੀਟਿੰਗ ਦੌਰਾਨ ਮਾਪਿਆਂ ਨੂੰ ਵਿਦਿਆਰਥੀਆਂ ਦੀ ਪੜ੍ਹਾਈ, ਪ੍ਰੈਕਟੀਕਲ ਟ੍ਰੇਨਿੰਗ ਅਤੇ ਸਕਿੱਲ-ਬੇਸਡ ਸਿੱਖਿਆ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਇਸ ਮੌਕੇ ਮਾਪਿਆਂ ਵੱਲੋਂ ਸੰਸਥਾ ਵਿੱਚ ਮੌਜੂਦ ਅਧੁਨਿਕ ਲੈਬਾਂ ਦਾ ਦੌਰਾ ਵੀ ਕੀਤਾ ਗਿਆ।ਇਸ ਮੌਕੇ ਸੰਸਥਾ ਦੇ ਡਾਇਰੈਕਟਰ ਡਾ. ਸੁਭਾਸ਼ ਡਾਵਰ, ਜੋ ਕਿ ਪਿਛਲੇ 34 ਸਾਲਾਂ ਤੋਂ ਇਸ ਸੰਸਥਾ ਨੂੰ ਸਫਲਤਾਪੂਰਵਕ ਚਲਾ ਰਹੇ ਹਨ, ਨੇ ਮਾਪਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਬਿਲਕੁਲ ਸਹੀ ਸੰਸਥਾ ਵਿੱਚ ਦਾਖ਼ਲ ਕਰਵਾਇਆ ਹੈ। ਉਨ੍ਹਾਂ ਨੇ ਕਿਹਾ ਕਿ ਇੱਥੇ ਆ ਕੇ ਵਿਦਿਆਰਥੀ ਵੱਖ-ਵੱਖ ਵੋਕੇਸ਼ਨਲ ਅਤੇ ਡਿਗਰੀ ਕੋਰਸ ਸਿੱਖ ਕੇ ਇੱਕ ਉੱਜਵਲ ਅਤੇ ਵਧੀਆ ਭਵਿੱਖ ਤਿਆਰ ਕਰ ਰਹੇ ਹਨ। ਪੀਟੀਐਮ ਦੀ ਸਫਲਤਾ ਵਿੱਚ ਕੋਆਰਡੀਨੇਟਰ ਰਸ਼ਮੀ ਸ਼ਰਮਾ ਅਤੇ ਸਮੂਹ ਸਟਾਫ ਵੱਲੋਂ ਮਹੱਤਵਪੂਰਨ ਭੂਮਿਕਾ ਨਿਭਾਈ ਗਈ ਅਤੇ ਮੀਟਿੰਗ ਦੀਆਂ ਸਾਰੀਆਂ ਵਿਵਸਥਾਵਾਂ ਨੂੰ ਬਹੁਤ ਹੀ ਸੁਚੱਜੇ ਅਤੇ ਸਰਾਹਣਯੋਗ ਢੰਗ ਨਾਲ ਸੰਪੰਨ ਕੀਤਾ ਗਿਆ।



# ਪਟਿਆਲਾ-ਆਸ/ਪਾਸ



# ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਲਹਿਰਾਉਣਗੇ ਪਟਿਆਲਾ 'ਚ ਤਿਰੰਗਾ

### ➢77ਵੇਂ ਗਣਤੰਤਰ ਦਿਵਸ ਦੀਆਂ ਤਿਆਰੀਆਂ ਸਬੰਧੀ ਡੀ.ਸੀ. ਵੱਲੋਂ ਮੀਟਿੰਗ

ਪਟਿਆਲਾ, 20 ਜਨਵਰੀ (ਰੁਪਾਣਾ/ਵਿਨੋਦ ਸ਼ਰਮਾ): 'ਪੰਜਾਬ ਦੇ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ ਤੇ ਭਾਸ਼ਾਵਾਂ, ਸਕੂਲ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਸ. ਹਰਜੋਤ ਸਿੰਘ ਬੈਂਸ ਦੇਸ਼ ਦੇ 77ਵੇਂ ਗਣਤੰਤਰ ਦਿਵਸ ਮੌਕੇ 26 ਜਨਵਰੀ ਨੂੰ ਪੋਲੋ ਗਰਾਊਂਡ, ਪਟਿਆਲਾ ਵਿਖੇ ਦੇਸ਼ ਦਾ ਕੌਮੀ ਝੰਡਾ ਤਿਰੰਗਾ ਲਹਿਰਾਉਣ ਦੀ ਰਸਮ ਅਦਾ ਕਰਨਗੇ।' ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਇਸ ਦੌਰਾਨ ਕੈਬਨਿਟ ਮੰਤਰੀ ਸ. ਬੈਂਸ ਪੰਜਾਬ ਵਾਸੀਆਂ ਦੇ ਨਾਮ ਸੰਦੇਸ਼ ਦੇਣਗੇ ਅਤੇ ਪਰੇਡ ਤੋਂ ਸਲਾਮੀ ਵੀ ਲੈਣਗੇ। ਇੱਥੇ ਪੋਲੋ ਗਰਾਊਂਡ ਵਿਖੇ ਗਣਤੰਤਰ ਦਿਵਸ ਮਨਾਉਣ ਸਬੰਧੀਂ ਤਿਆਰੀਆਂ ਲਈ ਵੱਖ-ਵੱਖ ਵਿਭਾਗਾਂ ਦੇ



ਅਧਿਕਾਰੀਆਂ ਨਾਲ ਕੀਤੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਕਾਰਜਾਂ ਲਈ ਤਾਇਨਾਤ ਜ਼ਿਲ੍ਹਾ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਇਸ ਸਮਾਗਮ ਦੀਆਂ ਤਿਆਰੀਆਂ ਲਈ ਸਮੁੱਚੇ ਪ੍ਰਬੰਧ ਸੁਚਾਰੂ ਢੰਗ ਨਾਲ ਸਮੇਂ ਸਿਰ ਨੇਪਰੇ ਚੜ੍ਹਾਏ ਜਾਣ। ਉਨ੍ਹਾਂ ਹਦਾਇਤ ਕੀਤੀ ਕਿ ਕੌਮੀ ਦਿਹਾੜੇ ਦੇ ਇਸ ਅਹਿਮ ਸਮਾਗਮ ਦੇ ਪ੍ਰਬੰਧਾਂ 'ਚ ਕੋਈ ਅਣਗਹਿਲੀ ਨਾ ਵਰਤੀ ਜਾਵੇ ਅਤੇ ਵਿਭਾਗਾਂ ਦੇ ਮੁਖੀ ਸਮੁਚੇ ਪ੍ਰਬੰਧਾਂ ਦੀ ਨਿਗਰਾਨੀ ਖ਼ੁਦ ਕਰਨੀ ਯਕੀਨੀ ਬਣਾਉਣ। ਡਾ. ਪ੍ਰੀਤੀ ਯਾਦਵ ਨੇ ਸਮਾਗਮ ਸਮੇਂ ਕਰਵਾਈ ਜਾਣ ਵਾਲੀ ਪਰੇਡ, ਮਾਰਚ ਪਾਸਟ, ਝਾਕੀਆਂ, ਸੱਭਿਆਚਾਰਕ ਪ੍ਰੋਗਰਾਮ, ਗਿੱਧਾ, ਭੰਗੜਾ, ਲੋੜਵੰਦਾਂ ਨੂੰ ਟਰਾਈਸਾਇਕਲ ਤੇ ਸਿਲਾਈ ਮਸ਼ੀਨਾਂ ਦੀ ਵੰਡ ਅਤੇ ਸਨਮਾਨ ਦੀ ਰਸਮ ਸਮੇਤ ਹੋਰ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਸਮਾਗਮ ਦੀ ਕਰਵਾਈ ਜਾ ਰਹੀ ਰਿਹਰਸਲ ਦਾ ਵੀ ਨਿਰੀਖਣ ਕੀਤਾ। ਉਨ੍ਹਾਂ ਦੱਸਿਆ ਕਿ 26 ਜਨਵਰੀ ਨੂੰ ਸਵੇਰੇ 9:58 ਵਜੇ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਨਾਲ ਸਮਾਗਮ ਅਰੰਭ ਹੋਵੇਗਾ ਤੇ ਇਸ ਦੌਰਾਨ ਜ਼ਿਲ੍ਹੇ ਦੇ ਸੁਤੰਤਰਤਾ ਸੰਗਰਾਮੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਸਮੇਤ ਵੀਰ ਨਾਰੀਆਂ ਦਾ ਵੀ ਸਨਮਾਨ ਕੀਤਾ ਜਾਵੇਗਾ। ਮੀਟਿੰਗ ਦੌਰਾਨ ਏ.ਡੀ.ਸੀ. (ਜ) ਸਿਮਰਪ੍ਰੀਤ ਕੌਰ, ਐਸ.ਪੀ. ਪਲਵਿੰਦਰ ਸਿੰਘ ਚੀਮਾ, ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਦੀਪਜੋਤ ਕੌਰ, ਐਸ.ਡੀ.ਐਮ ਹਰਜੋਤ ਕੌਰ ਮਾਵੀ, ਮੁੱਖ ਮੰਤਰੀ ਫੀਲਡ ਅਫ਼ਸਰ ਸਤੀਸ਼ ਕੁਮਾਰ ਸਮੇਤ ਹੋਰ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ।

# ਪੂਰਨਮਾਸ਼ੀ ਦੇ ਦਿਹਾੜੇ ਮੌਕੇ ਨਿਹੰਗ ਸਿੰਘਾਂ ਗੁਰਦੁਆਰਾ ਦਰਬਾਰ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਤੇ ਗੁਰਮਤਿ ਸਮਾਗਮ 1 ਫਰਵਰੀ ਨੂੰ

### ➢ਅਦਾਰਾ ਚੜ੍ਹਦੀਕਲਾ ਦੇ ਚੇਅਰਮੈਨ ਪਦਮਸ਼੍ਰੀ ਡਾ. ਜਗਜੀਤ ਸਿੰਘ ਦਰਦੀ ਨੂੰ ਸਮਾਗਮ ਦਾ ਸੱਦਾ ਪੱਤਰ ਦਿੱਤਾ

ਪਟਿਆਲਾ, 20 ਜਨਵਰੀ (ਅਮਰਜੀਤ ਸਿੰਘ) : ਗੁਰੂ ਦੀਆਂ ਲਾਡਲੀਆਂ ਫੌਜਾਂ ਅਤੇ ਨਿਹੰਗ ਜਥੇਬੰਦੀਆਂ ਜੋ ਕਿ ਹਰ ਸਮੇਂ ਗੁਰਸਿੱਖੀ ਦੇ ਬਾਣੇ ਵਿੱਚ ਤਿਆਰ-ਬਰ-ਤਿਆਰ ਰਹਿੰਦੀਆਂ ਹਨ ਅਤੇ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਦੀਆਂ ਹਨ। ਇਸੇ ਲੜੀ ਦੇ ਤਹਿਤ ਭਾਈ ਮਨੀ ਸਿੰਘ ਜੀ ਤਰਨਾ ਦਲ ਛਾਉਣੀ ਨਿਹੰਗ ਸਿੰਘਾਂ ਗੁਰਦੁਆਰਾ ਦਰਬਾਰ ਸਾਹਿਬ ਜੁਝਾਰ ਨਗਰ ਵੱਡੀ ਨਦੀ ਪਟਿਆਲਾ ਵਿਖੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨ ਲਈ ਅਤੇ ਨਿਹੰਗ ਸਿੰਘਾਂ ਦੀ ਅਸਲ ਪਰਿਭਾਸ਼ਾ ਬਾਰੇ ਸਿੱਖਿਆਵਾ ਦੇਣ ਲਈ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਿਆ ਜਾ ਰਿਹਾ ਹੈ। ਹਰ ਮਹੀਨੇ ਇਸੇ ਸਥਾਨ 'ਤੇ ਭਾਈ ਮਨੀ ਸਿੰਘ ਜੀ ਮੁੱਖ ਸੇਵਾਦਾਰ ਤਰਨਾ ਦਲ ਰਾਜ ਖਾਲਸਾ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪੂਰਨਮਾਸ਼ੀ ਦਾ ਦਿਹਾੜਾ 1 ਫਰਵਰੀ 2025 ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ ਅਤੇ ਇਸ ਦੌਰਾਨ ਅੰਮ੍ਰਿਤ ਸੰਚਾਰ ਵੀ ਹੋਵੇਗਾ। ਪੂਰਨਮਾਸ਼ੀ ਦੇ ਸਮਾਗਮ 'ਚ ਸ਼ਿਰਕਤ



ਕਰਨ ਲਈ ਉਨ੍ਹਾਂ ਵੱਲੋਂ ਵਿਸ਼ੇਸ਼ ਤੌਰ 'ਤੇ ਅਦਾਰਾ ਚੜ੍ਹਦੀਕਲਾ ਵਿਖੇ ਪਹੁੰਚ ਕੇ ਚੇਅਰਮੈਨ ਡਾ. ਜਗਜੀਤ ਸਿੰਘ ਦਰਦੀ ਨੂੰ ਸੱਦਾ ਪੱਤਰ ਦਿੱਤਾ ਗਿਆ। ਡਾ. ਜਗਜੀਤ ਸਿੰਘ ਦਰਦੀ ਵੱਲੋਂ ਵੀ ਨਿਹੰਗ ਜਥੇਬੰਦੀਆਂ ਦਾ ਅਦਾਰੇ ਵਿਖੇ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ ਅਤੇ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਡਾ. ਜਗਜੀਤ ਸਿੰਘ ਦਰਦੀ ਨੇ ਦੱਸਿਆ ਕਿ ਰਾਜ ਸਿੰਘ ਖਾਲਸਾ (ਮਿਸ਼ਨ ਸ਼ਹੀਦਾਂ ਭਾਈ ਮਨੀ ਸਿੰਘ ਜੀ ਤਰਨਾ ਦਲ) ਵੱਲੋਂ ਲੰਮੇ ਸਮੇਂ ਤੋਂ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਜੀ ਦੇ ਗੁਰਦੁਆਰਾ ਸਾਹਿਬ ਵਿਖੇ ਸੇਵਾਵਾਂ ਦਿੱਤੀਆਂ ਜਾ ਰਹੀਆ ਹਨ, ਜੋ ਕਿ ਨਿਰੰਤਰ ਜਾਰੀ ਹਨ ਅਤੇ ਇਹ ਸ਼ਲਾਘਾਯੋਗ ਕਦਮ ਹੈ।ਇਸ ਮੌਕੇ ਨਿਹੰਗ ਜਥੇਬੰਦੀਆਂ ਵੱਲੋਂ ਗਤਕੇ ਦੇ ਜੌਹਰ ਵੀ ਵਿਖਾਏ ਜਾਣਗੇ ਤਾਂ ਜੋ ਸੰਗਤਾਂ ਗੁਰਬਾਣੀ ਨਾਲ ਜੁੜ ਕੇ ਗੁਰੂ ਦੇ ਰਾਹ 'ਤੇ ਚਲ ਸਕਣ।ਇਸ ਮੌਕੇ ਰਾਜ ਸਿੰਘ ਖਾਲਸਾ (ਮਿਸ਼ਨ ਸ਼ਹੀਦਾਂ ਭਾਈ ਮਨੀ ਸਿੰਘ ਤਰਨਾ ਦਲ), ਬਾਬਾ ਹਰਬੰਸ ਸਿੰਘ ਜੀ, ਬਾਬਾ ਸਤਨਾਮ ਸਿੰਘ, ਗੁਰਪ੍ਰਤਾਪ ਸਿੰਘ, ਬਾਬਾ ਖੜਕ ਸਿੰਘ ਆਦਿ ਹਾਜ਼ਰ ਸਨ।

# ਨੈਸ਼ਨਲ ਬੁੱਕ ਟਰੱਸਟ ਵੱਲੋਂ ਡਾ. ਦਰਸ਼ਨ ਸਿੰਘ 'ਆਸ਼ਟ' ਦੀ ਉੜੀਆ ਭਾਸ਼ਾ 'ਚ ਅਨੁਵਾਦਿਤ ਪੁਸਤਕ 'ਸ਼੍ਰਮਾਅਰਜਿਤਾ ਸੁਖਾ' ਦਾ ਲੋਕਅਰਪਣ

ਪਟਿਆਲਾ, 20 ਜਨਵਰੀ (ਚ.ਨ.ਸ.) : ਨੈਸ਼ਨਲ ਬੁੱਕ ਟਰੱਸਟ,ਇੰਡੀਆ, ਦਿੱਲੀ ਵੱਲੋਂ ਸਾਹਿਤ ਅਕਾਦਮੀ ਬਾਲ ਸਾਹਿਤ ਪੁਰਸਕਾਰ ਵਿਜੇਤਾ ਅਤੇ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਡਾ. ਦਰਸ਼ਨ ਸਿੰਘ 'ਆਸ਼ਟ' ਦੀ ਉੜੀਆ ਭਾਸ਼ਾ ਵਿਚ ਅਨੁਵਾਦਿਤ ਅਤੇ ਪ੍ਰਕਾਸ਼ਿਤ ਨਵੀਂ ਪੁਸਤਕ ਬਾਲ ਸਾਹਿਤ ਪੁਸਤਕ 'ਸ਼੍ਰਮਾਅਰਜਿਤਾ ਸੁਖਾ' ਦਾ ਲੋਕ ਅਰਪਣ ਬੱਚਿਆਂ ਦੁਆਰਾ ਕੀਤਾ ਗਿਆ. ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਆਯੋਜਿਤ ਵਿਸ਼ਵ ਪੁਸਤਕ ਮੇਲੇ ਦੇ ਆਖਰੀ ਦਿਨ ਭਾਵ 18 ਜਨਵਰੀ ਨੂੰ ਲੋਕ-ਅਰਪਣ ਕੀਤੀ ਇਸ ਪੁਸਤਕ ਨੂੰ ਉੜੀਆ ਭਾਸ਼ਾ ਦੇ ਪ੍ਰਸਿੱਧ ਕਲਮਕਾਰ ਸੁਰਤਾਕ੍ਰਿਸ਼ੀ ਤ੍ਰਿਪਾਠੀ ਨੇ ਅਨੁਵਾਦ ਕੀਤਾ ਹੈ. ਡਾ. ਆਸ਼ਟ ਦੀ ਇਹ ਪੁਸਤਕ ਪਹਿਲਾਂ ਪੰਜਾਬੀ ਵਿਚ 'ਮਿਹਨਤ ਦੀ ਕਮਾਈ' ਅਤੇ ਹਿੰਦੀ ਭਾਸ਼ਾ ਵਿਚ 'ਮਿਹਨਤ ਕੀ ਕਮਾਈ ਕਾ ਸੁੱਖ' ਸਿਰਲੇਖ ਤਹਿਤ ਪਹਿਲਾਂ ਹੀ ਵੱਡੀ ਤਾਦਾਦ ਵਿਚ ਛਪ




ਚੁੱਕੀ ਹੈ, ਜਿਸ ਦੇ ਹੁਣ ਤੱਕ 13 ਤੋਂ ਵੱਧ ਸੰਸਕਰਣ ਪ੍ਰਕਾਸ਼ਿਤ ਹੋ ਚੁੱਕੇ ਹਨ ਅਤੇ ਭਾਰਤ ਸਰਕਾਰ ਵੱਲੋਂ ਕਈ ਪ੍ਰਾਂਤਾਂ ਦੇ ਸਮੂਹ ਸਰਕਾਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਵਿਚ ਪ੍ਰਵਾਨ ਕਰਕੇ ਭੇਜੀ ਜਾ ਚੁੱਕੀ ਹੈ। ਇਸ ਅਵਸਰ 'ਤੇ ਵੱਡੀ ਤਾਦਾਦ ਵਿਚ ਵੱਖ-ਵੱਖ ਜ਼ੁਬਾਨਾਂ ਦੇ ਵਿਦਿਆਰਥੀ ਬਾਲ ਲੇਖਕਾਂ ਅਤੇ ਪਾਠਕ ਸ਼ਾਮਿਲ ਸਨ, ਜਿਨ੍ਹਾਂ ਮੰਚ ਉਪਰ ਹੀ ਇਸ ਪੁਸਤਕ ਬਾਰੇ ਪੜ੍ਹ ਕੇ ਸੁਣਾਇਆ. ਡਾ. 'ਆਸ਼ਟ' ਨੇ ਨੈਸ਼ਨਲ ਬੁੱਕ ਟਰੱਸਟ, ਇੰਡੀਆ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਭਾਸ਼ਾਈ ਵਿਭਿੰਨਤਾ ਨੂੰ ਹੁਲਾਰਾ ਦੇਣ ਲਈ, ਜਿਸ ਵਿਸ਼ਾਲ ਪੱਧਰ 'ਤੇ ਭਾਰਤ ਦੀਆਂ ਵੱਖ ਵੱਖ ਜ਼ੁਬਾਨਾਂ ਵਿਚ ਲਿਖੇ ਗਏ ਬਾਲ ਸਾਹਿਤ ਨੂੰ ਇਕ ਦੂਜੀ ਭਾਸ਼ਾ ਵਿਚ ਅਨੁਵਾਦ ਕਰਵਾ ਕੇ ਸਾਰਥਿਕ ਉਦਮ ਕੀਤਾ ਹੈ, ਉਹ ਆਪਣੀ ਮਿਸਾਲ ਆਪ ਹੈ। ਜ਼ਿਕਰਯੋਗ ਹੈ ਕਿ ਇਸ ਪੁਸਤਕ ਦੇ ਅਨੁਵਾਦ ਤੋਂ ਪਹਿਲਾਂ ਡਾ. ਆਸ਼ਟ ਦੀਆਂ ਨੈਸ਼ਨਲ ਬੁੱਕ ਟਰੱਸਟ, ਇੰਡੀਆ, ਨਵੀਂ ਦਿੱਲੀ ਵੱਲੋਂ 8 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਸ ਮੌਕੇ ਨੈਸ਼ਨਲ ਬੁੱਕ ਟਰੱਸਟ, ਇੰਡੀਆ ਦੇ ਵੱਖ-ਵੱਖ ਅਧਿਕਾਰੀ, ਕਰਮਚਾਰੀ, ਲੇਖਕ ਅਤੇ ਵੱਖ ਵੱਖ ਸੂਬਿਆਂ ਤੋਂ ਆਏ ਬਾਲ ਪਾਠਕ ਵੱਡੀ ਤਾਦਾਦ ਵਿਚ ਸ਼ਾਮਲ ਸਨ।

# ਸੱਤਵਾਂ ਸਾਲਾਨਾ ਗੁਰਮਤਿ ਸਮਾਗਮ ਗੁਰਦੁਆਰਾ ਸੰਗਤਸਰ ਸਾਹਿਬ ਪਿੰਡ ਚੁਨਾਗਰਾ ਵਿਖੇ ਮਨਾਇਆ

### ➢42 ਪ੍ਰਾਣੀ ਗੁਰੂ ਦੇ ਲੜ ਲੱਗੇ

### ➢ਪੰਥਕ ਸੇਵਾ ਲਹਿਰ ਦਾਦੂ ਸਾਹਿਬ ਵੱਲੋਂ ਪੰਥਕ ਸ਼ਖਸੀਅਤਾਂ ਨੂੰ ਸਿਰੋਪਾਓ ਪਾ ਕੇ ਕੀਤਾ ਸਨਮਾਨਿਤ





ਪਾਤੜਾਂ, 20 ਜਨਵਰੀ (ਹਰਮਿੰਦਰ ਕਰਤਾਰਪੁਰ) : ਗੁਰਦੁਆਰਾ ਸੰਗਤਸਰ ਸਾਹਿਬ ਪਿੰਡ ਚੁਨਾਗਰਾ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੱਤਵਾਂ ਸਾਲਾਨਾ ਗੁਰਮਤਿ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸਿੰਘ ਸਾਹਿਬ ਸਿੰਘ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਸਮੁੱਚੀ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਧੰਨ -ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋ ਕੇ ਗੁਰਬਾਣੀ ਅਨੁਸਾਰ ਆਪਣਾ ਜੀਵਨ ਬਤੀਤ ਕਰਨ ਲਈ ਕਿਹਾ ਗਿਆ। ਸਮਾਗਮ ਦੌਰਾਨ ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਜੱਥਾ ਗੁਰਦੁਆਰਾ ਦਾਦੂ ਸਾਹਿਬ ਵੱਲੋਂ ਰਸਭਿੰਨਾ ਕੀਰਤਨ ਕੀਤਾ ਗਿਆ, ਜਦ ਕਿ 15 ਅਤੇ 16 ਜਨਵਰੀ ਰਾਤ ਨੂੰ ਬਾਬਾ ਪ੍ਰਦੀਪ ਸਿੰਘ ਚਾਂਦਪੁਰਾ ਪੰਥਕ ਸੇਵਾ ਲਹਿਰ ਦਾਦੂ ਸਾਹਿਬ ਵੱਲੋਂ ਧਾਰਮਿਕ ਦੀਵਾਨ ਸਜਾਏ ਗਏ। ਗੁਰਦੁਆਰਾ ਸੰਗਤਸਰ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਦੌਰਾਨ 42 ਪ੍ਰਾਣੀਆਂ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਗੁਰੂ ਦੇ ਲੜ ਲੱਗੀਆਂ।ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੀ ਗੁਰਮਤਿ ਸਮਾਗਮ ਵਿੱਚ ਸ਼ਾਮਲ ਹੋ ਕੇ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋਏ। ਸਿੰਘ ਸਾਹਿਬ ਭਾਈ ਬਲਜੀਤ ਸਿੰਘ ਦਾਦੂਵਾਲ ਅਤੇ ਗੁਰਦੁਆਰਾ ਸੰਗਤਸਰ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਜੀਵਨ ਸਿੰਘ ਚੁਨਾਗਰਾ ਪੰਥਕ ਸੇਵਾ ਲਹਿਰ ਦਾਦੂ ਸਾਹਿਬ ਵੱਲੋਂ ਸਿੰਘ ਸਾਹਿਬ ਭਾਈ ਪ੍ਰਦੀਪ ਸਿੰਘ ਚਾਂਦਪੁਰਾ, ਬਾਬਾ ਭੀਮ ਸਿੰਘ ਹਰੀਗੜ, ਬਾਬਾ ਦਰਸ਼ਨ ਸਿੰਘ ਹਰਿਆਉ,ਬਾਬਾ ਬਿੰਦਰ ਸਿੰਘ ਢਡਿਆਲ,ਬਾਬਾ ਪ੍ਰਦੀਪ ਸਿੰਘ ਢੈਪਈ , ਭਾਈ ਸਤਿੰਦਰ ਸਿੰਘ ਮੰਟਾ (ਰਸੀਦਾਂ) ਮੈਂਬਰ ਹਰਿਆਣਾ ਗੁਰਦੁਆਰਾ ਮੈਨੇਜਮੈਂਟ ਕਮੇਟੀ,ਚੇਅਰਮੈਨ ਤਜਿੰਦਰ ਸਿੰਘ ਤੇਜ਼ੀ ਬੂਰੜ,ਬਾਬਾ ਜਗਤਾਰ ਸਿੰਘ ਗੁੱਜਰਾਂ, ਬਾਬਾ ਬਰਮਾ ਸਿੰਘ ਜਨਾਲ, ਗਿਆਨੀ ਮਹਿਲ ਸਿੰਘ ਯੂਐਸਏ, ਗਿਆਨੀ ਬੇਅੰਤ ਸਿੰਘ ਐਸ.ਜੀ.ਪੀ.ਸੀ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ।

# 24 ਨੂੰ ਦਿੜ੍ਹਬਾ ਰੈਲੀ 'ਚ ਪਰਿਵਾਰਾਂ ਸਮੇਤ ਸ਼ਮੂਲੀਅਤ ਕਰਨਗੇ ਹਜ਼ਾਰਾਂ ਕਾਮੇ



ਸਮਾਣਾ, 20 ਜਨਵਰੀ (ਵਿਜੇ ਕੁਮਾਰ) : 24 ਜਨਵਰੀ ਨੂੰ ਦਿੜ੍ਹਬਾ ਦੀ ਦਾਣਾ ਮੰਡੀ ਵਿਖੇ ਕੀਤੀ ਜਾ ਰਹੀ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਰੈਲੀ ਦੇ ਦਿੱਤੇ ਸੱਦੇ ਅਨੁਸਾਰ ਤਹਿਸੀਲ ਗੇਟ ਅੱਗੇ ਸਮੂਹ ਮੁਲਾਜ਼ਮਾਂ ਨੇ ਸਰਕਾਰ ਦੀ ਅਰਥੀ ਸਾੜ ਕੇ ਰੋਸ ਮੁਜ਼ਾਹਰਾ ਕੀਤਾ। ਇਸ ਮੌਕੇ ਹਾਕਮ ਸਿੰਘ ਧਨੇਠਾ ਤੇ ਹੋਰ ਬੁਲਾਰਿਆਂ ਨੇ ਦੱਸਿਆ ਕਿ ਇਹ ਰੈਲੀ ਪੰਜਾਬ ਦੇ ਵੱਖ ਵੱਖ ਸਰਕਾਰੀ ਵਿਭਾਗਾਂ ਵਿੱਚ ਸਾਲਾਂ ਵੱਧੀ ਅਰਸੇ ਤੋਂ ਕੰਮ ਕਰਦੇ ਆਊਟਸੋਰਸ, ਇਨਲਿਸਟਮੈਂਟ, ਦਿਹਾੜੀਦਾਰ ਅਤੇ ਠੇਕਾ ਮੁਲਾਜ਼ਮਾਂ ਵਲੋਂ ਸਰਕਾਰ ਦੇ ਆੜੀਅਲ ਰਵੱਈਏ ਵਿਰੁੱਧ ਕੀਤੀ ਜਾ ਰਹੀ ਹੈ। ਉਨਾਂ ਦੱਸਿਆ ਕਿ ਸਰਕਾਰ ਨੇ ਕਈ ਵਾਰ ਮੀਟਿੰਗਾਂ ਕਰਨ ਉਪਰੰਤ ਵਾਅਦਾ ਕੀਤਾ ਸੀ, ਕਿ ਸਾਰੇ ਮੁਲਾਜ਼ਮਾਂ ਨੂੰ ਕਾਨੂੰਨ ਅਨੁਸਾਰ ਪੱਕਾ ਕੀਤਾ ਜਾਵੇਗਾ, ਪਰ ਹੁਣ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਬਜਾਏ ਸਰਕਾਰ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਉਨਾ ਦੇ ਪੱਕੇ ਕਰਨ ਦੀ ਤਜਵੀਜ ਬਣਾਉਣ ਦੀ ਜਿੰਮੇਵਾਰੀ ਸੌਂਪ ਦਿੱਤੀ ਹੈ। ਜਦੋਂਕਿ ਇਹ ਜ਼ਿੰਮੇਵਾਰੀ ਸਿਰਫ ਪੰਜਾਬ ਸਰਕਾਰ ਦੀ ਬਨਦੀ ਹੈ।ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਦੇ ਆਗੂਆਂ ਨੇ ਦੱਸਿਆ ਕਿ ਉਹ 24 ਜਨਵਰੀ ਨੂੰ ਦਿੜਬਾ ਰੈਲੀ ਵਿਖੇ ਆਪਣੇ ਪਰਿਵਾਰਾਂ ਸਮੇਤ ਪੰਜਾਬ ਸਰਕਾਰ ਤੋਂ ਮੰਗਾਂ ਮਨਵਾਉਣ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ।

# ਡਿਪਲੋਮਾ ਤੇ ਡਿਗਰੀ ਪਾਸ ਬੇਰੁਜ਼ਗਾਰਾਂ ਵੱਲੋਂ ਰੋਸ ਮਾਰਚ

ਪਟਿਆਲਾ, 20 ਜਨਵਰੀ (ਰੁਪਾਣਾ) : ਆਲ ਡਿਪਲੋਮਾ/ਡਿਗਰੀ ਅਪ੍ਰੈਂਟਿਸ ਐਸੋਸੀਏਸ਼ਨ ਵੱਲੋਂ ਡਿਪਲੋਮਾ ਅਤੇ ਡਿਗਰੀ ਪਾਸ ਅਪ੍ਰੈਂਟਿਸ ਨੌਜਵਾਨਾਂ ਨਾਲ ਹੋ ਰਹੇ ਅਨਿਆਂ ਖ਼ਿਲਾਫ਼ ਪਾਵਰਕਾਮ ਦੇ ਪਟਿਆਲਾ ਸਥਿਤ ਮੁੱਖ ਦਫ਼ਤਰ ਮੂਹਰੇ 29 ਦਸੰਬਰ ਤੋਂ ਜਾਰੀ ਧਰਨੇ ਦੇ 22ਵੇਂ ਦਿਨ ਸ਼ਹਿਰ ਵਿੱਚ ਰੋਸ ਮਾਰਚ ਕੀਤਾ ਗਿਆ। ਰੋਸ ਮਾਰਚ ਦੌਰਾਨ ਯੂਨੀਅਨ ਪ੍ਰਧਾਨ ਗੁਰਦੀਪ ਅਬੋਹਰ ਸਮੇਤ ਹਰੀ ਮਾਨਸਾ, ਰਾਜੂ ਰਾਮ ਪਾਤੜਾਂ, ਜਗਜੀਤ ਸੰਗਰੂਰ, ਜਗਸੀਰ ਪਾਤੜਾਂ ਅਤੇ ਬਲਰਾਮ ਬਰਨਾਲਾ ਆਦਿ ਸ਼ਾਮਲ ਸਨ। ਯੂਨੀਅਨ ਆਗੂਆਂ ਨੇ ਦੱਸਿਆ ਕਿ 1500 ਡਿਪਲੋਮਾ ਤੇ ਡਿਗਰੀ ਪਾਸ ਨੌਜਵਾਨਾਂ ਨੇ ਅਪ੍ਰੈਂਟਿਸ ਐਕਟ ਅਧੀਨ ਪਾਵਰਕੌਮ ਵਿੱਚ ਇੱਕ ਸਾਲ ਦੀ ਅਪ੍ਰੈਂਟਿਸਸ਼ਿਪ ਟ੍ਰੇਨਿੰਗ ਪੂਰੀ ਕੀਤੀ ਹੈ, ਪਰ ਇਸ ਟ੍ਰੇਨਿੰਗ ਨੂੰ ਨੌਕਰੀ ਸਬੰਧੀ ਹਾਲੇ ਤੱਕ ਕੋਈ ਮਾਨਤਾ ਨਹੀਂ ਦਿੱਤੀ ਗਈ। ਨਤੀਜੇ ਵਜੋਂ ਸਾਲ ਦੀ ਤਕਨੀਕੀ ਟ੍ਰੇਨਿੰਗ ਅਤੇ ਮਿਹਨਤ ਦੇ ਬਾਵਜੂਦ ਨੌਜਵਾਨ ਬੇਰੁਜ਼ਗਾਰ ਰਹਿ ਗਏ ਹਨ। ਧਰਨੇ ਅਤੇ ਰੋਸ ਮਾਰਚ ਦੌਰਾਨ ਨੌਜਵਾਨ ਨੇ ਹੱਥਾਂ ਵਿੱਚ ਤਖ਼ਤੀਆਂ ਫੜ ਕੇ 'ਸਾਡਾ ਹੱਕ ਇੱਥੇ ਰੱਖ' ਸਮੇਤ ਪੰਜਾਬ ਸਰਕਾਰ ਅਤੇ ਪਾਵਰਕੌਮ ਮੈਨੇਜਮੈਂਟ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਯੂਨੀਅਨ ਨੇ ਕਿਹਾ ਕਿ ਬਹੁਤੇ ਵਿਦਿਆਰਥੀ ਪੂਰੀ ਜਾਣਕਾਰੀ ਦੀ ਘਾਟ ਕਾਰਨ ਡਿਪਲੋਮਾ/ਡਿਗਰੀ ਅਪ੍ਰੈਂਟਿਸਸ਼ਿਪ ਜੁਆਇਨ ਕਰ ਲੈਂਦੇ ਹਨ। ਸ਼ੁਰੂ 'ਚ ਇਹ ਗੱਲ ਨਹੀਂ ਦੱਸੀ ਜਾਂਦੀ ਕਿ ਇਸ ਟ੍ਰੇਨਿੰਗ ਦੀ ਨੌਕਰੀ ਨਾਲ ਕੋਈ ਸਿੱਧੀ ਕੜੀ ਨਹੀਂ ਬਣਾਈ ਗਈ, ਜਿਸ ਕਰਕੇ ਟ੍ਰੇਨਿੰਗ ਮਗਰੋਂ ਨੌਜਵਾਨਾਂ ਨੂੰ ਨਿਰਾਸ਼ਾ, ਬੇਰੁਜ਼ਗਾਰੀ ਤੇ ਮਾਨਸਿਕ ਦਬਾਅ ਦਾ ਸਾਹਮਣਾ ਕਰਨਾ ਪੈਂਦਾ ਹੈ। ਯੂਨੀਅਨ ਨੇ ਆਈਟੀਆਈ ਅਤੇ ਡਿਪਲੋਮਾ/ਡਿਗਰੀ ਅਪ੍ਰੈਂਟਿਸਾਂ ਵਿਚਲੇ ਦੋਹਰੇ ਮਾਪਦੰਡ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਆਈਟੀਆਈ ਇਲੈਕਟ੍ਰੀਸ਼ੀਅਨ ਲਾਈਨਮੈਨ ਟਰੇਡ ਵਾਲੇ ਅਪ੍ਰੈਂਟਿਸਾਂ ਲਈ ਅਸਿਸਟੈਂਟ ਲਾਈਨਮੈਨ ਵਰਗੀਆਂ ਪੋਸਟਾਂ ਰਾਹੀਂ ਰੁਜ਼ਗਾਰ ਦੇ ਰਸਤੇ ਖੁੱਲ੍ਹੇ ਹਨ, ਪਰ ਵੱਧ ਪੜ੍ਹੇ-ਲਿਖੇ ਡਿਪਲੋਮਾ ਅਤੇ ਡਿਗਰੀ ਅਪ੍ਰੈਂਟਿਸਾਂ ਲਈ ਨਾ ਕੋਈ ਕੋਟਾ, ਨਾ ਵਜ਼ਨਦਾਰੀ ਅਤੇ ਨਾ ਕੋਈ ਸਪੱਸ਼ਟ ਰੁਜ਼ਗਾਰ ਨੀਤੀ ਹੈ। ਇੱਕੋ ਆਪਰੈਂਟਿਸ਼ਿਪ ਐਕਟ ਇੱਕੋ ਨਿਯੋਗਕ ਅਤੇ ਇੱਕੋ ਮਿਆਦ ਦੇ ਬਾਵਜੂਦ ਇਹ ਭੇਦਭਾਵ ਗੰਭੀਰ ਅਨਿਆਂ ਹੈ।ਯੂਨੀਅਨ ਆਗੂਆਂ ਨੇ ਦੱਸਿਆ ਕਿ ਪੀਐੱਸਪੀਸੀਐੱਲ ਦੀ ਇਹ ਨੀਤੀ ਭਾਰਤ ਦੇ ਸੰਵਿਧਾਨ ਦੇ ਆਰਟੀਕਲ 14 ਕਾਨੂੰਨ ਅੱਗੇ ਬਰਾਬਰੀ ਦੇ ਅਧਿਕਾਰ ਦੀ ਸਿੱਧੀ ਉਲੰਘਣਾ ਹੈ।




# ਨਵਜੰਮੇ ਬੱਚੇ ਦੀ ਲਾਸ਼ ਬ੍ਰਾਮਦ, ਮਾਮਲਾ ਦਰਜ

ਪਟਿਆਲਾ, 20 ਜਨਵਰੀ (ਵਿਨੋਦ ਸ਼ਰਮਾ) : ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਕੁੰਜ ਬਿਹਾਰੀ ਵਾਸੀ ਪਿੰਡ ਨਯਾਪੂਰਨਾ ਜ਼ਿਲ੍ਹਾ ਲਖੀਮਪੁਰੀ ਯੂ.ਪੀ ਹਾਲ ਵਾਸੀ ਪਿੰਡ ਕਾਤਰੋ ਧੂਰੀ ਜ਼ਿਲ੍ਹਾ ਸੰਗਰੂਰ ਵਿਰੁੱਧ ਮਾਮਲਾ ਦਰਜ ਕੀਤਾ ਹੈ। ਪੁਲਿਸ ਕੰਟਰੋਲ ਰੂਮ ਪਟਿਆਲਾ ਤੋਂ ਇਤਲਾਹ ਮਿਲੀ ਕਿ ਮੈਡੀਕਲ ਕਾਲਜ ਵਾਲੀ ਸਾਇਡ ਰਾਵਤ ਕੰਨਟੀਨ ਦੇ ਗੇਟ ਤੋਂ ਪਹਿਲਾ ਇੱਕ ਨਵਜੰਮੇ ਬੱਚੇ ਦੀ ਲਾਸ਼ ਕੰਬਲ ਵਿੱਚ ਲਪੇਟੀ ਹੋਈ ਸੜਕ ਦੇ ਕਿਨਾਰੇ ਝਾੜੀਆਂ ਵਿੱਚ ਪਈ ਹੈ, ਜੋ ਚੈਕ ਕਰਨ ਪਰ ਪਾਇਆ ਗਿਆ ਕਿ ਬੱਚੇ ਦੀ ਸੱਜੀ ਲੱਤ ਪਰ ਟੇਪ ਲਗਾ ਕੇ ਮਨਜੀਤੀ ਮੇਲ ਲਿਖਿਆ ਹੋਇਆ ਸੀ, ਜੋ ਡਾਕਟਰਾਂ ਵੱਲੋਂ ਚੈਕ ਕਰਨ ਪਰ ਬਾਡੀ ਨੂੰ ਮ੍ਰਿਤਕ ਕਰਾਰ ਦਿੱਤਾ ਗਿਆ, ਜੋ ਦੌਰਾਨੇ ਪੜਤਾਲ ਪਤਾ ਲੱਗਾ ਕਿ ਕਥਿਤ ਦੋਸ਼ੀ ਦੀ ਪਤਨੀ ਮਨਜੀਤੀ ਨੇ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਇੱਕ ਬੱਚੇ ਨੂੰ ਜਨਮ ਦਿੱਤਾ ਸੀ। ਨਵਜੰਮੇ ਬੱਚੇ ਦੀ ਮੌਤ ਹੋਣ ਕਾਰਨ ਕਥਿਤ ਦੋਸ਼ੀ ਨੇ ਲਾਸ਼ ਨੂੰ ਲਾਪ੍ਰਵਾਹੀ ਨਾਲ ਉਕਤ ਜਗ੍ਹਾ ਪਰ ਸੁੱਟ ਦਿੱਤਾ।

# ਕਬਜ਼ਾ ਲੈਣ ਆਏ ਪੁਲਿਸ, ਪ੍ਰਸ਼ਾਸਨਿਕ ਅਧਿਕਾਰੀ ਕਿਸਾਨਾਂ ਦੇ ਰੋਹ ਕਾਰਨ ਬੇਰੰਗ ਪਰਤੇ

ਸਮਾਣਾ, 20 ਜਨਵਰੀ (ਵਿਜੇ ਕੁਮਾਰ) : ਬੰਮਣਾ ਪੱਤੀ ਦੇ ਇੱਕ ਦੁਕਾਨਦਾਰ ਵੱਲੋਂ ਕੇਨਰਾ ਬੈਂਕ ਦਾ ਕਰਜ਼ਾ ਅਦਾ ਨਾ ਕਰਨ ਕਾਰਨ ਅਦਾਲਤ ਵੱਲੋਂ ਮਿਲੇ ਹੁਕਮਾਂ ਅਨੁਸਾਰ ਬੈਂਕ ਅਧਿਕਾਰੀਆਂ ਵੱਲੋਂ ਮਕਾਨ ਦੀ ਪਿਛਲੇ ਦਿਨੀ ਕੀਤੀ ਨਿਲਾਮੀ ਦਾ ਕਬਜ਼ਾ ਲੈਣ ਆਏ ਪੁਲਸ ਪ੍ਰਸ਼ਾਸਨ ਤੇ ਬੈਂਕ ਅਧਿਕਾਰੀਆਂ ਨੂੰ ਕਿਸਾਨਾਂ ਦੇ ਵਿਰੋਧ ਕਾਰਨ ਦੂਜੀ ਵਾਰ ਬੈਰਿੰਗ ਪਰਤਣ ਲਈ ਮਜਬੂਰ ਹੋਣਾ ਪਿਆ। ਇਸ ਮੌਕੇ ਬੈਂਕ ਅਧਿਕਾਰੀ ਨੇ ਦੱਸਿਆ ਕਿ ਜਗਜੀਤ ਸਿੰਘ ਵੱਲੋਂ 2016 ਵਿੱਚ ਖੇਤੀਬਾੜੀ ਦੇ ਸੰਦ ਬਣਾਉਨ ਲਈ ਕਰਜ਼ਾ ਲਿਆ ਸੀ। ਜਿਸ ਦਾ ਪਿਛਲੇ ਸਮੇਂ ਤੋਂ ਕਿਸਤਾ ਨਾਂ ਭਰਨ ਕਾਰਨ ਖਾਤਾ ਐਨ ਪੀ.ਏ. ਹੋ ਗਿਆ ਸੀ, ਜਿਸ ਦੀ ਮਾਨਯੋਗ ਅਦਾਲਤ ਵਿੱਚ ਸੁਣਵਾਈ ਚੱਲ ਰਹੀ ਸੀ। ਅਦਾਲਤ ਵੱਲੋਂ ਮਿਲੇ ਹੁਕਮਾਂ ਅਨੁਸਾਰ ਮਕਾਨ ਦੀ ਨੀਲਾਮੀ ਕੀਤੀ ਗਈ , ਜਿਸ ਦਾ ਉਹ ਦੂਜੀ ਵਾਰ ਪੁਲਿਸ ਪ੍ਰਸ਼ਾਸਨ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਕਬਜ਼ਾ ਲੈਣ ਆਏ ਸਨ, ਪਰ ਕਿਸਾਨਾਂ ਵੱਲੋਂ ਰੋਸ ਪ੍ਰਦਰਸ਼ਨ ਕਰਨ ਤੇ ਪ੍ਰਸ਼ਾਸਨ ਵੱਲੋਂ 28 ਜਨਵਰੀ ਦੀ ਅਗਲੀ ਮਿਤੀ ਰੱਖੀ ਗਈ ਹੈ। ਇਸ ਸਬੰਧੀ ਕਿਸਾਨ ਆਗੂਆਂ ਜਸਵਿੰਦਰ ਸਿੰਘ ਬਰਾਸ ਤੇ ਅਮਰੀਕ ਸਿੰਘ ਘੱਗਾ ਨੇ ਦੱਸਿਆ ਕਿ ਬੈਂਕ ਮੁਲਾਜ਼ਮਾਂ ਨੇ ਮਕਾਨ ਮਾਲਕ ਨੂੰ ਭਰੋਸੇ ਵਿੱਚ ਲਏ ਬਿਨਾਂ ਸਸਤੇ ਭਾਅ ਵਿੱਚ ਨਿਲਾਮੀ ਕਰਨ ਕਰਕੇ ਵਿਰੋਧ ਕਰ ਰਹੇ ਹਨ। ਉਹਨਾਂ ਕਿਹਾ ਕਿ ਉਹ ਬੈਂਕ ਦਾ ਕਰਜ਼ਾ ਭਰਵਾਉਣ ਲਈ ਤਿਆਰ ਹਨ, ਪਰ ਬੈਂਕ ਅਧਿਕਾਰੀ ਕਰਜਦਾਰ ਨਾਲ ਸੈਟਲਮੈਂਟ ਕਰਨ।



# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੈਦਲ ਮਾਰਚ




ਸਮਾਣਾ, 20 ਜਨਵਰੀ (ਵਿਜੇ ਕੁਮਾਰ) : ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਚਲਾਈ ਮੁਹਿੰਮ ਨੂੰ ਗਲੀਆਂ ਮੁਹੱਲਿਆਂ ਤੱਕ ਪਹੁੰਚਾਉਣ ਲਈ ਮੰਗਲਵਾਰ ਨੂੰ ਆਪ ਦੇ ਬਲਾਕ ਪ੍ਰਧਾਨ ਗੋਪਾਲ ਕ੍ਰਿਸ਼ਨ ਗਰਗ ਦੀ ਅਗਵਾਈ 'ਚ ਵਾਰਡ ਨੰਬਰ 4 ਵਿਚ ਪੈਦਲ ਮਾਰਚ ਕਰਕੇ ਲੋਕਾਂ ਨੂੰ ਨਸ਼ਿਆਂ ਖਿਲਾਫ ਇਕ-ਜੁੱਟ ਹੋ ਕੇ ਮੁਹਿੰਮ ਦਾ ਹਿਸਾ ਬਣਨ ਲਈ ਅਪੀਲ ਕੀਤੀ। ਇਸ ਮੌਕੇ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਦੇ ਭਰਾ ਹਰਜਿੰਦਰ ਸਿੰਘ ਮਿੰਟੂ, ਮਾਰਕਿਟ ਕਮੇਟੀ ਦੇ ਚੇਅਰਮੈਨ ਬਲਕਾਰ ਸਿੰਘ ਗਜੂਮਾਜਰਾ ਅਤੇ ਵਸੀਮ ਖਾਨ ਦਿੱਲੀ ਤੋਂ ਵੀ ਉਚੇਚੇ ਤੌਰ 'ਤੇ ਸ਼ਾਮਲ ਸਨ। ਇਸ ਤੋਂ ਪਹਿਲਾਂ ਆਯੋਜਿਤ ਰੈਲੀ ਵਿਚ ਸ਼ਾਮਲ ਵੱਡੀ ਗਿਣਤੀ 'ਚ ਲੋਕਾਂ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਬਲਕਾਰ ਸਿੰਘ ਗਜੂਮਾਜਰਾ, ਬਲਾਕ ਪ੍ਰਧਾਨ ਐਡਵੋਕੇਟ ਗੁਲਜਾਰ ਸਿੰਘ ਵਿਰਕ, ਕੁਲਬੀਰ ਸਿੰਗਲਾ,ਕੁਲਦੀਪ ਸਿੰਘ ਵਿਰਕ ਨੇਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ 10 ਮਹੀਨੇ ਤੋਂ ਇਹ ਮੁਹਿੰਮ ਚਲਾਈ ਹੋਈ ਹੈ, ਤਾਂ ਜੋ ਨਸ਼ਿਆਂ ਦੇ ਕੋਹੜ ਨੂੰ ਜੜ੍ਹੋਂ ਪੁਟ ਕੇ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਮਕੜ ਜਾਲ ਵਿਚੋਂ ਬਾਹਰ ਰੱਖਣ ਲਈ ਜਾਗਰੂਕ ਹੋਈਏ, ਤੇ ਸਰਕਾਰ ਦਾ ਸਾਥ ਦੇਵੀਏ। ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਨਰਿੰਦਰ ਗਰਗ, ਬਲਾਕ ਸੰਮਤੀ ਮੈਂਬਰ ਮਨਜੀਤ ਸਿੰਘ ਦਾਨੀਪੁਰ, ਰਮੀ ਸ਼ਰਮਾ, ਸੀਨੀ: ਸਿਟਜ਼ਜਨ ਕੌਂਸਲ ਪ੍ਰਧਾਨ ਮਾਸਟਰ ਜਸਵੀਰ ਸਿੰਘ,ਵਾਇਸ ਪ੍ਰਧਾਨ ਸੁਰਿੰਦਰ ਬਾਂਸਲ,ਭਾਰਤ ਵਿਕਾਸ ਪ੍ਰੀਸ਼ਦ ਪ੍ਰਧਾਨ ਰਾਜਿੰਦਰ ਪ੍ਰਸ਼ਾਦ, ਬ੍ਰਿਸ਼ਭਾਨ ਕਾਂਸਲ,ਵਿਜੇ ਸਿੰਗਲਾ, ਵਿਕਾਸ਼ ਵਰਮਾ,ਪਵਨ ਧੂਰੀ,ਅੰਗਰੇਜ ਭੁੱਲਰ, ਸੰਜੇ ਮੰਤਰੀ, ਸੰਜੇ ਸਿੰਗਲਾ, ਪਾਰਸ ਸ਼ਰਮਾ,ਸੁਰਜੀਤ ਸਿੰਘ ਦਈਆ, ਸ਼ਹਿਰ ਦੀਆਂ ਹੋਰ ਵੀ ਸੰਸਥਾਵਾਂ ਦੇ ਆਗੂਆਂ ਤੋਂ ਇਲਾਵਾ ਵੱਡੀ ਗਿਣਤੀ ਵਿਚ 'ਆਪ' ਆਗੂ ਸ਼ਾਮਲ ਸਨ।

# ਮੁੱਖ ਮੰਤਰੀ ਸਿਹਤ ਕਾਰਡ ਯੋਜਨਾ ਨਾਲ ਹਰ ਵਰਗ ਨੂੰ ਮਿਲੇਗੀ ਵੱਡੀ ਰਾਹਤ: ਵਿੱਕੀ ਘਨੌਰ

ਘਨੌਰ, 20 ਜਨਵਰੀ (ਰਾਜਿੰਦਰ ਸਿੰਘ ਕੰਬੋਜ) : ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਵਾਇਸ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਸਪੋਰਟਸ ਵਿੰਗ ਦੇ ਸੂਬਾ ਪ੍ਰਧਾਨ ਮਨਿੰਦਰਜੀਤ ਸਿੰਘ ਵਿੱਕੀ ਘਨੌਰ ਨੇ ਪੰਜਾਬ ਸਰਕਾਰ ਵੱਲੋਂ 'ਮੁੱਖ ਮੰਤਰੀ ਸਿਹਤ ਕਾਰਡ' ਯੋਜਨਾ ਸ਼ੁਰੂ ਕਰਨ ਦੇ ਫੈਸਲੇ ਦੀ ਸ਼ਲਾਘਾ ਕਰਦਿਆਂ ਇਸ ਨੂੰ ਸਿਹਤ ਖੇਤਰ ਵਿੱਚ ਇੱਕ ਇਨਕਲਾਬੀ ਕਦਮ ਦੱਸਿਆ ਹੈ। ਜਾਰੀ ਕੀਤੇ ਇੱਕ ਬਿਆਨ ਵਿੱਚ ਵਿੱਕੀ ਘਨੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀ ਅਗਵਾਈ ਹੇਠ ਪੰਜਾਬ ਸਰਕਾਰ ਹਰ ਨਾਗਰਿਕ ਨੂੰ ਬਿਨਾਂ ਕਿਸੇ ਵਿੱਤੀ ਬੋਝ ਦੇ ਮਿਆਰੀ ਸਿਹਤ ਸੇਵਾਵਾਂ ਦੇਣ ਦੇ ਆਪਣੇ ਵਾਅਦੇ ਨੂੰ ਪੂਰਾ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ 22 ਜਨਵਰੀ ਤੋਂ ਰਸਮੀ ਤੌਰ 'ਤੇ ਸ਼ੁਰੂ ਹੋਣ ਜਾ ਰਹੀ ਇਸ ਯੋਜਨਾ ਤਹਿਤ ਹੁਣ ਸੂਬੇ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦੇ ਕੈਸ਼ਲੈੱਸ (ਨਕਦੀ ਰਹਿਤ) ਇਲਾਜ ਦੀ ਸਹੂਲਤ ਮਿਲੇਗੀ। ਵਿੱਕੀ ਘਨੌਰ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਸਕੀਮ ਦਾ ਲਾਭ ਲੈਣ ਲਈ ਰਜਿਸਟ੍ਰੇਸ਼ਨ ਕਰਵਾਉਣਾ ਬੇਹੱਦ ਸਰਲ ਹੈ। ਲਾਭਪਾਤਰੀ ਸਿਰਫ਼ ਆਪਣਾ ਆਧਾਰ ਕਾਰਡ ਅਤੇ ਵੋਟਰ ਆਈ.ਡੀ. ਕਾਰਡ ਦਿਖਾ ਕੇ ਆਪਣਾ ਸਿਹਤ ਕਾਰਡ ਬਣਵਾ ਸਕਦੇ ਹਨ।



# ਜਨ ਹਿੱਤ ਸੰਮਤੀ ਨੇ ਲੋੜਵੰਦਾਂ ਨੂੰ ਸਿਲਾਈ ਮਸ਼ੀਨਾਂ ਦਿੱਤੀਆਂ

ਪਟਿਆਲਾ, 20 ਜਨਵਰੀ (ਚ.ਨ.ਸ.): ਜ਼ਿਲ੍ਹੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਜਨ ਹਿੱਤ ਸੰਮਤੀ ਵੱਲੋਂ ਪ੍ਰਧਾਨ ਐਸ ਕੇ ਗੌਤਮ ਅਤੇ ਜਰਨਲ ਸਕੱਤਰ ਸਟੇਟ ਐਵਾਰਡੀ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਪ੍ਰਭਾਤ ਪ੍ਰਵਾਨਾ ਹਾਲ ਵਿਖੇ 17 ਲੋੜਵੰਦ ਔਰਤਾਂ ਅਤੇ ਲੜਕੀਆਂ ਨੂੰ ਸਿਲਾਈ ਮਸ਼ੀਨਾਂ, 10 ਲੋੜਵੰਦ ਪਰਿਵਾਰਾਂ ਨੂੰ ਰਾਸ਼ਨ , ਤਿੰਨ ਲੜਕੀਆਂ ਦੇ ਵਿਆਹਾਂ ਲਈ ਮਦਦ, ਤਿੰਨ ਵਿਦਿਆਰਥੀਆਂ ਨੂੰ ਫੀਸ, ਲਈ ਪ੍ਰੋਗਰਾਮ ਦਾ ਆਯੋਜਨ ਪ੍ਰਭਾਤ ਪ੍ਰਵਾਨਾਂ ਹਾਲ ਬਾਰਾਦਰੀ ਵਿਖੇ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਉਘੇ ਸਮਾਜ ਸੇਵੀ ਬੀ ਕੇ ਬਿੰਦਲ ਰਿਟਾਇਰ ਡਾਇਰੈਕਟਰ ਪੀ.ਐਸ. ਪੀ. ਸੀ.ਐਲ ਨੇ ਸ਼ਿਰਕਤ ਕੀਤੀ।ਪ੍ਰੋਗਰਾਮ ਦੀ ਪ੍ਰਧਾਨਗੀ ਸੇਰਵੀਰ ਸਿੰਘ ਗਿੱਲ ਪ੍ਰਧਾਨ ਰਾਜਿੰਦਰਾ ਜਿਮਖਾਨਾ ਕਲੱਬ ਨੇ ਕੀਤੀ।ਵਿਸ਼ੇਸ਼ ਤੌਰ 'ਤੇ ਬਲਵਿੰਦਰ ਸਿੰਘ ਬਰਾੜ,ਬਲਵਿੰਦਰ ਸਿੰਘ ਫਾਇਨਾਂਸ ਮੈਨੇਜਰ ਅਮਰ ਹਸਪਤਾਲ ਪਟਿਆਲਾ, ਸੀਨੀਅਰ ਐਡਵੋਕੇਟ ਐਚ ਐਨ ਮੈਹਸਮਪੁਰੀ, ਐਨ ਐਸ ਕੁਰੈਸ਼ੀ,ਚਮਨ ਲਾਲ ਗਰਗ ਮੀਤ ਪ੍ਰਧਾਨ ਮੀਤ ਪ੍ਰਧਾਨ , ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ,ਮੀਤ ਪ੍ਰਧਾਨ , ਅਨਿਲ ਭਾਰਤੀ,ਪ੍ਰੈਸ ਸਕੱਤਰ ਸਟੇਟ ਐਵਾਰਡੀ ਪਰਮਿੰਦਰ ਭਲਵਾਨ, ਐਸ ਪੀ ਪਰਾਸ਼ਰ, ਸਤੀਸ਼ ਜੋਸ਼ੀ, ਓ ਪੀ ਗਰਗ,ਸੁਰੇਸ਼ ਕੁਮਾਰ, ਭੁਪਿੰਦਰ ਸਿੰਘ ਨੇ ਸ਼ਿਰਕਤ ਕੀਤੀ। ਇਸ ਮੌਕੇ ਸ਼ੇਰਵੀਰ ਸਿੰਘ ਗਿੱਲ ਅਤੇ ਬੀ ਕੇ ਬਿੰਦਲ ਨੇ ਕਿਹਾ ਕਿ ਜਨ ਹਿੱਤ ਸੰਮਤੀ ਦੇ ਪ੍ਰਧਾਨ ਐਸ ਕੇ ਗੌਤਮ ਅਤੇ ਜਰਨਲ ਸਕੱਤਰ ਸਟੇਟ ਐਵਾਰਡੀ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਲੋੜਵੰਦਾ ਨੂੰ ਸਿਲਾਈ ਮਸ਼ੀਨਾਂ ਅਤੇ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ, ਲੋੜਵੰਦ ਵਿਦਿਆਰਥੀਆਂ ਨੂੰ ਪੜ੍ਹਾਈ ਲਈ ਫ਼ੀਸ ਦੇਣਾ ਸ਼ਲਾਘਾਯੋਗ ਉਪਰਾਲਾ ਹੈ। ਇਸ ਮੌਕੇ ਬਾਲ ਕ੍ਰਿਸ਼ਨ ਬਿੰਦਲ ਰਿਟਾਇਰ ਡਾਇਰੈਕਟਰ ਪੀ.ਐਸ. ਪੀ.ਸੀ.ਐਲ ਵੱਲੋਂ 17 ਸਿਲਾਈ ਮਸ਼ੀਨਾਂ ਦਿੱਤੀਆਂ ਗਈਆਂ ।




# ਮਲੇਰਕੋਟਲਾ 'ਚ ਗਣਤੰਤਰ ਦਿਵਸ ਨੂੰ ਪੂਰੇ ਗੌਰਵ, ਸ਼ਾਨੋ-ਸ਼ੌਕਤ ਤੇ ਦੇਸ਼ ਭਗਤੀ ਨਾਲ ਮਨਾਇਆ ਜਾਵੇਗਾ: ਡੀ.ਸੀ.

ਮਲੇਰਕੋਟਲਾ, 20 ਜਨਵਰੀ (ਚ.ਨ.ਸ.) : ਰਾਸ਼ਟਰ ਦੀ ਏਕਤਾ, ਅਖੰਡਤਾ ਅਤੇ ਸੰਵਿਧਾਨਕ ਮੁੱਲਾਂ ਦਾ ਪ੍ਰਤੀਕ ਗਣਤੰਤਰ ਦਿਵਸ 2026 ਨੂੰ ਮਾਲੇਰਕੋਟਲਾ ਜ਼ਿਲ੍ਹਾ ਪੂਰੇ ਉਤਸ਼ਾਹ, ਗੌਰਵ ਅਤੇ ਦੇਸ਼ਭਗਤੀ ਦੀ ਭਾਵਨਾ ਨਾਲ ਮਨਾਉਣ ਲਈ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਦੀ ਅਗਵਾਈ ਹੇਠ ਵਿਸ਼ੇਸ਼ ਮੀਟਿੰਗ ਹੋਈ। ਉਨ੍ਹਾਂ ਕਿਹਾ ਕਿ ਇਸ ਮਹਾਨ ਦਿਹਾੜੇ ਨੂੰ ਯਾਦਗਾਰ ਬਣਾਉਣ ਲਈ 26 ਜਨਵਰੀ ਨੂੰ ਸਥਾਨਕ ਡਾ. ਜ਼ਾਕਿਰ ਹੁਸੈਨ ਸਟੇਡੀਅਮ ਵਿਖੇ ਜ਼ਿਲ੍ਹਾ ਪੱਧਰੀ ਸਮਾਗਮ ਦਾ ਸ਼ਾਨਦਾਰ ਆਯੋਜਨ ਕੀਤਾ ਜਾਵੇਗਾ। ਗਣਤੰਤਰ ਦਿਵਸ 2026 ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਅਤੇ ਪ੍ਰਬੰਧਾਂ ਨੂੰ ਅੰਤਿਮ ਰੂਪ ਦੇਣ ਲਈ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਨੇ ਜ਼ਿਲ੍ਹਾ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਇਸ ਰਾਸ਼ਟਰੀ ਸਮਾਗਮ ਦੇ ਓਵਰਆਲ ਇੰਚਾਰਜ ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ ਹੋਣਗੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਗਣਤੰਤਰ ਦਿਵਸ ਸਿਰਫ਼ ਇੱਕ ਤਿਉਹਾਰ ਨਹੀਂ, ਸਗੋਂ ਇਹ ਸਾਡੇ ਸੰਵਿਧਾਨ, ਲੋਕਤੰਤਰ ਅਤੇ ਆਜ਼ਾਦੀ ਦੇ ਮੁੱਲਾਂ ਨੂੰ ਨਮਨ ਕਰਨ ਦਾ ਪਵਿੱਤਰ ਅਵਸਰ ਹੈ। ਇਸ ਲਈ ਸਮਾਗਮ ਦੇ ਹਰ ਪਹਿਲੂ ਨੂੰ ਉੱਚ ਮਿਆਰ, ਅਨੁਸ਼ਾਸਨ ਅਤੇ ਦੇਸ਼ਭਗਤੀ ਦੀ ਭਾਵਨਾ ਨਾਲ ਸੰਪੰਨ ਕੀਤਾ ਜਾਵੇ। ਉਨ੍ਹਾਂ ਸਪਸ਼ਟ ਕੀਤਾ ਕਿ ਪ੍ਰਬੰਧਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਸਾਰੇ ਵਿਭਾਗ ਮੁਖੀ ਨਿੱਜੀ ਤੌਰ 'ਤੇ ਇੰਤਜ਼ਾਮਾਂ ਦੀ ਨਿਗਰਾਨੀ ਕਰਨੀ ਯਕੀਨੀ ਬਣਾਉਣਗੇ। ਡਿਪਟੀ ਕਮਿਸ਼ਨਰ ਨੇ ਨਗਰ ਕੌਂਸਲ ਨੂੰ ਸਟੇਡੀਅਮ ਅਤੇ ਆਲੇ-ਦੁਆਲੇ ਦੇ ਇਲਾਕੇ ਦੀ ਸਫ਼ਾਈ, ਸੁੰਦਰ ਸਜਾਵਟ, ਉਚਿਤ ਰੌਸ਼ਨੀ ਪ੍ਰਬੰਧ, ਆਰਜ਼ੀ ਪਖਾਨੇ, ਨਿਰਵਿਘਨ ਬਿਜਲੀ ਸਪਲਾਈ ਅਤੇ ਸਾਫ਼ ਪੀਣਯੋਗ ਪਾਣੀ ਦੀ ਵਿਵਸਥਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਸਿਹਤ ਵਿਭਾਗ ਨੂੰ ਸਮਾਗਮ ਅਤੇ ਰਿਹਰਸਲ ਦੌਰਾਨ ਮੈਡੀਕਲ ਟੀਮਾਂ, ਲੋੜੀਂਦੀਆਂ ਦਵਾਈਆਂ ਅਤੇ ਐਂਬੂਲੈਂਸ ਦੀ ਤਾਇਨਾਤੀ ਕਰਨ ਲਈ ਕਿਹਾ ਗਿਆ। ਪੁਲਿਸ ਵਿਭਾਗ ਨੂੰ ਸੁਰੱਖਿਆ, ਟ੍ਰੈਫਿਕ ਨਿਯੰਤਰਣ, ਪਾਰਕਿੰਗ ਅਤੇ ਸ਼ਾਂਤੀਪੂਰਨ ਪ੍ਰਬੰਧ ਯਕੀਨੀ ਬਣਾਉਣ ਦੀ ਹਦਾਇਤ ਕੀਤੀ ਗਈ।

# ਦੁਕਾਨ ਦਾ ਸ਼ਟਰ ਤੋੜ ਕੇ ਨਕਦੀ ਸਮੇਤ 2 ਲੱਖ ਦੀ ਚੋਰੀ

ਸਮਾਣਾ, 20 ਜਨਵਰੀ (ਵਿਜੇ ਕੁਮਾਰ) : ਸ਼ਹਿਰ ਦੇ ਨਾਲ ਲੱਗਦੇ ਪਿੰਡ ਖੁਦਾਦਪੁਰਾ ਵਿੱਚ ਬੀਤੀ ਰਾਤ ਅਣਪਛਾਤੇ ਚੋਰਾਂ ਵੱਲੋਂ ਇੱਕ ਕਰਿਆਨਾਂ ਦੁਕਾਨ ਦਾ ਸ਼ਟਰ ਤੋੜ ਕੇ ਨਕਦੀ ਸਮੇਤ ਕਰੀਬ 2 ਲੱਖ ਰੁਪਏ ਦੀ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਦੁਕਾਨਦਾਰ ਨੂੰ ਇਸ ਘਟਨਾ ਦੀ ਜਾਣਕਾਰੀ ਸਵੇਰੇ ਉੱਥੋਂ ਲੰਘ ਰਹੇ ਰਾਹਗੀਰਾਂ ਨੇ ਦਿੱਤੀ। ਸੂਚਨਾ ਮਿਲਣ 'ਤੇ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਦੁਕਾਨ ਮਾਲਕ ਮੁਰਾਰੀ ਲਾਲ ਨੇ ਦੱਸਿਆ ਕਿ ਰਾਤ ਕਰੀਬ 2:00 ਵਜੇ ਤਿੰਨ ਅਣਪਛਾਤੇ ਵਿਅਕਤੀ ਲੋਹੇ ਦੀ ਰਾਡ ਨਾਲ ਸ਼ਟਰ ਤੋੜ ਕੇ ਦੁਕਾਨ ਅੰਦਰ ਦਾਖ਼ਲ ਹੋਏ। ਉਹ ਦਰਾਜ਼ ਵਿੱਚ ਰੱਖੀ 1.50 ਲੱਖ ਰੁਪਏ ਦੀ ਨਕਦੀ ਅਤੇ ਵੱਖ-ਵੱਖ ਤਰ੍ਹਾਂ ਦਾ ਕਰਿਆਨਾ ਸਾਮਾਨ ਗੱਡੀ ਵਿੱਚ ਲੱਦ ਕੇ ਫਰਾਰ ਹੋ ਗਏ, ਜਦਕਿ ਦਰਾਜ਼ ਵਿੱਚ ਪਏ ਛੋਟੇ ਨੋਟ ਅਤੇ ਸਿੱਕੇ ਉੱਥੇ ਹੀ ਛੱਡ ਗਏ। ਚੋਰੀ ਦੀ ਇਹ ਸਾਰੀ ਘਟਨਾ ਨੇੜੇ ਲੱਗੇ ਸੀ.ਸੀ.ਟੀ.ਵੀ. ਕੈਮਰਿਆ ਵਿੱਚ ਕੈਦ ਹੋ ਗਈਆ। ਮਾਮਲੇ ਦੀ ਜਾਂਚ ਕਰ ਰਹੇ ਸਦਰ ਪੁਲਿਸ ਦੇ ਏ.ਐਸ.ਆਈ. ਜਸਵਿੰਦਰ ਸਿੰਘ ਨੇ ਦੱਸਿਆ ਕਿ ਨੇੜਲੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ, ਜਲਦੀ ਹੀ ਚੋਰਾਂ ਨੂੰ ਕਾਬੂ ਕਰ ਲਿਆ ਜਾਵੇਗਾ।



# ਦੋ ਮੋਟਰਸਾਈਕਲ ਚੋਰੀ

ਪਟਿਆਲਾ, 20 ਜਨਵਰੀ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਪੁਲਿਸ ਕੋਲ ਪ੍ਰਦੀਪ ਸਿੰਘ ਪੁੱਤਰ ਗੁਰਵਿੰਦਰ ਸਿੰਘ ਵਾਸੀ ਪਿੰਡ ਦਲੇਲਵਾਲਾ ਥਾਣਾ ਬੋਹਾ ਜ਼ਿਲ੍ਹਾ ਮਾਨਸਾ ਹਾਲ ਅਬਾਦ 66 ਫੁੱਟ ਰੋਡ ਜਲਾਲਪੁਰ ਨੂਰਖੇੜੀਆ ਰੋਡ ਸਰਾਓ ਪੀ.ਜੀ ਜਲਾਲਪੁਰ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਰਾਤ ਨੂੰ ਕਿਸੇ ਅਣਪਛਾਤੇ ਵਿਅਕਤੀਆਂ ਨੇ ਉਸ ਦਾ ਮੋਟਰਸਾਈਕਲ ਅਤੇ ਉਸ ਦੇ ਦੋਸਤ ਖੁਸ਼ਵੰਤ ਸਿੰਘ ਵਾਸੀ ਹਰਿਆਣਾ ਹਾਲ ਸਰਾਓ ਪੀ.ਜੀ ਜਲਾਲਪੁਰ ਦਾ ਵੀ ਮੋਟਰਸਾਈਕਲ ਜੋ ਪੀ.ਜੀ ਦੇ ਬਾਹਰ ਖੜ੍ਹੇ ਸਨ, ਚੋਰੀ ਕਰ ਲਏ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।